ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

(Monday, 28 April, 2025) ਪਟਿਆਲਾ ਸੋਮਵਾਰ, 28 ਅਪ੍ਰੈਲ, 2025, 16 ਵੈਸਾਖ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 116 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com

ਅਦਾਰਾ
ਚੜ੍ਹਦੀਕਲਾ
ਵੱਲੋਂ
ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ
ਲੱਖ-ਲੱਖ ਵਧਾਈਆਂ

## ਵਾਰਾਣਸੀ-ਬੈਂਗਲੁਰੂ ਇੰਡੀਗੋ ਫਲਾਈਟ 'ਚ ਬੰਬ ਧਮਾਕੇ ਦੀ ਧਮਕੀ

ਵਾਰਾਣਸੀ , 27 ਅਪ੍ਰੈਲ (ਚੜ੍ਹਦੀਕਲਾ ਬਿਊਰੋ) :ਵਾਰਾਣਸੀ ਹਵਾਈ ਅੱਡੇ 'ਤੇ ਉਸ ਸਮੇਂ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ ਜਦੋਂ ਬੈਂਗਲੁਰੂ ਜਾ ਰਹੀ ਇੰਡੀਗੋ ਦੀ ਉਡਾਣ 'ਚ ਸਵਾਰ ਇਕ ਵਿਦੇਸ਼ੀ ਨਾਗਰਿਕ ਨੇ ਦਾਅਵਾ ਕੀਤਾ ਕਿ ਉਸ ਕੋਲ ਬੰਬ ਹੈ। ਪੁਲਿਸ ਨੇ ਦਸਿਆ ਕਿ ਇਹ ਘਟਨਾ ਸਨਿਚਰਵਾਰ ਰਾਤ ਨੂੰ ਵਾਪਰੀ ਅਤੇ ਮੁਸਾਫ਼ਰ ਨੂੰ ਹਿਰਾਸਤ 'ਚ ਲੈ ਲਿਆ ਗਿਆ ਹੈ। ਅਧਿਕਾਰੀਆਂ ਨੇ ਦਸਿਆ ਕਿ

(ਬਾਕੀ ਸਫਾ 2 'ਤੇ)

## ਸੁਖਬੀਰ ਦੀ ਰਿਹਾਇਸ਼ 'ਤੇ ਸਿੰਘਾਂ ਦਾ ਜਥਾ ਹਰ ਮਹੀਨੇ ਗੁਰਬਾਣੀ ਦਾ ਜਾਪ ਕਰਕੇ ਪ੍ਰਗਟਾਵੇਗਾ ਰੋਸ : ਖ਼ਾਲਸਾ



**ਬਲਜਿੰਦਰ ਸਿੰਘ, ਬਲਰਾਜ ਰਾਜਾ, ਬਬਲੂ ਮਹਾਜਨ, ਗੁਰਦਿਆਲ ਸਿੰਘ**

========================

ਚੌਂਕ ਮਹਿਤਾ/ਬਾਬਾ ਬਕਾਲਾ/ ਅੰਮ੍ਰਿਤਸਰ, 27 ਅਪ੍ਰੈਲ : ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ ਦੇ ਚੋਣਵੇਂ ਮਹਾਂਪੁਰਖਾਂ ਦੀ ਮੀਟਿੰਗ ਦਮਦਮੀ ਟਕਸਾਲ ਦੇ ਹੈੱਡ ਕੁਆਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਚੌਂਕ ਵਿਖੇ ਸੰਤ ਸਮਾਜ ਦੇ ਪ੍ਰਧਾਨ ਅਤੇ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਦੀ ਅਗਵਾਈ ਵਿੱਚ ਹੋਈ, ਜਿਸ ਵਿੱਚ ਹਾਜ਼ਰ ਸਮੂਹ ਸੰਤ ਮਹਾਂਪੁਰਖਾਂ ਅਤੇ ਸਿੱਖ ਸੰਗਤਾਂ ਵੱਲੋਂ ਇਸ ਗੱਲ 'ਤੇ ਭਾਰੀ ਰੋਸ ਪ੍ਰਗਟਾਇਆ ਗਿਆ, ਕਿ 28 ਮਾਰਚ ਨੂੰ ਜੋ ਜਥੇਦਾਰ ਤੇਜਾ ਸਿੰਘ ਸਮੁੰਦਰੀ ਹਾਲ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸੰਤ ਸਮਾਜ ਵੱਲੋਂ ਰੋਸ ਧਰਨਾ ਦਿੱਤਾ ਗਿਆ ਸੀ, ਕਿ ਤਖ਼ਤ ਸਾਹਿਬਾਨਾਂ ਦੇ ਜਥੇਦਾਰ ਸਿੰਘ ਗਿਆਨੀ ਰਘਬੀਰ ਸਿੰਘ, ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਅਤੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਨੂੰ ਉਹਨਾਂ ਦੇ ਅਹੁਦਿਆਂ ਉੱਪਰ ਬਹਾਲ ਕੀਤਾ ਜਾਵੇ।ਇਸ ਸਬੰਧੀ ਉਹਨਾਂ ਵੱਲੋਂ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਐਗਜ਼ਕਟਿਵ ਕਮੇਟੀ ਨੂੰ 15 ਅਪ੍ਰੈਲ ਤੱਕ ਦਾ ਸਮਾਂ ਦਿੱਤਾ ਗਿਆ ਸੀ ।ਪਰ ਉਹ ਸਮਾਂ ਲੰਘਣ ਉਪਰੰਤ ਵੀ ਸ਼੍ਰੋਮਣੀ ਕਮੇਟੀ ਵੱਲੋਂ ਪੰਥ ਦੀਆਂ ਭਾਵਨਾਵਾਂ ਅਨੁਸਾਰ ਕੋਈ ਵੀ ਫੈਸਲਾ ਨਹੀਂ ਲਿਆ ਗਿਆ।

(ਬਾਕੀ ਸਫਾ 2 'ਤੇ)

## ਡੀ.ਜੀ.ਪੀ. ਵੱਲੋਂ ਨਸ਼ਾ ਮੁਕਤ ਪੰਜਾਬ ਮੁਹਿੰਮ 31 ਮਈ ਤੱਕ ਪੂਰੀ ਕਰਨ ਦੇ ਆਦੇਸ਼

ਚੰਡੀਗੜ੍ਹ, 27 ਅਪ੍ਰੈਲ (ਚੜ੍ਹਦੀਕਲਾ ਬਿਊਰੋ) : ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਸੂਬਾ ਸਰਕਾਰ ਵੱਲੋਂ ਰਾਜ ਨੂੰ ਨਸ਼ਾ ਮੁਕਤ ਕਰਨ ਲਈ ਸ਼ੁਰੂ ਕੀਤੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ 31 ਮਈ ਤੱਕ ਮੁਕੰਮਲ ਕਰਨ ਦ ੀ ਡੈੱਡਲਾਈਨ ਦਿੱਤੀ ਹੈ।



ਉਨ੍ਹਾਂ ਕਿਹਾ ਕਿ 31 ਮਈ ਤੋਂ ਬਾਅਦ ਨਸ਼ਾ ਤਸਕਰੀ ਹੋਣ 'ਤੇ ਪੰਜਾਬ ਵਿੱਚ ਸਬੰਧਤ ਐੱਸ.ਐੱਸ.ਪੀ. ਅਤੇ ਪੁਲਿਸ ਕਮਿਸ਼ਨਰ ਜ਼ਿੰਮੇਵਾਰ ਹੋਣਗੇ। ਡੀ.ਜੀ.ਪੀ. ਨੇ ਹਰੇਕ ਐੱਸ.ਐੱਸ.ਪੀ. ਨੂੰ ਨਸ਼ਾ ਮੁਕਤ ਪੰਜਾਬ ਮੁਹਿੰਮ ਨੂੰ ਮੁਕੰਮਲ ਕਰਨ ਲਈ ਠੋਸ ਯੋਜਨਾ ਬਣਾਉਣ ਦੇ ਨਿਰਦੇਸ਼ ਦਿੱਤੇ ਹਨ ਤਾਂ ਜੋ ਪੰਜਾਬ ਵਿੱਚੋਂ ਨਸ਼ਿਆਂ ਦਾ ਸਫਾਇਆ ਕੀਤਾ ਜਾ ਸਕੇ। ਆਮ ਆਦਮੀ ਪਾਰਟੀ ਪੰਜਾਬ ਦੇ ਬੁਲਾਰੇ ਨੀਲ ਗਰਗ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ

(ਬਾਕੀ ਸਫਾ 2 'ਤੇ)

### 'ਮਨ ਕੀ ਬਾਤ' 'ਚ ਬੋਲੇ ਪ੍ਰਧਾਨ ਮੰਤਰੀ

# ਪਹਿਲਗਾਮ ਹਮਲੇ ਦੇ ਪੀੜਤਾਂ ਨੂੰ ਇਨਸਾਫ਼ ਤੇ ਸਾਜਿਸ਼ਘਾੜਿਆਂ ਨੂੰ ਮਿਲੇਗੀ ਸਜ਼ਾ: ਮੋਦੀ

**ਚੜ੍ਹਦੀਕਲਾ ਬਿਊਰੋ**

================

ਨਵੀਂ ਦਿੱਲੀ, 27 ਅਪ੍ਰੈਲ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਇਹ ਭਰੋਸਾ ਦੁਹਰਾਇਆ ਕਿ ਪਹਿਲਗਾਮ ਅੱਤਵਾਦੀ ਹਮਲੇ ਲਈ ਜ਼ਿੰਮੇਵਾਰ ਅੱਤਵਾਦੀਆਂ ਅਤੇ ਇਸ ਦੀ ਸਾਜ਼ਿਸ਼ ਵਿਚ ਸ਼ਾਮਲ ਲੋਕਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇਗੀ ਅਤੇ ਕਿਹਾ ਕਿ ਪੀੜਤਾਂ ਨੂੰ ਇਨਸਾਫ਼ ਮਿਲੇਗਾ। ਪ੍ਰਧਾਨ ਮੰਤਰੀ ਮੋਦੀ ਨੇ ਮਨ ਕੀ ਬਾਤ ਪ੍ਰੋਗਰਾਮ ਚ ਕਿਹਾ ਕਿ ਅੱਤਵਾਦ ਵਿਰੁੱਧ ਲੜਾਈ ਚ ਭਾਰਤੀਆਂ ਦੀ ਏਕਤਾ ਦੇਸ਼ ਦੀ ਸਭ ਤੋਂ ਵੱਡੀ ਤਾਕਤ ਹੈ। ਉਨ੍ਹਾਂ ਕਿਹਾ ਕਿ ਉਹ ਇਸ ਅੱਤਵਾਦੀ ਹਮਲੇ ਤੋਂ ਬਹੁਤ ਦੁਖੀ ਹਨ ਅਤੇ ਹਰ ਭਾਰਤੀ ਗੁੱਸੇ ਨਾਲ ਭਰਿਆ ਹੈ। ਇਸ ਹਮਲੇ ਵਿਚ 26 ਲੋਕ ਮਾਰੇ ਗਏ ਸਨ, ਜਿਨ੍ਹਾਂ ਚੋਂ ਜ਼ਿਆਦਾਤਰ ਸੈਲਾਨੀ ਸਨ। ਪ੍ਰਧਾਨ



ਮੰਤਰੀ ਮੋਦੀ ਨੇ ਕਿਹਾ ਕਿ ਇਹ ਘਟਨਾ ਅੱਤਵਾਦੀਆਂ ਅਤੇ ਉਨ੍ਹਾਂ ਦੇ ਆਕਾਵਾਂ ਦੀ ਨਿਰਾਸ਼ਾ ਅਤੇ ਕਾਇਰਤਾ ਨੂੰ ਦਰਸਾਉਂਦੀ ਹੈ, ਜਦੋਂ ਕਸ਼ਮੀਰ ਵਿਚ ਸ਼ਾਂਤੀ ਵਾਪਸ ਆ ਰਹੀ ਹੈ, ਸੈਰ-ਸਪਾਟੇ ਚ ਰਿਕਾਰਡ ਵਾਧਾ ਹੋ ਰਿਹਾ ਹੈ, ਲੋਕਤੰਤਰ ਮਜ਼ਬੂਤ ਹੋ ਰਿਹਾ ਹੈ ਅਤੇ ਨੌਜਵਾਨਾਂ ਲਈ ਨਵੇਂ ਮੌਕੇ ਪੈਦਾ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਦੇਸ਼ ਅਤੇ ਕਸ਼ਮੀਰ ਦੇ ਦੁਸ਼ਮਣਾਂ ਨੂੰ ਇਹ ਪਸੰਦ ਨਹੀਂ ਹੈ ਅਤੇ ਉਹ ਚਾਹੁੰਦੇ ਹਨ ਕਿ ਘਾਟੀ ਮੁੜ ਤੋਂ ਤਬਾਹ ਹੋ ਜਾਵੇ। ਪ੍ਰਧਾਨ ਮੰਤਰੀ ਨੇ ਕਿਹਾ ਕਿ ਦੇਸ਼ ਦੀ ਏਕਤਾ 140 ਕਰੋੜ ਭਾਰਤੀਆਂ ਦੀ ਏਕਤਾ ਅੱਤਵਾਦ ਵਿਰੁੱਧ ਜੰਗ ਵਿਚ ਸਾਡੀ ਸਭ ਤੋਂ ਵੱਡੀ ਤਾਕਤ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਦੁਨੀਆ ਦੇਖ ਰਹੀ ਹੈ ਕਿ ਭਾਰਤ ਇਸ ਹਮਲੇ ਵਿਰੁੱਧ ਇਕ ਆਵਾਜ਼ ਵਿਚ ਬੋਲ ਰਿਹਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਏਕਤਾ ਅੱਤਵਾਦ ਵਿਰੁੱਧ ਫੈਸਲਾਕੁੰਨ ਲੜਾਈ ਦਾ ਸਭ ਤੋਂ ਵੱਡਾ ਆਧਾਰ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਚਾਹੇ ਕੋਈ ਵੀ ਕਿਸੇ ਵੀ ਸੂਬੇ ਚ ਰਹਿੰਦਾ ਹੈ ਜਾਂ ਕੋਈ ਵੀ ਭਾਸ਼ਾ ਬੋਲਦਾ ਹੋਵੇ, ਹਰ ਕਿਸੇ ਨੂੰ ਪੀੜਤਾਂ ਦੇ

(ਬਾਕੀ ਸਫਾ 2 'ਤੇ)

## ਮੁਜ਼ੱਫਰਨਗਰ 'ਚ ਲਵ ਜੇਹਾਦ ਦਾ ਝੂਠਾ ਮਾਮਲਾ ਘੜਨ ਦੇ ਦੋਸ਼ 'ਚ ਦੋ ਗ੍ਰਿਫ਼ਤਾਰ

ਮੁਜ਼ੱਫਰਨਗਰ, 27 ਅਪ੍ਰੈਲ (ਚੜ੍ਹਦੀਕਲਾ ਬਿਊਰੋ) :ਮੁਜ਼ੱਫਰਨਗਰ ਪੁਲਿਸ ਨੇ ਲਵ ਜੇਹਾਦ ਦੇ ਇਕ ਮਾਮਲੇ 'ਚ ਇਕ ਵਿਅਕਤੀ ਨੂੰ ਕਥਿਤ ਤੌਰ 'ਤੇ ਝੂਠਾ ਫਸਾਉਣ ਅਤੇ ਉਸ ਤੋਂ ਇਕ ਲੱਖ ਰੁਪਏ ਤੋਂ ਵੱਧ ਦੀ ਵਸੂਲੀ ਕਰਨ ਦੇ ਦੋਸ਼ 'ਚ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਘਟਨਾ ਕੋਤਵਾਲੀ ਥਾਣੇ ਅਧੀਨ ਆਉਂਦੇ ਲਾਧੋਵਾਲਾ ਇਲਾਕੇ 'ਚ ਵਾਪਰੀ ਜਿੱਥੇ ਇਕ ਔਰਤ ਨੇ ਦੋਸ਼ ਲਾਇਆ ਕਿ ਇਕ ਵਿਅਕਤੀ ਨੇ ਉਸ ਨਾਲ ਜਬਰ ਜਨਾਹ ਕੀਤਾ ਅਤੇ ਜ਼ਬਰਦਸਤੀ ਦੂਜੇ ਧਰਮ 'ਚ ਤਬਦੀਲ ਕਰ ਦਿਤਾ। ਸਰਕਲ ਅਧਿਕਾਰੀ ਰਾਜੂ ਕੁਮਾਰ ਨੇ ਪੱਤਰਕਾਰਾਂ ਨੂੰ ਦਸਿਆ ਕਿ ਜਾਂਚ ਤੋਂ ਪਤਾ ਲੱਗਿਆ ਹੈ ਕਿ ਲਵ ਜੇਹਾਦ ਦਾ ਮਾਮਲਾ ਮਨਘੜਤ ਸੀ। ਸੀ.ਓ. ਨੇ ਦਸਿਆ ਕਿ ਮੁਲਜ਼ਮ ਸ਼ਾਹਨਵਾਜ਼

(ਬਾਕੀ ਸਫਾ 2 'ਤੇ)

## ਐੱਨ.ਆਈ.ਏ. ਨੇ ਆਪਣੇ ਹੱਥਾਂ 'ਚ ਲਈ ਪਹਿਲਗਾਮ ਹਮਲੇ ਦੀ ਜਾਂਚ

**ਚੜ੍ਹਦੀਕਲਾ ਬਿਊਰੋ**

================

ਸ੍ਰੀਨਗਰ, 27 ਅਪ੍ਰੈਲ : ਪਹਿਲਗਾਮ ਹਮਲੇ ਦੇ ਬਾਅਦ ਹੁਣ ਇਸ ਪੂਰੇ ਮਾਮਲੇ ਵਿਚ ਐੱਨ.ਆਈ.ਏ. ਦੀ ਐਂਟਰੀ ਹੋਈ ਹੈ। ਵੱਡੇ-ਵੱਡੇ ਅਫਸਰ ਐੱਨ.ਆਈ.ਏ. ਦੀ ਟੀਮ ਵਿਚ ਸ਼ਾਮਲ ਕੀਤੇ ਗਏ ਹਨ। ਜਿਨ੍ਹਾਂ ਵੱਲੋਂ ਚਸ਼ਮਦੀਦਾਂ ਤੋਂ ਪੁੱਛ-ਗਿਛ ਕੀਤੀ ਜਾ ਰਹੀ ਹੈ। ਡੀ.ਆਈ.ਜੀ., ਆਈ.ਜੀ. ਤੇ ਐੱਸ.ਪੀ. ਦੇ ਦਿਸ਼ਾ-ਨਿਰਦੇਸ਼ਾਂ ਉਤੇ ਐੱਨ.ਆਈ.ਏ. ਦੀਆਂ ਟੀਮਾਂ ਬਣਾਈਆਂ ਗਈਆਂ ਹਨ। ਐੱਨ.ਆਈ.ਏ. ਨੇ ਬੈਸਰਨ ਘਾਟੀ ਪਹੁੰਚ ਕੇ ਘਟਨਾ ਦੀ ਜਾਂਚ ਸ਼ੁਰੂ ਕੀਤੀ। ਦਰਅਸਲ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਉਹ ਅੱਤਵਾਦੀ 26 ਜਣਿਆਂ ਨੂੰ ਮਾਰ ਕੇ ਫਰਾਰ ਕਿਵੇਂ ਹੋ ਗਏ। ਕਿਵੇਂ ਉਹ ਦਾਖਲ ਹੋਏ ਤੇ ਕਿਵੇਂ ਉਥੋਂ ਨਿਕਲ ਗਏ, ਇਸ ਦੀ ਜਾਂਚ ਕੀਤੀ ਜਾ ਰਹੀ ਹੈ। ਇਸ



ਬਾਬਤ ਫੋਰੈਂਸਿਕ ਟੀਮਾਂ ਦੀ ਵੀ ਮਦਦ ਲਈ ਜਾ ਰਹੀ ਹੈ। ਹੁਣ ਤੱਕ ਫੌਜ ਵੱਲੋਂ 8 ਅੱਤਵਾਦੀਆਂ ਦੇ ਘਰ ਢਹਿ ਢੇਰੀ ਕਰ ਦਿੱਤੇ ਗਏ ਹਨ। ਦੋਹਾਂ ਦੇਸ਼ਾਂ ਵਿਚਾਲੇ ਸਥਿਤੀ ਤਣਾਪੂਰਨ ਹੈ। ਸੂਚਨਾ ਤੇ ਪ੍ਰਸਾਰਣ ਮੰਤਰਾਲੇ ਨੇ ਮੀਡੀਆ ਲਈ

(ਬਾਕੀ ਸਫਾ 2 'ਤੇ)

## 24 ਸੂਬਿਆਂ 'ਚ ਬਦਲੇਗਾ ਮੌਸਮ ਦਾ ਮਿਜਾਜ਼, ਗਰਮੀ ਤੋਂ ਮਿਲੇਗੀ ਰਾਹਤ

**ਚੜ੍ਹਦੀਕਲਾ ਬਿਊਰੋ**

================

ਨਵੀਂ ਦਿੱਲੀ, 27 ਅਪ੍ਰੈਲ : ਭਿਆਨਕ ਗਰਮੀ ਨਾਲ ਜੂਝ ਰਹੇ ਉੱਤਰ ਭਾਰਤ ਦੇ ਜ਼ਿਆਦਾਤਰ ਸੂਬਿਆਂ ਲਈ ਰਾਹਤ ਦੀ ਖ਼ਬਰ ਹੈ। ਭਾਰਤੀ ਮੌਸਮ ਵਿਗਿਆਨ ਵਿਭਾਗ ਨੇ ਭਵਿੱਖਬਾਣੀ ਕੀਤੀ ਹੈ ਕਿ 29 ਅਪ੍ਰੈਲ ਤੱਕ ਦੇਸ਼ ਦੇ ਪੂਰਬੀ ਹਿੱਸਿਆਂ ਵਿਚ ਮੌਸਮ 'ਚ ਵੱਡਾ ਬਦਲਾਅ ਆਵੇਗਾ। ਇਸ ਦੌਰਾਨ ਤੇਜ਼ ਹਨ੍ਹੇਰੀ, ਗੜ੍ਹੇਮਾਰੀ ਦੇ ਨਾਲ-ਨਾਲ ਮੀਂਹ ਪੈਣ ਦੀ ਸੰਭਾਵਨਾ ਹੈ। ਜਿਸ ਨਾਲ ਲੋਕਾਂ ਨੂੰ ਗਰਮੀ ਤੋਂ ਰਾਹਤ ਮਿਲੇਗੀ।



**24 ਸੂਬਿਆਂ 'ਚ ਜਾਰੀ ਹੋਇਆ ਅਲਰਟ:** ਮੌਸਮ ਵਿਭਾਗ ਨੇ ਮੱਧ ਪ੍ਰਦੇਸ਼, ਰਾਜਸਥਾਨ, ਦਿੱਲੀ, ਉੱਤਰ ਪ੍ਰਦੇਸ਼, ਬਿਹਾਰ ਸਮੇਤ ਕੁੱਲ 24 ਸੂਬਿਆਂ ਵਿਚ ਤੇਜ਼ ਹਵਾਵਾਂ ਦੇ ਨਾਲ ਮੀਂਹ ਪੈਣ ਦੀ ਚਿਤਾਵਨੀ ਜਾਰੀ ਕੀਤੀ ਹੈ। ਸ਼ਨੀਵਾਰ ਤੋਂ ਹੀ ਕਈ ਸੂਬਿਆਂ ਵਿਚ ਬੱਦਲ ਛਾਉਣ ਨਾਲ ਤਾਪਮਾਨ ਵਿਚ ਗਿਰਾਵਟ ਦਰਜ ਕੀਤੀ ਗਈ ਹੈ। ਇਸ ਦੇ ਨਾਲ ਹੀ ਪੂਰਬੀ-ਉੱਤਰੀ ਸੂਬਿਆਂ ਵਿਚ ਅੱਜ ਵੀ ਮੋਹਲੇਧਾਰ ਮੀਂਹ ਦੀ ਸੰਭਾਵਨਾ ਬਣੀ ਹੋਈ ਹੈ, ਜਦਕਿ ਬਿਹਾਰ, ਛੱਤੀਸਗੜ੍ਹ ਅਤੇ ਕਰਨਾਟਕ

(ਬਾਕੀ ਸਫਾ 2 'ਤੇ)

### ਤੇਜ਼ ਹਨ੍ਹੇਰੀ, ਗੜ੍ਹੇਮਾਰੀ ਨਾਲ ਬਿਜਲੀ ਡਿੱਗਣ ਦਾ ਅਲਰਟ ਜਾਰੀ

ਨਵੀਂ ਦਿੱਲੀ, 27 ਅਪ੍ਰੈਲ (ਚੜ੍ਹਦੀਕਲਾ ਬਿਊਰੋ) : ਭਾਰਤ ਦੇ ਕਈ ਸੂਬਿਆਂ ਵਿੱਚ ਇੱਕ ਮੌਸਮ ਵਾਰ ਫਿਰ ਕਹਿਰ ਵਰ੍ਹਾਉਣ ਵਾਲਾ ਹੈ। ਭਾਰਤੀ ਮੌਸਮ ਵਿਭਾਗ ਨੇ 27 ਤੋਂ 29 ਅਪ੍ਰੈਲ ਤੱਕ ਭਾਰੀ ਮੀਂਹ, ਹਨ੍ਹੇਰੀ-ਤੂਫਾਨ ਅਤੇ ਬਿਜਲੀ ਡਿੱਗਣ ਦੀ ਚੇਤਾਵਨੀ ਜਾਰੀ ਕੀਤੀ ਹੈ। ਇਸ ਸਮੇਂ ਦੌਰਾਨ, 50 ਤੋਂ 60 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਹਵਾਵਾਂ ਚੱਲ ਸਕਦੀਆਂ ਹਨ ਅਤੇ ਕਈ ਖੇਤਰਾਂ ਵਿੱਚ ਗੜ੍ਹੇਮਾਰੀ ਵੀ ਹੋ ਸਕਦੀ ਹੈ। ਬੰਗਾਲ ਦੀ ਖਾੜੀ ਤੋਂ ਆ ਰਹੀਆਂ ਨਮੀ ਵਾਲੀਆਂ ਹਵਾਵਾਂ ਕਾਰਨ, ਪੂਰਬੀ, ਉੱਤਰ-ਪੂਰਬੀ ਅਤੇ ਦੱਖਣੀ ਭਾਰਤ ਦੇ ਕਈ ਹਿੱਸਿਆਂ ਵਿੱਚ

(ਬਾਕੀ ਸਫਾ 2 'ਤੇ)

## ਆਂਧਰਾ ਪ੍ਰਦੇਸ਼ ਸ਼ਰਾਬ ਘੁਟਾਲਾ: ਮੁੱਖ ਦੋਸ਼ੀ ਕਾਸੀਰੈਡੀ ਦੇ ਰਿਮਾਂਡ ਨੋਟ ਵਿੱਚ 3200 ਕਰੋੜ ਦੇ ਘੁਟਾਲੇ ਦੇ ਦੋਸ਼

**ਚੜ੍ਹਦੀਕਲਾ ਬਿਊਰੋ**

================

ਅਮਰਾਵਤੀ, 27 ਅਪ੍ਰੈਲ : ਆਂਧਰਾ ਪ੍ਰਦੇਸ਼ ਵਿੱਚ 3,200 ਕਰੋੜ ਰੁਪਏ ਦੇ ਸ਼ਰਾਬ ਘੁਟਾਲੇ ਦੇ ਕਥਿਤ ਮੁੱਖ ਦੋਸ਼ੀ ਨੂੰ ਗ੍ਰਿਫ਼ਤਾਰ ਕਰਨ ਦੌਰਾਨ ਵਿਸ਼ੇਸ਼ ਜਾਂਚ ਟੀਮ ਵੱਲੋਂ ਜਾਰੀ ਕੀਤੇ ਗਏ ਰਿਮਾਂਡ ਨੋਟ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਵਾਈ.ਐਸ.ਆਰ.ਸੀ.ਪੀ. ਦੇ ਚੋਟੀ ਦੇ ਆਗੂ ਸ਼ਰਾਬ ਦੇ ਬ੍ਰਾਂਡਾਂ ਤੋਂ ਪ੍ਰਤੀ ਮਹੀਨਾ 50-60 ਕਰੋੜ ਰੁਪਏ ਦੀ ਰਿਸ਼ਵਤ ਵਸੂਲ ਰਹੇ ਸਨ ਜਿਨ੍ਹਾਂ ਨੂੰ ਸਰਕਾਰੀ ਦੁਕਾਨਾਂ ਰਾਹੀਂ ਵਿਕਰੀ ਵਿੱਚ ਤਰਜੀਹ ਦਿੱਤੀ ਜਾਂਦੀ ਸੀ। ਰਾਜ ਦੇ ਸਾਬਕਾ ਮੁੱਖ ਮੰਤਰੀ ਵਾਈ.ਐਸ. ਜਗਨਮੋਹਨ ਰੈੱਡੀ ਦਾ ਸਾਬਕਾ ਸਹਿਯੋਗੀ ਕੇ ਰਾਜਸ਼ੇਖਰ ਰੈੱਡੀ ਉਰਫ ਰਾਜ ਕਾਸ਼ੀਰੈੱਡੀ ਇਸ ਘੁਟਾਲੇ ਦਾ ਮੁੱਖ ਦੋਸ਼ੀ ਹੈ। ਉਸ ਦੇ ਰਿਮਾਂਡ ਨੋਟ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਇਹ ਗਿਰੋਹ 2019 ਵਿੱਚ ਸ਼ੁਰੂ ਹੋਇਆ ਸੀ ਅਤੇ ਹਰ ਮਹੀਨੇ ਇਕੱਠੀ ਕੀਤੀ ਜਾਣ ਵਾਲੀ ਰਿਸ਼ਵਤ ਦੀ ਰਕਮ ਹੈਦਰਾਬਾਦ, ਮੁੰਬਈ ਅਤੇ ਦਿੱਲੀ ਵਿੱਚ ਹਵਾਲਾ ਆਪਰੇਟਰਾਂ ਰਾਹੀਂ ਲਾਂਡਰ ਕੀਤੀ ਜਾਂਦੀ ਸੀ ਹਾਲਾਂਕਿ,



ਸ਼ਨੀਵਾਰ ਨੂੰ ਵਾਈ. ਐਸ. ਆਰ. ਸੀ. ਪੀ. ਨੇ ਦੋਸ਼ਾਂ ਤੋਂ ਇਨਕਾਰ ਕੀਤਾ ਅਤੇ ਟੀ.ਡੀ.ਪੀ. ਦੀ ਅਗਵਾਈ ਵਾਲੀ ਐਨਡੀਏ ਸਰਕਾਰ ਤੇ ਪਾਰਟੀ ਨੇਤਾਵਾਂ ਵਿਰੁੱਧ ਰਾਜਨੀਤਿਕ ਤੌਰ ਤੇ ਪ੍ਰੇਰਿਤ ਸ਼ਰਾਬ ਘੁਟਾਲੇ ਦੀ ਕਹਾਣੀ ਘੜਨ ਅਤੇ ਇਸਨੂੰ ਫੈਲਾਉਣ ਲਈ ਮੀਡੀਆ ਦੀ ਵਰਤੋਂ ਕਰਨ ਦਾ ਦੋਸ਼ ਲਗਾਇਆ। ਐਸ.ਆਈ.ਟੀ. ਨੇ ਕਥਿਤ ਮੁੱਖ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਸੀ ਅਤੇ 22 ਅਪ੍ਰੈਲ ਨੂੰ ਇੱਥੇ ਇੱਕ ਅਦਾਲਤ ਦੇ ਜੱਜ

(ਬਾਕੀ ਸਫਾ 2 'ਤੇ)

### ਵਿਗਿਆਨੀਆਂ ਨੇ ਦਿੱਤੀ ਚਿਤਾਵਨੀ

## ਭਾਰਤ 'ਚ ਆਉਣ ਵਾਲਾ ਹੈ 8.0 ਤੀਬਰਤਾ ਵਾਲਾ ਭੂਚਾਲ !



**ਚੜ੍ਹਦੀਕਲਾ ਬਿਊਰੋ**

================

ਨਵੀਂ ਦਿੱਲੀ, 27 ਅਪ੍ਰੈਲ : ਹਿਮਾਲਿਆ ਖੇਤਰ ਇੱਕ ਜਿਓਲਾਜੀਕਲ ਟਾਈਮ ਬੰਬ 'ਤੇ ਬੈਠਾ ਹੈ ਜੋ ਕਿਸੇ ਵੀ ਸਮੇਂ ਇੱਕ ਤਬਾਹਕਾਰੀ ਭੂਚਾਲ ਲਿਆ ਸਕਦਾ ਹੈ। ਵਿਗਿਆਨੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਭਾਰਤੀ ਟੈਕਟੋਨਿਕ ਪਲੇਟ, ਜੋ ਕਿ ਯੂਰੇਸ਼ੀਅਨ ਪਲੇਟ ਦੇ ਹੇਠਾਂ ਲਗਾਤਾਰ ਧਸਦੀ ਜਾ ਰਹੀ ਹੈ, ਨੇ ਧਰਤੀ ਦੀ ਸਤ੍ਹਾ ਦੇ ਹੇਠਾਂ ਦਹਾਕਿਆਂ ਤੋਂ ਤਣਾਅ ਪੈਦਾ ਕੀਤਾ ਹੈ। ਇੱਥੇ 70 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਜਮ੍ਹਾਂ ਹੋਈ ਇਸ ਊਰਜਾ ਨੂੰ ਬਾਹਰ ਕੱਢਣ ਲਈ ਕੋਈ ਵੱਡਾ ਭੂਚਾਲ ਨਹੀਂ ਆਇਆ, ਜਿਸ ਕਾਰਨ ਇਕ ਮਹਾਨ ਹਿਮਾਲਿਆ ਭੂਚਾਲ ਆਉਣ ਦਾ ਖਦਸ਼ਾ ਵਧ ਗਿਆ ਹੈ। ਇਹ ਭੂਚਾਲ ਰਿਕਟਰ ਸਕੇਲ ਤੇ 8 ਤੋਂ ਵੀ ਵੱਧ ਤੀਬਰਤਾ ਵਾਲਾ ਹੋ ਸਕਦਾ ਹੈ, ਜਿਸ ਕਾਰਨ ਭਾਰੀ ਤਬਾਹੀ ਮਚਣ ਦਾ ਵੀ ਅੰਦਾਜ਼ਾ ਲਗਾਇਆ ਜਾ ਰਿਹਾ ਹੈ। ਜੇਕਰ ਅਜਿਹਾ ਭੂਚਾਲ ਆਉਂਦਾ ਹੈ ਤਾਂ ਇਹ ਉੱਤਰੀ ਭਾਰਤ ਦੇ 30 ਕਰੋੜ ਤੋਂ ਵੀ ਵੱਧ ਲੋਕਾਂ ਨੂੰ ਸਿੱਧੇ ਤੌਰ ਤੇ ਪ੍ਰਭਾਵਿਤ ਕਰ ਸਕਦਾ ਹੈ। ਇਸ ਦਾ ਸਭ ਤੋਂ ਵੱਧ ਅਸਰ ਦਿੱਲੀ, ਦੇਹਰਾਦੂਨ, ਸ਼ਿਮਲਾ, ਸ੍ਰੀਨਗਰ, ਗੁਹਾਟੀ ਅਤੇ ਪਟਨਾ ਵਰਗੇ ਸ਼ਹਿਰਾਂ 'ਤੇ ਦਿਖੇਗਾ। ਪਹਾੜਾਂ ਤੋਂ ਦੂਰ ਸ਼ਹਿਰੀ ਖੇਤਰ 'ਚ ਵੀ ਭੂਚਾਲ ਦੇ ਝਟਕਿਆਂ ਕਾਰਨ ਕਾਫ਼ੀ ਨੁਕਸਾਨ ਪਹੁੰਚ ਸਕਦਾ ਹੈ। ਸੰਘਣੀ ਆਬਾਦੀ, ਪੁਰਾਣੇ ਤੇ ਕਮਜ਼ੋਰ ਬੁਨਿਆਦੀ ਢਾਂਚੇ ਕਾਰਨ ਜਾਨ-ਮਾਲ ਦੇ ਵਿਨਾਸ਼ਕਾਰੀ ਨੁਕਸਾਨ ਦਾ ਡਰ ਹੋਰ ਜ਼ਿਆਦਾ ਵਧ ਜਾਂਦਾ ਹੈ। ਹਿਮਾਲਿਆ ਫਾਲਟ ਲਾਈਨਾਂ ਹਰ ਕੁਝ ਸੌ ਸਾਲਾਂ ਬਾਅਦ ਮੈਗਾ ਭੂਚਾਲ ਪੈਦਾ ਕਰਨ ਲਈ ਜਾਣੀਆਂ

(ਬਾਕੀ ਸਫਾ 2 'ਤੇ)

## ਜਲਸੈਨਾ ਵੱਲੋਂ ਅਰਬ ਸਾਗਰ 'ਚ ਐਂਟੀ-ਸ਼ਿਪ ਮਿਜ਼ਾਈਲਾਂ ਦਾ ਪ੍ਰੀਖਣ

**ਚੜ੍ਹਦੀਕਲਾ ਬਿਊਰੋ**

================

ਨਵੀਂ ਦਿੱਲੀ, 27 ਅਪ੍ਰੈਲ : ਪਾਕਿਸਤਾਨ ਨਾਲ ਤਣਾਅ ਵਿਚਾਲੇ ਭਾਰਤੀ ਜਲ ਸੈਨਾ ਪੂਰੀ ਤਰ੍ਹਾਂ ਤਿਆਰ-ਬਰ-ਤਿਆਰ ਹੈ। ਜਲ ਸੈਨਾ ਵੱਲੋਂ ਅਹਿਮ ਟੈਸਟ ਕੀਤਾ ਗਿਆ। ਐਂਟੀਸ਼ਿਪ ਮਿਜ਼ਾਈਲਾਂ ਦਾ ਭਾਰਤੀ ਜਲ ਸੈਨਾ ਦਾ ਟੈਸਟ ਕੀਤਾ ਗਿਆ ਜਿਸ ਦੀ ਵੀਡੀਓ ਸਾਂਝੀ ਕੀਤੀ ਗਈ ਹੈ। ਅਰਬ ਸਾਗਰ ਵਿਚ ਤਾਇਨਾਤ ਜੰਗੀ ਬੇੜਿਆਂ ਤੋਂ ਇਹ ਟੈਸਟ ਕੀਤਾ ਗਿਆ ਤੇ ਨਾਲ ਹੀ ਇਹ ਸੁਨੇਹਾ ਦਿੱਤਾ ਗਿਆ ਗਿਆ ਭਾਰਤੀ ਜਲ ਸੈਨਾ ਹਰ ਘਟਨਾ ਦਾ ਜਵਾਬ ਦੇਣ ਲਈ ਤਿਆਰ ਹੈ। ਭਾਰਤੀ ਜਲ ਸੈਨਾ ਸਮੁੰਦਰ ਵਿਚ ਆਪਣੇ ਹਿੱਤਾ ਦੀ ਰਾਖੀ ਲਈ ਪੂਰੀ ਤਰ੍ਹਾਂ ਤਿਆਰ ਹੈ। ਜਲ ਸੈਨਾ ਵੱਲੋਂ ਮਿਜ਼ਾਈਲਾਂ ਦਾ ਸਫਲ ਪ੍ਰੀਖਣ ਕੀਤਾ ਗਿਆ। ਇਸ ਤੋਂ ਪਹਿਲਾਂ ਵੀ ਪ੍ਰੀਖਣ



ਕੀਤਾ ਗਿਆ ਸੀ। ਭਾਰਤੀ ਜਲ ਸੈਨਾ ਪੂਰੇ ਐਕਸ਼ਨ ਮੋਡ ਵਿਚ ਹੈ। ਦੱਸ ਦੇਈਏ ਕਿ ਪਹਿਲਗਾਮ ਵਿਚ ਹੋਏ ਅੱਤਵਦੀ ਹਮਲੇ ਦੇ ਬਾਅਦ ਭਾਰਤ ਤੇ ਪਾਕਿਸਤਾਨ ਵਿਚਾਲੇ ਕਾਫੀ ਤਣਾਅ ਵਧਿਆ ਹੋਇਆ ਹੈ ਤੇ ਇਸ ਵਿਚਾਲੇ ਦੋਵਾਂ ਪਾਸੇ ਹਲਚਲ ਦੇਖਣ ਨੂੰ ਮਿਲ ਰਹੀ ਹੈ।

(ਬਾਕੀ ਸਫਾ 2 'ਤੇ)

## ਹੁਣ ਖੁਰਾਕ ਸੁਰੱਖਿਆ ਤੋਂ ਕਿਸਾਨਾਂ ਦੀ ਖੁਸ਼ਹਾਲੀ ਵਲ ਵਧਣ ਦਾ ਸਮਾਂ: ਧਨਖੜ

**ਚੜ੍ਹਦੀਕਲਾ ਬਿਊਰੋ**

================

ਕੋਇੰਬਟੂਰ (ਤਾਮਿਲਨਾਡੂ) , 27 ਅਪ੍ਰੈਲ : ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਐਤਵਾਰ ਨੂੰ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਕੌਮੀ ਖੇਤੀਬਾੜੀ ਏਜੰਡਾ ਖੁਰਾਕ ਸੁਰੱਖਿਆ ਤੋਂ ਕਿਸਾਨਾਂ ਦੀ ਖੁਸ਼ਹਾਲੀ ਵਲ ਵਧੇ ਅਤੇ ਇਸ ਨੂੰ ਸਿਰਫ ਉਤਪਾਦਕ ਹੋਣ ਤੋਂ ਉੱਪਰ ਉੱਠਣਾ ਪਵੇਗਾ। ਧਨਖੜ ਤਾਮਿਲਨਾਡੂ ਖੇਤੀਬਾੜੀ ਯੂਨੀਵਰਸਿਟੀ (ਟੀ.ਐਨ.ਏ.ਯੂ.) 'ਚ ਵਿਕਸਤ ਭਾਰਤ ਲਈ ਖੇਤੀਬਾੜੀ-ਸਿੱਖਿਆ, ਨਵੀਨਤਾ ਅਤੇ ਉੱਦਮਤਾ ਨੂੰ ਉਤਸ਼ਾਹਤ ਕਰਨ ਦੇ ਵਿਸ਼ੇ 'ਤੇ ਵਿਦਿਆਰਥੀਆਂ ਅਤੇ ਹੋਰਾਂ ਨੂੰ ਸੰਬੋਧਨ ਕਰ ਰਹੇ ਸਨ।

ਉਨ੍ਹਾਂ ਕਿਹਾ, ''ਜਦਕਿ 46 ਫ਼ੀਸਦੀ ਆਬਾਦੀ ਖੇਤੀਬਾੜੀ ਦਾ ਸਮਰਥਨ ਕਰਦੀ ਹੈ, ਇਹ ਖੇਤਰ



ਜੀ.ਡੀ.ਪੀ. 'ਚ ਸਿਰਫ 16 ਫ਼ੀ ਸਦੀ ਯੋਗਦਾਨ ਪਾਉਂਦਾ ਹੈ। ਟੀ.ਐਨ.ਏ.ਯੂ. ਵਰਗੀਆਂ ਸੰਸਥਾਵਾਂ ਨੂੰ ਉੱਘੇ ਖੇਤੀਬਾੜੀ ਵਿਗਿਆਨੀ ਮਰਹੂਮ ਡਾ. ਐਮ.ਐਸ. ਸਵਾਮੀਨਾਥਨ ਦੀ ਵਿਰਾਸਤ ਨੂੰ ਅੱਗੇ ਵਧਾਉਣਾ ਚਾਹੀਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਡੀ ਜੀ.ਡੀ.ਪੀ. 'ਚ ਇਸ ਖੇਤਰ ਦੇ ਯੋਗਦਾਨ 'ਚ ਵਾਧਾ ਹੋਵੇ।'' ਸਵਾਮੀਨਾਥਨ ਟੀ.ਐਨ.ਏ.ਯੂ. ਦੇ ਸਾਬਕਾ ਵਿਦਿਆਰਥੀ ਸਨ। ਧਨਖੜ ਨੇ ਕਿਹਾ, ''ਤੁਹਾਨੂੰ ਇਕ ਨਵਾਂ ਅਧਿਆਇ ਲਿਖਣਾ ਪਵੇਗਾ। ਹੁਣ ਸਮਾਂ ਆ ਗਿਆ ਹੈ ਕਿ ਸਾਡਾ ਕੌਮੀ ਖੇਤੀਬਾੜੀ ਏਜੰਡਾ ਖੁਰਾਕ ਸੁਰੱਖਿਆ ਤੋਂ ਅੱਗੇ ਵਧਣਾ ਚਾਹੀਦਾ ਹੈ ਜੋ ਕਿਸੇ ਸਮੇਂ ਕੌਮੀ ਤਰਜੀਹ ਸੀ। ਕਿਉਂਕਿ ਸਾਡੇ ਕੋਲ ਭੋਜਨ ਦੀ ਘਾਟ ਸੀ, ਸਾਡੀ ਚਿੰਤਾ ਭੋਜਨ ਸੁਰੱਖਿਆ ਸੀ। ਪਰ ਹੁਣ ਸਮਾਂ ਬਦਲ ਗਿਆ ਹੈ। ਸਾਨੂੰ ਖੁਰਾਕ ਸੁਰੱਖਿਆ ਤੋਂ ਕਿਸਾਨਾਂ ਦੀ ਖੁਸ਼ਹਾਲੀ ਵਲ ਵਧਣਾ ਚਾਹੀਦਾ ਹੈ ਅਤੇ ਇਹ ਤੁਹਾਡੇ ਵਰਗੀਆਂ ਸੰਸਥਾਵਾਂ ਤੋਂ ਇਸ ਦੀ ਸ਼ੁਰੂਆਤ ਹੋਣੀ ਚਾਹੀਦੀ ਹੈ।'' ਉਨ੍ਹਾਂ ਇਹ ਵੀ ਕਿਹਾ ਕਿ ਜ਼ਮੀਨ ਅਤੇ ਪ੍ਰਯੋਗਸ਼ਾਲਾ ਵਿਚਲੇ ਪਾੜੇ ਨੂੰ ਦੂਰ ਕੀਤਾ ਜਾਣਾ ਚਾਹੀਦਾ ਹੈ ਅਤੇ ਇਕ ਨਿਰਵਿਘਨ ਸੰਪਰਕ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪਾਠਕ੍ਰਮ 'ਚ ਤਬਦੀਲੀ ਹੋਣੀ ਚਾਹੀਦੀ ਹੈ ਜੋ ਕਿਸਾਨਾਂ ਨੂੰ ਉੱਦਮੀ ਬਣਾਉਣ ਲਈ

(ਬਾਕੀ ਸਫਾ 2 'ਤੇ)

## ਅੱਗ ਨਾਲ 400 ਝੌਂਪੜੀਆਂ ਸੜੀਆਂ, 2 ਦੀ ਮੌਤ

ਨਵੀਂ ਦਿੱਲੀ, 27 ਅਪ੍ਰੈਲ (ਚੜ੍ਹਦੀਕਲਾ ਬਿਊਰੋ) : ਦਿੱਲੀ ਦੇ ਰੋਹਿਣੀ ਇਲਾਕੇ ਵਿੱਚ ਐਤਵਾਰ ਸਵੇਰੇ ਝੁੱਗੀਆਂ-ਝੌਂਪੜੀਆਂ ਵਿੱਚ ਲੱਗੀ ਭਿਆਨਕ ਅੱਗ ਵਿੱਚ ਦੋ ਲੋਕਾਂ ਦੀ ਮੌਤ ਹੋ ਗਈ। ਦਿੱਲੀ ਫਾਇਰ ਸਰਵਿਸ (ਡੀ.ਐੱਫ.ਐੱਸ.) ਦੇ ਅਧਿਕਾਰੀਆਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਨ੍ਹਾਂ ਨੂੰ ਘਟਨਾ ਬਾਰੇ ਸਵੇਰੇ 11:55 ਵਜੇ ਦੇ ਕਰੀਬ ਜਾਣਕਾਰੀ ਮਿਲੀ, ਜਿਸ ਤੋਂ ਬਾਅਦ ਫਾਇਰ ਬ੍ਰਿਗੇਡ ਦੀਆਂ 20 ਗੱਡੀਆਂ ਮੌਕੇ 'ਤੇ ਪਹੁੰਚੀਆਂ। ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ, ਹੁਣ ਤੱਕ ਦੋ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ। ਇਲਾਕੇ ਵਿੱਚੋਂ ਧੂੰਏਂ ਦਾ ਇੱਕ ਸੰਘਣਾ ਬੱਦਲ ਉਠਦਾ ਦਿਖਾਈ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਫਾਇਰ ਫਾਈਟਰਜ਼ ਇਸ ਸਮੇਂ ਅੱਗ ਬੁਝਾਉਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਸਥਿਤੀ ਨੂੰ ਕਾਬੂ ਵਿੱਚ ਲਿਆਉਣ ਲਈ ਕਾਰਵਾਈ ਜਾਰੀ ਹੈ। ਪੁਲਿਸ ਅਨੁਸਾਰ ਇਸ ਘਟਨਾ ਵਿੱਚ 400 ਝੌਂਪੜੀਆਂ ਸੜ ਗਈਆਂ।

(ਬਾਕੀ ਸਫਾ 2 'ਤੇ)

## ਐਨ.ਸੀ.ਈ.ਆਰ.ਟੀ. ਦੀਆਂ ਨਵੀਆਂ ਪਾਠ ਪੁਸਤਕਾਂ 'ਚੋਂ ਮੁ.ਗਲ ਤੇ ਦਿੱਲੀ ਸਲਤਨਤ ਦੇ ਹਵਾਲੇ ਵੀ .ਗਾਇਬ

**ਚੜ੍ਹਦੀਕਲਾ ਬਿਊਰੋ**

================

ਨਵੀਂ ਦਿੱਲੀ, 27 ਅਪ੍ਰੈਲ : ਐਨ.ਸੀ.ਈ.ਆਰ.ਟੀ. ਦੀਆਂ ਸੱਤਵੀਂ ਜਮਾਤ ਦੀਆਂ ਪਾਠ ਪੁਸਤਕਾਂ 'ਚੋਂ ਮੁ.ਗਲਾਂ ਅਤੇ ਦਿੱਲੀ ਸਲਤਨਤ ਦੇ ਸਾਰੇ ਹਵਾਲੇ ਹਟਾ ਦਿਤੇ ਗਏ ਹਨ, ਜਦਕਿ ਭਾਰਤੀ ਰਾਜਵੰਸ਼ਾਂ, ਪਵਿੱਤਰ ਭੂਗੋਲ, ਮਹਾਂਕੁੰਭ ਦੇ ਹਵਾਲੇ ਅਤੇ 'ਮੇਕ ਇਨ ਇੰਡੀਆ' ਤੇ 'ਬੇਟੀ ਬਚਾਓ, ਬੇਟੀ ਪੜ੍ਹਾਓ' ਵਰਗੀਆਂ ਸਰਕਾਰੀ ਪਹਿਲਕਦਮੀਆਂ 'ਤੇ ਪਾਠ ਸ਼ਾਮਲ ਕੀਤੇ ਗਏ ਹਨ। ਇਸ ਹਫਤੇ ਜਾਰੀ ਕੀਤੀਆਂ ਗਈਆਂ ਨਵੀਆਂ ਪਾਠ ਪੁਸਤਕਾਂ ਨਵੀਂ ਕੌਮੀ ਸਿੱਖਿਆ ਨੀਤੀ (ਐਨ.ਈ.ਪੀ.) ਅਤੇ ਸਕੂਲ ਸਿੱਖਿਆ ਲਈ ਕੌਮੀ ਪਾਠਕ੍ਰਮ ਫਰੇਮਵਰਕ (ਐਨ.ਸੀ.ਐਫ.ਐਸ.ਈ.) 2023 ਦੇ ਅਨੁਸਾਰ ਤਿਆਰ ਕੀਤੀਆਂ ਗਈਆਂ ਹਨ, ਜੋ ਸਕੂਲੀ

### ਮਹਾਂਕੁੰਭ ਅਤ 'ਪਵਿੱਤਰ ਭੂਗੋਲ' ਨੂੰ ਜੋੜਿਆ ਗਿਆ





ਸਿੱਖਿਆ 'ਚ ਭਾਰਤੀ ਪਰੰਪਰਾਵਾਂ, ਦਰਸ਼ਨ, ਗਿਆਨ ਪ੍ਰਣਾਲੀਆਂ ਅਤੇ ਸਥਾਨਕ ਪ੍ਰਸੰਗ ਨੂੰ ਸ਼ਾਮਲ ਕਰਨ 'ਤੇ ਜ਼ੋਰ ਦਿੰਦੀਆਂ ਹਨ। ਸੰਪਰਕ ਕੀਤੇ ਜਾਣ 'ਤੇ ਐੱਨ.ਸੀ.ਈ.ਆਰ.ਟੀ. ਦੇ ਅਧਿਕਾਰੀਆਂ ਨੇ ਕਿਹਾ ਕਿ ਇਹ ਕਿਤਾਬ ਦਾ ਸਿਰਫ ਪਹਿਲਾ ਹਿੱਸਾ ਹੈ ਅਤੇ ਆਉਣ ਵਾਲੇ ਮਹੀਨਿਆਂ 'ਚ ਦੂਜਾ ਭਾਗ ਆਉਣ ਦੀ ਉਮੀਦ ਹੈ। ਹਾਲਾਂਕਿ, ਉਨ੍ਹਾਂ ਨੇ ਇਸ ਬਾਰੇ ਕੋਈ ਟਿਪਣੀ ਨਹੀਂ ਕੀਤੀ ਕਿ ਕਿਤਾਬ ਦੇ ਦੂਜੇ ਭਾਗ 'ਚ ਛੱਡੇ ਗਏ ਹਿੱਸੇ ਨੂੰ ਬਰਕਰਾਰ ਰੱਖਿਆ ਜਾਵੇਗਾ ਜਾਂ ਨਹੀਂ। ਐਨ.ਸੀ.ਈ.ਆਰ.ਟੀ. ਨੇ ਪਹਿਲਾਂ ਮੁ.ਗਲਾਂ ਅਤੇ ਦਿੱਲੀ ਸਲਤਨਤ- ਜਿਸ 'ਚ ਤੁਗਲਕ, ਖਿਲਜੀ, ਮਮਲੂਕ ਅਤੇ ਲੋਧੀ ਵਰਗੇ ਰਾਜਵੰਸ਼ਾਂ ਦਾ ਵਿਸਥਾਰ ਪੂਰਵਕ ਵੇਰਵਾ ਅਤੇ ਮੁਗਲ ਬਾਦਸ਼ਾਹਾਂ ਦੀਆਂ ਪ੍ਰਾਪਤੀਆਂ ਬਾਰੇ ਦੋ ਪੰਨਿਆਂ ਦੀ ਸਾਰਨੀ ਸ਼ਾਮਲ ਸੀ, ਨੂੰ 2022-23 'ਚ ਕੋਵਿਡ-19 ਮਹਾਂਮਾਰੀ ਦੌਰਾਨ ਅਪਣੇ ਸਿਲੇਬਸ ਨੂੰ ਤਰਕਸੰਗਤ ਬਣਾਉਣ ਦੇ ਹਿੱਸੇ ਵਜੋਂ ਹਟਾ ਦਿਤਾ ਸੀ, ਪਰ ਨਵੀਂ ਪਾਠ ਪੁਸਤਕ ਨੇ ਹੁਣ ਉਨ੍ਹਾਂ ਦੇ ਸਾਰੇ ਹਵਾਲੇ ਹਟਾ ਦਿਤੇ ਹਨ। ਕਿਤਾਬ 'ਚ ਹੁਣ ਸਾਰੇ ਨਵੇਂ ਅਧਿਆਇ ਹਨ ਜਿਨ੍ਹਾਂ 'ਚ ਮੁ.ਗਲਾਂ ਅਤੇ ਦਿੱਲੀ ਸਲਤਨਤ ਦਾ ਕੋਈ ਜ਼ਿਕਰ ਨਹੀਂ ਹੈ। ਸਮਾਜਕ ਵਿਗਿਆਨ ਦੀ ਪਾਠ ਪੁਸਤਕ 'ਐਕਸਪਲੋਰਿੰਗ ਸੋਸਾਇਟੀ: ਇੰਡੀਆ ਐਂਡ ਬਿਓਂਡ' 'ਚ ਪ੍ਰਾਚੀਨ ਭਾਰਤੀ ਰਾਜਵੰਸ਼ਾਂ ਜਿਵੇਂ ਕਿ ਮਗਧ, ਮੌਰੀਆ, ਸ਼ੁੰਗਸ ਅਤੇ ਸੱਤਗੱਡੀਆਂ ਬਾਰੇ ਨਵੇਂ ਅਧਿਆਇ ਹਨ ਜੋ 'ਭਾਰਤੀ ਨੈਤਿਕਤਾ' 'ਤੇ ਧਿਆਨ ਕੇਂਦਰਿਤ ਕਰਦੇ ਹਨ। ਕਿਤਾਬ ਦੇ ਨਵੇਂ ਸੰਸਕਰਣ 'ਚ 'ਕਿਵੇਂ ਧਰਤੀ ਪਵਿੱਤਰ ਬਣ ਜਾਂਦੀ ਹੈ' ਨਾਮਕ ਇਕ ਅਧਿਆਇ ਵੀ ਹੈ ਜੋ ਇਸਲਾਮ, ਈਸਾਈ ਧਰਮ, ਯਹੂਦੀ ਧਰਮ, ਅਤੇ ਪਾਰਸੀ ਧਰਮ, ਹਿੰਦੂ ਧਰਮ, ਬੁੱਧ ਧਰਮ ਅਤੇ ਸਿੱਖ ਧਰਮ ਵਰਗੇ ਧਰਮਾਂ ਲਈ ਭਾਰਤ ਅਤੇ ਬਾਹਰ ਪਵਿੱਤਰ ਅਤੇ ਤੀਰਥ ਮੰਨੇ ਜਾਣ ਵਾਲੇ ਸਥਾਨਾਂ 'ਤੇ ਕੇਂਦਰਤ ਹੈ। ਇਸ ਅਧਿਆਇ 'ਚ 'ਪਵਿੱਤਰ ਭੂਗੋਲ' ਵਰਗੇ ਸੰਕਲਪਾਂ ਨੂੰ ਪੇਸ਼ ਕੀਤਾ ਗਿਆ ਹੈ ਜਿਸ 'ਚ 12 ਜਯੋਤਿਰਲਿੰਗਾਂ, ਚਾਰ ਧਾਮ ਯਾਤਰਾ ਅਤੇ 'ਸ਼ਕਤੀ ਪੀਠਾਂ'

(ਬਾਕੀ ਸਫਾ 2 'ਤੇ)

## ਪਾਕਿਸਤਾਨ ਵੱਲੋਂ ਐਲ.ਓ.ਸੀ. ਦੇ ਨਾਲ ਲਗਾਤਾਰ ਤੀਜੇ ਦਿਨ ਗੋਲਲ਼ੀਬੰਦੀ ਦੀ ਉਲੰਘਣਾ



**ਚੜ੍ਹਦੀਕਲਾ ਬਿਊਰੋ**

================

ਸ੍ਰੀਨਗਰ, 27 ਅਪ੍ਰੈਲ : ਪਾਕਿਸਤਾਨੀ ਫੌਜ ਨੇ ਅੱਜ ਲਗਾਤਾਰ ਤੀਜੇ ਦਿਨ ਗੋਲੀਬੰਦੀ ਦੀ ਉਲੰਘਣਾ ਕਰਦੇ ਹੋਏ ਉੱਤਰੀ ਕਸ਼ਮੀਰ ਵਿਚ ਕੰਟਰੋਲ ਰੇਖਾ ਦੇ ਨਾਲ 'ਛੋਟੇ ਹਥਿਆਰਾਂ' ਨਾਲ ਫਾਇਰਿੰਗ ਕੀਤੀ। ਫੌਜੀ ਅਧਿਕਾਰੀਆਂ ਮੁਤਾਬਕ 26 ਤੇ 27 ਅਪਰੈਲ ਦੀ ਦਰਮਿਆਨੀ ਰਾਤ ਨੂੰ ਪਾਕਿਸਤਾਨੀ ਫੌਜ ਦੀਆਂ ਚੌਕੀਆਂ ਨੇ ਕੰਟਰੋਲ ਰੇਖਾ ਦੇ ਨਾਲ ਤੁਤਮਾਰੀ ਗਲੀ ਤੇ ਰਾਮਪੁਰ ਸੈਕਟਰਾਂ ਨੇੜਲੇ ਇਲਾਕਿਆਂ ਵਿਚ 'ਬਿਨਾਂ ਕਿਸੇ ਭੜਕਾਹਟ ਤੋਂ ਛੋਟੇ ਹਥਿਆਰਾਂ' ਨਾਲ ਫਾਇਰਿੰਗ ਕੀਤੀ। ਥਲ ਸੈਨਾ ਨੇ ਕਿਹਾ,''ਸਾਡੀਆਂ ਫੌਜਾਂ ਨੇ ਵੀ ਛੋਟੇ ਹਥਿਆਰਾਂ ਨਾਲ ਇਸ ਗੋਲੀਬਾਰੀ ਦਾ ਮੂੰਹ ਤੋੜਵਾਂ ਜਵਾਬ ਦਿੱਤਾ।'' ਉਂਝ ਇਹ ਲਗਾਤਾਰ

(ਬਾਕੀ ਸਫਾ 2 'ਤੇ)

# ਖ਼ੁਫ਼ੀਆ ਏਜੰਸੀ ਦਾ ਵੱਡਾ ਖ਼ੁਲਾਸਾ, ਕ੍ਰਿਪਟੋਕਰੰਸੀ ਰਾਹੀਂ ਹੋ ਰਹੀ ਹੈ ਅੱਤਵਾਦੀਆਂ ਨੂੰ ਫ਼ੰਡਿੰਗ

ਨਵੀਂ ਦਿੱਲੀ, 27 ਅਪ੍ਰੈਲ, (ਚ.ਨ.ਸ.) : ਭਾਰਤ ਦੇ ਚੋਟੀ ਦੇ ਜਾਂਚਕਰਤਾਵਾਂ ਨੇ ਹਾਲ ਹੀ ਵਿੱਚ ਖੁਲਾਸਾ ਕੀਤਾ ਹੈ ਕਿ ਅੱਤਵਾਦੀਆਂ, ਡਰੱਗ ਕਾਰਟੈਲਾਂ ਅਤੇ ਸਾਈਬਰ ਅਪਰਾਧੀਆਂ ਨੂੰ ਫੰਡਿੰਗ ਕਰਨ ਲਈ ਕਿਵੇਂ ਬਿਟਕੁਆਇਨ, ਟ੍ਰੋਨ ਅਤੇ ਯੂਐੱਸਡੀਟੀ ਵਰਗੇ ਸਟੇਬਲਕੁਆਇਨ ਦੀ ਵਰਤੋਂ ਕੀਤੀ ਜਾ ਰਹੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਅਪਰਾਧੀ ਕਿਵੇਂ ਵੀਪੀਐੱਨ, ਜਾਅਲੀ ਖਾਤਿਆਂ ਅਤੇ ਗੈਰ-ਰਜਿਸਟਰਡ ਕ੍ਰਿਪਟੋ ਪਲੇਟਫਾਰਮਾਂ ਦੀ ਵਰਤੋਂ ਇੰਨੀ ਤੇਜ਼ੀ ਨਾਲ ਮਨੀਲਾਂਡਰਿੰਗ ਕਰ ਰਹੇ ਹਨ ਕਿ ਤੁਸੀਂ ਇਹ ਵੀ ਨਹੀਂ ਦੱਸ ਸਕਦੇ ਕਿ ਉਹ ਫੜੇ ਗਏ ਹਨ। ਹੁਣ ਸਰਕਾਰ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਕ੍ਰਿਪਟੋ ਅਰਾਜਕਤਾ ਨੂੰ ਜਲਦੀ ਨਾ ਰੋਕਿਆ ਗਿਆ ਤਾਂ ਇਹ ਅਰਥਵਿਵਸਥਾ ਨੂੰ



ਤਬਾਹ ਕਰ ਸਕਦੀ ਹੈ। ਦੱਸ ਦੇਈਏ ਕਿ ਇਸ ਤੋਂ ਪਹਿਲਾਂ ਵੀ ਭਾਰਤ ਦੀ ਫੈਡਰਲ ਫਾਈਨੈਂਸ਼ੀਅਲ ਇੰਟੈਲੀਜੈਂਸ ਯੂਨਿਟ ਦੇ ਇੱਕ ਅਧਿਐਨ ਨੇ ਸ਼ੱਕ ਜ਼ਾਹਰ ਕੀਤਾ ਸੀ ਕਿ ਦੇਸ਼ ਭਰ ਵਿੱਚ ਕ੍ਰਿਪਟੋਕਰੰਸੀਆਂ ਦੀ ਵਰਤੋਂ ਸੱਟੇਬਾਜ਼ੀ ਤੋਂ ਇਲਾਵਾ ਅੱਤਵਾਦੀ ਵਿੱਤ ਪੋਸ਼ਣ, ਵੱਖਵਾਦੀ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ, ਸਾਈਬਰ ਅਪਰਾਧ, ਨਸ਼ੀਲੇ ਪਦਾਰਥਾਂ ਦੀ ਤਸਕਰੀ ਵਰਗੀਆਂ ਅਪਰਾਧਿਕ ਗਤੀਵਿਧੀਆਂ ਲਈ ਕੀਤੀ ਜਾ ਰਹੀ ਹੈ। ਵਿੱਤੀ ਖੁਫੀਆ ਯੂਨਿਟ ਦੁਆਰਾ ਵਿੱਤੀ ਸਾਲ 2023-24 ਦੌਰਾਨ ਵਰਚੁਅਲ ਡਿਜੀਟਲ ਸੰਪਤੀਆਂ ਅਤੇ ਉਨ੍ਹਾਂ ਦੇ ਸੇਵਾ ਪ੍ਰਦਾਤਾਵਾਂ (ਕ੍ਰਿਪਟੋ ਐਕਸਚੇਂਜਾਂ) ਬਾਰੇ ਇੱਕ ਰਿਪੋਰਟ ਤਿਆਰ ਕੀਤੀ ਗਈ ਸੀ ਜਿਸਨੂੰ ਇਸ ਖੇਤਰ ਨਾਲ ਸਬੰਧਤ ਕਈ ਸ਼ੱਕੀ ਗਤੀਵਿਧੀਆਂ ਅਤੇ ਲੈਣ-ਦੇਣ ਰਿਪੋਰਟਾਂ ਅਤੇ ਉਨ੍ਹਾਂ ਜੀਆਂ ਗਤੀਵਿਧੀਆਂ ਦਾ ਵਿਸ਼ਲੇਸ਼ਣ ਕਰਨ ਤੋਂ ਬਾਅਦ ਤਿਆਰ ਕੀਤਾ ਗਿਆ ਸੀ। ਦੱਸ ਦੇਈਏ ਕਿ ਭਾਰਤ ਇਸ ਸਮੇਂ ਕ੍ਰਿਪਟੋਕਰੰਸੀਆਂ ਨੂੰ ਨਿਯਮਤ ਕਰਨ ਅਤੇ ਨਿਗਰਾਨੀ ਕਰਨ ਲਈ ਇੱਕ ਢਾਂਚਾ ਵਿਕਸਤ ਕਰ ਰਿਹਾ ਹੈ ਪਰ ਜਦੋਂ ਤੱਕ ਇਸਨੂੰ ਲਾਗੂ ਨਹੀਂ ਕੀਤਾ ਜਾਂਦਾ, ਦੇਸ਼ ਵਿੱਚ ਕ੍ਰਿਪਟੋ ਗੈਰ-ਕਾਨੂੰਨੀ ਨਹੀਂ ਹੈ। 2022 ਤੋਂ ਕ੍ਰਿਪਟੋਕਰੰਸੀ ਲੈਣ-ਦੇਣ ਤੋਂ ਹੋਣ ਵਾਲੀ ਆਮਦਨ ਤੇ 30 ਫੀਸਦੀ ਦੀ ਫਲੈਟ ਦਰ ਨਾਲ ਟੈਕਸ ਲਗਾਇਆ ਜਾਂਦਾ ਹੈ।

# ਭਾਰਤ ਸਰਕਾਰ ਨੇ ਪਾਕਿਸਤਾਨ ਦੇ ਲੋਕਾਂ ਲਈ ਵਧਾਈ ਡੈੱਡਲਾਈਨ ਹੁਣ 29 ਅਪ੍ਰੈਲ ਤੱਕ ਕਰ ਸਕਣਗੇ ਵਤਨ ਵਾਪਸੀ

ਨਵੀਂ ਦਿੱਲੀ, 27 ਅਪ੍ਰੈਲ, (ਚ.ਨ.ਸ.) : ਭਾਰਤ ਸਰਕਾਰ ਨੇ ਵੱਡਾ ਫੈਸਲਾ ਲਿਆ ਹੈ। ਭਾਰਤ ਸਰਕਾਰ ਨੇ ਪਾਕਿਸਤਾਨ ਦੇ ਲੋਕਾਂ ਲਈ ਡੈੱਡਲਾਈਨ ਵਧਾਈ ਹੈ। ਹੁਣ ਪਾਕਿਸਤਾਨੀ ਨਾਗਰਿਕ ਹੁਣ 29 ਅਪ੍ਰੈਲ, 2025 ਤੱਕ ਵਾਪਸ ਆਪਣੇ ਦੇਸ਼ ਜਾ ਸਕਦੇ ਹਨ। ਗ੍ਰਹਿ ਵਿਭਾਗ ਨੇ ਇਹ ਫੈਸਲਾ ਲਿਆ ਹੈ ਪਰ ਇਸ ਵਿਚ ਸਾਰਕ ਵੀਜ਼ੇ ਨੂੰ ਲੈ ਕੇ ਕੋਈ ਰਾਹਤ ਨਹੀਂ ਦਿੱਤੀ ਗਈ ਹੈ।ਦੂਜੇ ਪਾਸੇ ਜਿਨ੍ਹਾਂ ਦਾ ਲੌਂਗ ਟਰਮ ਵੀਜ਼ਾ ਅਜੇ ਤੱਕ ਮਨਜ਼ੂਰ ਨਹੀਂ ਹੋਇਆ ਹੈ, ਉਨ੍ਹਾਂ ਨੂੰ ਵੀ ਭਾਰਤ ਛੱਡ ਕੇ ਵਾਪਸ ਪਾਕਿਸਤਾਨ ਪਰਤਣ ਦਾ ਹੁਕਮ ਦਿੱਤਾ ਗਿਆ ਸੀ। ਇਸੇ ਤਹਿਤ ਅੱਜ ਭਾਰਤ-ਪਾਕਿਸਤਾਨ ਬਾਰਡਰ ਦੇ ਅਟਾਰੀ-ਵਾਹਗਾ ਗੇਟ 'ਤੇ ਅੱਜ ਪਾਕਿ ਨਾਗਰਿਕਾਂ ਦੀ ਭੀੜ ਦੇਖਣ ਨੂੰ ਮਿਲੀ। ਕਈ ਪਰਿਵਾਰ ਆਪਣੇ ਸਾਮਾਨ ਨਾਲ ਲਾਈਨ ਵਿਚ ਲੱਗੇ ਦਿਖੇ। ਇਨ੍ਹਾਂ ਵਿਚ ਵੱਡੀ ਗਿਣਤੀ ਵਿਚ ਔਰਤਾਂ, ਬਜ਼ੁਰਗ ਤੇ ਛੋਟੇ ਬੱਚੇ ਵੀ ਸ਼ਾਮਲ ਹਨ। ਗ੍ਰਹਿ ਮੰਤਰਾਲੇ ਵੱਲੋਂ ਜਾਰੀ ਨਿਰਦੇਸ਼ਾਂ ਮੁਤਾਬਕ ਪਾਕਿਸਤਾਨ ਦੇ ਉਹ ਨਾਗਰਿਕ ਜੋ ਭਾਰਤ ਵਿਚ ਵੀਜ਼ਾ ਸ਼ਰਤਾਂ ਦਾ ਉਲੰਘਣ ਕਰ ਰਹੇ ਹਨ ਜਾਂ ਜਿਨ੍ਹਾਂ ਨੇ ਵੀਜ਼ਾ ਵਧਾਉਣ ਦੀ ਪ੍ਰਕਿਰਿਆ ਪੂਰੀ ਨਹੀਂ ਹੋਈ ਹੈ, ਉਨ੍ਹਾਂ ਨੂੰ ਤਤਕਾਲ ਦੇਸ਼ ਛੱਡਣਾ ਹੋਵੇਗਾ। ਪੁਲਿਸ ਤੇ ਇਮੀਗ੍ਰੇਸ਼ਨ ਵਿਭਾਗ ਦੇ ਅਧਿਕਾਰੀਆਂ ਨੇ ਇਨ੍ਹਾਂ ਨਿਰਦੇਸ਼ਾਂ ਨੂੰ ਸਖਤੀ ਨਾਲ ਲਾਗੂ ਕਰਨ ਦੀ ਤਿਆਰੀ ਕਰ ਰਹੀ ਹੈ। ਗੁਰਦਾਸਪੁਰ, ਅੰਮ੍ਰਿਤਸਰ, ਫਿਰੋਜ਼ਪੁਰ ਤੇ ਪੰਜਾਬ ਦੇ ਹੋਰ ਸਰਹੱਦੀ ਜ਼ਿਲ੍ਹਿਆਂ ਵਿਚ ਵੀ ਕਈ ਪਾਕਿਸਤਾਨੀ ਨਾਗਰਿਕ ਅੱਜ ਸਰਹੱਦ ਵੱਲ ਰਵਾਨਾ ਹੋਏ ਹਨ। ਅਧਿਕਾਰੀ ਹਰ ਥਾਂ 'ਤੇ ਦਸਤਾਵੇਜ਼ਾਂ ਦੀ ਜਾਂਚ ਕਰ ਰਹੇ ਹਨ ਤਾਂ ਕਿ ਕੋਈ ਵੀ ਬਿਨਾਂ ਇਜਾਜ਼ਤ ਦੇ ਭਾਰਤ ਵਿਚ ਨਾ ਰਹਿ ਸਕੇ। ਅੱਜ 237 ਦੇ ਲਗਭਗ ਪਾਕਿਸਤਾਨੀ ਨਾਗਰਿਕ ਵਾਪਸ ਰਵਾਨਾ ਹੋਏ ਜਦੋਂ ਕਿ 116 ਭਾਰਤੀ ਅੱਜ ਵਤਨ ਵਾਪਸ ਪਰਤੇ। ਅਜੇ ਤੱਕ ਕੁੱਲ 537 ਦੇ ਕਰੀਬ ਪਾਕਿਸਤਾਨੀ ਨਾਗਰਿਕ ਵਾਪਸ ਜਾ ਚੁੱਕੇ ਹਨ ਤੇ 850 ਦੇ ਲਗਭਗ ਭਾਰਤੀ ਨਾਗਰਿਕ ਵੀ ਵਾਪਸ ਆ ਚੁੱਕੇ ਹਨ।

# ਫ਼ੌਜੀ ਵਰਦੀ ਦੀ ਸਿਲਾਈ ਅਤੇ ਵਿਕਰੀ 'ਤੇ ਰੋਕ



ਕਿਸ਼ਤਵਾੜਾ, 27 ਅਪ੍ਰੈਲ, (ਚ.ਨ.ਸ.) : ਜੰਮੂ-ਕਸ਼ਮੀਰ ਚ ਪਹਿਲਗਾਮ ਹਮਲੇ ਮਗਰੋਂ ਸੁਰੱਖਿਆ ਫੋਰਸ ਹਾਈ ਅਲਰਟ ਤੇ ਹਨ। ਇਸ ਦਰਮਿਆਨ ਫ਼ੌਜੀ ਅਧਿਕਾਰੀਆਂ ਨੇ ਜੰਮੂ-ਕਸ਼ਮੀਰ ਦੇ ਕਿਸ਼ਤਵਾੜ ਜ਼ਿਲ੍ਹੇ ਵਿਚ ਫ਼ੌਜ ਦੀ ਵਰਦੀ ਦੀ ਦੁਰਵਰਤੋਂ ਨੂੰ ਰੋਕਣ ਲਈ ਵਰਦੀ ਦੀ ਵਿਕਰੀ, ਸਿਲਾਈ ਅਤੇ ਸਟੋਰੇਜ ਤੇ ਪਾਬੰਦੀ ਲਾ ਦਿੱਤੀ ਹੈ। ਇਹ ਫ਼ੈਸਲਾ ਦੇਸ਼ ਵਿਰੋਧੀ ਤੱਤਾਂ ਵੱਲੋਂ ਇਸ ਦੀ ਦੁਰਵਰਤੋਂ ਨੂੰ ਰੋਕਣ ਲਈ ਲਿਆ ਗਿਆ ਹੈ। ਕਿਸ਼ਤਵਾੜ ਦੇ ਡਿਪਟੀ ਕਮਿਸ਼ਨਰ ਰਾਜੇਸ਼ ਕੁਮਾਰ ਸ਼ਾਵਨ ਨੇ ਇਹ ਹੁਕਮ ਜਾਰੀ ਕੀਤਾ ਹੈ। ਜ਼ਿਲ੍ਹਾ ਮੈਜਿਸਟ੍ਰੇਟ ਨੇ ਨਿਯਮਾਂ ਅਤੇ ਪਾਬੰਦੀਆਂ ਦਾ ਇਕ ਸੈੱਟ ਜਾਰੀ ਕਰਦਿਆਂ ਕਿਹਾ ਕਿ ਫ਼ੌਜ ਦੀ ਵਰਦੀ ਦੀ ਵਿਕਰੀ ਅਤੇ ਸਿਲਾਈ ਤੇ ਰੋਕ ਲਾ ਦਿੱਤੀ ਗਈ ਹੈ। ਜੇਕਰ ਕਿਤੇ ਵੀ ਅਜਿਹਾ ਹੁੰਦਾ ਹੈ ਤਾਂ ਨੇੜਲੇ ਪੁਲਸ ਸਟੇਸ਼ਨ ਵਿਚ ਇਸ ਦੀ ਜਾਣਕਾਰੀ ਦਿਓ। ਹੁਕਮ ਵਿਚ ਕਿਹਾ ਗਿਆ ਹੈ ਕਿ ਸਾਰੀਆਂ ਅਧਿਕਾਰਤ ਦੁਕਾਨਾਂ ਅਤੇ ਕੰਪਨੀਆਂ ਨੂੰ ਆਪਣਾ ਕਾਰੋਬਾਰ ਜਾਰੀ ਰੱਖਣ ਦੀ ਇਜਾਜ਼ਤ ਬਾਰੇ ਨੇੜੇ ਪੁਲਸ ਥਾਣੇ ਨੂੰ ਲਿਖਤੀ ਰੂਪ ਵਿਚ ਸੂਚਿਤ ਕਰਨਾ ਹੋਵੇਗਾ। ਇਸ ਸੂਚਨਾ ਨੂੰ ਦਣ ਦਾ ਆਖ਼ਰੀ ਤਾਰੀਖ਼ ਹੁਕਮ ਜਾਰੀ ਹੋਣ ਅਤੇ ਪ੍ਰਕਾਸ਼ਿਤ ਹੋਣ ਦੇ 15 ਦਿਨਾਂ ਦੇ ਅੰਦਰ ਹੋਵੇਗੀ। ਸਾਰੀਆਂ ਨਿੱਜੀ ਕੰਪਨੀਆਂ ਅਤੇ ਦੁਕਾਨਾਂ, ਜੋ ਫ਼ੌਜੀ, ਖਾਦੀ ਕੱਪੜੇ ਵੇਚਦੀਆਂ ਹਨ, ਉਨ੍ਹਾਂ ਨੂੰ ਹਰ ਹਫ਼ਤੇ ਆਪਣੀ ਵਿਕਰੀ ਦੀ ਰਿਪੋਰਟ ਪੇਸ਼ ਕਰਨੀ ਹੋਵੇਗੀ, ਜਿਸ ਵਿਚ ਇਹ ਵੇਰਵਾ ਦਿੱਤਾ ਜਾਵੇਗਾ ਕਿ ਕਿਹੜੇ ਫੌਜੀ/ਨੀਮ ਫੌਜੀ/ਪੁਲਿਸ ਕਰਮਚਾਰੀਆਂ ਨੂੰ ਕੱਪੜੇ ਵੇਚੇ ਗਏ ਹਨ।

# ਕੈਬਨਿਟ ਮੰਤਰੀ ਸੌਂਧ ਨਾਭਾ ਦੇ ਪਿੰਡ ਕੈਦੂਪੁਰ ਦੇ ਖੇਤਾਂ ਵਿੱਚ ਲੱਗੀ ਅੱਗ ਦਾ ਜਾਇਜ਼ਾ ਲੈਣ ਪਹੁੰਚੇ

## ਅੱਗ ਕਾਰਨ ਹੋਏ ਆਰਥਿਕ ਨੁਕਸਾਨ ਦੀ ਹੋਵੇਗੀ ਭਰਪਾਈ : ਸੌਂਧ

ਪਟਿਆਲਾ/ਚੰਡੀਗੜ੍ਹ, 27 ਅਪ੍ਰੈਲ, (ਅੰਮ੍ਰਿਤਪਾਲ ਸਿੰਘ) : ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਤਰੁਣ ਪ੍ਰੀਤ ਸਿੰਘ ਸੌਂਧ ਨੇ ਐਤਵਾਰ ਨੂੰ ਨਾਭਾ ਦੇ ਪਿੰਡ ਕੈਦੂਪੁਰ ਵਿੱਚ ਲਗਭਗ 25 ਏਕੜ ਖੇਤਾਂ ਵਿੱਚ ਲੱਗੀ ਅੱਗ ਦਾ ਜਾਇਜ਼ਾ ਲਿਆ ਅਤੇ ਸਥਾਨਕ ਕਿਸਾਨਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਜਾਣੀਆਂ।

ਮੰਤਰੀ ਸੌਂਧ ਨੇ ਕਿਸਾਨਾਂ ਨੂੰ ਸਰਕਾਰ ਵੱਲੋਂ ਮਦਦ ਦਾ ਭਰੋਸਾ ਦਿੱਤਾ ਅਤੇ ਕਿਹਾ ਕਿ ਪੰਜਾਬ ਸਰਕਾਰ ਅੱਗ ਲੱਗਣ ਕਾਰਨ ਸਥਾਨਕ ਕਿਸਾਨਾਂ ਨੂੰ ਹੋਏ ਵਿੱਤੀ ਨੁਕਸਾਨ ਦੀ ਭਰਪਾਈ ਲਈ ਸਾਰਿਆਂ ਨੂੰ ਢੁਕਵਾਂ ਮੁਆਵਜ਼ਾ ਦੇਵੇਗੀ।

ਉਨ੍ਹਾਂ ਅੱਗ ਲੱਗਣ ਦੌਰਾਨ ਜ਼ਖਮੀ ਹੋਏ ਇੱਕ ਖੇਤ ਮਜ਼ਦੂਰ ਦਾ ਹਾਲ-ਚਾਲ ਵੀ ਪੁੱਛਿਆ ਅਤੇ ਕਿਹਾ ਕਿ ਉਸ ਦਾ



ਸਾਰਾ ਇਲਾਜ ਪੰਜਾਬ ਸਰਕਾਰ ਵੱਲੋਂ ਕੀਤਾ ਜਾਵੇਗਾ। ਇਸ ਲਈ, ਸਾਡੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਖ਼ੁਦ ਪੀਜੀਆਈ ਦੇ ਡਾਕਟਰਾਂ ਨਾਲ ਗੱਲ ਕੀਤੀ ਹੈ ਅਤੇ ਉਨ੍ਹਾਂ ਨੂੰ ਚੰਗਾ ਇਲਾਜ ਮੁਹੱਈਆ ਕਰਵਾਉਣ ਲਈ ਕਿਹਾ ਹੈ।

ਸੌਂਧ ਨੇ ਕਿਹਾ ਕਿ ਆਪ ਸਰਕਾਰ ਪੰਜਾਬ ਦੇ ਕਿਸਾਨਾਂ ਦੀ ਭਲਾਈ ਲਈ ਵਚਨਬੱਧ ਹੈ। ਇੱਥੋਂ ਦੇ ਵਿਧਾਇਕ ਅਤੇ ਸਾਡੇ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਅੱਜ ਅੰਮ੍ਰਿਤਸਰ ਵਿੱਚ ਹਨ, ਇਸ ਲਈ ਉਹ ਨਹੀਂ ਆ ਸਕੇ, ਪਰ ਜਿਵੇਂ ਹੀ ਉਨ੍ਹਾਂ ਨੂੰ ਇਸ ਘਟਨਾ ਬਾਰੇ ਪਤਾ ਲੱਗਾ, ਉਨ੍ਹਾਂ ਨੇ ਤੁਰੰਤ ਮੈਨੂੰ ਫ਼ੋਨ ਕੀਤਾ ਅਤੇ ਇੱਥੇ ਆਉਣ ਲਈ ਕਿਹਾ। ਅੰਮ੍ਰਿਤਸਰ ਤੋਂ ਵਾਪਸ ਆਉਣ ਤੋਂ ਬਾਅਦ ਉਹ ਖ਼ੁਦ ਵੀ ਇੱਥੇ ਆਉਣਗੇ।

ਉਨ੍ਹਾਂ ਕਿਹਾ ਕਿ ਇਸ ਮੌਸਮ ਵਿੱਚ ਅਚਾਨਕ ਤਬਦੀਲੀ, ਬਿਜਲੀ ਦੀਆਂ ਤਾਰਾਂ ਦੇ ਚੰਗਿਆੜੇ ਜਾਂ ਬੀੜੀ-ਸਿਗਰਟਾਂ ਨੂੰ ਬੁਝਾਏ ਬਿਨਾਂ ਸੁੱਟਣ ਕਾਰਨ ਖੇਤਾਂ ਵਿੱਚ ਅੱਗ ਲੱਗ ਜਾਂਦੀ ਹੈ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਕਿਸਾਨਾਂ ਦੀ ਸਰਕਾਰ ਹੈ ਅਤੇ ਸਾਡਾ ਉਦੇਸ਼ ਸਿਰਫ਼ ਰਾਹਤ ਪ੍ਰਦਾਨ ਕਰਨਾ ਹੀ ਨਹੀਂ ਹੈ, ਸਗੋਂ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਣਾ ਵੀ ਹੈ। ਪ੍ਰਸ਼ਾਸਨ ਨੂੰ ਹਦਾਇਤ ਕੀਤੀ ਗਈ ਹੈ ਕਿ ਬਿਜਲੀ ਦੀਆਂ ਤਾਰਾਂ ਦੀ ਨਿਯਮਤ ਤੌਰ ਤੇ ਜਾਂਚ ਕੀਤੀ ਜਾਵੇ ਅਤੇ ਜਿਨ੍ਹਾਂ ਖੇਤਰਾਂ ਵਿੱਚ ਅੱਗ ਸੁਰੱਖਿਆ ਦੇ ਪ੍ਰਬੰਧ ਨਹੀਂ ਹਨ, ਉੱਥੇ ਪਹਿਲ ਦੇ ਆਧਾਰ ਤੇ ਅੱਗ ਸੁਰੱਖਿਆ ਦੇ ਪ੍ਰਬੰਧ ਕੀਤੇ ਜਾਣ।

# ਪਹਿਲਗਾਮ ਅੱਤਵਾਦੀ ਹਮਲਾ : ਜਾਂਚ 'ਤੇ ਫਿਰ ਉੱਠੇ ਸਵਾਲ, ਸੁਰੱਖਿਆ ਬਲਾਂ ਦੀ ਸੂਚੀ 'ਚ ਦੋਸ਼ੀ ਦਾ ਨਹੀਂ ਹੈ ਨਾਂ

ਸ਼੍ਰੀਨਗਰ, 27 ਅਪ੍ਰੈਲ, (ਚ.ਨ.ਸ.) : ਪਹਿਲਗਾਮ ਕਤਲੇਆਮ ਤੋਂ ਬਾਅਦ ਆਲੋਚਨਾ ਦਾ ਸ਼ਿਕਾਰ ਹੋਈਆਂ ਸੁਰੱਖਿਆ ਏਜੰਸੀਆਂ ਨੇ ਤੁਰੰਤ ਕਸ਼ਮੀਰ ਘਾਟੀ ਵਿੱਚ ਸਰਗਰਮ 14 ਸਥਾਨਕ ਅੱਤਵਾਦੀਆਂ ਦੀ ਸੂਚੀ ਜਾਰੀ ਕਰ ਦਿੱਤੀ ਹੈ। ਜਿਵੇਂ ਹੀ ਇਹ ਸੂਚੀ ਜਾਰੀ ਹੋਈ, ਸਬੰਧਤ ਅਧਿਕਾਰੀਆਂ ਦੀ ਕੁਸ਼ਲਤਾ 'ਤੇ ਸਵਾਲ ਉੱਠਣੇ ਸ਼ੁਰੂ ਹੋ ਗਏ। ਖਾਸ ਗੱਲ ਇਹ ਹੈ ਕਿ ਪਹਿਲਗਾਮ ਕਤਲੇਆਮ ਦਾ ਮੁੱਖ ਦੋਸ਼ੀ ਦੱਸਿਆ ਜਾਣ ਵਾਲਾ ਆਦਿਲ ਗੁਰੀ ਦਾ ਨਾਂ ਲੋੜੀਂਦੇ ਅੱਤਵਾਦੀਆਂ ਦੀ ਇਸ ਸੂਚੀ ਵਿੱਚ ਨਹੀਂ ਹੈ। ਅੱਤਵਾਦੀ ਹਮਲੇ ਤੋਂ ਬਾਅਦ ਆਦਿਲ ਦਾ ਨਾਂ ਖ਼ਬਰਾਂ ਵਿੱਚ ਹੈ ਅਤੇ ਸ਼ੁੱਕਰਵਾਰ ਨੂੰ ਉਸ ਦਾ ਘਰ ਵੀ ਢਾਹ ਦਿੱਤਾ ਗਿਆ ਸੀ। ਹਾਲਾਂਕਿ, ਕਤਲੇਆਮ ਵਿੱਚ ਸ਼ਾਮਲ ਇੱਕ ਹੋਰ ਸਥਾਨਕ ਅੱਤਵਾਦੀ ਅਹਿਸਾਨ ਸ਼ੇਖ ਦਾ ਨਾਂ ਇਸ ਸੂਚੀ ਵਿੱਚ ਹੈ। ਰੱਖਿਆ ਮਾਹਿਰ ਕਹਿ ਰਹੇ ਹਨ ਕਿ ਸੁਰੱਖਿਆ ਏਜੰਸੀਆਂ ਦੀ ਇਹ ਕੁਤਾਹੀ 'ਸਭ ਠੀਕ ਹੈ ਸਿੰਡਰੋਮ' ਦਾ ਨਤੀਜਾ ਹੈ। ਸੁਰੱਖਿਆ ਏਜੰਸੀਆਂ ਵੱਲੋਂ ਜਾਰੀ ਕੀਤੀ ਗਈ ਸੂਚੀ ਵਿੱਚ, ਇਨ੍ਹਾਂ ਅੱਤਵਾਦੀਆਂ ਨੂੰ ਏ ਪਲੱਸ, ਏ, ਬੀ ਅਤੇ ਸੀ ਸ਼੍ਰੇਣੀਆਂ ਵਿੱਚ ਸੂਚੀਬੱਧ ਕੀਤਾ ਗਿਆ ਹੈ। ਇਸ ਸ਼੍ਰੇਣੀ ਦਾ ਫੈਸਲਾ ਅੱਤਵਾਦੀਆਂ ਦੀ ਹਿੰਸਕ ਗਤੀਵਿਧੀਆਂ ਵਿੱਚ ਸ਼ਮੂਲੀਅਤ ਦੇ ਆਧਾਰ 'ਤੇ ਕੀਤਾ ਜਾਂਦਾ ਹੈ। ਇਸ ਅਨੁਸਾਰ, ਲਸ਼ਕਰ-ਏ-ਤੋਇਬਾ ਦੇ ਵੱਧ ਤੋਂ ਵੱਧ 8 ਸਥਾਨਕ ਅੱਤਵਾਦੀ ਸਰਗਰਮ ਹਨ। ਇਸ ਤੋਂ ਇਲਾਵਾ ਜੈਸ਼ ਅਤੇ ਹਿਜ਼ਬੁਲ ਦੇ ਤਿੰਨ-ਤਿੰਨ ਸਥਾਨਕ ਅੱਤਵਾਦੀ ਸਰਗਰਮ ਹਨ।

## ਪਹਿਲਗਾਮ ਹਮਲੇ ਦੇ ਪੀੜਤਾਂ ਨੂੰ ਇਨਸਾਫ਼ ਤੇ ਸਾਜਿਸ਼ਘਾੜਿਆਂ ਨੂੰ ਮਿਲੇਗੀ ਸਜ਼ਾ: ਮੋਦੀ

ਪਰਿਵਾਰਾਂ ਪ੍ਰਤੀ ਡੂੰਘੀ ਹਮਦਰਦੀ ਹੈ। ਦੱਸ ਦੇਈਏ ਕਿ ਜੰਮੂ-ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਵਿਚ ਪਹਿਲਗਾਮ ਦੇ ਉੱਪਰਲੇ ਹਿੱਸੇ ਤੇ ਸਥਿਤ ਇਕ ਪ੍ਰਸਿੱਧ ਸੈਰ-ਸਪਾਟਾ ਸਥਾਨ ਬੈਸਰਨ ਵਿਖੇ ਮੰਗਲਵਾਰ 22 ਅਪ੍ਰੈਲ ਨੂੰ ਇਕ ਅੱਤਵਾਦੀ ਹਮਲੇ 'ਚ ਘੱਟੋ-ਘੱਟ 26 ਲੋਕ ਮਾਰੇ ਗਏ। ਮਾਸਿਕ ਰੇਡੀਓ ਪ੍ਰੋਗਰਾਮ ਦੌਰਾਨ ਪ੍ਰਧਾਨ ਮੰਤਰੀ ਨੇ ਵਿਗਿਆਨੀ ਅਤੇ ਸਾਬਕਾ ਇਸਰੋ ਮੁਖੀ ਕੇ ਕਸਤੂਰੀਰੰਗਨ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ, ਜਿਨ੍ਹਾਂ ਦਾ ਸ਼ੁੱਕਰਵਾਰ ਨੂੰ ਦੇਹਾਂਤ ਹੋ ਗਿਆ। ਉਨ੍ਹਾਂ ਕਿਹਾ ਕਿ ਦੇਸ਼ ਪ੍ਰਤੀ ਉਨ੍ਹਾਂ ਦੀ ਨਿਰਸਵਾਰਥ ਸੇਵਾ ਅਤੇ ਰਾਸ਼ਟਰ ਨਿਰਮਾਣ ਵਿੱਚ ਯੋਗਦਾਨ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।

## ਵਾਰਾਨਸੀ-ਬੈਂਗਲੁਰੂ ਇੰਡੀਗੋ ਫਲਾਈਟ 'ਚ ਬੰਬ ਧਮਾਕੇ ਦੀ ਧਮਕੀ

ਸੁਰੱਖਿਆ ਅਧਿਕਾਰੀ ਉਸ ਵਿਅਕਤੀ ਤੋਂ ਪੁੱਛ-ਪੜਤਾਲ ਕਰ ਰਹੇ ਹਨ। ਹਵਾਈ ਅੱਡੇ ਦੇ ਡਾਇਰੈਕਟਰ ਪੁਨੀਤ ਗੁਪਤਾ ਨੇ ਦਸਿਆ ਕਿ ਬੰਬ ਹੋਣ ਦੀ ਧਮਕੀ ਤੋਂ ਬਾਅਦ ਜਹਾਜ਼ ਦੀ ਪੂਰੀ ਜਾਂਚ ਕੀਤੀ ਗਈ ਪਰ ਕੋਈ ਵਿਸਫੋਟਕ ਸਮੱਗਰੀ ਨਹੀਂ ਮਿਲੀ। ਅਧਿਕਾਰੀਆਂ ਨੇ ਦਸਿਆ ਕਿ ਸੁਰੱਖਿਆ ਏਜੰਸੀਆਂ ਤੋਂ ਮਨਜ਼ੂਰੀ ਮਿਲਣ ਤੋਂ ਬਾਅਦ ਜਹਾਜ਼ ਐਤਵਾਰ ਸਵੇਰੇ ਬੈਂਗਲੁਰੂ ਲਈ ਰਵਾਨਾ ਹੋਇਆ। ਮਾਮਲੇ ਦੀ ਵਿਸਥਾਰਤ ਜਾਂਚ ਕੀਤੀ ਜਾ ਰਹੀ ਹੈ।

## ਸੁਖਬੀਰ ਦੀ ਰਿਹਾਇਸ਼ 'ਤੇ ਸਿੰਘਾਂ ਦਾ ਜਥਾ ਹਰ ਮਹੀਨੇ ਗੁਰਬਾਣੀ ਦਾ ਜਾਪ ਕਰ ਕਰੇਗਾ ਰੋਸ ਪ੍ਰਗਟਾਵਾ : ਖ਼ਾਲਸਾ

ਜਿਸ ਤੋਂ ਉਪਰੰਤ ਗੁਰਮਤਿ ਸਿਧਾਤਕ ਪ੍ਰਚਾਰਕ ਸੰਤ ਸਮਾਜ ਦੇ ਸਮੂਹ ਸੰਤ ਮਹਾਂਪੁਰਖਾਂ ਨਾਲ ਫ਼ੋਨ ਉੱਤੇ ਹੋਏ ਵਿਚਾਰ ਵਟਾਂਦਰੇ ਅਤੇ ਚੋਣਵੇਂ ਸੰਤ ਮਹਾਂਪੁਰਖਾਂ ਦੀ ਮੀਟਿੰਗ ਦੇ ਵਿੱਚ ਨਿਰਣਾ ਲਿਆ ਗਿਆ, ਕਿ 10 ਮਈ ਤੱਕ ਤਖ਼ਤ ਸਾਹਿਬਾਨਾਂ ਦੇ ਸਿੰਘ ਸਾਹਿਬਾਨਾਂ ਨੂੰ ਬਹਾਲ ਕੀਤਾ ਜਾਵੇ। ਜੇਕਰ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਸੰਤ ਸਮਾਜ ਵੱਲੋਂ ਹਰ ਮਹੀਨੇ ਦੇ ਪਹਿਲੇ ਐਤਵਾਰ ਨੂੰ 500-500 ਸਿੰਘਾਂ ਦਾ ਜਥਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਬਾਦਲ ਪਿੰਡ ਸਥਿੱਤ ਰਿਹਾਇਸ਼ ਵਿਖੇ ਬੈਠ ਕੇ 2 ਘੰਟੇ ਦੁਪਹਿਰ 1 ਵਜੇ ਤੋਂ 3 ਵਜੇ ਤੱਕ ਗੁਰਬਾਣੀ ਜਾਪ ਕਰਨ ਅਤੇ ਸਿੱਖ ਪ੍ਰੰਪਰਾਵਾਂ ਅਤੇ ਸਿਧਾਂਤਾਂ ਦਾ ਘਾਣ ਕਰਨ ਦੇ ਲਈ ਜ਼ੁੰਮੇਵਾਰ ਲੋਕਾਂ ਨੂੰ ਸੁਮੱਤ ਬਖਸ਼ਣ ਦੀ ਅਰਦਾਸ ਕਰਨ ਉਪਰੰਤ ਵਾਪਿਸ ਪਰਤਿਆ ਕਰੇਗਾ। ਇਹ ਗੁਰਬਾਣੀ ਜਾਪ ਹਰ ਮਹੀਨੇ ਦੇ ਪਹਿਲੇ ਐਤਵਾਰ ਨੂੰ 500 ਚੋਣਵੇਂ ਸਿੰਘ ਕਰਿਆ ਕਰਨਗੇ ਅਤੇ ਇਹ ਸੰਘਰਸ਼ ਇੱਕ ਸਾਲ ਦੇ ਸਮੇਂ ਤੱਕ ਜਾਰੀ ਰਹੇਗਾ, ਜਾਂ ਜਦੋਂ ਤੱਕ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਅਤੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੂੰ ਬਤੌਰ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਵਜੋਂ ਬਹਾਲ ਨਹੀਂ ਕੀਤਾ ਜਾਂਦਾ ਉਸ ਸਮੇਂ ਤੱਕ ਜਾਰੀ ਰਹੇਗਾ। ਇਸ ਰੋਸ ਸਮਾਗਮ ਵਿੱਚ ਸਾਮਿਲ ਜਥੇ ਲਈ ਜਲ ਪਾਣੀ, ਪ੍ਰਸਾਦਾ ਅਤੇ ਬੈਠਣ ਦਾ ਪ੍ਰਬੰਧ ਸੰਗਤ ਵੱਲੋਂ ਕੀਤਾ ਜਾਵੇਗਾ। ਜੂਨ ਮਹੀਨੇ ਘੱਲੂਘਾਰਾ ਸਮਾਗਮਾਂ ਕਾਰਨ ਪਹਿਲਾ ਜਥਾ 11 ਜੂਨ ਨੂੰ ਪਿੰਡ ਬਾਦਲ ਜਾਵੇਗਾ। ਜਦੋਂ ਕੇ ਜੁਲਾਈ ਮਹੀਨੇ ਤੋਂ ਹਰ ਮਹੀਨੇ ਪਹਲੇ ਐਤਵਾਰ ਜਥਾ ਜਾਇਆ ਕਰੇਗਾ। ਇਸ ਮੌਕੇ ਸਮੂਹ ਸੰਗਤਾਂ ਨੂੰ ਇਹ ਵੀ ਅਪੀਲ ਕੀਤੀ ਗਈ ਕੇ ਭਾਈ ਕੁਲਦੀਪ ਸਿੰਘ ਗੜਗੱਜ ਅਤੇ ਬਾਬਾ ਟੇਕ ਸਿੰਘ ਧਨੌਲਾ ਦਾ ਪੂਰਨ ਬਾਈਕਾਟ ਕੀਤਾ ਜਾਵੇ ਅਤੇ ਇਸ ਦੇ ਨਾਲ ਹੀ ਜੋ ਵੀ ਸ਼੍ਰੋਮਣੀ ਕਮੇਟੀ ਮੈਂਬਰ ਜਾਂ ਔਹੁਦੇਦਾਰ ਇਹਨਾਂ ਨੂੰ ਸੰਗਤਾਂ ਵਿੱਚ ਜਾਂ ਸਮਾਗਮਾਂ ਵਿਚ ਲੈ ਕੇ ਆਉਂਦੇ ਹਨ, ਓਨ੍ਹਾਂ ਦਾ ਵੀ ਪੂਰਨ ਬਾਈਕਾਟ ਕੀਤਾ ਜਾਵੇ। ਇਸ ਮੌਕੇ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਮੁਖੀ ਦਸ਼ਮੇਸ਼ ਤਰਨਾ ਦਲ, ਬਾਬਾ ਗੁਰਭੇਜ ਸਿੰਘ ਖੁਜਾਲਾ ਸੰਪਰਦਾਇ ਹਰਖੋਵਾਲ ਮੁੱਖ ਬੁਲਾਰਾ ਸੰਤ ਸਮਾਜ, ਸੰਤ ਬਾਬਾ ਬਲਜਿੰਦਰ ਸਿੰਘ ਰਾੜਾ ਸਾਹਿਬ ਵਲੋ ਭਾਈ ਰਣਧੀਰ ਸਿੰਘ ਰਾੜਾ ਸਹਿਬ, ਭਾਈ ਸਤਵਿੰਦਰ ਸਿੰਘ ਟੌਹੜਾ, ਸੰਤ ਬਾਬਾ ਅਮਨਦੀਪ ਸਿੰਘ ਜੀ ਸੱਤੋ ਵਾਲੀ ਗਲੀ ਅੰਮ੍ਰਿਤਸਰ ਸਾਹਿਬ, ਜਥੇ. ਬਾਬਾ ਬਲਵਿੰਦਰ ਸਿੰਘ ਜੀ ਤਰਨਾ ਦਲ ਗੜ੍ਹੀ ਗੁਰਦਾਸ ਨੰਗਲ, ਮਾਤਾ ਜਸਪ੍ਰੀਤ ਕੌਰ ਮਾਹਿਲਪੁਰ, ਭਾਈ ਅਮਰਬੀਰ ਸਿੰਘ ਢੋਟ ਪ੍ਰਧਾਨ ਸਿੱਖ ਸਟੂਡੈਂਟ ਫੈਡਰੇਸ਼ਨ ਮਹਿਤਾ, ਬਾਬਾ ਸੰਨੀ ਦਾਸ ਜੀ ਉਦਾਸੀਨ ਮੁਕਤਸਰ, ਬਾਬਾ ਜੱਜ ਸਿੰਘ ਜਲਾਲਾਬਾਦ, ਸੰਤ ਬਾਬਾ ਅਜੀਤ ਸਿੰਘ ਮੁਖੀ ਤਰਨਾ ਦਲ ਮਹਿਤਾ ਚੌਂਕ, ਬਾਬਾ ਸਤਨਾਮ ਸਿੰਘ ਨਾਨਕਸਰ ਭਾਈ ਕੀ ਸਮਾਧ, ਸੰਤ ਬਾਬਾ ਗੁਰਮੁਖ ਸਿੰਘ ਆਲੋਵਾਲ, ਸੰਤ ਬਾਬਾ ਮਨਮੋਹਣ ਸਿੰਘ ਸੰਤ ਬਾਬਾ ਬੀਰ ਸਿੰਘ ਭੰਗਾਲੀ ਵਾਲੇ, ਜਥੇਦਾਰ ਬਾਬਾ ਜਗਜੀਤ ਸਿੰਘ ਗੁਰੂ ਨਾਨਕ ਦਲ ਮੜੀਆ ਵਾਲੇ, ਬਾਬਾ ਗੁਰਮੀਤ ਸਿੰਘ ਕਬਰਵਾਲਾ, ਸੰਤ ਬਾਬਾ ਜਸਵੰਤ ਸਿੰਘ ਅਲਵਰ ਵਾਲੇ, ਸੰਤ ਬਾਬਾ ਸੁਰਿੰਦਰ ਸਿੰਘ ਉਦਾਸੀਨ ਅਖਾੜਾ ਸ੍ਰੀ ਗੰਗਾਨਗਰ, ਗਿਆਨੀ ਜੀਵਾ ਸਿੰਘ ਸਰਮਸਤਪੁਰ, ਜਥੇਦਾਰ ਸੁਖਦੇਵ ਸਿੰਘ ਆਰਫਕੇ ਫਿਰੋਜ਼ਪੁਰ ਮੁੱਖ ਬੁਲਾਰਾ ਦਮਦਮੀ ਟਕਸਾਲ, ਸੰਤ ਬਾਬਾ ਮੇਜਰ ਸਿੰਘ ਵਾਂ ਵਾਲੇ, ਜਥੇਦਾਰ ਚਮਕੌਰ ਸਿੰਘ ਪਹੂਵਿੰਡ, ਜਥੇਦਾਰ ਮੰਗਲ ਸਿੰਘ ਠੇਠਰਕਲਾਂ, ਜਥੇਦਾਰ ਹਰਭਜਨ ਸਿੰਘ ਪੱਪੂ ਡੇਰਾ ਸੂਸਾ, ਸੰਤ ਬਾਬਾ ਗੁਰਦੇਵ ਸਿੰਘ ਤਰਸਿੱਕਾ, ਭਾਈ ਸ਼ਮਸ਼ੇਰ ਸਿੰਘ ਜੇਠੂਵਾਲ, ਗਿਆਨੀ ਹਰਦੀਪ ਸਿੰਘ ਅਨੰਦਪੁਰ ਸਾਹਿਬ, ਭਾਈ ਸੁਖਜੀਤ ਸਿੰਘ ਢੱਪਈ, ਬਾਬਾ ਹਰਜਿੰਦਰ ਸਿੰਘ ਬੁੱਢੀਮਾਲ, ਜਥੇ.ਪੂਰਨ ਸਿੰਘ ਜਲਾਲਾਂਬਾਦ, ਬਾਬਾ ਧੰਨਾਂ ਸਿੰਘ ਗੁੜੀ ਸੰਘਰ, ਸੰਤ ਬਾਬਾ ਸੱਜਣ ਸਿੰਘ ਗੁਰੂ ਕੀ ਬੇਰ ਵਾਲੇ, ਸੰਤ ਬਾਬਾ ਸੁਖਵੰਤ ਸਿੰਘ ਚੰਨਣਕੇ, ਜਥੇਦਾਰ ਗੁਰਪ੍ਰੀਤ ਸਿੰਘ ਵੈਦ ਡੇਰਾ ਰਾਮ ਥੰਮਣ, ਭਾਈ ਗੁਰਨਾਮ ਸਿੰਘ ਰਾੜਾ ਸਹਿਬ, ਸੰਤ ਬਾਬਾ ਸੁਰਿੰਦਰ ਸਿੰਘ ਟਾਹਲੀ ਸਾਹਿਬ, ਭਾਈ ਹਰਨੇਕ ਸਿੰਘ ਭਿੰਡਰ ਕਲਾਂ, ਭਾਈ ਸੁਖਜੀਤ ਸਿੰਘ ਢੱਪਈ, ਭਾਈ ਸੁਖਲਾਲ ਸਿੰਘ ਬਾਸਰਕੇ ਆਦਿ ਹਾਜ਼ਰ ਸਨ।

**ਚੜ੍ਹਦੀਕਲਾ**

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।

PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi

PRGI (RNI) Regd. No. 22972/1972

# ਪਹਿਲੇ ਸਫ਼ੇ ਦੀ ਬਾਕੀ

## ਡੀ.ਜੀ.ਪੀ. ਵੱਲੋਂ ਨਸ਼ਾ ਮੁਕਤ ਪੰਜਾਬ ਮੁਹਿੰਮ 31 ਮਈ ਤੱਕ ਪੂਰੀ ਕਰਨ ਦੇ ਆਦੇਸ਼

'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਕਾਰਗਰ ਨਤੀਜੇ ਸਾਹਮਣੇ ਆ ਰਹੇ ਹਨ। ਇਸ ਮੁਹਿੰਮ ਤਹਿਤ ਹੁਣ ਤੱਕ 4659 ਕੇਸ ਦਰਜ ਕਰਕੇ 7414 ਜਣਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਤੋਂ ਇਲਾਵਾ 67 ਨਸ਼ਾ ਤਸਕਰਾਂ ਦੀਆਂ ਇਮਾਰਤਾਂ ਨੂੰ ਢਾਹਿਆ ਗਿਆ ਅਤੇ 67 ਐਨਕਾਊਂਟਰ ਕੀਤੇ ਗਏ ਹਨ।

## ਮੁਜ਼ੱਫਰਨਗਰ 'ਚ ਲਵ ਜੇਹਾਦ ਦਾ ਝੂਠਾ ਮਾਮਲਾ ਘੜਨ ਦੇ ਦੋਸ਼ 'ਚ ਦੋ ਗ੍ਰਿਫ਼ਤਾਰ

ਸਦਾਕਤ ਅਤੇ ਔਰਤ ਮੁਲਜ਼ਮ ਨੇ ਮਿਲ ਕੇ ਬਾਬਰ ਉਰਫ ਸੋਨੂੰ ਤੋਂ ਕੁਲ ਇਕ ਲੱਖ ਰੁਪਏ ਤੋਂ ਵੱਧ ਦੀ ਵਸੂਲੀ ਦੀ ਸਾਜ਼ਸ਼ ਰਚੀ। ਪੁਲਿਸ ਫਿਲਹਾਲ ਉਸ ਔਰਤ ਦੀ ਭਾਲ ਕਰ ਰਹੀ ਹੈ ਜਿਸ ਨੇ ਝੂਠੀ ਐਫ.ਆਈ.ਆਰ. ਦਰਜ ਕੀਤੀ ਸੀ। ਔਰਤ ਦੀ ਸ਼ਿਕਾਇਤ ਦੇ ਆਧਾਰ 'ਤੇ ਬਾਬਰ ਉਰਫ ਸੋਨੂੰ ਵਿਰੁਧ 21 ਅਪ੍ਰੈਲ ਨੂੰ ਮਾਮਲਾ ਦਰਜ ਕੀਤਾ ਗਿਆ ਸੀ, ਜਿਸ 'ਚ ਜਬਰ ਜਨਾਹ, ਧਰਮ ਪਰਿਵਰਤਨ ਅਤੇ ਵਿਆਹ ਦਾ ਝਾਂਸਾ ਦੇ ਕੇ ਵੀਡੀਉ ਬਣਾਉਣ ਦਾ ਦੋਸ਼ ਲਗਾਇਆ ਗਿਆ ਸੀ। ਜਾਂਚ ਤੋਂ ਪਤਾ ਲੱਗਿਆ ਕਿ ਸ਼ਾਹਨਵਾਜ਼ ਅਤੇ ਸਦਾਕਤ ਨਾਲ ਮਿਲ ਕੇ ਝੂਠਾ ਕੇਸ ਦਰਜ ਕੀਤਾ ਗਿਆ ਸੀ, ਜਿਸ ਦੇ ਨਤੀਜੇ ਵਜੋਂ ਬਾਬਰ ਉਰਫ ਸੋਨੂੰ ਤੋਂ 125,000 ਰੁਪਏ ਕੱਢੇ ਗਏ ਸਨ। ਸ਼ਾਹਨਵਾਜ਼ ਅਤੇ ਸਦਾਕਤ ਨੂੰ ਸਨਿਚਰਵਾਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਨ੍ਹਾਂ ਕੋਲੋਂ 25000 ਰੁਪਏ ਬਰਾਮਦ ਕੀਤੇ ਗਏ ਹਨ। ਸੀ.ਓ. ਨੇ ਦਸਿਆ ਕਿ ਔਰਤ ਅਜੇ ਵੀ ਫਰਾਰ ਹੈ।

## ਐੱਨ.ਆਈ.ਏ. ਨੇ ਆਪਣੇ ਹੱਥਾਂ 'ਚ ਲਈ ਪਹਿਲਗਾਮ ਹਮਲੇ ਦੀ ਜਾਂਚ

ਐਡਵਾਈਜਰੀ ਜਾਰੀ ਕੀਤੀ ਹੋਈ ਹੈ। ਏਜੰਸੀ ਵੱਲੋਂ ਲੋਕਲ ਲੋਕਾਂ ਵੱਲੋਂ ਵੀ ਪੁੱਛ-ਗਿਛ ਕੀਤੀ ਜਾਵੇਗੀ। ਕੁਝ ਸ਼ੱਕੀਆਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ।ਕਿਹਾ ਜਾ ਰਿਹਾ ਹੈ ਕਿ ਵੱਡਾ ਐਕਸ਼ਨ ਹੋ ਸਕਦਾ ਹੈ। ਘਾਟੀ ਦੇ ਆਸ-ਪਾਸ ਜੰਗਲ ਹੈ। ਚਸ਼ਮਦੀਦ ਉਥੋਂ ਭੱਜ ਕੇ ਨਿਕਲੇ ਸੀ ਤੇ ਉਨ੍ਹਾਂ ਦਾ ਕਹਿਣਾ ਹੀ ਕਿ ਉਹ ਘਟਨਾ ਵਾਲੀ ਥਾਂ ਤੋਂ 8 ਤੋਂ 9 ਕਿਲੋਮੀਟਰ ਪੈਦਲ ਤੁਰ ਕੇ ਜੰਗਲ ਵਿਚੋਂ ਨਿਕਲ ਕੇ ਮੇਨ ਹਾਈਵੇ ਉਤੇ ਪਹੁੰਚੇ। ਇਹ ਪਤਾ ਲਗਾਇਆ ਜਾ ਰਿਹਾ ਹੈ ਕਿ ਆਖਿਰਕਾਰ ਇਹ ਅੱਤਵਾਦੀ ਦਾਖਲ ਕਿਵੇਂ ਹੋਏ। ਉਨ੍ਹਾਂ ਨੂੰ ਸਾਰਾ ਰਸਤਾ ਕਿਵੇਂ ਪਤਾ ਸੀ। ਕੁਲਗਾਮ ਵਿੱਚ ਅੱਤਵਾਦੀ ਸੰਗਠਨਾਂ ਦੇ 2 ਮਦਦਗਾਰ ਗ੍ਰਿਫ਼ਤਾਰ ਕੀਤੇ ਗਏ ਹਨ।

## 24 ਸੂਬਿਆਂ 'ਚ ਬਦਲੇਗਾ ਮੌਸਮ ਦਾ ਮਿਜਾਜ਼, ਗਰਮੀ ਤੋਂ ਮਿਲੇਗੀ ਰਾਹਤ

ਦੇ ਕੁਝ ਹਿੱਸਿਆਂ ਵਿਚ ਗੜੇਮਾਰੀ ਹੋ ਸਕਦੀ ਹੈ।

**ਤੇਜ਼ ਹਵਾਵਾਂ ਨਾਲ ਮੀਂਹ ਦਾ ਅਨੁਮਾਨ:** ਮੌਸਮ ਵਿਭਾਗ ਮੁਤਾਬਕ 29 ਅਪ੍ਰੈਲ ਦੌਰਾਨ ਪੂਰਬੀ ਭਾਰਤ ਅਤੇ ਪੂਰਬੀ ਉੱਤਰ ਭਾਰਤ ਦੇ ਆਲੇ-ਦੁਆਲੇ ਦੇ ਖੇਤਰਾਂ ਵਿਚ 40 ਤੋਂ 50 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਜੋ ਹਵਾਵਾਂ ਚੱਲਦੀਆਂ ਹਨ, ਉਹ 60 ਕਿਲੋਮੀਟਰ ਪ੍ਰਤੀ ਘੰਟੇ ਤੱਕ ਪਹੁੰਚ ਸਕਦੀਆਂ ਹਨ। ਗਰਜ ਨਾਲ ਮੀਂਹ ਪਵੇਗਾ।

ਸੰਭਾਵਿਤ ਨੁਕਸਾਨ ਅਤੇ ਬਚਾਅ ਦੇ ਸੁਝਾਅ: ਮੌਸਮ ਵਿਭਾਗ ਨੇ ਇਸ ਦੌਰਾਨ ਹੋਣ ਵਾਲੇ ਸੰਭਾਵਿਤ ਨੁਕਸਾਨਾਂ ਬਾਰੇ ਜਾਣਕਾਰੀ ਦਿੱਤੀ ਹੈ। ਤੇਜ਼ ਹਵਾਵਾਂ ਅਤੇ ਗੜੇਮਾਰੀ ਕਾਰਨ ਖੇਤੀਬਾੜੀ ਅਤੇ ਖੜ੍ਹੀਆਂ ਫ਼ਸਲਾਂ ਨੂੰ ਨੁਕਸਾਨ ਪਹੁੰਚ ਸਕਦਾ ਹੈ। ਖੁੱਲ੍ਹੀਆਂ ਸਥਾਨਾਂ ਤੇ ਗੜੇਮਾਰੀ ਕਾਰਨ ਲੋਕਾਂ ਅਤੇ ਜਾਨਵਰਾਂ ਨੂੰ ਸੱਟ ਲੱਗਣ ਦਾ ਖ਼ਤਰਾ ਹੈ। ਤੇਜ਼ ਹਵਾਵਾਂ ਕਾਰਨ ਕਮਜ਼ੋਰ ਇਮਾਰਤਾਂ ਨੁਕਸਾਨੀਆਂ ਜਾ ਸਕਦੀਆਂ ਹਨ। ਮੌਸਮ ਵਿਭਾਗ ਨੇ ਲੋਕਾਂ ਨੂੰ ਅਗਲੇ ਕੁਝ ਦਿਨਾਂ ਤੱਕ ਘਰਾਂ ਦੇ ਅੰਦਰ ਰਹਿਣ, ਖਿੜਕੀਆਂ ਅਤੇ ਦਰਵਾਜ਼ੇ ਬੰਦ ਰੱਖਣ ਅਤੇ ਯਾਤਰਾ ਕਰਨ ਤੋਂ ਬਚਣ ਦੀ ਸਲਾਹ ਦਿੱਤੀ ਹੈ।

## ਤੇਜ਼ ਹਨ੍ਹੇਰੀ, ਗੜ੍ਹੇਮਾਰੀ ਨਾਲ ਬਿਜਲੀ ਡਿੱਗਣ ਦਾ ਅਲਰਟ ਜਾਰੀ

ਸਥਿਤੀ ਵਿਗੜ ਸਕਦੀ ਹੈ। ਮੌਸਮ ਵਿਭਾਗ ਨੇ ਲੋਕਾਂ ਨੂੰ ਸੁਚੇਤ ਰਹਿਣ ਅਤੇ ਗੈਰ-ਜ਼ਰੂਰੀ ਯਾਤਰਾ ਤੋਂ ਬਚਣ ਦੀ ਸਲਾਹ ਦਿੱਤੀ ਹੈ। ਮੌਸਮ ਵਿਭਾਗ ਦੇ ਅਨੁਸਾਰ, ਅਗਲੇ ਕੁਝ ਦਿਨਾਂ ਲਈ ਪੂਰਬੀ ਭਾਰਤ, ਉੱਤਰ-ਪੂਰਬ ਅਤੇ ਦੱਖਣੀ ਭਾਰਤ ਦੇ ਕਈ ਇਲਾਕਿਆਂ ਵਿੱਚ ਭਾਰੀ ਮੀਂਹ ਅਤੇ ਤੇਜ਼ ਹਵਾਵਾਂ ਚੱਲਣ ਦੀ ਸੰਭਾਵਨਾ ਹੈ।

## ਆਂਧਰਾ ਪ੍ਰਦੇਸ਼ ਸ਼ਰਾਬ ਘੁਟਾਲਾ: ਮੁੱਖ ਦੋਸ਼ੀ ਕਾਸੀਰੈਡੀ ਦੇ ਰਿਮਾਂਡ ਨੋਟ ਵਿੱਚ 3200 ਕਰੋੜ ਦੇ ਘੁਟਾਲੇ ਦੇ ਦੋਸ਼

ਸਾਹਮਣੇ ਪੇਸ਼ ਕੀਤੇ ਗਏ ਰਿਮਾਂਡ ਨੋਟ ਵਿੱਚ, ਮੁਲਜ਼ਮ ਦੀ ਨਿਆਂਇਕ ਹਿਰਾਸਤ ਦੀ ਮੰਗ ਕੀਤੀ ਸੀ। ਰਿਮਾਂਡ ਨੋਟ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਸਰਕਾਰੀ ਪ੍ਰਚੂਨ ਦੁਕਾਨਾਂ ਰਾਹੀਂ ਵਿਕਰੀ ਲਈ ਡਿਸਟਿਲਰੀਆਂ ਤੋਂ ਸ਼ਰਾਬ ਦੀ ਖਰੀਦ ਲਈ ਆਰਡਰ ਦੇਣ ਲਈ ਸਵੈਚਾਲਿਤ ਪ੍ਰਣਾਲੀ ਵਿੱਚ ਕਥਿਤ ਤੌਰ ਤੇ ਹੇਰਾਫੇਰੀ ਕੀਤੀ ਗਈ ਸੀ, ਜਿਸ ਵਿੱਚ ਰਾਸ਼ਟਰੀ ਪੱਧਰ ਤੇ ਪ੍ਰਸਿੱਧ ਬ੍ਰਾਂਡਾਂ ਨੂੰ ਹਟਾ ਦਿੱਤਾ ਗਿਆ ਸੀ ਅਤੇ ਨਿਰਧਾਰਤ ਸੀਮਾ ਤੋਂ ਵੱਧ ਨਵੇਂ ਬ੍ਰਾਂਡਾਂ ਦਾ ਆਰਡਰ ਦਿੱਤਾ ਗਿਆ ਸੀ। ਇਹ ਦੋਸ਼ ਹੈ ਕਿ ਘੱਟ-ਰੇਂਜ ਵਾਲੇ ਬ੍ਰਾਂਡਾਂ ਲਈ ਪ੍ਰਤੀ ਕੇਸ 150 ਰੁਪਏ, ਦਰਮਿਆਨੇ-ਰੇਂਜ ਵਾਲੇ ਬ੍ਰਾਂਡਾਂ ਲਈ 200 ਰੁਪਏ ਅਤੇ ਉੱਚ-ਰੇਂਜ ਵਾਲੇ ਬ੍ਰਾਂਡਾਂ ਲਈ 600 ਰੁਪਏ ਪ੍ਰਤੀ ਕੇਸ ਦੀ ਦਰ ਨਾਲ ਰਿਸ਼ਵਤ ਲਈ ਗਈ ਸੀ। ਇਸ ਵਿੱਚ ਇਹ ਵੀ ਦੋਸ਼ ਲਗਾਇਆ ਗਿਆ ਹੈ ਕਿ ਇਕੱਠੇ ਕੀਤੇ ਪੈਸੇ ਕਾਸੀਰੈੱਡੀ (ਤਤਕਾਲੀ ਮੁੱਖ ਮੰਤਰੀ ਜਗਨ ਮੋਹਨ ਰੈੱਡੀ ਦੇ ਆਈ.ਟੀ. ਸਲਾਹਕਾਰ) ਨੂੰ ਸੌਂਪੇ ਗਏ ਸਨ, ਜੋ ਇਹ ਪੈਸੇ ਵੀ ਵਿਜੇ ਸਾਈਂ ਰੈੱਡੀ, ਮਿਥੁਨ ਰੈੱਡੀ ਅਤੇ ਹੋਰ ਵਾਈ.ਐਸ.ਆਰ.ਸੀ.ਪੀ. ਨੇਤਾਵਾਂ ਨੂੰ ਦੇਣਗੇ। ਰਿਸ਼ਵਤ ਵਜੋਂ ਇਕੱਠੇ ਕੀਤੇ ਪੈਸੇ ਨੂੰ ਸੋਨੇ/ਸਿੱਕੇ ਖਾਤਿਆਂ, ਰੀਅਲ ਅਸਟੇਟ ਕੰਪਨੀਆਂ ਵਿੱਚ ਟ੍ਰਾਂਸਫਰ ਕੀਤਾ ਜਾਂਦਾ ਸੀ ਅਤੇ ਹਵਾਲਾ ਚੈਨਲਾਂ ਰਾਹੀਂ ਲਾਂਡਰ ਕੀਤਾ ਜਾਂਦਾ ਸੀ। ਰਿਮਾਂਡ ਨੋਟ ਵਿੱਚ ਕਿਹਾ ਗਿਆ ਹੈ,ਇਹ ਸਾਜ਼ਿਸ਼, ਧੋਖਾਧੜੀ, ਅਪਰਾਧਿਕ ਵਿਸ਼ਵਾਸਘਾਤ, ਭ੍ਰਿਸ਼ਟਾਚਾਰ ਅਤੇ ਮਨੀ ਲਾਂਡਰਿੰਗ ਦਾ ਮਾਮਲਾ ਹੈ, ਜਿਸ ਨਾਲ ਸਰਕਾਰੀ ਖਜ਼ਾਨੇ/ਡਿਸਟਿਲਰੀ ਨੂੰ ਭਾਰੀ ਨੁਕਸਾਨ ਹੋਇਆ ਹੈ ਅਤੇ ਪ੍ਰਭਾਵਸ਼ਾਲੀ ਵਿਅਕਤੀਆਂ/ਪਸੰਦੀਦਾ ਡਿਸਟਿਲਰੀਆਂ/ਪਸੰਦੀਦਾ ਸਪਲਾਇਰਾਂ ਨੂੰ 3,200 ਕਰੋੜ ਰੁਪਏ ਤੋਂ ਵੱਧ ਦਾ ਗਲਤ ਲਾਭ ਹੋਇਆ ਹੈ। ਇਹ ਘੁਟਾਲਾ ਅਕਤੂਬਰ, 2019 ਅਤੇ ਮਾਰਚ, 2024 ਦੇ ਵਿਚਕਾਰ ਏਪੀ ਸਟੇਟ ਬੇਵਰੇਜ ਕਾਰਪੋਰੇਸ਼ਨ ਲਿਮਟਿਡ, ਵਿਜੇਵਾੜਾ ਵਿੱਚ ਹੋਇਆ ਸੀ। ਰਿਮਾਂਡ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਮੁੱਖ ਦੋਸ਼ੀ ਕਾਸੀਰੈੱਡੀ ਨੇ ਇਕਬਾਲੀਆ ਬਿਆਨ ਤੇ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

## ਭਾਰਤ 'ਚ ਆਉਣ ਵਾਲਾ ਹੈ 8.0 ਤੀਬਰਤਾ ਵਾਲਾ ਭੂਚਾਲ!

ਜਾਂਦੀਆਂ ਹਨ। ਹਾਲ ਹੀ ਵਿੱਚ ਆਏ ਭੂਚਾਲ, ਜਿਵੇਂ ਕਿ ਮਾਰਚ 2025 ਵਿੱਚ ਮਿਆਂਮਾਰ ਵਿੱਚ 7.7 ਤੀਬਰਤਾ ਦਾ ਭੂਚਾਲ ਆਇਆ ਸੀ, ਜਿਸ ਕਾਰਨ 3,500 ਤੋਂ ਵੱਧ ਲੋਕਾਂ ਦੀ ਜਾਨ ਚਲੀ ਗਈ ਤੇ ਕਰੋੜਾਂ-ਅਰਬਾਂ ਦਾ ਨੁਕਸਾਨ ਹੋਇਆ ਸੀ, ਨੂੰ ਦੇਖਦੇ ਹੋਏ ਭਾਰਤ ਨੂੰ ਆਪਣੇ ਆਫ਼ਤ ਪ੍ਰਬੰਧਨ ਦੀਆਂ ਤਿਆਰੀਆਂ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ। ਮਾਮਲੇ ਦੀ ਜਾਣਕਾਰੀ ਰੱਖਣ ਵਾਲੇ ਅਧਿਕਾਰੀਆਂ ਅਨੁਸਾਰ ਇਮਾਰਤ ਸੁਰੱਖਿਆ ਕੋਡਾਂ ਨੂੰ ਸਖ਼ਤੀ ਨਾਲ ਲਾਗੂ ਕਰਨਾ, ਪੁਰਾਣੀਆਂ ਇਮਾਰਤਾਂ ਨੂੰ ਮੁੜ ਸਥਾਪਿਤ ਕਰਨਾ ਤੇ ਐਮਰਜੈਂਸੀ ਰਿਸਪਾਂਸ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਨਾਲ ਅਜਿਹੀਆਂ ਸਥਿਤੀਆਂ ਨਾਲ ਕੁਝ ਹੱਦ ਤੱਕ ਨਜਿੱਠਿਆ ਜਾ ਸਕਦਾ ਹੈ। ਅਜਿਹੇ ਕਦਮਾਂ ਤੋਂ ਬਿਨਾਂ ਇਸ ਵਿਸ਼ਾਲ ਭੂਚਾਲ ਕਾਰਨ ਹੋਣ ਵਾਲੀ ਤਬਾਹੀ ਦਾ ਅੰਦਾਜ਼ਾ ਵੀ ਨਹੀਂ ਲਗਾਇਆ ਜਾ ਸਕਦਾ।

## ਜਲ ਸੈਨਾ ਵੱਲੋਂ ਅਰਬ ਸਾਗਰ 'ਚ ਐਂਟੀ-ਸ਼ਿਪ ਮਿਜ਼ਾਈਲਾਂ ਦਾ ਪ੍ਰੀਖਣ

ਇਕ ਪਾਸੇ ਜਿਥੇ ਮੈਦਾਨੀ ਇਲਾਕਿਆਂ ਵਿਚ ਹਲਚਲ ਦੇਖਣ ਨੂੰ ਮਿਲ ਰਹੀ ਹੈ ਉਥੇ ਹੀ ਸਮੁੰਦਰੀ ਇਲਾਕਿਆਂ ਵਿਚ ਹੀ ਅਜਿਹਾ ਹੀ ਤਣਾਅ ਦੇਖਣ ਨੂੰ ਮਿਲ ਰਿਹਾ ਹੈ। ਲੰਬੀ ਦੂਰ ਤੱਕ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਦਾ ਟੈਸਟ ਕੀਤਾ ਗਿਆ। ਇਸ ਨੂੰ ਸ਼ਕਤੀ ਪ੍ਰਦਰਸ਼ਨ ਦੇ ਤੌਰ ਉਤੇ ਵੀ ਦੇਖਿਆ ਜਾ ਸਕਦਾ ਹੈ।

## ਹੁਣ ਖੁਰਾਕ ਸੁਰੱਖਿਆ ਤੋਂ ਕਿਸਾਨਾਂ ਦੀ ਖੁਸ਼ਹਾਲੀ ਵਲ ਵਧਣ ਦਾ ਸਮਾਂ: ਧਨਖੜ

ਇਕਸਾਰ ਹੋਣੀ ਚਾਹੀਦੀ ਹੈ। ਉਪ ਰਾਸ਼ਟਰਪਤੀ ਨੇ ਕਿਹਾ ਕਿ ਤੁਹਾਨੂੰ ਕਿਸਾਨਾਂ ਨੂੰ ਸਿਰਫ ਉਤਪਾਦਕ ਬਣਨ ਤੋਂ ਉੱਪਰ ਉੱਠਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ।

## ਅੱਗ ਨਾਲ 400 ਝੌਂਪੜੀਆਂ ਸੜੀਆਂ, 2 ਦੀ ਮੌਤ

ਰੋਹਿਣੀ ਦੇ ਡਿਪਟੀ ਕਮਿਸ਼ਨਰ ਆਫ਼ ਪੁਲਸ ਅਮਿਤ ਗੋਇਲ ਨੇ ਕਿਹਾ,ਪੁਲਸ ਅਤੇ ਫਾਇਰ ਵਿਭਾਗ ਦੀਆਂ ਕਈ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਘਟਨਾ ਸਥਾਨ ਤੇ ਹੁਣ ਕੂਲਿੰਗ ਆਪ੍ਰੇਸ਼ਨ ਚੱਲ ਰਹੇ ਹਨ। ਦੋ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਵਿਸਤ੍ਰਿਤ ਜਾਣਕਾਰੀ ਦੀ ਉਡੀਕ ਹੈ।

## ਐੱਨ.ਸੀ.ਈ.ਆਰ.ਟੀ. ਦੀਆਂ ਨਵੀਆਂ ਪਾਠ ਪੁਸਤਕਾਂ 'ਚੋਂ, ਮੁਗਲ, ਦਿੱਲੀ ਸਲਤਨਤ ਦੇ ਹਵਾਲੇ ਵੀ ਗਾਇਬ

ਵਰਗੇ ਸਥਾਨਾਂ ਦੇ ਨੈੱਟਵਰਕ ਦਾ ਵੇਰਵਾ ਦਿਤਾ ਗਿਆ ਹੈ। ਇਸ ਅਧਿਆਇ 'ਚ ਨਦੀਆਂ ਦੇ ਸੰਗਮ, ਪਹਾੜਾਂ ਅਤੇ ਜੰਗਲਾਂ ਵਰਗੀਆਂ ਥਾਵਾਂ ਦਾ ਵੀ ਵੇਰਵਾ ਦਿਤਾ ਗਿਆ ਹੈ, ਜਿਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ। ਇਸ ਪਾਠ 'ਚ ਜਵਾਹਰ ਲਾਲ ਨਹਿਰੂ ਦਾ ਇਕ ਹਵਾਲਾ ਸ਼ਾਮਲ ਹੈ, ਜਿਨ੍ਹਾਂ ਨੇ ਭਾਰਤ ਨੂੰ ਬਦਰੀਨਾਥ ਅਤੇ ਅਮਰਨਾਥ ਦੀਆਂ ਬਰਫੀਲੀ ਚੋਟੀਆਂ ਤੋਂ ਕੰਨਿਆਕੁਮਾਰੀ ਦੇ ਦਖਣੀ ਸਿਰੇ ਤਕ ਤੀਰਥਾਂ ਦੀ ਧਰਤੀ ਦਸਿਆ ਸੀ। ਪਾਠ ਪੁਸਤਕ 'ਚ ਦਾਅਵਾ ਕੀਤਾ ਗਿਆ ਹੈ ਕਿ ਵਰਣ-ਜਾਤੀ ਪ੍ਰਣਾਲੀ ਸ਼ੁਰੂ 'ਚ ਸਮਾਜਕ ਸਥਿਰਤਾ ਪ੍ਰਦਾਨ ਕਰਦੀ ਸੀ, ਪਰ ਬਾਅਦ 'ਚ ਇਹ ਸਖਤ ਹੋ ਗਈ, ਖਾਸ ਕਰ ਕੇ ਬ੍ਰਿਟਿਸ਼ ਸ਼ਾਸਨ ਦੇ ਅਧੀਨ, ਜਿਸ ਨਾਲ ਅਸਮਾਨਤਾਵਾਂ ਪੈਦਾ ਹੋਈਆਂ। ਇਸ ਸਾਲ ਦੇ ਸ਼ੁਰੂ 'ਚ ਪਰਿਆਗਰਾਜ 'ਚ ਹੋਏ ਮਹਾਕੁੰਭ ਮੇਲੇ ਦਾ ਵੀ ਕਿਤਾਬ 'ਚ ਜ਼ਿਕਰ ਕੀਤਾ ਗਿਆ ਹੈ ਅਤੇ ਦਸਿਆ ਗਿਆ ਹੈ ਕਿ ਕਿਵੇਂ ਲਗਭਗ 66 ਕਰੋੜ ਲੋਕਾਂ ਨੇ ਇਸ 'ਚ ਹਿੱਸਾ ਲਿਆ। ਭਾਜੜ ਦਾ ਕੋਈ ਜ਼ਿਕਰ ਨਹੀਂ ਹੈ ਜਿਸ 'ਚ 30 ਤੀਰਥ ਮੁਸਾਫ਼ਰਾਂ ਦੀ ਮੌਤ ਹੋ ਗਈ ਅਤੇ ਕਈ ਜ਼ਖਮੀ ਹੋ ਗਏ। ਕਿਤਾਬ 'ਚ ਭਾਰਤ ਦੇ ਸੰਵਿਧਾਨ ਬਾਰੇ ਇਕ ਅਧਿਆਇ ਵੀ ਹੈ, ਜਿਸ 'ਚ ਜ਼ਿਕਰ ਕੀਤਾ ਗਿਆ ਹੈ ਕਿ ਇਕ ਸਮਾਂ ਸੀ ਜਦੋਂ ਲੋਕਾਂ ਨੂੰ ਅਪਣੇ ਘਰਾਂ 'ਚ ਕੌਮੀ ਝੰਡਾ ਲਹਿਰਾਉਣ ਦੀ ਇਜਾਜ਼ਤ ਨਹੀਂ ਸੀ। ਇਹ 2004 'ਚ ਬਦਲ ਗਿਆ ਜਦੋਂ ਇਕ ਨਾਗਰਿਕ ਨੇ ਮਹਿਸੂਸ ਕੀਤਾ ਕਿ ਅਪਣੇ ਦੇਸ਼ 'ਚ ਮਾਣ ਜ਼ਾਹਰ ਕਰਨਾ ਉਸ ਦਾ ਅਧਿਕਾਰ ਹੈ ਅਤੇ ਉਸ ਨੇ ਇਸ ਨਿਯਮ ਨੂੰ ਅਦਾਲਤ 'ਚ ਚੁਨੌਤੀ ਦਿਤੀ। ਅੰਗਰੇਜ਼ੀ ਪਾਠ ਪੁਸਤਕ 'ਪੂਰਵੀ' 'ਚ, 15 ਕਹਾਣੀਆਂ, ਕਵਿਤਾਵਾਂ ਅਤੇ ਬਿਰਤਾਂਤ ਦੇ ਟੁਕੜਿਆਂ 'ਚੋਂ, ਨੌ ਭਾਰਤੀ ਲੇਖਕਾਂ ਜਾਂ ਫੀਚਰ ਸਮੱਗਰੀ ਅਤੇ ਪਾਤਰ ਹਨ ਜੋ ਭਾਰਤੀ ਹਨ, ਜਿਨ੍ਹਾਂ 'ਚ ਰਬਿੰਦਰਨਾਥ ਟੈਗੋਰ, ਏ.ਪੀ.ਜੇ. ਅਬਦੁਲ ਕਲਾਮ ਅਤੇ ਰਸਕਿਨ ਬਾਂਡ ਦੀਆਂ ਰਚਨਾਵਾਂ ਸ਼ਾਮਲ ਹਨ। ਇਸ ਤੋਂ ਪਹਿਲਾਂ 'ਹਨੀਕੰਬ' ਨਾਂ ਦੀ ਪਾਠ ਪੁਸਤਕ ਵਿਚ 17 ਕਹਾਣੀਆਂ, ਕਵਿਤਾਵਾਂ ਅਤੇ ਹੋਰ ਲਿਖਤਾਂ ਸਨ, ਜਿਨ੍ਹਾਂ ਵਿਚੋਂ ਚਾਰ ਭਾਰਤੀ ਲੇਖਕਾਂ ਦੀਆਂ ਸਨ। ਐਨ.ਸੀ.ਈ.ਆਰ.ਟੀ. ਦੀਆਂ ਪਾਠ ਪੁਸਤਕਾਂ ਦੇ ਨਵੀਨੀਕਰਨ ਦੀ ਵਿਰੋਧੀ ਪਾਰਟੀਆਂ ਨੇ ਆਲੋਚਨਾ ਕੀਤੀ ਹੈ ਜੋ ਇਸ ਸੁਧਾਰ ਨੂੰ 'ਭਗਵਾਕਰਨ' ਦੇ ਬਰਾਬਰ ਸਮਝਦੇ ਹਨ। ਐੱਨ.ਸੀ.ਈ.ਆਰ.ਟੀ. ਦੇ ਡਾਇਰੈਕਟਰ ਦਿਨੇਸ਼ ਪ੍ਰਸਾਦ ਸਕਲਾਨੀ ਨੇ ਪਿਛਲੇ ਸਾਲ ਪੀ.ਟੀ.ਆਈ. ਨੂੰ ਦਿਤੇ ਇਕ ਇੰਟਰਵਿਊ 'ਚ ਦਾਅਵਾ ਕੀਤਾ ਸੀ,"ਦੰਗਿਆਂ ਬਾਰੇ ਪੜ੍ਹਾਉਣਾ ਛੋਟੇ ਬੱਚਿਆਂ ਨੂੰ ਨਕਾਰਾਤਮਕ ਨਾਗਰਿਕ ਬਣਾ ਸਕਦਾ ਹੈ।"

## ਪਾਕਿਸਤਾਨ ਵੱਲੋਂ ਐਲ.ਓ.ਸੀ. ਦੇ ਨਾਲ ਲਗਾਤਾਰ ਤੀਜੇ ਦਿਨ ਗੋਲੀਬੰਦੀ ਦੀ ਉਲੰਘਣਾ

ਤੀਜੀ ਰਾਤ ਹੈ ਜਦੋਂ ਕੰਟਰੋਲ ਰੇਖਾ 'ਤੇ ਦੁਵੱਲੀ ਗੋਲੀਬਾਰੀ ਹੋਈ ਹੈ। ਪਾਕਿਸਤਾਨ ਵੱਲੋਂ ਗੋਲੀਬੰਦੀ ਦੀ ਇਹ ਸੱਜਰੀ ਉਲੰਘਣਾ ਅਜਿਹੇ ਮੌਕੇ ਹੋਈ ਹੈ ਜਦੋਂ ਪਹਿਲਗਾਮ ਦਹਿਸ਼ਤੀ ਹਮਲੇ ਨੂੰ ਲੈ ਕੇ ਦੋਵਾਂ ਮੁਲਕਾਂ ਦਰਮਿਆਨ ਤਣਾਅ ਸਿਖਰ 'ਤੇ ਹੈ। ਮੰਗਲਵਾਰ ਨੂੰ ਹੋਏ ਇਸ ਹਮਲੇ ਵਿਚ 26 ਸੈਲਾਨੀਆਂ ਦੀ ਜਾਨ ਜਾਂਦੀ ਰਹੀ ਸੀ। ਉਧਰ ਥਲ ਸੈਨਾ ਮੁਖੀ ਉਪੇਂਦਰ ਦਿਵੇਦੀ ਵੀ ਸ਼ੁੱਕਰਵਾਰ ਨੂੰ ਕਸ਼ਮੀਰ ਪੁੱਜੇ ਸਨ। ਦੋਵਾਂ ਮੁਲਕਾਂ ਦਰਮਿਆਨ ਵਧਦੀ ਕਸ਼ੀਦਗੀ ਕਰਕੇ ਸਰਹੱਦੀ ਕਸਬਿਆਂ ਵਿਚ ਰਹਿੰਦੇ ਲੋਕ ਦਹਿਸ਼ਤ ਵਿਚ ਹਨ। ਕੁਝ ਥਾਵਾਂ 'ਤੇ ਸਥਾਨਕ ਲੋਕਾਂ ਨੇ ਹੁਣ ਇਹਤਿਆਤ ਵਜੋਂ ਕਮਿਊਨਿਟੀ ਬੰਕਰਾਂ ਨੂੰ ਸਾਫ਼ ਕਰ ਦਿੱਤਾ ਹੈ। ਸਰਹੱਦੀ ਲੋਕਾਂ ਮੁਤਾਬਕ ਉਹ ਹੋਰ ਹਾਲਾਤ ਨਾ ਵਿਗੜਨ ਦੀ ਉਮੀਦ ਕਰ ਰਹੇ ਹਨ। 2021 ਵਿੱਚ ਭਾਰਤ ਤੇ ਪਾਕਿਸਤਾਨ ਵਿਚਕਾਰ ਹੋਏ ਜੰਗਬੰਦੀ ਸਮਝੌਤੇ ਤੋਂ ਬਾਅਦ, ਸਰਹੱਦੀ ਕਸਬਿਆਂ ਵਿੱਚ ਸ਼ਾਂਤੀ ਦਾ ਦੌਰ ਦੇਖਣ ਨੂੰ ਮਿਲਿਆ ਸੀ ਅਤੇ ਸਰਹੱਦ ਪਾਰ ਗੋਲੀਬਾਰੀ ਦੀ ਕੋਈ ਘਟਨਾ ਨਹੀਂ ਵਾਪਰੀ ਸੀ।

# ਪਹਿਲਗਾਮ ਹਮਲਾ ਸਰਕਾਰ ਦੀ ਅਸਫ਼ਲਤਾ ਨੂੰ ਦਰਸਾਉਂਦੈ: ਅਖਿਲੇਸ਼ ਯਾਦਵ

ਪਟਨਾ, 27 ਅਪ੍ਰੈਲ, (ਚ.ਨ.ਸ.) : ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਐਤਵਾਰ ਨੂੰ ਪਹਿਲਗਾਮ ਅਤਿਵਾਦੀ ਹਮਲੇ ਲਈ ਖੁਫੀਆ ਅਸਫਲਤਾ ਨੂੰ ਜ਼ਿੰਮੇਵਾਰ ਠਹਿਰਾਇਆ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਸਰਕਾਰ 'ਤੇ ਮਹੱਤਵਪੂਰਨ ਮੁੱਦਿਆਂ ਨੂੰ ਹੱਲ ਕਰਨ ਦੀ ਬਜਾਏ 'ਪ੍ਰਚਾਰ' ਨੂੰ ਤਰਜੀਹ ਦੇਣ ਦਾ ਦੋਸ਼ ਲਾਇਆ। ਉਨ੍ਹਾਂ ਨੇ 10 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਅਤੇ ਅਤਿਵਾਦੀ ਹਮਲੇ ਦੇ ਹਰ ਪੀੜਤ ਦੇ ਪਰਵਾਰਾਂ ਨੂੰ ਸਰਕਾਰੀ ਨੌਕਰੀ ਦੇਣ ਦੀ ਮੰਗ ਕੀਤੀ। ਉਨ੍ਹਾਂ ਕਿਹਾ, "ਵੱਡਾ ਸਵਾਲ ਇਹ ਹੈ ਕਿ ਅਤਿਵਾਦੀ ਸਾਡੇ ਘਰ ਕਿਵੇਂ ਪਹੁੰਚੇ। ਇਹ ਸਰਕਾਰ ਦੀ ਅਸਫਲਤਾ ਹੈ। ਇਹ ਖੁਫੀਆ



ਅਸਫਲਤਾ ਦਾ ਨਤੀਜਾ ਸੀ।" ਉਨ੍ਹਾਂ ਅੱਗੇ ਕਿਹਾ, "ਸੁਰੱਖਿਆ ਦੇ ਢੁਕਵੇਂ ਪ੍ਰਬੰਧ ਨਹੀਂ ਸਨ ਅਤੇ ਸੁਰੱਖਿਆ ਬਲ ਉੱਥੇ ਨਹੀਂ ਪਹੁੰਚ ਸਕੇ। ਹੁਣ ਲੋਕ ਪਹਿਲਗਾਮ ਨਾਲ ਪੁਲਵਾਮਾ ਬਾਰੇ ਵੀ ਗੱਲ ਕਰ ਰਹੇ ਹਨ।" ਜੰਮੂ-ਕਸ਼ਮੀਰ ਦੇ ਪਹਿਲਗਾਮ 'ਚ ਅਤਿਵਾਦੀਆਂ ਨੇ ਮੰਗਲਵਾਰ ਨੂੰ 26 ਲੋਕਾਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿਤੀ , ਜਿਨ੍ਹਾਂ 'ਚ ਜ਼ਿਆਦਾਤਰ ਸੈਲਾਨੀ ਸਨ।

# ਗੋਲ਼ੀ ਲੱਗਣ ਕਾਰਨ ਕਾਂਸਟੇਬਲ ਦੀ ਮੌਤ

ਖੰਨਾ, 27 ਅਪ੍ਰੈਲ, (ਚ.ਨ.ਸ.) : ਪੰਜਾਬ ਪੁਲਿਸ ਦੇ ਕਾਂਸਟੇਬਲ ਗੁਰਕੀਰਤ ਸਿੰਘ ਗੋਲਡੀ ਦੀ ਗੋਲੀ ਲੱਗਣ ਨਾਲ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਗੋਲਡੀ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਦਾ ਗੰਨਮੈਨ ਸੀ। ਗੁਰਕੀਰਤ ਸਿੰਘ ਗੋਲਡੀ ਦੀ ਮੌਤ ਗੋਲੀਆਂ ਲੱਗਣ ਨਾਲ ਹੋਈ। ਗੋਲਡੀ ਖੰਨਾ ਰਾਮਪੁਰ ਪਿੰਡ ਦਾ ਵਸਨੀਕ ਸੀ, ਜੋ ਕਿ ਦੋਰਾਹਾ ਥਾਣੇ ਅਧੀਨ ਆਉਂਦਾ ਹੈ। ਦੱਸਿਆ ਜਾ ਰਿਹਾ ਹੈ ਕਿ ਗੋਲਡੀ ਅੱਜ ਆਪਣੇ ਪਿੰਡ ਵਿੱਚ ਕਿਸੇ ਦੇ ਘਰ ਗਿਆ ਸੀ ਅਤੇ ਉੱਥੇ ਹੋਈ ਲੜਾਈ ਦੌਰਾਨ ਸਰਵਿਸ ਪਿਸਤੌਲ ਵਿੱਚੋਂ ਇੱਕ ਗੋਲੀ ਚੱਲੀ ਅਤੇ ਗੋਲਡੀ ਨੂੰ ਲੱਗ ਗਈ। ਉਸਦੀ ਮੌਕੇ 'ਤੇ ਹੀ ਮੌਤ ਹੋ ਗਈ। ਸੂਚਨਾ ਮਿਲਣ ਤੋਂ ਬਾਅਦ ਪੁਲਿਸ ਅਧਿਕਾਰੀ ਮੌਕੇ 'ਤੇ ਪਹੁੰਚ ਗਏ। ਜਦੋਂ ਕਿ ਗੋਲਡੀ ਦੇ ਪਰਿਵਾਰਕ ਮੈਂਬਰਾਂ ਨੇ ਗੰਭੀਰ ਦੋਸ਼ ਲਗਾਏ ਹਨ। ਪਰਿਵਾਰ ਦਾ ਕਹਿਣਾ ਹੈ ਕਿ ਗੋਲਡੀ ਜਿਸ ਘਰ ਗਿਆ ਸੀ, ਉਸ ਨਾਲ ਪਹਿਲਾਂ ਹੀ ਦੁਸ਼ਮਣੀ ਸੀ। ਅੱਜ ਜਦੋਂ ਗੋਲਡੀ ਦੁਪਹਿਰ ਨੂੰ ਆਪਣੇ ਘਰ ਗਿਆ ਤਾਂ ਸ਼ਾਮ 5 ਵਜੇ ਉਸਨੂੰ ਦੱਸਿਆ ਗਿਆ ਕਿ ਗੋਲਡੀ ਨੇ ਆਪਣੇ ਆਪ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ ਹੈ। ਪਰਿਵਾਰ ਦਾ ਕਹਿਣਾ ਹੈ ਕਿ ਗੋਲਡੀ ਨੂੰ ਗੋਲੀ ਮਾਰ ਦਿੱਤੀ ਗਈ ਹੈ। ਦੂਜੇ ਪਾਸੇ, ਜਿਸ ਘਰ ਵਿੱਚ ਇਹ ਘਟਨਾ ਵਾਪਰੀ, ਉੱਥੇ ਦੇ ਲੋਕਾਂ ਦਾ ਕਹਿਣਾ ਹੈ ਕਿ ਗੋਲਡੀ ਨੇ ਆਪਣੇ ਆਪ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕੀਤੀ ਹੈ। ਇਸ ਦੇ ਪਿੱਛੇ ਦਾ ਕਾਰਨ ਅਜੇ ਤੱਕ ਸਾਹਮਣੇ ਨਹੀਂ ਆਇਆ ਹੈ। ਡੀਐਸਪੀ ਪਾਇਲ ਹੇਮੰਤ ਮਲਹੋਤਰਾ ਅਤੇ ਦੋਰਾਹਾ ਪੁਲਿਸ ਸਟੇਸ਼ਨ ਦੇ ਐਸਐਚਓ ਆਕਾਸ਼ ਦੱਤ ਵੀ ਮੌਕੇ 'ਤੇ ਪਹੁੰਚ ਗਏ।

# ਕਿਸਾਨ ਜਥੇਬੰਦੀਆਂ ਨੇ ਕੇਂਦਰੀ ਮੰਤਰੀ ਨੂੰ ਲਿਖੀ ਚਿੱਠੀ

## 4 ਮਈ ਦੀ ਮੀਟਿੰਗ 'ਚ ਸਰਕਾਰ ਨੁਮਾਇੰਦੇ ਸ਼ਾਮਲ ਨਾ ਕਰਨ ਦੀ ਕੀਤੀ ਮੰਗ




ਚੰਡੀਗੜ੍ਹ, 27 ਅਪ੍ਰੈਲ, (ਚ.ਨ.ਸ.) : ਕੇਂਦਰ ਸਰਕਾਰ ਨੇ ਕਿਸਾਨਾਂ ਨੂੰ ਮੀਟਿੰਗ ਦਾ ਸੱਦਾ ਦਿੱਤਾ ਹੈ। ਇਕ ਚਿੱਠੀ ਕਿਸਾਨਾਂ ਤੱਕ ਪਹੁੰਚੀ ਹੈ, ਜਿਸ ਦੇ ਬਾਅਦ ਕਿਸਾਨ ਜਥੇਬੰਦੀਆਂ ਨੇ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੂੰ ਚਿੱਠੀ ਲਿਖ ਕੇ ਮੰਗ ਕੀਤੀ ਹੈ ਕਿ ਮੀਟਿੰਗ ਵਿਚ ਪੰਜਾਬ ਸਰਕਾਰ ਦੇ ਨੁਮਾਇੰਦੇ ਮੌਜੂਦ ਨਹੀਂ ਹੋਣੇ ਚਾਹੀਦੇ। ਕਿਸਾਨਾਂ ਦਾ ਕਹਿਣਾ ਹੈ ਕਿ ਅਸੀਂ ਮੀਟਿੰਗ ਵਿਚ ਨਹੀਂ ਆਉਣਾ ਜੇ ਸਰਕਾਰ ਦੇ ਨੁਮਾਇੰਦੇ ਉਥੇ ਮੌਜੂਦ ਰਹੇ। ਕਿਸਾਨਾਂ ਨੇ 19 ਮਾਰਚ ਵਾਲੀ ਘਟਨਾ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਸਾਡੀ ਪਿੱਠ ਵਿਚ ਛੁਰਾ ਮਾਰਿਆ ਗਿਆ। ਸਾਨੂੰ ਗ੍ਰਿਫਤਾਰ ਕੀਤਾ ਗਿਆ, ਸਾਡੀਆਂ ਟਰਾਲੀਆਂ ਚੋਰੀ ਹੋ ਗਈਆਂ। ਸਾਡਾ ਕਾਫੀ ਨੁਕਸਾਨ ਹੋਇਆ। ਅਸੀਂ ਇਸ ਮੀਟਿੰਗ ਵਿਚ ਦਾ ਹਿੱਸਾ ਨਹੀਂ ਬਣਨਾ ਜੇ ਪੰਜਾਬ ਸਰਕਾਰ ਦੇ ਨੁਮਾਇੰਦੇ ਇਸ ਵਿਚ ਮੌਜੂਦ ਹੋਣਗੇ। ਇਨ੍ਹਾਂ ਸਭ ਦੇ ਦਰਮਿਆਨ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਕਿਹਾ ਕਿ ਅਸੀਂ ਮੀਟਿੰਗ ਵਿਚ ਸ਼ਾਮਲ ਹੋਵਾਂਗੇ ਤੇ ਜੇਕਰ ਪੰਜਾਬ ਸਰਕਾਰ ਦੇ ਨੁਮਾਇੰਦੇ ਉਥੇ ਪਹੁੰਚਦੇ ਹਨ ਤਾਂ ਅਸੀਂ ਮੀਟਿੰਗ ਦਾ ਹਿੱਸਾ ਨਹੀਂ ਬਣਾਂਗੇ। ਦੱਸ ਦੇਈਏ ਕਿ ਕੇਂਦਰ ਸਰਕਾਰ ਤੇ ਕਿਸਾਨਾਂ ਵਿਚਾਲੇ 4 ਮਈ ਨੂੰ ਮੀਟਿੰਗ ਹੋਵੇਗੀ।

# ਪਾਕਿਸਤਾਨ ਵੱਲੋਂ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਨਾਕਾਮ

## ਹਥਿਆਰਾਂ ਦੀ ਤਸਕਰੀ ਕਰਨ ਵਾਲੇ ਰੈਕੇਟ ਦਾ ਕੀਤਾ ਪਰਦਾਫਾਸ਼ 7 ਪਿਸਤੌਲਾਂ, 1.5 ਲੱਖ ਰੁਪਏ ਨਕਦੀ ਅਤੇ ਇੱਕ ਥਾਰ ਗੱਡੀ ਬਰਾਮਦ: ਡੀ.ਜੀ.ਪੀ.




ਅੰਮ੍ਰਿਤਸਰ, 27 ਅਪ੍ਰੈਲ, (ਬਬਲੂ ਮਹਾਜਨ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਕਾਊਂਟਰ ਇੰਟੈਲੀਜੈਂਸ (ਸੀਆਈ) ਅੰਮ੍ਰਿਤਸਰ ਨੇ ਪਾਕਿਸਤਾਨ ਅਧਾਰਤ ਗੈਰ-ਕਾਨੂੰਨੀ ਹਥਿਆਰ ਤਸਕਰੀ ਮਾਡਿਊਲ ਦਾ ਪਰਦਾਫਾਸ਼ ਕਰਦਿਆਂ ਇੱਕ ਸੰਚਾਲਕ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋ ਆਪਣੇ ਆਸਟ੍ਰੇਲੀਆ-ਅਧਾਰਤ ਹੈਂਡਲਰ ਜੱਸਾ ਦੇ ਨਿਰਦੇਸ਼ਾਂ 'ਤੇ ਸਮਾਜ ਵਿਰੋਧੀ ਅਨਸਰਾਂ ਨੂੰ ਹਥਿਆਰ ਸਪਲਾਈ ਕਰ ਰਿਹਾ ਸੀ।

ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਗ੍ਰਿਫ਼ਤਾਰ ਕੀਤੇ ਦੋਸ਼ੀ ਦੀ ਪਛਾਣ ਅਭਿਸ਼ੇਕ ਕੁਮਾਰ ਵਜੋਂ ਕੀਤੀ ਹੈ, ਜੋ ਕਿ ਅੰਮ੍ਰਿਤਸਰ ਦੇ ਪਿੰਡ ਮੀਰਾਂਕੋਟ ਕਲਾਂ ਦਾ ਰਹਿਣ ਵਾਲਾ ਹੈ। ਪੁਲਿਸ ਟੀਮਾਂ ਨੇ ਉਸ ਦੇ ਕਬਜ਼ੇ ਵਿੱਚੋਂ ਸੱਤ ਪਿਸਤੌਲਾਂ, ਜਿਸ ਵਿੱਚ ਪੰਜ .30 ਬੋਰ ਅਤੇ ਦੋ ਆਧੁਨਿਕ 9 ਐਮਐਮ ਗਲੌਕ ਸ਼ਾਮਲ ਹਨ, ਸਮੇਤ ਚਾਰ ਕਾਰਤੂਸ ਅਤੇ 1.5 ਲੱਖ ਰੁਪਏ ਬਰਾਮਦ ਕੀਤੇ ਹਨ, ਇਸ ਤੋਂ ਇਲਾਵਾ ਹਥਿਆਰਾਂ ਦੀ ਤਸਕਰੀ ਲਈ ਵਰਤੀ ਜਾ ਰਹੀ ਉਸਦੀ ਮਹਿੰਦਰਾ ਥਾਰ ਗੱਡੀ ਨੂੰ ਜ਼ਬਤ ਕਰ ਲਿਆ ਹੈ।

ਡੀਜੀਪੀ ਨੇ ਖੁਲਾਸਾ ਕੀਤਾ ਕਿ ਸੀਆਈ ਅੰਮ੍ਰਿਤਸਰ ਨੂੰ ਭਰੋਸੇਯੋਗ ਖੁਫੀਆ ਜਾਣਕਾਰੀ ਮਿਲੀ ਸੀ ਕਿ ਆਸਟ੍ਰੇਲੀਆ ਅਧਾਰਤ ਜੱਸਾ, ਪਾਕਿਸਤਾਨ ਅਧਾਰਤ ਤਸਕਰਾਂ ਨਾਲ ਮਿਲ ਕੇ, ਆਪਣੇ ਸਥਾਨਕ ਸਾਥੀਆਂ ਅਭਿਸ਼ੇਕ ਕੁਮਾਰ ਅਤੇ ਉਸਦੇ ਸਾਥੀ ਜੋਧਬੀਰ ਸਿੰਘ ਉਰਫ਼ ਜੋਧਾ ਦੀ ਮਦਦ ਨਾਲ ਭਾਰਤ-ਪਾਕਿਸਤਾਨ ਸਰਹੱਦ ਰਾਹੀਂ ਗੈਰ-ਕਾਨੂੰਨੀ ਹਥਿਆਰਾਂ/ਗੋਲਾ ਬਾਰੂਦ ਦੀ ਤਸਕਰੀ ਕਰ ਰਿਹਾ ਸੀ। ਉਨ੍ਹਾਂ ਅੱਗੇ ਕਿਹਾ ਕਿ ਇਨਪੁੱਟ ਤੋਂ ਇਹ ਵੀ ਪਤਾ ਲੱਗਾ ਹੈ ਕਿ ਉਹ ਇਹ ਹਥਿਆਰਾਂ ਦੀਆਂ ਖੇਪਾਂ ਪ੍ਰਾਪਤ ਕਰਕੇ ਸੂਬੇ ਭਰ ਵਿੱਚ ਸਮਾਜ ਵਿਰੋਧੀ ਅਨਸਰਾਂ ਨੂੰ ਅੱਗੇ ਪਹੁੰਚਾਉਣ ਲਈ ਸਰਗਰਮੀ ਨਾਲ ਸ਼ਾਮਲ ਸਨ।

ਮੁਲਜ਼ਮ ਅਭਿਸ਼ੇਕ ਅਤੇ ਜੋਧਬੀਰ ਉਰਫ਼ ਜੋਧਾ ਬਾਰੇ ਮਿਲੀ ਜਾਣਕਾਰੀ 'ਤੇ ਤੇਜ਼ੀ ਨਾਲ ਕਾਰਵਾਈ ਕਰਦਿਆਂ ਸੀਆਈ ਅੰਮ੍ਰਿਤਸਰ ਦੀਆਂ ਟੀਮਾਂ ਨੇ ਅੰਮ੍ਰਿਤਸਰ-ਪਠਾਨਕੋਟ ਬਾਈਪਾਸ ਜੀਟੀ ਰੋਡ 'ਤੇ ਮੋੜ ਪਿੰਡ ਫਤਿਹਗੜ੍ਹ ਸ਼ੁਕਰਚੱਕ ਨੇੜੇ ਛਾਪਾ ਮਾਰਿਆ ਅਤੇ ਮੁਲਜ਼ਮ ਅਭਿਸ਼ੇਕ ਨੂੰ ਗ੍ਰਿਫ਼ਤਾਰ ਕਰ ਲਿਆ, ਜਦੋਂ ਉਹ ਆਪਣੀ ਥਾਰ ਗੱਡੀ ਵਿੱਚ ਕਿਸੇ ਧਿਰ ਨੂੰ ਗੈਰ-ਕਾਨੂੰਨੀ ਹਥਿਆਰਾਂ ਦੀ ਖੇਪ ਪਹੁੰਚਾਉਣ ਜਾ ਰਿਹਾ ਸੀ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਇਸ ਸਬੰਧੀ ਜਾਂਚ ਤੋਂ ਪਤਾ ਲੱਗਾ ਹੈ ਕਿ ਅਭਿਸ਼ੇਕ ਕੁਮਾਰ ਅਤੇ ਜੋਧਬੀਰ ਸਿੰਘ ਦੋਵੇਂ ਹਵਾਲਾ ਲੈਣ-ਦੇਣ ਵਿੱਚ ਸਰਗਰਮੀ ਨਾਲ ਸ਼ਾਮਲ ਹਨ, ਜੋ ਕਿ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਵਿਆਪਕ ਨੈੱਟਵਰਕ ਨਾਲ ਉਨ੍ਹਾਂ ਦੇ ਸੰਭਾਵੀ ਸਬੰਧਾਂ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਜਾਰੀ ਹੈ ਅਤੇ ਪੁਲਿਸ ਟੀਮਾਂ ਦੋਸ਼ੀ ਜੋਧਬੀਰ ਉਰਫ਼ ਜੋਧਾ ਨੂੰ ਫੜਨ ਲਈ ਛਾਪੇਮਾਰੀਆਂ ਕਰ ਰਹੀਆਂ ਹਨ।

ਇਸ ਸਬੰਧੀ ਥਾਣਾ ਐਸਐਸਓਸੀ, ਅੰਮ੍ਰਿਤਸਰ ਵਿਖੇ ਆਰਮਜ਼ ਐਕਟ ਦੀ ਧਾਰਾ 25, 25(1)(ਏ) ਅਤੇ 25(1)(ਬੀ) ਅਤੇ ਭਾਰਤੀ ਨਿਆਂ ਸੰਹਿਤਾ (ਬੀਐਨਐਸ) ਦੀ ਧਾਰਾ 61(2) ਤਹਿਤ ਐਫਆਈਆਰ ਨੰਬਰ 23 ਮਿਤੀ 26.04.2025 ਦਰਜ ਕੀਤੀ ਗਈ ਹੈ।

# 2,240 ਲੀਟਰ ਨਾਜਾਇਜ਼ ਈ.ਐਨ.ਏ ਜ਼ਬਤ ਕਰਕੇ ਜ਼ਹਿਰੀਲੀ ਸ਼ਰਾਬ ਦੇ ਵੱਡੇ ਦੁਖਾਂਤ ਦੀ ਸੰਭਾਵਨਾ ਨੂੰ ਟਾਲਿਆ : ਚੀਮਾ



ਚੰਡੀਗੜ੍ਹ/ਸੰਗਰੂਰ, 27 ਅਪ੍ਰੈਲ, (ਚ.ਨ.ਸ.) : ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ, ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਸੂਬੇ ਦੀ ਚੱਲ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵਿੱਚ ਇੱਕ ਮਹੱਤਵਪੂਰਨ ਸਫਲਤਾ ਦਾ ਐਲਾਨ ਕਰਦਿਆਂ ਦੱਸਿਆ ਕਿ 2,240 ਲੀਟਰ ਨਜ਼ਾਇਜ਼ ਚੋਰੀ ਕੀਤੀ ਗਈ ਐਕਸਟਰਾ ਨਿਊਟਰਲ ਅਲਕੋਹਲ (ਈਐਨਏ) ਜ਼ਬਤ ਕੀਤੀ ਗਈ ਹੈ, ਜਿਸ ਨਾਲ ਨਕਲੀ ਸ਼ਰਾਬ ਕਾਰਨ ਵਾਪਰਨ ਵਾਲੇ ਕਿਸੇ ਵੱਡੀ ਦੁਰਘਟਨਾ ਦੀ ਸੰਭਾਵਨਾ ਨੂੰ ਟਾਲਣ ਵਿੱਚ ਸਫਲਤਾ ਪ੍ਰਾਪਤ ਹੋਈ ਹੈ। ਇਸ ਤੋਂ ਇਲਾਵਾ ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਤਹਿਤ ਹੁਣ ਤੱਕ 4,745 ਐਨ.ਡੀ.ਪੀ.ਐਸ ਕੇਸ ਦਰਜ ਕਰਨ, 7,536 ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਅਤੇ 71 ਤਸਕਰਾਂ ਦੀਆਂ ਗੈਰ-ਕਾਨੂੰਨੀ ਜਾਇਦਾਦਾਂ ਨੂੰ ਢਾਹ ਦੇਣ ਵਿੱਚ ਸਫਲਤਾ ਹਾਸਲ ਹੋਈ ਹੈ।

ਸੰਗਰੂਰ ਵਿਖੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਜੋ 'ਯੁੱਧ ਨਸ਼ਿਆਂ ਵਿਰੁੱਧ' ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ ਵੀ ਹਨ, ਨੇ ਕਾਰਵਾਈ ਦੇ ਵੇਰਵਿਆਂ ਦਾ ਖੁਲਾਸਾ ਕੀਤਾ। ਉਨ੍ਹਾਂ ਦੱਸਿਆ ਕਿ ਭਰੋਸੇਯੋਗ ਖੁਫੀਆ ਜਾਣਕਾਰੀ 'ਤੇ ਕਾਰਵਾਈ ਕਰਦੇ ਹੋਏ ਆਬਕਾਰੀ ਵਿਭਾਗ ਅਤੇ ਸੰਗਰੂਰ ਪੁਲਿਸ ਦੀ ਇੱਕ ਸਾਂਝੀ ਟੀਮ ਨੇ ਸੰਗਰੂਰ-ਦਿੜ੍ਹਬਾ ਹਾਈਵੇਅ 'ਤੇ ਲੱਗਭੱਗ 200 ਲੀਟਰ ਗੈਰ-ਕਾਨੂੰਨੀ ਈਥਾਨੌਲ ਲਿਜਾ ਰਹੇ ਇੱਕ ਵਾਹਨ ਨੂੰ ਰੋਕਿਆ ਅਤੇ ਡਰਾਈਵਰ, ਜਿਸਦੀ ਪਛਾਣ ਸ਼ਾਨ ਮੁਹੰਮਦ ਵਜੋਂ ਹੋਈ ਹੈ, ਨੂੰ ਮੌਕੇ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ।

ਵਿੱਤ ਮੰਤਰੀ ਨੇ ਦੱਸਿਆ ਕਿ ਅਗਲੇਰੀ ਜਾਂਚ ਦੌਰਾਨ ਇੱਕ ਗੁਪਤ ਸਟੋਰ ਦਾ ਪਤਾ ਲੱਗਿਆ, ਜਿਸ ਦੇ ਨਤੀਜੇ ਵਜੋਂ 34 ਡਰੰਮ ਬਰਾਮਦ ਹੋਏ ਜਿਸ ਵਿੱਚ 60 ਲੀਟਰ ਹਰੇਕ ਅਨੁਸਾਰ ਕੁੱਲ 2,040 ਲੀਟਰ ਈ.ਐਨ.ਏ ਸੀ ਅਤੇ ਇੱਕ ਹੋਰ ਵਿਅਕਤੀ ਅਰਮਾਨ ਮੁਹੰਮਦ ਨੂੰ ਵੀ ਛਾਪੇਮਾਰੀ ਦੌਰਾਨ ਹਿਰਾਸਤ ਵਿੱਚ ਲੈ ਲਿਆ ਗਿਆ।

ਜ਼ਬਤ ਕੀਤੇ ਗਏ ਈ.ਐਨ.ਏ ਦੀ ਗੰਭੀਰਤਾ 'ਤੇ ਜ਼ੋਰ ਦਿੰਦੇ ਹੋਏ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਸ ਕਾਰਵਾਈ ਨੇ ਜ਼ਹਿਰੀਲੀ ਸ਼ਰਾਬ ਕਰਕੇ ਵਾਪਰ ਸਕਣ ਵਾਲੀ ਕਿਸੇ ਵੱਡੀ ਦੁਰਘਟਨਾ ਨੂੰ ਸਫਲਤਾਪੂਰਵਕ ਰੋਕਿਆ ਹੈ, ਕਿਉਂਕਿ ਇਸ ਈ.ਐਨ.ਏ ਦੀ ਵਰਤੋਂ ਲੱਗਭੱਗ 10,000 ਬੋਤਲਾਂ ਨਾਜਾਇਜ਼ ਸ਼ਰਾਬ ਬਣਾਉਣ ਲਈ ਕੀਤੀ ਜਾ ਸਕਦੀ ਸੀ। ਉਨ੍ਹਾਂ ਕਿਹਾ ਕਿ ਰੈਕੇਟ ਵਿੱਚ ਸ਼ਾਮਲ ਸਾਰੇ ਵਿਅਕਤੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਲਈ ਜਾਂਚ ਜਾਰੀ ਹੈ, ਅਤੇ ਉਨ੍ਹਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਇਸ ਮੌਕੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪ੍ਰਗਤੀ ਦੇ ਵੇਰਵੇ ਦਿੰਦੇ ਹੋਏ, ਵਿੱਤ ਮੰਤਰੀ ਚੀਮਾ ਨੇ ਕਿਹਾ ਕਿ ਹੁਣ ਤੱਕ 4,745 ਐਨ.ਡੀ.ਪੀ.ਐਸ ਮਾਮਲੇ ਦਰਜ ਕੀਤੇ ਗਏ ਹਨ, 7,536 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਅਤੇ 71 ਤਸਕਰਾਂ ਦੀਆਂ ਗੈਰ-ਕਾਨੂੰਨੀ ਜਾਇਦਾਦਾਂ ਨੂੰ ਢਾਹ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਜ਼ਬਤ ਕੀਤੇ ਗਏ ਹਨ, ਜਿਸ ਵਿੱਚ 301 ਕਿਲੋਗ੍ਰਾਮ ਹੈਰੋਇਨ, 9,969 ਕਿਲੋਗ੍ਰਾਮ ਚੂਰਾ ਪੋਸਤ, 154 ਕਿਲੋਗ੍ਰਾਮ ਅਫੀਮ, 96 ਕਿਲੋਗ੍ਰਾਮ ਗਾਂਜਾ ਅਤੇ 21,84,276 ਪਾਬੰਦੀਸ਼ੁਦਾ ਦਵਾਈਆਂ ਦੀਆਂ ਗੋਲੀਆਂ ਜਾਂ ਕੈਪਸੂਲ ਸ਼ਾਮਲ ਹਨ।

ਵਿੱਤ ਮੰਤਰੀ ਨੇ ਸੂਬੇ ਵਿੱਚ ਨਾਜਾਇਜ਼ ਸ਼ਰਾਬ ਦੀ ਤਸਕਰੀ ਨੂੰ ਰੋਕਣ ਲਈ ਸੂਬੇ ਦੇ ਆਬਕਾਰੀ ਅਤੇ ਪੁਲਿਸ ਵਿਭਾਗਾਂ ਵਿਚਕਾਰ ਤਾਲਮੇਲ ਵਾਲੇ ਯਤਨਾਂ ਦੀ ਸਫਲਤਾ 'ਤੇ ਚਾਨਣਾ ਪਾਇਆ। ਉਨ੍ਹਾਂ ਅੱਗੇ ਕਿਹਾ ਕਿ ਹਾਲ ਹੀ ਵਿੱਚ, ਸੂਬੇ ਵਿੱਚ ਸ਼ਰਾਬ ਦੀ ਤਸਕਰੀ ਕਰਨ ਵਾਲੇ ਵਿਅਕਤੀਆਂ ਵਿਰੁੱਧ 4 ਐਫ.ਆਈ.ਆਰ ਮੁਹਾਲੀ ਵਿੱਚ ਦਰਜ ਕੀਤੀਆਂ ਗਈਆਂ ਹਨ, ਅਤੇ ਪੁਲਿਸ ਸਟੇਸ਼ਨ ਛਾਜਲੀ ਵਿਖੇ ਨਜਾਇਜ਼ ਸ਼ਰਾਬ ਸਬੰਧੀ ਇੱਕ ਹੋਰ ਐਫ.ਆਈ.ਆਰ ਦਰਜ ਕੀਤੀ ਗਈ ਹੈ।

'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੀ ਸਫਲਤਾ ਦਾ ਸਿਹਰਾ ਲੋਕਾਂ ਦੇ ਸਮਰਥਨ ਨੂੰ ਦਿੰਦੇ ਹੋਏ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਨਸ਼ਿਆਂ ਅਤੇ ਨਾਜਾਇਜ਼ ਸ਼ਰਾਬ ਦੇ ਵਪਾਰ ਵਿਰੁੱਧ ਜੰਗ ਵਿੱਚ ਪੰਜਾਬ ਦੇ ਨਾਗਰਿਕਾਂ ਦੇ ਸਹਿਯੋਗ ਅਤੇ ਸਹਾਇਤਾ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਆਬਕਾਰੀ ਅਤੇ ਪੁਲਿਸ ਵਿਭਾਗ ਪੰਜਾਬ ਦੇ ਲੋਕਾਂ ਲਈ ਇੱਕ ਸੁਰੱਖਿਅਤ ਅਤੇ ਸਿਹਤਮੰਦ ਵਾਤਾਵਰਣ ਯਕੀਨੀ ਬਣਾਉਣ ਲਈ ਅਣਥੱਕ ਮਿਹਨਤ ਕਰਦੇ ਰਹਿਣਗੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਐਸਐਸਪੀ ਸੰਗਰੂਰ ਸਰਤਾਜ ਸਿੰਘ ਚਾਹਲ, ਈਟੀਓ ਸਰੂਪਿੰਦਰ ਸਿੰਘ ਸੰਧੂ ਅਤੇ ਡੀਐਸਪੀ ਰੁਪਿੰਦਰ ਕੌਰ ਬਾਜਵਾ ਵੀ ਮੌਜੂਦ ਸਨ।

# ਭਾਰਤ ਸਰਕਾਰ ਨੂੰ ਆਜ਼ਾਦੀ ਘੁਲਾਟੀਆਂ ਦੇ ਸਨਮਾਨ ਲਈ ਯਾਦਗਾਰੀ ਸਿੱਕੇ ਜਾਰੀ ਕਰਨ ਦੀ ਅਪੀਲ

## ਪੰਜਾਬ ਸਰਕਾਰ ਨੇ ਪੰਜਾਬ ਦੇ ਸ਼ਹੀਦਾਂ ਨੂੰ ਰਾਸ਼ਟਰੀ ਮਾਨਤਾ ਦੇਣ ਲਈ ਪ੍ਰਧਾਨ ਮੰਤਰੀ ਨੂੰ ਲਿਖਿਆ ਪੱਤਰ: ਮੋਹਿੰਦਰ ਭਗਤ



ਚੰਡੀਗੜ੍ਹ, 27 ਅਪ੍ਰੈਲ, (ਚ.ਨ.ਸ.) : ਪੰਜਾਬ ਦੇ ਆਜ਼ਾਦੀ ਘੁਲਾਟੀਆਂ ਬਾਰੇ ਮੰਤਰੀ ਸ੍ਰੀ ਮੋਹਿੰਦਰ ਭਗਤ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਭਾਰਤ ਸਰਕਾਰ ਨੂੰ ਪੰਜਾਬ ਦੇ ਬਹਾਦਰ ਸਪੁੱਤਰਾਂ, ਜਿਨ੍ਹਾਂ ਨੇ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਦੌਰਾਨ ਮਹਾਨ ਕੁਰਬਾਨੀਆਂ ਦਿੱਤੀਆਂ, ਦੇ ਸਨਮਾਨ ਵਿੱਚ ਯਾਦਗਾਰੀ ਸਿੱਕੇ ਜਾਰੀ ਕਰਨ ਦੀ ਅਪੀਲ ਕੀਤੀ ਹੈ।

ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਕਿਹਾ ਕਿ ਮੁੱਖ ਮੰਤਰੀ ਵੱਲੋਂ ਲਿਖਿਆ ਇਹ ਪੱਤਰ ਦੇਸ਼ ਦੀ ਆਜ਼ਾਦੀ ਦੇ ਸ਼ੰਘਰਸ਼ ਵਿੱਚ ਪੰਜਾਬ ਦੇ ਅਥਾਹ ਯੋਗਦਾਨ ਨੂੰ ਉਜਾਗਰ ਕਰਦਾ ਹੈ।ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਸ਼ਹੀਦ ਸੁਖਦੇਵ, ਸ਼ਹੀਦ ਰਾਜਗੁਰੂ, ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਲਾਲਾ ਲਾਜਪਤ ਰਾਏ ਅਤੇ ਸ਼ਹੀਦ ਊਧਮ ਸਿੰਘ ਵਰਗੇ ਮਹਾਨ ਸ਼ਹੀਦਾਂ ਦੇ ਨਾਂ ਭਾਰਤੀ ਇਤਿਹਾਸ ਦੇ ਪੰਨਿਆਂ ਵਿੱਚ ਹਮੇਸ਼ਾ ਲਈ ਉੱਕਰੇ ਹੋਏ ਹਨ।

ਸ੍ਰੀ ਭਗਤ ਨੇ ਕਿਹਾ ਕਿ ਪੰਜਾਬ ਦੀ ਮਿੱਟੀ ਸ਼ਹੀਦਾਂ ਦੇ ਖੂਨ ਨਾਲ ਰੰਗੀ ਹੋਈ ਹੈ ਅਤੇ ਉਨ੍ਹਾਂ ਦੀ ਯਾਦ ਵਿੱਚ ਯਾਦਗਾਰੀ ਸਿੱਕੇ ਜਾਰੀ ਕਰਨਾ ਨਾ ਸਿਰਫ਼ ਉਨ੍ਹਾਂ ਦੀਆਂ ਕੁਰਬਾਨੀਆਂ ਪ੍ਰਤੀ ਸਨਮਾਨ ਹੋਵੇਗਾ, ਸਗੋਂ ਨੌਜਵਾਨ ਪੀੜ੍ਹੀਆਂ ਲਈ ਇੱਕ ਸਥਾਈ ਵਿਦਿਅਕ ਵਿਰਾਸਤ ਵਜੋਂ ਵੀ ਕੰਮ ਕਰੇਗਾ।

ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਅਜਿਹੇ ਸਿੱਕੇ ਭਾਰਤ ਦੀ ਮੁਦਰਾ ਵਿਰਾਸਤ ਵਿੱਚ ਅਹਿਮ ਯੋਗਦਾਨ ਪਾਉਣਗੇ ਅਤੇ ਇਹ ਸਿੱਕੇ ਸੁਤੰਤਰਤਾ ਦਿਵਸ ਜਾਂ ਗਣਤੰਤਰ ਦਿਵਸ ਵਰਗੇ ਰਾਸ਼ਟਰੀ ਮੌਕਿਆਂ 'ਤੇ ਜਾਰੀ ਕੀਤੇ ਜਾ ਸਕਦੇ ਹਨ, ਜੋ ਦੇਸ਼ ਦੇ ਡੂੰਘੇ ਸਤਿਕਾਰ ਅਤੇ ਸ਼ੁਕਰਗੁਜ਼ਾਰੀ ਦਾ ਪ੍ਰਤੀਕ ਹਨ।

ਸ੍ਰੀ ਭਗਤ ਨੇ ਆਸ ਪ੍ਰਗਟਾਈ ਕਿ ਭਾਰਤ ਸਰਕਾਰ ਇਸ ਅਪੀਲ ਦਾ ਸਕਾਰਾਤਮਕ ਜਵਾਬ ਦੇਵੇਗੀ ਅਤੇ ਪੰਜਾਬ ਦੇ ਆਜ਼ਾਦੀ ਘੁਲਾਟੀਆਂ ਦੀ ਯਾਦ ਨੂੰ ਰਾਸ਼ਟਰੀ ਮਾਨਤਾ ਦੇ ਇਸ ਪ੍ਰਤੀਕਾਤਮਕ ਸੰਕੇਤ ਨਾਲ ਸਨਮਾਨਿਤ ਕਰੇਗੀ।

# ਮੁੱਖ ਮੰਤਰੀ ਸੈਣੀ ਨੇ ਪਹਿਲਗਾਮ ਵਿੱਚ ਮਰਨ ਵਾਲਿਆਂ ਦੀਆਂ ਤਸਵੀਰਾਂ 'ਤੇ ਫੁੱਲ ਭੇਟ ਕਰ ਦਿੱਤੀ ਸ਼ਰਧਾਂਜਲੀ



ਚੰਡੀਗੜ੍ਹ, 27 ਅਪ੍ਰੈਲ, (ਚ.ਨ.ਸ.) : ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਅੱਜ ਪੰਚਕੂਲਾ ਦੇ ਸੈਕਟਰ-18 ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਮਨ ਕੀ ਬਾਤ ਪ੍ਰੋਗਰਾਮ ਨੂੰ ਸੁਣਿਆ। ਇਸ ਮੌਕੇ 'ਤੇ ਉਨ੍ਹਾਂ ਨੇ ਪਹਿਲਗਾਮ ਅੱਤਵਾਦੀ ਹਮਲੇ ਵਿੱਚ ਮਾਰੇ ਗਏ ਨਿਰਦੋਸ਼ ਲੋਕਾਂ ਦੀ ਤਸਵੀਰਾਂ 'ਤੇ ਫੁੱਲ ਭੇਟ ਕਰ ਸ਼ਰਧਾਂਜਲੀ ਦਿੱਤੀ।

ਇਸ ਮੌਕੇ 'ਤੇ ਹਰਿਆਣਾ ਦੇ ਸਹਿਕਾਰਤਾ ਅਤੇ ਸੈਰਸਪਾਟਾ ਮੰਤਰੀ ਡਾ. ਅਰਵਿੰਦ ਸ਼ਰਮਾ, ਉੱਤਰ ਪ੍ਰਦੇਸ਼ ਦੇ ਉਪ ਮੁੱਖ ਮੰਤਰੀ ਸ੍ਰੀ ਬ੍ਰਿਜੇਸ਼ ਪਾਠਕ, ਰਾਜਸਭਾ ਸਾਂਸਦ ਸ੍ਰੀਮਤੀ ਰੇਖਾ ਸ਼ਰਮਾ, ਸ੍ਰੀ ਕਾਰਤੀਕੇਯ ਸ਼ਰਮਾ, ਸ੍ਰੀ ਸੁਰੇਂਦਰ ਨਾਗਰ ਸਮੇਤ ਹੋਰ ਮਾਣਯੋਗ ਲੋਕ ਮੌਜੂਦ ਰਹੇ।

# ਮੰਤਰੀ ਨੇ ਪੀੜਤ ਐਨਆਰਆਈ ਪਰਿਵਾਰ ਨਾਲ ਕੀਤੀ ਮੁਲਾਕਾਤ, ਇਨਸਾਫ਼ ਦਾ ਦਿੱਤਾ ਭਰੋਸਾ

## ਘਬਰਾਓ ਨਾ, ਸਰਕਾਰ ਤੁਹਾਡੇ ਨਾਲ ਖੜ੍ਹੀ ਹੈ, ਤੁਹਾਡੀ ਰੱਖਿਆ ਕਰਨਾ ਸਾਡੀ ਜ਼ਿੰਮੇਵਾਰੀ : ਧਾਲੀਵਾਲ



ਅੰਮ੍ਰਿਤਸਰ/ਚੰਡੀਗੜ੍ਹ, 27 ਅਪ੍ਰੈਲ, (ਗੁਰਦਿਆਲ ਸਿੰਘ) : ਅੰਮ੍ਰਿਤਸਰ ਵਿੱਚ ਇੱਕ ਐਨਆਰਆਈ ਪਰਿਵਾਰ ਦੇ ਘਰ 'ਤੇ ਗੋਲੀਬਾਰੀ ਦੇ ਮਾਮਲੇ ਵਿੱਚ ਪੰਜਾਬ ਸਰਕਾਰ ਪੂਰੀ ਤਰ੍ਹਾਂ ਸਖ਼ਤ ਦਿਖਾਈ ਦੇ ਰਹੀ ਹੈ। ਸ਼ਨੀਵਾਰ ਨੂੰ ਸਰਕਾਰ ਦੇ ਐਨਆਰਆਈ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਪੀੜਤ ਪਰਿਵਾਰ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਇਨਸਾਫ ਦਾ ਭਰੋਸਾ ਦਿੱਤਾ।

ਧਾਲੀਵਾਲ ਨੇ ਕਿਹਾ ਕਿ ਸਰਕਾਰ ਇਸ ਘਟਨਾ ਦੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕਰੇਗੀ ਅਤੇ ਇਸ ਮਾਮਲੇ ਵਿੱਚ ਜਾਣਬੁੱਝ ਕੇ ਕੀਤੀ ਗਈ ਲਾਪਰਵਾਹੀ ਲਈ ਸਥਾਨਕ ਐਸਐਚਓ ਵਿਰੁੱਧ ਵੀ ਕਾਰਵਾਈ ਕਰੇਗੀ। ਉਨ੍ਹਾਂ ਕਿਹਾ ਕਿ ਜਿਵੇਂ ਹੀ ਮੈਨੂੰ ਇਸ ਘਟਨਾ ਦੀ ਜਾਣਕਾਰੀ ਮਿਲੀ, ਮੈਂ ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਨਾਲ ਗੱਲ ਕੀਤੀ ਅਤੇ ਉਨ੍ਹਾਂ ਨੂੰ ਤੁਰੰਤ ਕਾਰਵਾਈ ਕਰਨ ਲਈ ਕਿਹਾ।

ਮੰਤਰੀ ਧਾਲੀਵਾਲ ਨੇ ਪੀੜਤ ਨੂੰ ਹੌਂਸਲਾ ਦਿੱਤਾ ਅਤੇ ਕਿਹਾ ਕਿ ਘਬਰਾਉਣ ਦੀ ਬਿਲਕੁਲ ਵੀ ਲੋੜ ਨਹੀਂ ਹੈ। ਪੰਜਾਬ ਸਰਕਾਰ ਤੁਹਾਡੇ ਨਾਲ ਖੜ੍ਹੀ ਹੈ। ਤੁਹਾਡੀ ਸੁਰੱਖਿਆ ਸਾਡੀ ਜ਼ਿੰਮੇਵਾਰੀ ਹੈ ਅਤੇ ਮੈਂ ਤੁਹਾਨੂੰ ਭਰੋਸਾ ਦਿਵਾਉਂਦਾ ਹਾਂ ਕਿ ਅਸੀਂ ਤੁਹਾਨੂੰ ਕੋਈ ਨੁਕਸਾਨ ਨਹੀਂ ਹੋਣ ਦੇਵਾਂਗੇ।

ਉਨ੍ਹਾਂ ਕਿਹਾ ਕਿ ਮੁਲਜ਼ਮਾਂ ਦੀ ਤਲਾਸ਼ ਜਾਰੀ ਹੈ। ਜਲਦੀ ਹੀ ਇਨ੍ਹਾਂ ਸਾਰਿਆਂ ਵਿਰੁੱਧ ਐਫਆਈਆਰ ਦਰਜ ਕੀਤੀ ਜਾਵੇਗੀ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਧਾਲੀਵਾਲ ਨੇ ਕਿਹਾ ਕਿ ਸਾਡੀ ਸਰਕਾਰ ਪੰਜਾਬ ਦੇ ਸਾਰੇ ਪ੍ਰਵਾਸੀ ਭਾਰਤੀਆਂ ਦੀ ਸੁਰੱਖਿਆ ਲਈ ਵਚਨਬੱਧ ਹੈ। ਸਰਕਾਰ ਰਾਜ ਤੋਂ ਬਾਹਰ ਰਹਿਣ ਵਾਲੇ ਸਾਰੇ ਲੋਕਾਂ ਦੀ ਜਾਇਦਾਦ ਅਤੇ ਪਰਿਵਾਰਾਂ ਦੀ ਰੱਖਿਆ ਕਰੇਗੀ। ਕਿਸੇ ਨੂੰ ਵੀ ਅਜਿਹਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਮੰਤਰੀ ਨੇ ਕਿਹਾ ਕਿ ਪੰਜਾਬ ਦੇ ਲੋਕ ਸਾਡੇ ਲਈ ਸਭ ਤੋਂ ਉੱਪਰ ਹਨ। ਉਨ੍ਹਾਂ ਕਿਹਾ ਕਿ ਸਾਡੇ ਕੋਲ ਆਈਆਂ ਅਜਿਹੀਆਂ ਸਾਰੀਆਂ ਸ਼ਿਕਾਇਤਾਂ 'ਤੇ ਕਾਰਵਾਈ ਕੀਤੀ ਗਈ ਹੈ। ਜਿਵੇਂ ਹੀ ਮੈਨੂੰ ਇਸ ਘਟਨਾ ਦੀ ਜਾਣਕਾਰੀ ਮਿਲੀ, ਮੈਂ ਕਾਰਵਾਈ ਕਰਨੀ ਸ਼ੁਰੂ ਕਰ ਦਿੱਤੀ। ਇਸ ਮਾਮਲੇ ਦੀ ਜਾਂਚ ਲਈ ਕਈ ਸੀਨੀਅਰ ਪੁਲਿਸ ਅਧਿਕਾਰੀਆਂ ਨੂੰ ਤਾਇਨਾਤ ਕੀਤਾ ਗਿਆ ਹੈ। ਸਾਰੇ ਮੁਲਜ਼ਮ ਜਲਦੀ ਹੀ ਫੜੇ ਜਾਣਗੇ।

ਪਾਠਕ ਆਪਣੇ ਹਾਕਰ ਤੋਂ ਚੜ੍ਹਦੀਕਲਾ ਦੀ ਮੰਗ ਕਰਨ

ਚੜ੍ਹਦੀਕਲਾ ਪੜ੍ਹੋ !
ਚੜ੍ਹਦੀਕਲਾ ਵਿੱਚ ਰਹੋ !!

# ਜਲੰਧਰ ਦੇ ਪਿੰਡ ਲਖਨਪਾਲ 'ਚ ਬੁਲਡੋਜ਼ਰ ਕਾਰਵਾਈ ਨਸ਼ਿਆਂ ਦੇ ਪੈਸੇ ਨਾਲ ਬਣਾਈ ਗੈਰ-ਕਾਨੂੰਨੀ ਜਾਇਦਾਦ ਢਾਹੀ



ਚੰਡੀਗੜ੍ਹ/ਜਲੰਧਰ, 27 ਅਪ੍ਰੈਲ, (ਸੰਦੀਪ ਕੌਲ) : ਪੰਜਾਬ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਵੱਡੀ ਕਾਰਵਾਈ ਕਰਦਿਆਂ ਕਮਿਸ਼ਨਰੇਟ ਪੁਲਿਸ ਵਲੋਂ ਲੰਬੇ ਸਮੇਂ ਤੋਂ ਨਸ਼ਿਆਂ ਕਰਕੇ ਬਦਨਾਮ ਇਲਾਕੇ ਪਿੰਡ ਲਖਨਪਾਲ ਵਿਖੇ ਨਸ਼ਾ ਤਸਕਰਾਂ ਵਲੋਂ ਉਸਾਰੀਆਂ ਗਈਆਂ ਗੈਰ ਕਾਨੂੰਨੀ ਉਸਾਰੀਆਂ ਨੂੰ ਢਾਹਿਆ ਗਿਆ।

ਬੁਲਡੋਜ਼ਰ ਕਾਰਵਾਈ ਦੀ ਅਗਵਾਈ ਕਰਦਿਆਂ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਕਿਹਾ ਕਿ ਪਿੰਡ ਲਖਨਪਾਲ ਨਸ਼ਿਆਂ ਨੂੰ ਵੇਚਣ ਅਤੇ ਸਪਲਾਈ ਲਈ ਬਦਨਾਮ ਸੀ ਅਤੇ ਇਸ 'ਤੇ ਬਾਰੀਕੀ ਨਾਲ ਨਿਗ੍ਹਾ ਰੱਖੀ ਜਾ ਰਹੀ ਸੀ। ਪੰਚਾਇਤ ਵਿਭਾਗ ਅਤੇ ਜਲੰਧਰ ਕਮਿਸ਼ਨਰੇਟ ਪੁਲਿਸ ਦੀਆਂ ਟੀਮਾਂ ਵਲੋਂ ਤੁਰੰਤ ਕਾਰਵਾਈ ਕਰਦਿਆਂ ਨਸ਼ਾ ਤਸ਼ਕਰਾਂ ਵਲੋਂ ਸਰਕਾਰੀ ਜਮੀਨ 'ਤੇ ਅਣਅਧਿਕਾਰਤ ਢੰਗ ਨਾਲ ਬਣਾਈਆਂ ਗਈਆਂ ਉਸਾਰੀਆਂ ਨੂੰ ਢਾਹਿਆ ਗਿਆ। ਉਨ੍ਹਾਂ ਦੱਸਿਆ ਕਿ ਇਸ ਕਾਰਵਾਈ ਦਾ ਮੁੱਖ ਮੰਤਵ ਨਸ਼ਿਆਂ ਨੂੰ ਜੜ੍ਹ ਤੋਂ ਖਤਮ ਕਰਨਾ ਹੈ। ਉਨ੍ਹਾਂ ਕਿਹਾ ਕਿ ਇਹ ਕਾਰਵਾਈ ਨਸ਼ਿਆਂ ਦੀ ਗ੍ਰਿਫ਼ਤ ਵਿੱਚ ਫਸੇ ਇਸ ਇਲਾਕੇ ਨੂੰ ਨਸ਼ਿਆਂ ਦੀ ਦਲਦਲ ਵਿਚੋਂ ਕੱਢਣ ਵੱਲ ਇਕ ਮਹੱਤਵਪੂਰਨ ਕਦਮ ਹੈ।

ਉਨ੍ਹਾਂ ਦੱਸਿਆ ਕਿ ਪੁਲਿਸ ਜਾਂਚ ਵਿੱਚ ਮੁੱਢਲੇ ਤੌਰ 'ਤੇ ਇਹ ਸਾਹਮਣੇ ਆਇਆ ਹੈ ਕਿ ਮੁੱਖ ਮੁਲਜ਼ਮ ਹਰਦੀਪ ਸਿੰਘ ਉਰਫ਼ ਦੀਪਾ ਨੇ ਸਰਕਾਰੀ ਜਮੀਨ 'ਤੇ ਕਬਜ਼ਾ ਕੀਤਾ ਹੋਇਆ ਹੈ। ਉਨ੍ਹਾਂ ਦੱਸਿਆ ਕਿ ਹਰਦੀਪ ਸਿੰਘ ਇਕ ਹਿਸਟਰੀ ਸ਼ੀਟਰ ਮੁਲਜ਼ਮ ਹੈ ਅਤੇ ਉਸ ਖ਼ਿਲਾਫ਼ 9 ਕੇਸ ਜਿਨ੍ਹਾਂ ਵਿੱਚ 7 ਐਨ.ਡੀ.ਪੀ.ਐਸ. ਐਕਟ ਨਾਲ ਸਬੰਧਿਤ ਹਨ, ਦਰਜ ਹਨ। ਉਸ ਦੇ ਪਿਤਾ ਸਰਬਜੀਤ ਸਿੰਘ ਅਤੇ ਭਰਾ ਸੰਦੀਪ ਉਰਫ਼ ਸੋਨੂੰ 'ਤੇ ਵੀ ਮਾਮਲੇ ਦਰਜ ਹਨ। ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਦੱਸਿਆ ਕਿ ਨਸ਼ਾ ਤਸਕਰਾਂ ਵਲੋਂ ਢਾਹੀਆਂ ਗਈਆਂ ਗੈਰ ਕਾਨੂੰਨੀ ਉਸਾਰੀਆਂ ਨੂੰ ਪੁਲਿਸ ਛਾਪੇਮਾਰੀ ਦੌਰਾਨ ਛੱਤਾਂ ਰਾਹੀਂ ਵਰਤਿਆ ਜਾਂਦਾ ਸੀ। ਉਨ੍ਹਾਂ ਕਿਹਾ ਕਿ ਇਨ੍ਹਾ ਗੈਰ ਕਾਨੂੰਨੀ ਉਸਾਰੀਆਂ ਨੂੰ ਢਾਹ ਕੇ ਇਹਨਾਂ ਦੇ ਭੱਜਣ ਦੀਆਂ ਸੰਭਾਵਨਾਂਵਾ ਨੂੰ ਖ਼ਤਮ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੁਲਿਸ ਵਿਭਾਗ ਵਲੋਂ ਇਸ ਪਿੰਡ 'ਤੇ ਲੱਗੇ ਬਦਨਾਮੀ ਦੇ ਦਾਗ ਨੂੰ ਧੋਣ ਲਈ ਛਾਪੇਮਾਰੀ ਨੂੰ ਹੋਰ ਤੇਜ਼ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਨਸ਼ਿਆਂ ਦੇ ਹਾਟਸਪਾਟ ਇਸ ਕੇਂਦਰ 'ਤੇ ਕਾਰਵਾਈ ਕਰਨ ਤੋਂ ਪਹਿਲਾਂ 9 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਜਦਕਿ ਹੋਰ ਆਪਣੇ ਘਰਾਂ ਨੂੰ ਤਾਲੇ ਲਗਾ ਕੇ ਭੱਜ ਗਏ ਹਨ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰੀ ਤੋਂ ਇਲਾਵਾ ਪੁਲਿਸ ਵਲੋਂ ਨਸ਼ਿਆਂ ਦਾ ਕਾਰੋਬਾਰ ਕਰਨ ਵਾਲਿਆਂ ਖਿਲਾਫ਼ ਹੋਰ ਸਖਤ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਐਨ.ਡੀ.ਪੀ.ਐਸ. ਐਕਟ ਅਧੀਨ ਜ਼ਬਤ ਕੀਤੀਆਂ ਜਾਣ ਵਾਲੀਆਂ ਦੋ ਹੋਰ ਜਾਇਦਾਦਾਂ ਦੀ ਪਹਿਚਾਣ ਵੀ ਕਰ ਲਈ ਗਈ ਹੈ।

ਇਸ ਮੌਕੇ ਪਿੰਡ ਵਾਸੀਆਂ ਵਲੋਂ ਨਸ਼ਾ ਮਾਫ਼ੀਆ ਖਿਲਾਫ਼ ਕੀਤੀ ਗਈ ਬੁਲਡੋਜ਼ਰ ਕਾਰਵਾਈ ਦਾ ਸਵਾਗਤ ਕਰਦਿਆਂ ਆਸ ਪ੍ਰਗਟਾਈ ਗਈ ਕਿ ਪੰਜਾਬ ਸਰਕਾਰ ਦੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਕੀਤੀ ਜਾ ਰਹੀ ਕਾਰਵਾਈ ਸਦਕਾ ਜਲਦੀ ਹੀ ਪਿੰਡ ਨਸ਼ਾ ਮੁਕਤ ਹੋਵੇਗਾ।

# ਸਾਲ 2016 ਤੋਂ ਪਹਿਲਾਂ ਸੇਵਾਮੁਕਤ ਟੀਚਿੰਗ ਫੈਕਲਟੀ ਲਈ ਖ਼ੁਸ਼ਖ਼ਬਰੀ 'ਆਪ' ਸਰਕਾਰ ਵੱਲੋਂ ਪੈਨਸ਼ਨ ਸੋਧ ਸਬੰਧੀ ਨੋਟੀਫ਼ਿਕੇਸ਼ਨ ਜਾਰੀ



ਚੰਡੀਗੜ੍ਹ, 27 ਅਪ੍ਰੈਲ, (ਚ.ਨ.ਸ.) : ਸੂਬੇ ਭਰ ਦੇ ਸੇਵਾਮੁਕਤ ਟੀਚਿੰਗ ਫੈਕਲਟੀ ਨੂੰ ਲਾਭ ਪਹੁੰਚਾਉਣ ਸਬੰਧੀ ਅਹਿਮ ਫੈਸਲਾ ਲੈਂਦਿਆਂ ਪੰਜਾਬ ਸਰਕਾਰ ਨੇ 7ਵੇਂ ਯੂ.ਜੀ.ਸੀ. ਤਨਖਾਹ ਸਕੇਲਾਂ ਅਨੁਸਾਰ ਸਰਕਾਰੀ ਕਾਲਜਾਂ/ਯੂਨੀਵਰਸਿਟੀਆਂ ਵਿੱਚ 1 ਜਨਵਰੀ, 2016 ਤੋਂ ਪਹਿਲਾਂ ਸੇਵਾਮੁਕਤ ਹੋਏ ਅਧਿਆਪਕਾਂ ਅਤੇ ਹੋਰ ਟੀਚਿੰਗ ਫੈਕਲਟੀ ਲਈ ਪੈਨਸ਼ਨ ਅਤੇ ਪਰਿਵਾਰਕ ਪੈਨਸ਼ਨ ਵਿੱਚ ਸੋਧ ਨੂੰ ਮਨਜ਼ੂਰੀ ਦਿੱਤੀ ਹੈ। ਇਹ ਸੋਧ 1 ਜਨਵਰੀ, 2016 ਤੋਂ ਲਾਗੂ ਹੋਵੇਗੀ। ਇਸ ਸਬੰਧੀ ਨੋਟੀਫ਼ਿਕੇਸ਼ਨ ਜਾਰੀ ਕੀਤਾ ਜਾ ਚੁੱਕਾ ਹੈ ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਪੰਜਾਬ ਦੇ ਉਚੇਰੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਸੋਧੀ ਪੈਨਸ਼ਨ ਨਾਲ ਲੱਗਭੱਗ 500 ਸੇਵਾਮੁਕਤ ਟੀਚਿੰਗ ਪੇਸ਼ੇਵਰਾਂ ਨੂੰ ਲਾਭ ਹੋਵੇਗਾ, ਜਿਨ੍ਹਾਂ ਵਿੱਚ 400 ਪੈਨਸ਼ਨਰ ਅਤੇ 100 ਪਰਿਵਾਰਕ ਪੈਨਸ਼ਨਰ ਸ਼ਾਮਲ ਹਨ, ਜਿਸ ਦੀ ਰਕਮ 38.99 ਕਰੋੜ ਰੁਪਏ ਬਣੇਗੀ।

ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਸੋਧੀ ਪੈਨਸ਼ਨ 1 ਜਨਵਰੀ, 2016 ਤੋਂ ਪਹਿਲਾਂ ਸੇਵਾਮੁਕਤ ਹੋਏ ਪੈਨਸ਼ਨਰਾਂ ਨੂੰ ਅਦਾ ਕੀਤੀ ਜਾਵੇਗੀ, ਜਦੋਂਕਿ 1 ਅਕਤੂਬਰ, 2022 ਤੋਂ ਜਨਵਰੀ 2025 ਤੱਕ ਸੋਧੀ ਪੈਨਸ਼ਨ ਦੇ ਬਕਾਏ ਚਾਰ ਬਰਾਬਰ ਤਿਮਾਹੀ ਕਿਸ਼ਤਾਂ ਵਿੱਚ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਇਹ ਭੁਗਤਾਨ ਵਿੱਤ ਵਿਭਾਗ ਦੇ 7 ਅਪ੍ਰੈਲ, 2025 ਵਾਲੇ ਪੱਤਰ ਵਿੱਚ ਕੀਤੇ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਇਸ ਸਕੀਮ ਤਹਿਤ, ਪੈਨਸ਼ਨ ਦੀ ਗਣਨਾ (ਕੈਲਕੁਲੇਸ਼ਨ) 1 ਜਨਵਰੀ, 2016 ਨੂੰ ਨਿਰਧਾਰਤ ਨੋਸ਼ਨਲ ਤਨਖਾਹ ਦੇ 50 ਫੀਸਦੀ ਵਜੋਂ ਕੀਤੀ ਜਾਵੇਗੀ ਅਤੇ ਪਰਿਵਾਰਕ ਪੈਨਸ਼ਨ ਉਸੇ ਨੋਸ਼ਨਲ ਤਨਖਾਹ ਦਾ 30 ਫੀਸਦੀ ਹੋਵੇਗੀ।

ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ, ਸਮਾਜ ਵਿੱਚ ਅਧਿਆਪਕਾਂ ਦੇ ਵਡਮੁੱਲੇ ਯੋਗਦਾਨ ਦੇ ਮੱਦੇਨਜ਼ਰ ਅਸੀਂ ਅਧਿਆਪਕ ਵਰਗ ਦੀ ਭਲਾਈ ਅਤੇ ਉਨ੍ਹਾਂ ਦੇ ਬਣਦੇ ਲਾਭ ਪ੍ਰਦਾਨ ਕਰਨ ਲਈ ਵਚਨਬੱਧ ਹਾਂ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਾਰੇ ਕਰਮਚਾਰੀਆਂ ਅਤੇ ਪੈਨਸ਼ਨਰਾਂ ਦੀ ਭਲਾਈ ਲਈ ਸਮਰਪਿਤ ਹੈ।

# ਪੰਜਾਬ ਵਿੱਚ 3000 ਤੋਂ ਵੱਧ ਇਲੈਕਟੋਰਲ ਲਿਟਰੇਸੀ ਕਲੱਬ ਵਿਦਿਆਰਥੀਆਂ ਵਿੱਚ ਚੋਣ ਜਾਗਰੂਕਤਾ ਫੈਲਾਅ ਰਹੇ ਨੇ : ਸਿਬਿਨ ਸੀ



ਚੰਡੀਗੜ੍ਹ, 27 ਅਪ੍ਰੈਲ, (ਚ.ਨ.ਸ.) : ਮੁੱਖ ਚੋਣ ਅਫ਼ਸਰ, ਪੰਜਾਬ ਦੇ ਦਫ਼ਤਰ ਨੇ ਅੱਜ ਨੌਜਵਾਨ ਵੋਟਰਾਂ ਵਿੱਚ ਚੋਣ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਲਈ ਰਾਜ ਭਰ ਵਿੱਚ ਇਲੈਕਟੋਰਲ ਲਿਟਰੇਸੀ ਕਲੱਬਾਂ ਵੱਲੋਂ ਨਿਭਾਈ ਜਾ ਰਹੀ ਭੂਮਿਕਾ ਬਾਰੇ ਵਿਸਥਾਰ ਵਿੱਚ ਜਾਣਕਾਰੀ ਸਾਂਝੀ ਕੀਤੀ ਹੈ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ 3,000 ਤੋਂ ਵੱਧ ਇਲੈਕਟੋਰਲ ਲਿਟਰੇਸੀ ਕਲੱਬ ਸਰਗਰਮੀ ਨਾਲ ਕੰਮ ਕਰ ਰਹੇ ਹਨ।

ਇਲੈਕਟੋਰਲ ਲਿਟਰੇਸੀ ਕਲੱਬ ਵਿਦਿਆਰਥੀਆਂ ਨੂੰ ਵਿਚਾਰ ਚਰਚਾ, ਮੋਕ ਚੋਣਾਂ, ਪੋਸਟਰ ਮੁਕਾਬਲੇ, ਸਹੁੰ ਚੁੱਕ ਸਮਾਰੋਹ, ਅਤੇ ਵੋਟਰ ਜਾਗਰੂਕਤਾ ਮੁਹਿੰਮਾਂ ਸਮੇਤ ਬਹੁਤ ਸਾਰੀਆਂ ਚੋਣ ਗਤੀਵਿਧੀਆਂ ਵਿੱਚ ਸ਼ਾਮਲ ਕਰ ਰਹੇ ਹਨ। ਇਹ ਯਤਨ ਨੌਜਵਾਨਾਂ ਵਿੱਚ ਜਮਹੂਰੀ ਭਾਗੀਦਾਰੀ ਅਤੇ ਜ਼ਿੰਮੇਵਾਰ ਨਾਗਰਿਕਤਾ ਦੀਆਂ ਕਦਰਾਂ-ਕੀਮਤਾਂ ਨੂੰ ਪੈਦਾ ਕਰਨ ਵਿੱਚ ਮਦਦ ਕਰ ਰਹੇ ਹਨ।

ਪੰਜਾਬ ਦੇ ਮੁੱਖ ਚੋਣ ਅਧਿਕਾਰੀ, ਸਿਬਿਨ ਸੀ ਨੇ ਕਿਹਾ ਕਿ ਇਲੈਕਟੋਰਲ ਲਿਟਰੇਸੀ ਕਲੱਬਾਂ ਦੇ ਮਾਧਿਅਮ ਨਾਲ, ਅਸੀਂ ਲੋਕਤੰਤਰ ਦੇ ਭਵਿੱਖ ਵਿੱਚ ਨਿਵੇਸ਼ ਕਰ ਰਹੇ ਹਾਂ। ਸ਼ੁਰੂਆਤੀ ਪੜਾਅ 'ਤੇ ਚੋਣ ਗਿਆਨ ਨਾਲ ਵਿਦਿਆਰਥੀਆਂ ਵਿੱਚ ਇੱਕ ਸਮਝ ਪੈਦਾ ਹੁੰਦੀ ਹੈ ਅਤੇ ਉਹ ਸਰਗਰਮ, ਜਾਗਰੂਕ ਅਤੇ ਜ਼ਿੰਮੇਵਾਰ ਨਾਗਰਿਕ ਬਣਦੇ ਹਨ।

ਸਭ ਤੋਂ ਵਧੀਆ ਪਹਿਲਕਦਮੀਆਂ ਨੂੰ ਦਸਤਾਵੇਜ਼ੀ ਬਣਾਉਣ ਅਤੇ ਉਤਸ਼ਾਹਿਤ ਕਰਨ ਲਈ, ਮੁੱਖ ਚੋਣ ਅਧਿਕਾਰੀ ਦੇ ਦਫ਼ਤਰ ਨੇ ਪਹਿਲਾਂ ਇਲੈਕਟੋਰਲ ਲਿਟਰੇਸੀ ਕਲੱਬ ਪੱਤਰਿਕਾ ਨੂੰ ਲਾਂਚ ਕੀਤਾ ਸੀ ਜੋ ਕਿ ਇੱਕ ਔਨਲਾਈਨ ਨਿਊਜ਼ਲੈਟਰ ਸੀ, ਜਿਸ ਵਿੱਚ ਪੰਜਾਬ ਭਰ ਦੇ ਇਲੈਕਟੋਰਲ ਲਿਟਰੇਸੀ ਕਲੱਬਾਂ ਦੀਆਂ ਸ਼ਾਨਦਾਰ ਗਤੀਵਿਧੀਆਂ ਅਤੇ ਸਫਲਤਾ ਦੀਆਂ ਕਹਾਣੀਆਂ ਸ਼ਾਮਲ ਹਨ। ਇਲੈਕਟੋਰਲ ਲਿਟਰੇਸੀ ਕਲੱਬ ਪੱਤ੍ਰਿਕਾ ਚੋਣ ਸਾਖਰਤਾ ਨੂੰ ਵਧਾਉਣ ਦੇ ਯਤਨਾਂ ਵਿੱਚ ਰਚਨਾਤਮਕਤਾ, ਨਵੀਨਤਾ, ਅਤੇ ਸਮਰਪਣ ਦਾ ਪ੍ਰਦਰਸ਼ਨ ਕਰਦੇ ਹੋਏ ਇੱਕ ਪ੍ਰੇਰਣਾਦਾਇਕ ਪਲੇਟਫਾਰਮ ਵਜੋਂ ਕੰਮ ਕਰਦੀ ਹੈ।

ਇਸ ਤੋਂ ਇਲਾਵਾ ਮੁੱਖ ਚੋਣ ਅਧਿਕਾਰੀ ਦੇ ਦਫ਼ਤਰ ਵਿੱਚ ਆਈ.ਟੀ. ਟੀਮ ਰਾਜ ਵਿੱਚ ਸਾਰੇ ਇਲੈਕਟੋਰਲ ਲਿਟਰੇਸੀ ਕਲੱਬਾਂ ਦੇ ਕੰਮਕਾਜ ਅਤੇ ਨਿਗਰਾਨੀ ਨੂੰ ਸੁਚਾਰੂ ਬਣਾਉਣ ਲਈ ਇੱਕ ਸਮਰਪਿਤ ਪੋਰਟਲ ਵਿਕਸਿਤ ਕਰ ਰਹੀ ਹੈ। ਪੋਰਟਲ ਕਲੱਬਾਂ ਦੁਆਰਾ ਫੋਟੋਆਂ, ਵੀਡੀਓਜ਼ ਅਤੇ ਗਤੀਵਿਧੀਆਂ ਦੀਆਂ ਰਿਪੋਰਟਾਂ ਨੂੰ ਆਸਾਨੀ ਨਾਲ ਅਪਲੋਡ ਕਰਨ ਦੇ ਯੋਗ ਬਣਾਵੇਗਾ, ਜਿਸ ਨਾਲ ਮੁੱਖ ਦਫਤਰ ਦੇ ਪੱਧਰ 'ਤੇ ਅਸਲ-ਸਮੇਂ ਦੀ ਟਰੈਕਿੰਗ ਅਤੇ ਮੁਲਾਂਕਣ ਦੀ ਆਗਿਆ ਦਿੱਤੀ ਜਾ ਸਕੇਗੀ। ਇਸ ਡਿਜੀਟਲ ਪਹਿਲਕਦਮੀ ਨਾਲ ਤਾਲਮੇਲ ਨੂੰ ਹੋਰ ਮਜ਼ਬੂਤ ਕਰਨ ਅਤੇ ਪੰਜਾਬ ਭਰ ਵਿੱਚ ਇਲੈਕਟੋਰਲ ਲਿਟਰੇਸੀ ਕਲੱਬਾਂ ਦੀਆਂ ਸਰਗਰਮ ਗਤੀਵਿਧੀਆਂ ਨੂੰ ਵਧੇਰੇ ਮਜ਼ਬੂਤ ਦਿੱਖ ਪ੍ਰਦਾਨ ਕਰਨ ਦੀ ਉਮੀਦ ਹੈ।

# 'ਦੌੜਦਾ ਪੰਜਾਬ' ਮੈਰਾਥਨ ਰਾਹੀਂ ਨਸ਼ਿਆਂ ਵਿਰੁੱਧ ਇਕਜੁੱਟ ਹੋਣ ਦਾ ਸੱਦਾ

ਜਲੰਧਰ, 27 ਅਪ੍ਰੈਲ (ਚ.ਨ.ਸ.): ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ਼ ਵਿੱਢੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ਿਆਂ ਖਿਲਾਫ਼ ਜਾਗਰੂਕਤਾ ਫੈਲਾਉਣ ਦੇ ਮੱਕਸਦ ਨਾਲ ਅੱਜ ਸਿਟੀ ਗਰੁੱਪ, ਰੇਡੀਓ ਮਿਰਚੀ, ਥਿੰਦ ਹਸਪਤਾਲ ਅਤੇ ਲਵਲੀ ਬੇਕ ਸਟੂਡੀਓ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ 'ਦੌੜਦਾ ਪੰਜਾਬ' ਨਾਂਅ ਹੇਠ ਮੈਰਾਥਨ ਕਰਵਾਈ ਗਈ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਅਤੇ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਤਿੰਨ ਕਿਲੋਮੀਟਰ ਕੈਟਾਗਰੀ ਵਿੱਚ ਹਿੱਸਾ ਲੈ ਕੇ ਨਸ਼ਿਆਂ ਖਿਲਾਫ਼ ਇੱਕਜੁੱਟਤਾ ਦਾ ਸੱਦਾ ਦਿੱਤਾ।

ਸਥਾਨਕ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਕਰਵਾਏ ਸਮਾਰੋਹ ਦੌਰਾਨ ਸਭ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਅਤੇ ਪੁਲਿਸ ਕਮਿਸ਼ਨਰ ਵੱਲੋਂ ਨਸ਼ਾ ਮੁਕਤ ਅਤੇ ਰੰਗਲੇ ਪੰਜਾਬ ਦੀ ਸਿਰਜਣਾ ਲਈ ਕਰੀਬ 6500 ਵਿਅਕਤੀਆਂ, ਜਿਨ੍ਹਾਂ ਵਿੱਚ ਭਾਰੀ ਗਿਣਤੀ ਵਿੱਚ ਨੌਜਵਾਨ ਸ਼ਾਮਲ ਸਨ, ਨੂੰ ਨਸ਼ਿਆਂ ਖਿਲਾਫ਼ ਲੜਨ, ਨਸ਼ਾ ਤਸਕਰਾਂ ਦੀ ਮਦਦ ਕਰਨ ਵਾਲਿਆਂ ਦਾ ਵਿਰੋਧ ਕਰਨ ਅਤੇ ਨਸ਼ੇ ਦੇ ਆਦੀ ਵਿਅਕਤੀਆਂ ਨੂੰ ਨਸ਼ਾ ਛੱਡਣ ਲਈ ਪ੍ਰੇਰਿਤ ਕਰਨ ਦੀ ਸਹੁੰ ਚੁਕਾਈ ਗਈ।

ਇਸ ਮੌਕੇ ਡਾਇਰੈਕਟਰ ਪੀ.ਆਰ.ਟੀ.ਸੀ. ਰਜਿੰਦਰ ਸਿੰਘ ਰਿਹਾਲ, ਨਸ਼ਾ ਮੁਕਤੀ ਮੋਰਚਾ ਦੇ ਦੋਆਬਾ ਕੋਆਰਡੀਨੇਟਰ ਨਯਨ ਛਾਬੜਾ, ਸੀਨੀਅਰ ਆਪ ਆਗੂ ਅਸ਼ਵਨੀ ਅਗਰਵਾਲ ਤੇ ਪਿੰਦਰ ਪੰਡੋਰੀ, ਸਿਟੀ ਗਰੁੱਪ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ, ਮੈਨੇਜਿੰਗ ਡਾਇਰੈਕਟਰ ਮਨਬੀਰ ਸਿੰਘ, ਵਾਈਸ ਚੇਅਰਮੈਨ ਹਰਪ੍ਰੀਤ ਕੌਰ, ਰੇਡੀਓ ਮਿਰਚੀ ਤੋਂ ਭਾਨੂ ਗੋਇਲ, ਵਧੀਕ ਡਿਪਟੀ ਕਮਿਸ਼ਨਰ ਜਸਬੀਰ ਸਿੰਘ, ਅਰਪਨਾ ਐਮ.ਬੀ. ਤੇ ਬੁੱਧੀ ਰਾਜ ਸਿੰਘ ਤੋਂ ਇਲਾਵਾ ਹੋਰ ਧਾਰਮਿਕ, ਰਾਜਨੀਤਕ ਅਤੇ ਸਮਾਜਿਕ ਆਗੂ ਵੀ ਮੌਜੂਦ ਸਨ।

# ਅਨਤੋਦਿਆ ਉਥਾਨ ਤੇ ਗ਼ਰੀਬ ਭਲਾਈ ਦੀ ਦਿਸ਼ਾ ਵਿੱਚ ਕੰਮ ਕਰ ਰਹੀ ਹੈ ਕੇਂਦਰ ਅਤੇ ਸੂਬਾ ਸਰਕਾਰ : ਖੇਡ ਮੰਤਰੀ

ਚੰਡੀਗੜ੍ਹ, 27 ਅਪ੍ਰੈਲ, (ਚ.ਨ.ਸ.) : ਹਰਿਆਣਾ ਦੇ ਖੇਡ ਰਾਜ ਮੰਤਰੀ ਸ੍ਰੀ ਗੌਰਵ ਗੌਤਮ ਨੇ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਅੰਤਯੋਦਿਆ ਉਤਥਾਨ ਅਤੇ ਗਰੀਬ ਭਲਾਈ ਲਈ ਵਚਨਬੱਧ ਹੈ। ਸਰਕਾਰ ਵੱਲੋਂ ਗਰੀਬਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਅੰਤਯੋਦਿਆ ਯੋਜਨਾਵਾਂ ਤਿਆਰ ਕੀਤੀ ਜਾ ਰਹੀਆਂ ਹਨ।

ਖੇਡ ਮੰਤਰੀ ਸ੍ਰੀ ਗੌਰਵ ਗੌਤਮ ਅੱਜ ਪਲਵਲ ਵਿੱਚ ਕੇਸੀ ਵਾਟਿਕਾ ਵਿੱਚ ਸੈਨ ਜੈਯੰਤੀ ਪ੍ਰੋਗਰਾਮ ਅਤੇ ਅਖਿਲ ਭਾਰਤੀ ਮੈਥਿਲੀ ਬ੍ਰਾਹਮਣ ਮਹਾਸਭਾ ਵਿੱਚ ਆਯੋਜਿਤ ਸ਼ਪਥ ਸਮਾਰੋਹ ਵਿੱਚ ਬਤੌਰ ਮੁੱਖ ਮਹਿਮਾਨ ਸੰਬੋਧਿਤ ਕਰ ਰਹੇ ਸਨ।

ਉਨ੍ਹਾਂ ਨੇ ਕਿਹਾ ਕਿ ਸਰਕਾਰ ਵੱਲੋਂ ਗਰੀਬਾਂ ਨੂੰ ਰੋਟੀ, ਕੱਪੜਾ ਅਤੇ ਮਕਾਨ ਜਿਹੀ ਬੁਨਿਆਦੀ ਲੋੜਾਂ ਪ੍ਰਾਥਮਿਕਤਾ ਤੌਰ 'ਤੇ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਨੇ ਕਿਹਾ ਕਿ ਸਰਕਾਰ ਵੱਲੋਂ ਗਰੀਬਾਂ ਨੂੰ ਕੇਂਦਰ ਵਿੱਚ ਰੱਖ ਕੇ ਯੋਜਨਾਵਾਂ ਤਿਆਰ ਕੀਤੀਆਂ ਗਈਆਂ ਹਨ ਤਾਂ ਜੋ ਗਰੀਬਾਂ ਨੂੰ ਇਨ੍ਹਾਂ ਯੋਜਨਾਵਾਂ ਦਾ ਲਾਭ ਵੱਧ ਤੋਂ ਵੱਧ ਮਿਲ ਸਕੇ।

ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਲੋਕਾਂ ਨੂੰ ਸਹੂਲਤਾਂ ਦੇਣ ਦੇ ਟੀਚੇ ਨਾਲ ਹਰ ਖੇਤਰ ਵਿੱਚ ਵਿਕਾਸ ਕੰਮ ਕਰਵਾ ਰਹੀ ਹੈ। ਜ਼ਿਲ੍ਹਾ ਪਲਵਲ ਵਿੱਚ ਵੀ ਸ਼ਹੀਰੀ ਅਤੇ ਪੇਂਡੂ ਖੇਤਰਾਂ ਵਿੱਚ ਵਿਕਾਸ ਦਾ ਪਹਿਯਾ ਹੁਣ ਹੋਰ ਤੇਜੀ ਨਾਲ ਘੁਮੇਗਾ।

ਉਨ੍ਹਾਂ ਨੇ ਨੌਜੁਆਨਾਂ ਨੂੰ ਨਸ਼ੇ ਤੋਂ ਦੂਰ ਰਹਿਣ ਦੀ ਅਪੀਲ ਕਰਦੇ ਹੋਏ ਕਿਹਾ ਕਿ ਯੁਵਾ ਸਿੱਖਿਆ ਦੇ ਨਾਲ ਨਾਲ ਖੇਡਾਂ ਵਿੱਚ ਵੀ ਆਪਣੀ ਪ੍ਰਤਿਭਾ ਦੇ ਬਲ 'ਤੇ ਆਪਣਾ ਭਵਿੱਖ ਬਣਾ ਸਕਦੇ ਹਨ। ਉਨ੍ਹਾਂ ਨੇ ਜ਼ਿਲ੍ਹਾ ਦੇ ਨੌਜੁਆਨਾਂ ਨੂੰ ਪ੍ਰੋਤਸਾਹਿਤ ਕਰਦੇ ਹੋਏ ਕਿਹਾ ਕਿ ਉਹ ਵੀ ਸਿੱਖਿਆ ਦੇ ਨਾਲ ਨਾਲ ਖੇਡਾਂ ਵਿੱਚ ਅੱਗੇ ਆਉਣ, ਤਾਂ ਜੋ ਉਨ੍ਹਾਂ ਦੇ ਜ਼ਿਲ੍ਹਾ ਅਤੇ ਪਿੰਡ ਸਮੇਤ ਪਰਿਵਾਰ ਦਾ ਨਾਂ ਰੋਸ਼ਨ ਹੋ ਸਕੇ।

# ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਤਨਖ਼ਾਹੀਆ ਕਰਾਰ ਦਿੱਤੇ ਸਰਨਾ ਨੂੰ ਸਟੇਜ ਦੇਣ 'ਤੇ ਗੁ: ਰਕਾਬਗੰਜ ਸਾਹਿਬ ਦਾ ਹੈਡ ਗ੍ਰੰਥੀ ਮੁਅੱਤਲ

## ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹੁਕਮਅਦੂਲੀ ਬਰਦਾਸ਼ਤ ਨਹੀਂ ਕਰਾਂਗੇ: ਕਾਲਕਾ, ਕਾਹਲੋਂ




ਨਵੀਂ ਦਿੱਲੀ, 27 ਅਪ੍ਰੈਲ, (ਅੰਮ੍ਰਿਤਪਾਲ ਸਿੰਘ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਤਨਖਾਹੀਆ ਕਰਾਰ ਦਿੱਤੇ ਅਕਾਲੀ ਦਲ ਬਾਦਲ ਦੇ ਆਗੂ ਹਰਵਿੰਦਰ ਸਿੰਘ ਸਰਨਾ ਨੂੰ ਸਟੇਜ ਦੇਣ 'ਤੇ ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ ਦੇ ਹੈੱਡ ਗ੍ਰੰਥੀ ਨੂੰ ਮੁਅੱਤਲ ਕਰ ਦਿੱਤਾ ਹੈ।

ਇਸ ਬਾਰੇ ਜਾਣਕਾਰੀ ਦਿੰਦਿਆਂ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੋਰ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਖਿਲਾਫ ਬੋਲਣ ਵਾਲੇ ਹਰਵਿੰਦਰ ਸਿੰਘ ਸਰਨਾ ਨੂੰ 2 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਤਨਖਾਹੀਆ ਕਰਾਰ ਦਿੱਤਾ ਸੀ, ਤੇ ਸਮੁੱਚੀ ਸਿੱਖ ਕੌਮ ਨੂੰ ਹਦਾਇਤ ਕੀਤੀ ਹੈ, ਕਿ ਉਸ ਨਾਲ ਕਿਸੇ ਵੀ ਤਰੀਕੇ ਦੀ ਸਮਾਜਿਕ ਤੇ ਧਾਰਮਿਕ ਸਾਂਝ ਨਾ ਰੱਖੀ ਜਾਵੇ। ਉਨ੍ਹਾਂ ਦੱਸਿਆ ਕਿ ਅੱਜ ਗੁਰਦੁਆਰਾ ਰਕਾਬਗੰਜ ਸਾਹਿਬ ਕੰਪਲੈਕਸ 'ਚ ਇਕ ਸਮਾਜਿਕ ਸਮਾਗਮ ਸੀ ਜਿਸ ਵਿਚ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਦਿਲਬਾਗ ਸਿੰਘ ਨੇ ਤਨਖਾਹੀਆ ਕਰਾਰ ਦਿੱਤੇ ਸਰਨਾ ਨੂੰ ਸਟੇਜ ਦੇ ਦਿੱਤੀ ਤੇ ਉਸਨੇ ਸੰਗਤ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਇਹ ਕਾਰਵਾਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਸਪਸ਼ਟ ਤੌਰ 'ਤੇ ਉਲੰਘਣਾ ਹੈ।

ਉਨ੍ਹਾਂ ਕਿਹਾ ਕਿ ਇਸ ਉਲੰਘਣਾ ਤੇ ਹੋਈ ਬਜ਼ਰ ਗਲਤੀ ਦਾ ਕਮੇਟੀ ਨੇ ਸਖ਼ਤ ਨੋਟਿਸ ਲੈਂਦਿਆਂ ਗਿਆਨੀ ਦਿਲਬਾਗ ਸਿੰਘ ਨੂੰ ਤੁਰੰਤ ਮੁਅੱਤਲ ਕਰ ਦਿੱਤਾ ਹੈ ਤੇ ਉਹਨਾਂ ਖਿਲਾਫ ਅਗਲੇਰੀ ਕਾਰਵਾਈ ਵੀ ਅਮਲ ਵਿਚ ਲਿਆਂਦੀ ਜਾਵੇਗੀ।

ਕਾਲਕਾ ਤੇ ਕਾਹਲੋਂ ਨੇ ਮੁੜ ਦੁਹਰਾਇਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਕੌਮ ਵਾਸਤੇ ਸਰਵਉੱਚ ਹੈ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੁਕਮਾਂ ਦੀ ਪਾਲਣਾ ਕਰਨਾ ਹਰ ਸਿੱਖ ਦਾ ਮੁੱਢਲਾ ਫਰਜ਼ ਹੈ। ਉਹਨਾਂ ਕਿਹਾ ਕਿ ਇਸ ਫਰਜ਼ ਵਿਚ ਕੁਤਾਹੀ ਕਿਸੇ ਵੀ ਤਰੀਕੇ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਉਹਨਾਂ ਨੇ ਕਮੇਟੀ ਦੇ ਸਮੁੱਚੇ ਸਟਾਫ ਨੂੰ ਵੀ ਆਖਿਆ ਕਿ ਉਹ ਇਹ ਹਮੇਸ਼ਾ ਚੇਤੇ ਰੱਖਣ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਾਡੇ ਲਈ ਸਰਵਉੱਚ ਹੈ।

## ਸੰਪਾਦਕੀ

# ਅਮਰੀਕਾ 'ਚ ਬੇਚੈਨੀ ਦਾ ਆਲਮ

ਅਮਰੀਕਾ ਵਿਚ ਜਦੋਂ ਤੋਂ ਡੌਨਾਲਡ ਟਰੰਪ ਰਾਸ਼ਟਰਪਤੀ ਬਣੇ ਹਨ ਤਾਂ ਅਜੀਬੋ ਗਰੀਬ ਘਟਨਾਵਾਂ ਵਾਪਰ ਰਹੀਆਂ ਹਨ। ਉਹ ਦੁਨੀਆਂ ਦੇ ਮੁੱਦਿਆਂ ਤੋਂ ਵੀ ਬੇਪ੍ਰਵਾਹ ਨਜ਼ਰ ਆ ਰਹੇ ਹਨ ਅਤੇ ਆਪਣੇ ਫੈਸਲੇ ਤਾਨਾਸ਼ਾਹੀ ਨਾਲ ਥੋਪਣ ਨੂੰ ਤਰਜੀਹ ਦੇ ਰਹੇ ਹਨ। ਇਸੇ ਲੜੀ ਤਹਿਤ ਉਨ੍ਹਾਂ ਦਾ ਤਾਨਾਸ਼ਾਹੀ ਕੁਹਾੜਾ ਸਭ ਤੋਂ ਪਹਿਲਾਂ ਵਿਦਿਆਰਥੀਆਂ ਅਤੇ ਟੇਢੇ ਢੰਗ ਨਾਲ ਅਮਰੀਕਾ ਵਿਚ ਰੌਸ਼ਨ ਭਵਿੱਖ ਦੀ ਆਸ ਨਾਲ ਗਏ ਵਿਦੇਸ਼ੀਆਂ ਖਾਸ ਤੌਰ 'ਤੇ ਭਾਰਤੀ ਅਤੇ ਪਾਕਿਸਤਾਨੀ ਵਿਦਿਆਰਥੀਆਂ 'ਤੇ ਚੱਲਿਆ। ਜਿਸ ਜ਼ਲੀਲਤਾ ਨਾਲ ਅਮਰੀਕਾ ਦੀ ਟਰੰਪ ਸਰਕਾਰ ਨੇ ਵਿਦੇਸ਼ੀਆਂ ਨੂੰ ਸਵਦੇਸ਼ ਭੇਜਣ ਦਾ ਰਸਤਾ ਅਪਣਾਇਆ, ਉਹ ਗੈਰ ਮਨੁੱਖੀ, ਜ਼ਲੀਲ ਕਰਨ ਵਾਲਾ ਸੀ ਤੇ ਹੈਰਾਨਕੁੰਨ ਵੀ। ਇਸ ਤੋਂ ਬਾਅਦ ਉਨ੍ਹਾਂ ਦੇ ਇੱਕ ਤੋਂ ਬਾਅਦ ਇੱਕ ਫ਼ੈਸਲਿਆਂ ਨੇ ਬਹੁਤ ਥੋੜੇ ਸਮੇਂ ਵਿਚ ਅਮਰੀਕੀਆਂ ਦਾ ਮੋਹ ਵੀ ਸਰਕਾਰ ਤੋਂ ਭੰਗ ਕਰ ਦਿੱਤਾ ਤੇ ਆਖਰ ਉਨ੍ਹਾਂ ਵਿਰੋਧ ਦਾ ਰਸਤਾ ਅਖ਼ਤਿਆਰ ਕਰ ਲਿਆ ਹੈ। ਇਥੇ ਹੀ ਬਸ ਨਹੀਂ ਲੋਕਾਂ ਨੇ ਉਸਨੂੰ ਜੇਲ੍ਹ ਵਿਚ ਸੁੱਟਣ ਤਕ ਦੀ ਗੱਲ ਵੀ ਕਹੀ ਹੈ। ਪਿਛਲੇ ਦਿਨੀਂ ਉਸ ਦੀਆਂ ਲੋਕ ਵਿਰੋਧੀ ਨੀਤੀਆਂ ਖ਼ਿਲਾਫ਼ ਲੋਕ ਸੜਕਾਂ 'ਤੇ ਉਤਰ ਆਏ ਤੇ ਉਨ੍ਹਾਂ ਉਸਦੀ ਰਿਹਾਇਸ਼ ਵਾਈਟ ਹਾਊਸ ਨੂੰ ਘੇਰ ਲਿਆ। ਇਸੇ ਦੌਰਾਨ ਅਮਰੀਕਾ ਦੇ ਕਰੀਬ 50 ਸੂਬਿਆਂ ਵਿਚ ਉਸ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ ਪ੍ਰਦਰਸ਼ਨ ਕੀਤੇ ਗਏ ਤੇ ਉਸਨੂੰ ਅਲਸਲਾਡੋਰ ਜੇਲ੍ਹ ਭੇਜਣ ਦੀ ਮੰਗ ਕੀਤੀ ਗਈ। ਲੋਕਾਂ ਦਾ ਦੋਸ਼ ਹੈ ਕਿ ਉਸਨੇ ਲੋਕਾਂ ਅਤੇ ਕਾਨੂੰਨ ਦਾ ਰਾਜ ਖਤਮ ਕੀਤਾ ਹੈ। ਗੁੱਸਾਏ ਲੋਕਾਂ ਨੇ ਵਾਈਟ ਹਾਊਸ ਦੇ ਨਾਲ ਨਾਲ ਟਰੰਪ ਦੇ ਕਾਰੋਬਾਰ ਨਾਲ ਜੁੜੇ ਕਈ ਅਦਾਰਿਆਂ ਅਤੇ ਟੇਸਲਾ ਦੇ ਸ਼ੋਅ ਰੂਮ ਦਾ ਵੀ ਘਿਰਾਓ ਕੀਤਾ। ਟਰੰਪ ਖਿਲਾਫ ਵਿਰੋਧ ਪ੍ਰਦਰਸ਼ਨਾਂ ਦਾ ਇਹ ਦੂਸਰਾ ਦੌਰ ਹੈ। ਇਸ ਤੋਂ ਪਹਿਲਾਂ 5 ਅਪ੍ਰੈਲ ਨੂੰ ਪੂਰੇ ਅਮਰੀਕਾ ਵਿਚ ਟਰੰਪ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਹੋਏ ਸਨ। ਟਰੰਪ ਤੋਂ ਇਲਾਵਾ ਉਸਦੇ ਕਾਰੋਬਾਰੀ ਸਾਥੀ ਅਤੇ ਸਲਾਹਕਾਰ ਏਲਨ ਮਸਕ ਵਿਰੁੱਧ ਵੀ ਨਾਅਰੇਬਾਜ਼ੀ ਹੋਈ ਜੋ ਸਰਕਾਰੀ ਅਦਾਰਿਆਂ ਵਿਚੋਂ ਛਾਂਟੀ ਦੀ ਜ਼ੋਰਦਾਰ ਮੁਹਿੰਮ ਚਲਾ ਰਹੇ ਹਨ। ਲੋਕ ਟਰੰਪ ਦੀ ਟੈਰਿਫ ਜੰਗ ਦਾ ਵੀ ਵਿਰੋਧ ਕਰ ਰਹੇ ਹਨ ਕਿਉਂਕਿ ਦੂਸਰੇ ਦੇਸ਼ਾਂ ਤੋਂ ਆਉਣ ਵਾਲੀਆਂ ਵਸਤਾਂ ਬਹੁਤ ਮਹਿੰਗੀਆਂ ਹੋ ਗਈਆਂ ਹਨ। ਇਸੇ ਦੌਰਾਨ ਟਰੰਪ ਦੇ ਕਹਿਰ ਤੋਂ ਬਚਣ ਲਈ ਕੁਝ ਵਿਦੇਸ਼ੀ ਵਿਦਿਆਰਥੀਆਂ ਨੇ ਸੁਪਰੀਮ ਕੋਰਟ ਦਾ ਦਰਵਾਜ਼ਾ ਵੀ ਖੜਕਾਇਆ ਹੈ। ਉਨ੍ਹਾਂ ਦਾ ਦੋਸ਼ ਹੈ ਕਿ ਸਰਕਾਰ ਨੇ ਬਿਨਾਂ ਕਿਸੇ ਚੇਤਾਵਨੀ ਦੇ ਉਨ੍ਹਾਂ ਦੇ ਵਿਦਿਆਰਥੀ ਵੀਜ਼ੇ ਰੱਦ ਕੀਤੇ ਹਨ। ਇਹ ਕੇਸ ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ ਵੱਲੋਂ ਨਿਊ ਹੈਮਸ਼ਾਇਰ ਦੀ ਅਦਾਲਤ ਵਿਚ ਦਾਇਰ ਕੀਤਾ ਹੈ। ਵਿਦਿਆਰਥੀਆਂ ਦਾ ਦੋਸ਼ ਹੈ ਕਿ ਵੀਜ਼ਾ ਰੱਦ ਹੋਣ ਕਾਰਨ ਹੁਣ ਨਾ ਉਹ ਪੜ੍ਹ ਸਕਦੇ ਹਨ ਤੇ ਨਾ ਅਮਰੀਕਾ ਵਿਚ ਕਾਨੂੰਨੀ ਤੌਰ 'ਤੇ ਰਹਿ ਸਕਦੇ ਹਨ। ਦੱਸਣਾ ਬਣਦਾ ਹੈ ਕਿ ਤਾਜ਼ਾ ਫ਼ੈਸਲਿਆਂ ਕਾਰਨ ਵਿਦਿਆਰਥੀ ਆਪਣੀ ਪੜ੍ਹਾਈ ਵੀ ਜਾਰੀ ਨਹੀਂ ਰੱਖ ਸਕਦੇ। ਭਾਵੇਂ ਸਥਾਨਕ ਲੋਕਾਂ ਵਿਚ ਇਹ ਧਾਰਨਾ ਸੀ ਕਿ ਟਰੰਪ ਰਾਸ਼ਟਰਪਤੀ ਬਣਨ ਉਪਰੰਤ ਸਥਾਨਕ ਲੋਕਾਂ ਦਾ ਹੱਕ ਖਾ ਰਹੇ ਵਿਦੇਸ਼ੀਆਂ ਵਿਰੁੱਧ ਸਖਤ ਰੁਖ ਅਖਤਿਆਰ ਕਰੇਗਾ ਪਰ ਜਦੋਂ ਸਥਾਨਕ ਲੋਕਾਂ 'ਤੇ ਵੀ ਸਰਕਾਰੀ ਅਦਾਰਿਆਂ ਵਿਚੋਂ ਛਾਂਟੀ ਦੀ ਤਲਵਾਰ ਆ ਲਟਕੀ ਹੈ, ਲੋਕਾਂ 'ਚ ਵਿਆਪਕ ਰੋਸ ਆ ਪਨਪਿਆ ਹੈ। ਕੁਝ ਵੀ ਹੋਵੇ ਭਵਿੱਖ ਵਿਚ ਵੀ ਟਰੰਪ ਵਿਰੁੱਧ ਰੋਸ ਪ੍ਰਦਰਸ਼ਨਾਂ ਦੀ ਲੜੀ ਜਾਰੀ ਰਹਿ ਸਕਦੀ ਹੈ। ਜੇਕਰ ਉਨ੍ਹਾਂ ਦੇ ਤਾਨਾਸ਼ਾਹੀ ਫੈਸਲੇ ਨਿਰੰਤਰ ਚਲਦੇ ਰਹਿੰਦੇ ਹਨ ਤਾਂ ਅਮਰੀਕੀਆਂ ਦੇ ਮਨਾਂ ਵਿਚੋਂ ਉਹ ਬਿਲਕੁਲ ਮਨਫ਼ੀ ਹੋ ਕੇ ਰਹਿ ਜਾਣਗੇ, ਜੋ ਉਨ੍ਹਾਂ ਧਰਾਤਲ ਵੱਲ ਲੈ ਜਾਣ ਦਾ ਸਬੱਬ ਹੋ ਨਿੱਬੜਨਗੇ

**-ਜਗਜੀਤ ਸਿੰਘ ਦਰਦੀ**

# ਪਹਿਲਗਾਮ ਨਰਸੰਹਾਰ ਤੋਂ ਬਾਅਦ ਕਿਵੇਂ ਪਾਕਿਸਤਾਨ ਮੀਡੀਆ ਦਿਖਾ ਰਿਹੈ ਝੂਠ ਦੀ ਤਸਵੀਰ

## ਸਰਕਾਰ ਦੀ ਤਰ੍ਹਾਂ ਲੋਕਾਂ ਦਾ ਭਰੋਸਾ ਵੀ ਗਵਾ ਚੁੱਕਾ ਹੈ ਪਾਕਿਸਤਾਨ ਮੀਡੀਆ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਪਹਿਲਗਾਮ ਨਰਸੰਹਾਰ ਦੀ ਆਤੰਕਵਾਦੀ ਘਟਨਾ ਦੀ ਕਵਰੇਜ ਨਾਲ ਪੂਰਾ ਵਿਸ਼ਵ ਮੀਡੀਆ ਭਰਿਆ ਹੋਇਆ ਹੈ ਅਤੇ ਪੂਰੇ ਵਿਸ਼ਵ ਦੀ ਮੀਡੀਆ ਸੁਰਖ਼ੀਆਂ ਵਿੱਚ ਇਹ ਸਭ ਤੋਂ ਵੱਡੀ ਖ਼ਬਰ ਹੈ।

ਇੱਥੇ ਮੀਡੀਆ ਦਾ ਸਭ ਤੋਂ ਜ਼ਿਆਦਾ ਵਾਬੇਲਾ ਤੇ ਸ਼ੋਰ ਅੱਜ ਪਾਕਿਸਤਾਨ ਦੀ ਮੀਡੀਆ ਦੁਨੀਆ ਵਿੱਚ ਹੋ ਰਿਹਾ ਹੈ, ਭਾਵੇਂ ਉਹ ਪਾਕਿਸਤਾਨ ਦਾ ਪ੍ਰਿੰਟ ਮੀਡੀਆ ਅਰਥਾਤ ਅਖ਼ਬਾਰਾਂ ਡਿਜੀਟਲ ਮੀਡੀਆ, ਰੇਡੀਓ ਟੈਲੀਵਿਜ਼ਨ ਅਤੇ ਸੋਸ਼ਲ ਮੀਡੀਆ 'ਤੇ ਜਿਸ ਤਰ੍ਹਾਂ ਪਹਿਲਗਾਮ ਦੀ ਘਟਨਾ ਨੂੰ ਲੈ ਕੇ ਝੂਠ ਦਾ ਪਸਾਰ ਅਤੇ ਆਪਣੇ ਲੋਕਾਂ ਵਿੱਚ ਸਰਕਾਰ ਤੇ ਫੌਜ ਦੇ ਪੱਖ ਨੂੰ ਦੱਸਿਆ ਜਾ ਰਿਹਾ ਹੈ, ਉਹ ਇਤਨਾ ਹਾਸੋਹੀਣਾ ਅਤੇ ਲੱਚਰ ਪ੍ਰਸਤੁਤੀ ਦਾ ਨਜ਼ਾਰਾ ਦਿੰਦਾ ਹੈ ਕਿ ਜਿਸ ਨੂੰ ਦੇਖ ਕੇ ਲੋਕ ਪੂਰੀ ਦੁਨੀਆ ਵਿੱਚ ਹੱਸ ਰਹੇ ਹਨ।

ਅੱਜ ਵੀ ਹੋਰ ਤੇ ਹੋਰ ਪਾਕਿਸਤਾਨ ਦੀਆਂ ਵੱਡੀਆਂ ਅਖ਼ਬਾਰਾਂ ਵਿੱਚ ਜੋ ਕਾਰਟੂਨ ਬਣਾਏ ਗਏ ਹਨ, ਉਹਨਾਂ ਵਿੱਚ ਵੀ ਉਹ ਆਪਣੀ ਸਰਕਾਰ ਦੀਆਂ ਵੱਡੀਆਂ ਹਾਸੋਹੀਣੀਆਂ ਰਿਪੋਰਟਾਂ ਅਤੇ ਕਾਰਟੂਨ ਛਾਪ ਕੇ ਆਪਣੀ ਸਰਕਾਰ ਦਾ ਪੱਖ ਪੂਰਦੇ ਹਨ ਪਰੰਤੂ ਲੋਕਾਂ ਨੂੰ ਇਹ ਪਤਾ ਲੱਗ ਚੁੱਕਾ ਹੈ ਕਿ ਪਾਕਿਸਤਾਨ ਦਾ ਮੀਡੀਆ ਸਰਕਾਰੀ ਝੂਠ ਨੂੰ ਛੁਪਾਉਣ ਵਾਸਤੇ ਅਤੇ ਆਪਣੀ ਭਰੋਸੇ ਦੀ ਸਾਖ ਨੂੰ ਬਚਾਉਣ ਵਾਸਤੇ ਵੀ ਜ਼ਰਾ ਵੀ ਅੱਗੇ ਨਹੀਂ ਹੈ ਅਤੇ ਪਾਕਿਸਤਾਨ ਦੇ ਲੋਕ ਹੁਣ ਆਪਣੇ ਸੋਸ਼ਲ ਮੀਡੀਆ 'ਚ ਮੀਮਸ ਅਤੇ ਸੋਸ਼ਲ ਮੀਡੀਆ ਯੂਟਿਊਬ 'ਤੇ ਜਿਸ ਤਰ੍ਹਾਂ ਆਪਣੀ ਭੜਾਸ ਕੱਢ ਰਹੇ ਹਨ ਅਤੇ ਜਿਸ ਤਰ੍ਹਾਂ ਸਰਕਾਰ ਨੂੰ ਬੁਰਾ ਭਲਾ ਕਹਿ ਰਹੇ ਹਨ, ਉਹ ਮੀਡੀਆ ਦਾ ਇੱਕ ਉਹ ਪੱਖ ਹੈ, ਜਿਸ ਨੂੰ ਸਾਹਮਣੇ ਆਉਣਾ ਚਾਹੀਦਾ ਹੈ।

ਅੱਜ ਪੂਰੀ ਦੁਨੀਆਂ ਦੇ ਵਿੱਚ ਪਾਕਿਸਤਾਨ ਮੀਡੀਆ ਦੀ ਜੋ ਕਿਰਕਰੀ ਹੋਈ ਹੈ ਅਤੇ ਜਿਸ ਤਰ੍ਹਾਂ ਦੀਆਂ ਹਾਸੋਹੀਣੀਆਂ ਪ੍ਰਸਤੁਤੀਆਂ ਅਤੇ ਬਾਹਵਾਂ ਉਲਾਰ ਕੇ ਅਤੇ ਧਮਕੀ ਦੀ ਟੋਨ ਦੇ ਵਿੱਚ ਟੈਲੀਵਿਜ਼ਨ ਮੀਡੀਆ ਸੋਸ਼ਲ ਮੀਡੀਆ ਅਤੇ ਪੋਡਕਾਸਟ ਵਿੱਚ ਸਭ ਕੁੱਝ ਪਰੋਸਿਆ ਜਾ ਰਿਹਾ ਹੈ, ਉਹ ਕਲਪਨਾ ਤੋਂ ਵੀ ਪਰੇ ਹੈ।

ਹਾਲਾਂਕਿ ਸਾਡੇ ਆਪਣੇ ਭਾਰਤੀ ਮੀਡੀਆ ਬਾਰੇ ਵੀ ਕਈ ਸਵਾਲ ਉੱਠ ਸਕਦੇ ਹਨ ਪਰ ਇਸ ਮਾਮਲੇ 'ਤੇ ਭਾਰਤੀ ਮੀਡੀਆ ਪਹਿਲੀ ਵਾਰ ਭਾਰਤ ਸਰਕਾਰ ਦੇ ਨਾਲ ਅਤੇ ਭਾਰਤੀ ਲੋਕਾਂ ਦੀ ਪ੍ਰਤੀਨਿੱਧਤਾ ਕਰਦਾ ਹੋਇਆ ਸਾਹਮਣੇ ਆ ਰਿਹਾ ਹੈ। ਪਾਕਿਸਤਾਨ ਮੀਡੀਆ ਦੀ ਗੱਲ ਕਰੀਏ ਤਾਂ ਉਸ ਦੀ ਭਰੋਸੇਯੋਗਤਾ ਪਹਿਲੇ ਹੀ ਖ਼ਤਮ ਹੋ ਚੁੱਕੀ ਹੈ ਅਤੇ ਸਰਕਾਰ ਦੇ ਲੱਚਰ ਰਵੱਈਏ ਦੇ ਕਾਰਨ ਸਰਕਾਰ ਦੇ ਝੂਠ ਨੂੰ ਛੁਪਾਉਣ ਵਾਸਤੇ ਜਿਸ ਤਰ੍ਹਾਂ ਦੇ ਪ੍ਰੋਗਰਾਮ ਪਾਕਿਸਤਾਨ ਟੈਲੀਵਿਜ਼ਨ ਤੋਂ ਚਾਹੇ ਉਹ ਪਾਕਿਸਤਾਨ ਟੈਲੀਵਿਜ਼ਨ ਵਰਡ ਹੋਵੇ ਏਆਰਵਾਈ ਹੋਵੇ ਅਤੇ ਚਾਹੇ ਡਾਨ ਜਾਂ ਜੰਗ ਵਰਗੇ ਪਾਕਿਸਤਾਨ ਦੇ ਵੱਡੇ ਮੀਡੀਆ ਘਰਾਣੇ ਹੋਣ।

ਅੱਜ ਦੁਨੀਆਂ ਵਿੱਚ ਪਾਕਿਸਤਾਨ ਸਰਕਾਰ ਦਾ ਝੂਠ ਸਾਹਮਣੇ ਬੋਲ ਰਿਹਾ ਹੈ, ਪਾਕਿਸਤਾਨ ਮੀਡੀਆ ਉਸ ਦੀ ਇੱਕ ਵੱਡੀ ਉਦਾਹਰਨ ਹੈ ਕਿ ਕਿਵੇਂ ਮੀਡੀਆ ਲੋਕਾਂ ਵਿੱਚ ਆਪਣੀ ਸਾਖ ਅਤੇ ਭਰੋਸੇਯੋਗਤਾ ਨੂੰ ਖ਼ਤਮ ਕਰ ਲੈਂਦਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਜਿਸ ਤਰ੍ਹਾਂ ਪਾਕਿਸਤਾਨ ਪਰਮਾਣੂ ਬੰਬ ਦੀਆਂ ਧਮਕੀਆਂ ਮੀਡੀਆ ਤੋਂ ਪ੍ਰਸਾਰਿਤ ਹੋ ਰਹੀਆਂ ਹਨ, ਉਹ ਲੋਕਾਂ ਵਿੱਚ ਇੱਕ ਮਨੋਵਿਗਿਆਨਿਕ ਪ੍ਰਭਾਵ ਵੀ ਨਹੀਂ ਪਾ ਸਕਦਾ ਹੈ ਕਿਉਂਕਿ ਲੋਕਾਂ ਨੂੰ ਪਤਾ ਹੈ ਕਿ ਪਾਕਿਸਤਾਨ ਦੀ ਫ਼ੌਜ ਸਰਕਾਰ ਅਤੇ ਮੀਡੀਆ ਤਿੰਨੇ ਝੂਠ ਦਾ ਪ੍ਰਸਾਰ ਕਰ ਰਹੇ ਹਨ ਅਤੇ ਝੂਠ ਦਾ ਪ੍ਰਸਾਰ ਬਹੁਤੇ ਦਿਨ ਤੱਕ ਨਹੀਂ ਚੱਲਦਾ।

ਪੂਰੀਆਂ ਮੀਡੀਆ ਰਿਪੋਰਟਾਂ ਦਾ ਸਰਵੇ ਜੇ ਪੱਛਮੀ ਮੀਡੀਆ ਨੂੰ ਦੇਖਿਆ ਜਾਏ ਤਾਂ ਉਹ ਜ਼ਰਾ ਵੀ ਵੁਕਤ ਨਹੀਂ ਦਿੰਦਾ ਹੈ ਪਾਕਿਸਤਾਨੀ ਮੀਡੀਆ ਬਾਰੇ ਪਾਕਿਸਤਾਨੀ ਮੀਡੀਆ ਨੂੰ ਪੱਛਮੀ ਮੀਡੀਆ ਧੋਖੇਬਾਜ਼ ਅਤੇ ਆਪਣੇ ਹਾਲਾਤਾਂ ਤੋਂ ਥੱਲੇ ਦੇਖਦਾ ਹੈ। ਇਸ ਲਈ ਉਹ ਇਸ ਮੀਡੀਆ ਵਿਸ਼ਲੇਸ਼ਣ ਵਿਚ ਕਦੀ ਜ਼ਿਕਰ ਵੀ ਨਹੀਂ ਕਰਦੇ।

ਇੱਥੇ ਇਹ ਵਰਨਣਯੋਗ ਹੈ ਕਿ ਪਿਛਲੇ ਦਿਨੀਂ ਉਹਨਾਂ ਦੇ ਰੱਖਿਆ ਮੰਤਰੀ ਨੇ ਜਦੋਂ ਫੋਕਸ ਨਿਊਜ਼ ਅਮਰੀਕਾ 'ਤੇ ਇਹ ਮੰਨਿਆ ਕਿ ਉਹ ਪਿਛਲੇ 30 ਵਰ੍ਹਿਆਂ ਤੋਂ ਇਹ ਗੰਦਾ ਕੰਮ ਕਰ ਰਹੇ ਹਨ ਅਤੇ ਉਹ ਅਮਰੀਕਾ ਅਤੇ ਬ੍ਰਿਟੇਨ ਵਾਸਤੇ ਦਹਿਸ਼ਤਗਰਦੀ ਦੀ ਪੁਸ਼ਤ ਪਨਾਹੀ ਕਰ ਰਹੇ ਹਨ ਤਾਂ ਇਸ ਨੂੰ ਪਾਕਿਸਤਾਨ ਮੀਡੀਆ ਨੇ ਇੱਕ ਵੀ ਲਾਈਨ ਦੀ ਵੀਡੀਓ ਤੱਕ ਪ੍ਰਸਾਰਿਤ ਨਹੀਂ ਕੀਤਾ ਜਦਕਿ ਇਹ ਭਾਰਤੀ ਮੀਡੀਆ ਵਿੱਚ ਵਿਸ਼ੇਸ਼ ਤੌਰ 'ਤੇ ਦਿਖਾਇਆ ਗਿਆ ਅਤੇ ਯੂਟੀਊਬ 'ਤੇ ਇਸ ਨੂੰ ਕਰੋੜਾਂ ਲੋਕਾਂ ਨੇ ਦੇਖਿਆ ਤੇ ਉਸਦੇ ਉਪਰ ਰਿਐਕਸ਼ਨ ਦਿੱਤਾ ਹੈ। ਕੁੱਝ ਵੀ ਹੋਵੇ ਅੱਜ ਪਾਕਿਸਤਾਨ ਮੀਡੀਆ ਆਪਣੀ ਵਿਸ਼ਵਾਸਨੀਅਤਾ 'ਤੇ ਭਰੋਸਾ ਪੂਰੀ ਤਰ੍ਹਾਂ ਗਵਾ ਚੁੱਕਾ ਹੈ ਅਤੇ ਆਉਣ ਵਾਲੇ ਦਿਨਾਂ ਦੇ ਵਿੱਚ ਜਿਸ ਤਰ੍ਹਾਂ ਦਾ ਮੀਡੀਆ ਰਿਪੋਰਟਿੰਗ ਅਤੇ ਉਹ ਦੂਸਰੀਆਂ ਚੀਜ਼ਾਂ ਦੇਖੀਆਂ ਜਾ ਰਹੀਆਂ ਹਨ, ਉਸ ਤੋਂ ਲੱਗਦਾ ਹੈ ਕਿ ਪਾਕਿਸਤਾਨ ਦੇ ਲੋਕ ਹੁਣ ਸਮਝ ਗਏ ਹਨ ਕਿ ਸਰਕਾਰ ਤੇ ਮੀਡੀਆ ਦਾ ਪੱਖ ਕੀ ਹੈ। ਇਸ ਲਈ ਉਹ ਡਿਜੀਟਲ ਮੀਡੀਆ ਤੇ ਸੋਸ਼ਲ ਮੀਡੀਆ 'ਤੇ ਆਪਣੀ ਭੜਾਸ ਕੱਢ ਰਹੇ ਹਨ ਅਤੇ ਆਪਣੀ ਸਰਕਾਰ ਅਤੇ ਮੀਡੀਆ ਨੂੰ ਖਰੀ ਖਰੀ ਸੁਣਾ ਰਹੇ ਹਨ। ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਵਿੱਚ 26 ਸੈਲਾਨੀਆਂ ਦੀ ਮੌਤ ਤੋਂ ਬਾਅਦ, ਪਾਕਿਸਤਾਨ ਸਰਕਾਰ ਭਾਰਤ ਵੱਲੋਂ ਲਗਾਏ ਗਏ ਅੱਤਵਾਦ ਦੇ ਦੋਸ਼ਾਂ ਦਾ ਜਵਾਬ ਦੇਣ ਵਿੱਚ ਰੁੱਝੀ ਹੋਈ ਹੈ ਹਾਲਾਂਕਿ, ਪਾਕਿਸਤਾਨ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਆਪਣੇ ਆਪ ਤੋਂ ਹੈ, ਕਿਉਂਕਿ ਦੇਸ਼ ਦੇ ਲੋਕ ਆਪਣੀ ਹੀ ਸਰਕਾਰ 'ਤੇ ਸਵਾਲ ਉਠਾ ਰਹੇ ਹਨ ਅਤੇ ਸੋਸ਼ਲ ਮੀਡੀਆ 'ਤੇ ਆਪਣੀ ਨਿਰਾਸ਼ਾ ਦਾ ਪ੍ਰਗਟਾਵਾ ਕਰ ਰਹੇ ਹਨ। ਇਥੇ ਮੀਡੀਆ ਦਾ ਰੋਲ ਬੇਹੱਦ ਨਿਰਾਸ਼ਾਜਨਕ ਹੈ। ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਦੀਆਂ ਖ਼ਬਰਾਂ ਨੂੰ ਵੀ ਪਾਕਿਸਤਾਨ ਮੀਡੀਆ ਜਿਸ ਤਰ੍ਹਾਂ ਮਿਰਚ ਮਸਾਲਾ ਲਗਾ ਕੇ ਚੀਖ਼ ਚੀਖ਼ ਕੇ ਪੇਸ਼ ਕਰ ਰਿਹਾ ਹੈ, ਉਹ ਵੀ ਦੇਖਣਯੋਗ ਹੈ, ਜਿਸ 'ਤੇ ਵੀ ਭਰੋਸਾ ਪਾਕਿਸਤਾਨ ਦੇ ਲੋਕ ਹੁਣ ਨਹੀਂ ਕਰਦੇ। ਪਹਿਲਗਾਮ ਵਿੱਚ ਹੋਏ ਹਮਲੇ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਨੂੰ ਹੋਰ ਵਧਾ ਦਿੱਤਾ। ਦੋਵਾਂ ਦੇਸ਼ਾਂ ਨੇ ਇੱਕ ਦੂਜੇ ਦੀਆਂ ਵੀਜ਼ਾ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਅਤੇ ਸੈਲਾਨੀਆਂ ਨੂੰ ਆਪਣੇ-ਆਪਣੇ ਦੇਸ਼ਾਂ ਤੋਂ ਬਾਹਰ ਕੱਢ ਲਿਆ। ਭਾਰਤ ਨੇ ਪਾਕਿਸਤਾਨ ਵੱਲੋਂ ਲਗਾਤਾਰ ਸਰਹੱਦ ਪਾਰ ਅੱਤਵਾਦ ਦਾ ਹਵਾਲਾ ਦਿੰਦੇ ਹੋਏ ਸਿੰਧੂ ਜਲ ਸੰਧੀ ਨੂੰ ਵੀ ਮੁਅੱਤਲ ਕਰ ਦਿੱਤਾ ਹੈ ਉਸ ਬਾਰੇ ਵੀ ਇੱਕ ਪਾਸੜ ਪ੍ਰਚਾਰ ਪ੍ਰਸਾਰ ਫ਼ੌਜ ਅਤੇ ਸਰਕਾਰ ਦਾ ਪੱਖ ਪਾਕਿਸਤਾਨ ਮੀਡੀਆ ਦਿਖਾ ਰਿਹਾ ਹੈ, ਜਿਸ 'ਤੇ ਲੋਕ ਵਿਸ਼ਵਾਸ ਨਹੀਂ ਕਰ ਰਹੇ। ਇਸ ਸਥਿਤੀ ਨੇ ਪਾਕਿਸਤਾਨ ਦੇ ਨਾਗਰਿਕਾਂ ਨੂੰ ਸਰਕਾਰ ਵਿਰੁੱਧ ਆਵਾਜ਼ ਬੁਲੰਦ ਕਰਨ ਲਈ ਮਜਬੂਰ ਕਰ ਦਿੱਤਾ ਹੈ। ਉਹ ਮੀਡੀਆ ਵਿੱਚ ਮੀਮਜ਼ ਅਤੇ ਵਿਅੰਗ ਰਾਹੀਂ ਆਪਣੀ ਅਸਹਿਮਤੀ ਪ੍ਰਗਟ ਕਰ ਰਹੇ ਹਨ। ਜ਼ਿਆਦਾਤਰ ਪੋਸਟਾਂ ਅਤੇ ਮੀਮਜ਼ ਭਾਰਤ ਵੱਲੋਂ ਪਾਕਿਸਤਾਨ ਵਿਰੁੱਧ ਚੁੱਕੇ ਗਏ ਕਦਮਾਂ ਦੀ ਪ੍ਰਤੀਕਿਰਿਆ ਵਜੋਂ ਉਭਰ ਕੇ ਸਾਹਮਣੇ ਆਏ ਹਨ। ਸੋਸ਼ਲ ਮੀਡੀਆ 'ਤੇ ਪਾਕਿਸਤਾਨੀਆਂ ਨੇ ਆਪਣੇ ਦੇਸ਼ ਦੀ ਸਰਕਾਰ ਦੀ ਆਲੋਚਨਾ ਕੀਤੀ, ਜਿਸ ਤੋਂ ਪਤਾ ਚੱਲਦਾ ਹੈ ਕਿ ਪਾਕਿਸਤਾਨ ਆਪਣੇ ਨਾਗਰਿਕਾਂ ਨੂੰ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ ਵਿੱਚ ਅਸਫਲ ਰਿਹਾ ਹੈ। ਪਾਕਿਸਤਾਨੀ ਨਾਗਰਿਕ ਆਪਣੀ ਵਿੱਤੀ ਸਥਿਤੀ ਨੂੰ ਲੈ ਕੇ ਚਿੰਤਤ ਹਨ। ਸੋਸ਼ਲ ਮੀਡੀਆ 'ਤੇ ਜੰਗ ਦੀ ਚਰਚਾ ਹੈ, ਪਰ ਪਾਕਿਸਤਾਨ ਦੇ ਨਾਗਰਿਕ ਆਪਣੀ ਵਿੱਤੀ ਸਥਿਤੀ ਬਾਰੇ ਚਿੰਤਤ ਹਨ ਅਤੇ ਕੀ ਉਹ ਇਸ ਟਕਰਾਅ ਦਾ ਸਾਹਮਣਾ ਕਰ ਸਕਣਗੇ। ਇੱਕ ਯੂਜ਼ਰ ਨੇ ਮਜ਼ਾਕ ਕੀਤਾ ਕਿ ਜੇਕਰ ਭਾਰਤ ਜੰਗ ਚਾਹੁੰਦਾ ਹੈ, ਤਾਂ ਉਸਨੂੰ ਸਵੇਰੇ 9 ਵਜੇ ਤੋਂ ਪਹਿਲਾਂ ਇਸਨੂੰ ਖਤਮ ਕਰ ਦੇਣਾ ਚਾਹੀਦਾ ਹੈ ਕਿਉਂਕਿ ਉਸ ਤੋਂ ਬਾਅਦ ਗੈਸ ਸਪਲਾਈ ਬੰਦ ਹੋ ਜਾਂਦੀ ਹੈ। ਇੱਕ ਹੋਰ ਯੂਜ਼ਰ ਨੇ ਵਿਅੰਗ ਨਾਲ ਕਿਹਾ ਕਿ ਆਟਾ, ਪਾਣੀ, ਭੀਖ ਅਤੇ ਹੁਣ ਗੈਸ ਵੀ ਚਲੀ ਜਾਵੇਗੀ। ਇੱਕ ਹੋਰ ਯੂਜ਼ਰ ਨੇ ਪਾਕਿਸਤਾਨ ਦੀ ਆਰਥਿਕ ਹਾਲਤ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਸਾਨੂੰ ਜੰਗ ਲਈ ਤਿਆਰੀ ਕਰਨ ਦੀ ਲੋੜ ਨਹੀਂ ਹੈ, ਅਸੀਂ ਪਹਿਲਾਂ ਹੀ ਇੱਕ ਗਰੀਬ ਦੇਸ਼ ਹਾਂ। ਇੱਕ ਹੋਰ ਥ੍ਰੈਡ 'ਤੇ, ਪਾਕਿਸਤਾਨੀਆਂ ਨੇ ਆਪਣੇ ਦੁੱਖਾਂ ਬਾਰੇ ਮਜ਼ਾਕ ਉਡਾਇਆ। ਇੱਕ ਯੂਜ਼ਰ ਨੇ ਪੁੱਛਿਆ, ਕੀ ਭਾਰਤ ਪਾਕਿਸਤਾਨ 'ਤੇ ਬੰਬ ਸੁੱਟਣ ਜਾ ਰਿਹਾ ਹੈ? ਜਵਾਬ ਆਇਆ ਕਿ ਭਾਰਤੀ ਮੂਰਖ ਨਹੀਂ ਹਨ, ਪਰ ਤੀਜੇ ਯੂਜ਼ਰ ਨੇ ਕਿਹਾ ਕਿ ਉਸ ਲਈ ਇਹ ਦੁੱਖ ਬੰਬ ਧਮਾਕੇ ਤੋਂ ਵੀ ਵੱਡਾ ਹੈ ਅਤੇ ਪੁੱਛਿਆ ਕਿ ਇਹ ਦੁੱਖ ਕਦੋਂ ਖ਼ਤਮ ਹੋਵੇਗਾ?

**ਪਾਕਿਸਤਾਨ ਮੀਡੀਆ 'ਤੇ ਮੀਮਜ਼ ਸਾਂਝੇ ਕੀਤੇ ਜਾ ਰਹੇ ਹਨ:**

ਇੱਕ ਪਾਕਿਸਤਾਨੀ ਯੂਜ਼ਰ ਨੇ ਪਾਕਿਸਤਾਨੀ ਹਵਾਈ ਸੈਨਾ ਦਾ ਮਜ਼ਾਕ ਉਡਾਉਂਦੇ ਹੋਏ ਇੱਕ ਮੀਮ ਸਾਂਝਾ ਕੀਤਾ। ਉਸੇ ਸਮੇਂ, ਇੱਕ ਭਾਰਤੀ ਉਪਭੋਗਤਾ ਨੇ ਭਾਰਤੀ ਹਵਾਈ ਸੈਨਾ ਤੋਂ ਕਾਰਵਾਈ ਦੀ ਮੰਗ ਕੀਤੀ, ਜਿਸ ਦੇ ਜਵਾਬ ਵਿੱਚ ਇੱਕ ਪਾਕਿਸਤਾਨੀ ਉਪਭੋਗਤਾ ਨੇ ਇੱਕ ਮੀਮ ਸਾਂਝਾ ਕੀਤਾ, ਜਿਸ ਵਿੱਚ ਇੱਕ ਵਿਅਕਤੀ ਨੂੰ ਪੇਪਰਬੋਰਡ ਤੋਂ ਬਣੀ ਮੋਟਰਸਾਈਕਲ 'ਤੇ ਉੱਡਦੇ ਹੋਏ ਦੇਖਿਆ ਗਿਆ।

ਭਾਰਤ ਵੱਲੋਂ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨ ਅਤੇ ਪਾਣੀ ਰੋਕਣ ਦੀਆਂ ਧਮਕੀਆਂ ਦੇ ਵਿਚਕਾਰ, ਇੱਕ ਉਪਭੋਗਤਾ ਨੇ ਕਿਹਾ, ਪਾਣੀ ਰੋਕਣਾ ਚਾਹੁੰਦੇ ਹੋ? ਫਿਰ ਵੀ ਕੋਈ ਸਪਲਾਈ ਨਹੀਂ ਹੈ। ਸਾਡੀ ਸਰਕਾਰ ਪਹਿਲਾਂ ਹੀ ਸਾਨੂੰ ਮਾਰ ਰਹੀ ਹੈ। ਉਸਨੇ ਮਜ਼ਾਕ ਕਰਦਿਆਂ ਕਿਹਾ, ਕੀ ਤੁਸੀਂ ਲਾਹੌਰ ਵੀ ਲੈ ਲਓਗੇ? ਤੁਸੀਂ ਇਸਨੂੰ ਅੱਧੇ ਘੰਟੇ ਵਿੱਚ ਵਾਪਸ ਕਰ ਦਿਓਗੇ।

ਮੀਡੀਆ ਦੀ ਭੂਮਿਕਾ ਆਪਣੇ ਲੋਕਾਂ ਨੂੰ ਸੱਚ ਅਤੇ ਮੀਡੀਆ ਦੇ ਵਿਸ਼ਵਾਸ ਦੀ ਜਿਸ ਨੂੰ ਮੀਡੀਆ ਕਰੈਡਬਿਲਟੀ ਕਿਹਾ ਜਾਂਦਾ ਹੈ।

ਹੁਣ ਲੱਗਦਾ ਹੈ ਕਿ ਪੂਰੀ ਦੁਨੀਆਂ ਵਿੱਚ ਪਾਕਿਸਤਾਨ ਦੇ ਸਾਰੇ ਮੀਡੀਆ ਨੇ ਹੱਦਾਂ ਪਾਰ ਕਰ ਲਈਆਂ ਹਨ ਅਤੇ ਪ੍ਰਿੰਟ ਡਿਜ਼ੀਟਲ ਅਤੇ ਸੋਸ਼ਲ ਮੀਡੀਆ 'ਤੇ ਜਿਸ ਤਰ੍ਹਾਂ ਦਾ ਝੂਠ ਪਾਕਿਸਤਾਨ ਮੀਡੀਆ ਪਰੋਸ ਰਿਹਾ, ਉਸ ਵਿੱਚ ਹੁਣ ਉਹਨਾਂ ਦੇ ਲੋਕਾਂ ਦਾ ਤੇ ਦੁਨੀਆਂ ਦੇ ਲੋਕਾਂ ਦਾ ਜ਼ਰਾ ਵੀ ਵਿਸ਼ਵਾਸ ਨਹੀਂ ਰਿਹਾ ਹੈ।

# ਦੋ ਦਸੰਬਰ ਦਾ ਹੁਕਮਨਾਮਾ ਕੌਣ ਕਰੂ ਲਾਗੂ ?



ਕਮਲਜੀਤ ਸਿੰਘ ਬਨਵੈਤ
98147 34035

ਸਿੱਖਾਂ ਦੀ ਸਰਵਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਦੋ ਦਸੰਬਰ ਨੂੰ ਹੁਕਮਨਾਮਾ ਜਾਰੀ ਕਰਨ ਵਾਲੇ ਸਿੰਘ ਸਾਹਿਬਾਨਾਂ ਨੂੰ ਘਰੀ ਤੋਰ ਦਿੱਤਾ ਗਿਆ। ਨਵੇਂ ਨਿਯੁਕਤ ਕੀਤੇ ਜਥੇਦਾਰ ਆਪਣੀ ਜਥੇਦਾਰੀ ਬਚਾਉਣ ਵਿੱਚ ਲੱਗੇ ਹੋਏ ਹਨ। ਦੋ ਦਸੰਬਰ ਦੇ ਹੁਕਮ ਨੂੰ ਜਾਰੀ ਕੀਤੇ ਹੁਕਮਨਾਮੇ ਨੂੰ ਲਾਗੂ ਕਰਵਾਉਣ ਵਿੱਚ ਨਾ ਉਹਨਾਂ ਦੀ ਦਿਲਚਸਪੀ ਹੈ, ਸਗੋਂ ਉਹ ਤਾਂ ਗੱਲ ਕਰਨ ਤੋਂ ਵੀ ਟਾਲਾ ਵੱਟ ਜਾਂਦੇ ਹਨ। ਜਿਸ ਕਾਰਜ ਨੂੰ ਸਿਰੇ ਚੜ੍ਹਾਉਣ ਲਈ ਉਹਨਾਂ ਨੂੰ ਏਡੇ ਵੱਡੇ ਰੁਤਬੇ ਦਿੱਤੇ ਗਏ ਹਨ, ਉਹਨਾਂ 'ਤੇ ਡੱਟਣਾ ਪਹਿਲਾ ਧਰਮ ਹੋਵੇਗਾ।

ਅਸਲ ਵਿੱਚ ਦੋ ਦਸੰਬਰ ਦੇ ਹੁਕਮਨਾਮੇ ਤੇ ਸਿੱਖ ਸਿਆਸਤ ਨੂੰ ਲੈਣ ਕੇ ਰੌਲਾ ਘਚੋਲਾ ਹੀ ਏਨਾ ਪੈ ਗਿਆ ਹੈ ਕਿ ਹਾਲ ਦੀ ਘੜੀ ਗੱਲ ਕਿਸੇ ਤਨ ਪੱਤਣ ਲੱਗਦੀ ਨਜ਼ਰ ਨਹੀਂ ਆ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਦੀ ਸਥਾਪਿਤ ਧਿਰ ਨੂੰ ਇਹੋ ਵਾਰਾਂ ਖਾ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਮੋਢਿਆਂ ਉੱਤੇ ਦਵੱਲਿਓਂ ਏਨਾ ਭਾਰ ਪੈ ਚੁੱਕਾ ਹੈ ਕਿ ਉਹ ਸਮੱਸਿਆਵਾਂ ਦੇ ਸਮੁੰਦਰ ਵਿੱਚ ਤੈਰਦੇ ਨਜ਼ਰ ਆਉਣ ਲੱਗੇ ਹਨ। ਉਹਨਾਂ ਨੂੰ ਵਰਤਿਆ ਜਾ ਰਿਹਾ ਹੈ ਜਾਂ ਉਹ ਮੀਸਣੇ ਜਿਹੇ ਬਣ ਕੇ ਕੁਰਸੀ ਦਾ ਆਨੰਦ ਮਾਣਨਾ ਚਾਹ ਰਹੇ ਹਨ, ਇਸ ਦਾ ਕਿਸੇ ਕੋਲ ਸਪੱਸ਼ਟ ਉੱਤਰ ਨਹੀਂ ਹੈ। ਕਈ ਮੌਕੇ ਅਜਿਹੇ ਆਏ ਹਨ, ਜਿੱਥੇ ਉਹਨਾਂ ਨੇ ਸਥਾਪਿਤ ਧਿਰ ਨਾਲ ਵਫ਼ਾਦਾਰੀ ਨਿਭਾਈ ਹੈ। ਇਸ ਵੇਲੇ ਉਹਨਾਂ ਨੇ ਤਖ਼ਤ ਸਾਹਿਬਾਨਾਂ ਦੇ ਜਥੇਦਾਰਾਂ ਵੱਲ ਨੂੰ ਪਿੱਠ ਵੀ ਕਰ ਲਈ ਸੀ। ਉਹਨਾਂ ਦਾ ਪਿਛੋਕੜ ਬੜੇ ਦਿਆਨਤਦਾਰ ਅਤੇ ਸਾਊ ਧਾਰਮਿਕ ਲੀਡਰਾਂ ਵਾਲਾ ਰਿਹਾ ਹੈ। ਪਰ ਪਿਛਲੇ ਸਮੇਂ ਦੌਰਾਨ ਉਹਨਾਂ ਦੇ ਕਿਰਦਾਰ ਨੂੰ ਲੈ ਕੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਹੁੰਦੇ ਰਹੇ ਹਨ। ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਬਰਖ਼ਾਸਤ ਕਰਨ ਵੇਲੇ ਉਨਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਟਿੱਚ ਨਹੀਂ ਸੀ ਜਾਣਿਆ। ਗਿਆਨੀ ਰਘਬੀਰ ਸਿੰਘ ਅਤੇ ਗਿਆਨੀ ਸੁਲਤਾਨ ਸਿੰਘ ਨੂੰ ਅਹੁਦੇ ਤੋਂ ਲਾਂਭੇ ਕਰਨ ਵੇਲੇ ਚਾਹੇ ਉਹ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨਹੀਂ ਸਨ ਪਰ ਚਰਚਾ ਸੀ ਕਿ ਆਪਣੇ ਆਕਾ ਦੇ ਇਸ਼ਾਰੇ 'ਤੇ ਘਰ ਦੀ ਚਾਰ ਦੀਵਾਰੀ ਅੰਦਰ ਖਾਮੋਸ਼ ਵੀ ਤਾਂ ਬੈਠੇ ਰਹੇ ਸਨ।

ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਉਹਨਾਂ ਦੀ ਗ਼ੈਰ ਹਾਜ਼ਰੀ ਵਿੱਚ ਤਖ਼ਤ ਸ੍ਰੀ ਅਕਾਲ ਦਮਦਮਾ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਦਾ ਕਾਰਜਕਾਰੀ ਜਥੇਦਾਰ ਲਾਇਆ ਵੀ ਗਿਆ ਅਤੇ ਚੋਰੀ ਚੋਰੀ ਦਸਤਾਰਬੰਦੀ ਵੀ ਕੀਤੀ ਗਈ। ਬਾਬਾ ਟੇਕ ਸਿੰਘ ਧਨੌਲਾ ਦੀ ਨਿਯੁਕਤੀ ਵੇਲੇ ਵੀ ਉਹ ਪ੍ਰਧਾਨਗੀ ਦੇ ਅਹੁਦੇ ਤੋਂ ਪਾਸੇ ਹੋ ਕੇ ਬੈਠੇ ਸਨ। ਉਨ੍ਹਾਂ ਦੀ ਚੁੱਪ ਦੇ ਅਰਥ ਹੁਣ ਸਮਝ ਆਉਣ ਲੱਗੇ ਹਨ। ਉਸ ਵੇਲੇ ਤੱਕ ਤਾਂ ਹਰਜਿੰਦਰ ਸਿੰਘ ਧਾਮੀ ਨੂੰ ਅਣਖੀ ਬੰਦਾ ਹੀ ਸਮਝਿਆ ਜਾਂਦਾ ਰਿਹਾ ਸੀ। ਸੂਤਰ ਦਾਅਵਾ ਕਰਦੇ ਹਨ ਕਿ ਉਹਨਾਂ ਦੀ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਦਾਲ ਨਹੀਂ ਗਲ ਰਹੀ ਹੈ ਅਤੇ ਬਾਬਾ ਟੇਕ ਸਿੰਘ ਧਨੌਲਾ ਦੀ ਦਸਤਾਰਬੰਦੀ ਵੇਲੇ ਵੀ ਉਹ ਦੂਰ ਰਹੇ ਸਨ। ਐਡਵੋਕੇਟ ਧਾਮੀ ਦੀ ਚੁੱਪ ਤੋਂ ਤਾਂ ਧਾਰਮਿਕ ਹਲਕਿਆਂ ਵਿੱਚ ਇਹੋ ਸਮਝਿਆ ਜਾ ਰਿਹਾ ਹੈ ਕਿ ਅੰਦਰੋਂ ਅੰਦਰੀ ਹਾਮੀ ਭਰਵਾ ਲਈ ਜਾਂਦੀ ਰਹੀ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੋ ਦਸੰਬਰ ਦੇ ਹੁਕਮਨਾਮੇ ਨੂੰ ਲੈ ਕੇ ਚੁੱਪ ਧਾਰੀ ਬੈਠੇ ਹਨ। ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਐਲਾਨੀ ਸੱਤ ਮੈਂਬਰੀ ਕਮੇਟੀ ਨੂੰ ਉਹਨਾਂ ਨੇ ਚਾਹ ਦੇ ਕੱਪ ਉਤੇ ਸੱਦਿਆ ਪਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੀਤੀ ਭਰਤੀ ਨਾਲ ਰਲੇਵਾਂ ਕਰਨ ਦੀ ਆਫ਼ਰ ਕਰਕੇ ਸਥਾਪਤ ਧਿਰ ਦਾ ਮੁੜ ਪੱਖ ਪੂਰ ਦਿੱਤਾ।

ਸ਼੍ਰੋਮਣੀ ਅਕਾਲੀ ਦਲ ਨਾਲ ਜੁੜੇ ਸੂਤਰਾਂ ਦਾ ਦਾਅਵਾ ਹੈ ਕਿ ਐਡਵੋਕੇਟ ਧਾਮੀ ਵੱਲੋਂ ਚਾਹੇ ਤਖ਼ਤ ਸਾਹਿਬਾਨਾਂ ਦੇ ਜਥੇਦਾਰਾਂ ਦੀ ਨਿਯੁਕਤੀ ਲਈ ਵਿਧੀ ਵਿਧਾਨ ਤਿਆਰ ਕਰਨ ਦੀ ਮੁਨਾਦੀ ਕੀਤੀ ਗਈ ਹੈ ਪਰ ਇਸ ਦੇ ਵਿੱਚ ਵਿਚਾਲੇ ਬਾਬਾ ਟੇਕ ਸਿੰਘ ਧਨੌਲਾ ਦੀ ਤਖ਼ਤ ਸ਼੍ਰੀ ਦਮਦਮਾ ਸਾਹਿਬ ਦੇ ਜਥੇਦਾਰ ਵਜੋਂ ਦਸਤਾਰਬੰਦੀ ਵੇਲੇ ਦੀ ਗ਼ੈਰ ਹਾਜ਼ਰੀ ਕਈ ਨਾਂਹ ਪੱਖੀ ਸਵਾਲ ਖੜ੍ਹੇ ਕਰ ਗਈ ਹੈ। ਖ਼ਬਰਾਂ ਤਾਂ ਇਹ ਵੀ ਹਨ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਜੋਂ ਸੇਵਾ ਨਿਭਾਉਣ ਲਈ ਕਥਾ ਵਾਚਕ ਗਿਆਨੀ ਪਿੰਦਰਪਾਲ ਸਿੰਘ ਨੂੰ ਆਫ਼ਰ ਦੇ ਚੁੱਕੇ ਹਨ ਪਰ ਕਮੇਟੀ ਦੇ ਪ੍ਰਧਾਨ ਦੀ ਦੋਚਿੱਤੀ ਨੂੰ ਦੇਖ ਕੇ ਇੰਝ ਲੱਗਦਾ ਹੈ ਕਿ ਉਹ ਉੱਪਰੋਂ ਇਸ਼ਾਰਾ ਮਿਲਣ ਤੱਕ ਆਪਣੇ ਪੱਧਰ 'ਤੇ ਕੋਈ ਫੈਸਲਾ ਨਹੀਂ ਲੈ ਸਕਣਗੇ। ਕਦੇ ਕਦੇ ਤਾਂ ਇੰਝ ਲੱਗਦਾ ਕਿ ਉਹ ਗੋਂਗਲੂਆਂ ਤੋਂ ਮਿੱਟੀ ਝਾੜ ਕੇ ਆਪਣੀ ਚਮੜੀ ਬਚਾ ਰਹੇ ਹਨ।

ਇੱਕ ਹੋਰ ਗੱਲ ਅਕਸਰ ਚਰਚਾ ਵਿੱਚ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਦੁਬਾਰਾ ਬਣੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਇਹ ਦਰਦ ਮੱਠਾ ਨਹੀਂ ਹੋ ਰਿਹਾ ਹੈ ਕਿ ਦੋ ਦਸੰਬਰ ਦੇ ਹੁਕਮਨਾਮੇ ਵਿੱਚ ਉਹਨਾਂ ਦੇ ਪਿਤਾ ਮਰਹੂਮ ਪ੍ਰਕਾਸ਼ ਸਿੰਘ ਬਾਦਲ ਤੋਂ ਫਖ਼ਰ ਏ ਕੌਮ ਵਾਪਸ ਲੈ ਲਿਆ ਗਿਆ ਸੀ। ਸ਼੍ਰੋਮਣੀ ਅਕਾਲੀ ਦਲ ਵੱਲੋਂ ਇੱਕ ਵੱਡੇ ਇਕੱਠ ਦੌਰਾਨ ਸਿੰਘ ਸਾਹਿਬਾਨ ਨੂੰ ਫ਼ਖ਼ਰ ਏ ਕੌਮ ਦਾ ਖ਼ਿਤਾਬ ਵਾਪਸ ਲੈਣ ਦੀ ਅਪੀਲ ਵੀ ਕੀਤੀ ਗਈ ਸੀ। ਪਰ ਗੱਲ ਅੱਗੇ ਤੁਰੀ ਨਹੀਂ। ਜਿਵੇਂ ਦੇ ਸਿੱਖ ਸਿਆਸਤ ਦੇ ਹਾਲਾਤ ਚੱਲ ਰਹੇ ਹਨ ਅਤੇ ਜਿਸ ਤਰ੍ਹਾਂ ਦੀਆਂ ਖੇਡਾਂ ਖੇਡੀਆਂ ਜਾ ਰਹੀਆਂ ਹਨ, ਉਸ ਵਿੱਚ ਇਹ ਵੱਡੀ ਗੱਲ ਨਹੀਂ ਲੱਗਦੀ ਕਿ ਜਥੇਦਾਰ ਕੁਲਦੀਪ ਸਿੰਘ ਗੜਗੱਜ ਉਹ ਸਾਰੇ ਫੈਸਲਿਆਂ ਉੱਤੇ ਮੁੜ ਵਿਚਾਰ ਕਰ ਲੈਣ ਜਿਹੜੇ ਸਥਾਪਤ ਧਿਰ ਨੂੰ ਵਾਰਾ ਨਹੀਂ ਖਾਂਦੇ ਹਨ। ਉਹ ਇਹ ਵੀ ਹੋ ਸਕਦਾ ਹੈ ਕਿ ਹੁਕਮਨਾਮੇ ਦੇ ਇੱਕ ਹਿੱਸੇ ਨੂੰ ਖ਼ਤਮ ਕਰਨ ਲਈ ਮਾਮਲਾ ਲਟਕਾਅ ਹੀ ਦਿੱਤਾ ਜਾਵੇ ਕਿ ਇਹ ਆਪਣੇ ਆਪ ਸਾਹ ਸੱਤ ਹੀ ਹੋ ਕੇ ਰਹਿ ਜਾਵੇ। ਵੈਸੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਭਰਤੀ ਮੁਕੰਮਲ ਕਰਕੇ ਨਵਾਂ ਪ੍ਰਧਾਨ ਚੁਣ ਲਿਆ ਗਿਆ ਹੈ। ਸ੍ਰੀ ਅਕਾਲ ਤਖ਼ਤ ਵੱਲੋਂ ਗਠਿਤ ਪੰਜ ਮੈਂਬਰੀ ਭਾਰਤੀ ਕਮੇਟੀ ਆਪਣਾ ਕੰਮ ਜ਼ੋਰ ਸ਼ੋਰ ਨਾਲ ਕਰ ਰਹੀ ਹੈ। ਕਮੇਟੀ ਦੇ ਸਰਗਰਮ ਮੈਂਬਰ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਕਹਿੰਦੇ ਹਨ ਕਿ ਉਹ ਭਰਤੀ ਮੁਕੰਮਲ ਕਰਨ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਗਲੀ ਸੇਧ ਲੈਣਗੇ। ਜਦੋਂ ਸੱਤ ਮੈਂਬਰੀ ਕਮੇਟੀ ਗਠਿਤ ਕਰਨ ਵਾਲੇ ਜਥੇਦਾਰ ਹੀ ਤਖ਼ਤਾਂ ਉੱਤੇ ਸੁਸ਼ੋਭਤ ਨਹੀਂ ਹਨ ਤਾਂ ਕੀ ਨਵੇਂ ਜਥੇਦਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਇੱਛਾ ਦੇ ਉਲਟ ਚੱਲ ਸਕਣਗੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਇੱਛਾ ਅਤੇ ਉਸਦੇ ਸਿਰ ਉੱਤੇ ਹੱਥ ਰੱਖਣ ਵਾਲਿਆਂ ਦੀਆਂ ਭਾਵਨਾਵਾਂ ਦੇ ਉਲਟ ਚੱਲਣ ਕਰਕੇ ਹੀ ਤਾਂ ਪਹਿਲੇ ਜਥੇਦਾਰਾਂ ਨੂੰ ਘਰੀਂ ਤੋਰਿਆ ਗਿਆ ਸੀ।

ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਬਜ਼ਿੱਦ ਹਨ ਕਿ ਅਹੁਦਿਆਂ ਤੋਂ ਵੱਖ ਕੀਤੇ ਤਿੰਨ ਸਿੰਘ ਸਾਹਿਬਾਨ ਨੂੰ ਮੁੜ ਸੇਵਾ ਸੰਭਾਲ ਦੇ ਕੇ ਮਾਣ ਸਨਮਾਨ ਨਾਲ ਸੇਵਾ ਮੁਕਤ ਕੀਤਾ ਜਾਵੇ। ਐਡਵੋਕੇਟ ਧਾਮੀ ਮੰਨੇ ਅਣਮੰਨੇ ਮਨ ਨਾਲ ਇਸ ਲਈ ਹਾਮੀ ਵੀ ਭਰ ਰਹੇ ਹਨ ਪਰ ਹੁਣ ਤਿੰਨ ਸਿੰਘ ਸਾਹਿਬਾਨ ਵਿੱਚੋਂ ਦੋ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਅਤੇ ਗਿਆਨੀ ਹਰਪ੍ਰੀਤ ਸਿੰਘ ਤਾਂ ਵਿਦੇਸ਼ ਨੂੰ ਉੱਡ ਚੁੱਕੇ ਹਨ। ਉਹਨਾਂ ਦੀ ਗੈਰਹਾਜ਼ਰੀ ਵਿੱਚ ਇਹ ਸੰਭਵ ਕਿਵੇਂ ਹੋਊ? ਦੂਜੇ ਬੰਨੇ ਗਿਆਨੀ ਰਘਬੀਰ ਸਿੰਘ ਉੱਤੇ ਜ਼ੋਰ ਪਾਇਆ ਜਾ ਰਿਹਾ ਹੈ ਕਿ ਉਹ ਇਹ ਕਹਿਣ ਕਿ ਉਹ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵਜੋਂ ਮੁੜ ਤੋਂ ਸੇਵਾ ਸੰਭਾਲਣ ਲਈ ਰਾਜ਼ੀ ਨਹੀਂ ਹਨ। ਪਰ ਇਹ ਫਰੇਬ ਸ਼ਾਇਦ ਉਹਨਾਂ ਦੇ ਕੱਦ ਤੋਂ ਬਹੁਤ ਬੌਣਾ ਹੈ, ਇਸ ਕਰਕੇ ਉਹਨਾਂ ਨੇ ਹਾਮੀ ਨਹੀਂ ਭਰੀ ਹੈ।

ਤਿੰਨ ਸਿੰਘ ਸਾਹਿਬਾਨ ਜਿਨ੍ਹਾਂ ਨੇ ਦੋ ਦਸੰਬਰ ਦਾ ਹੁਕਮਨਾਮਾ ਤਿਆਰ ਅਤੇ ਜਾਰੀ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਸੀ, ਉਹ ਅਹੁਦਿਆਂ ਤੋਂ ਲਾਂਭੇ ਕੀਤੇ ਜਾ ਚੁੱਕੇ ਹਨ। ਉਹਨਾਂ ਦੀ ਥਾਂ 'ਤੇ ਨਵੇਂ ਬਣੇ ਜਥੇਦਾਰ ਹੁਕਮਨਾਮੇ 'ਤੇ ਪਹਿਰਾ ਦੇਣ ਦਾ ਦਮ ਰੱਖਦੇ ਨਹੀਂ ਲੱਗਦੇ ਹਨ। ਹੁਣ ਤੱਕ ਦੇ ਹਾਲਾਤ ਜਿਵੇਂ ਦੇ ਬਣਦੇ ਤੇ ਵਿਗੜਦੇ ਆ ਰਹੇ ਹਨ ਉਸ ਤੋਂ ਇੰਜ ਹੀ ਲੱਗਦਾ ਹੈ ਕਿ ਹੁਕਮਨਾਮੇ ਉੱਤੇ ਪਹਿਰਾ ਦੇਣ ਲਈ ਇੱਕ ਹੋਰ ਗਿਆਨੀ ਫੂਲਾ ਸਿੰਘ ਨੂੰ ਸਾਹਮਣੇ ਆਉਣਾ ਪਵੇਗਾ। ਸਥਾਪਿਤ ਧਿਰ ਨੂੰ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਜਿਹੇ ਜੀ ਹਜ਼ੂਰੀ ਵਾਲੇ ਬੰਦੇ ਹੀ ਲੋੜੀਂਦੇ ਹਨ। ਗਿਆਨੀ ਫੂਲਾ ਸਿੰਘ ਜਿਹੇ ਅਗਲੇ ਜਥੇਦਾਰ ਦੀ ਹੋਣੀ ਵੀ ਤਿੰਨ ਸਿੰਘ ਸਾਹਿਬਾਨ ਗਿਆਨੀ ਰਘਬੀਰ ਸਿੰਘ, ਗਿਆਨੀ ਹਰਪ੍ਰੀਤ ਸਿੰਘ ਅਤੇ ਗਿਆਨੀ ਸੁਲਤਾਨ ਸਿੰਘ ਵਾਲੀ ਹੋਵੇਗੀ।

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਦੋ ਦਸੰਬਰ ਦੇ ਜਾਰੀ ਹੁਕਮਨਾਮੇ ਵਿੱਚ ਸਪੱਸ਼ਟ ਕਿਹਾ ਗਿਆ ਸੀ ਕਿ ਸ਼੍ਰੋਮਣੀ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਪੰਥ ਦੀ ਅਗਵਾਈ ਕਰਨ ਦਾ ਨੈਤਿਕ ਅਧਿਕਾਰ ਗਵਾ ਚੁੱਕੀ ਹੈ। ਦੱਲ ਦੀ ਨਵੀਂ ਭਰਤੀ ਲਈ ਸੱਤ ਮੈਂਬਰੀ ਕਮੇਟੀ ਨੂੰ ਜ਼ਿੰਮੇਵਾਰੀ ਸੌਂਪਦਿਆਂ ਨਵੀਂ ਲੀਡਰਸ਼ਿਪ ਨੂੰ ਸਾਹਮਣੇ ਲਿਆਉਣ ਦੀ ਨਸੀਹਤ ਦਿੱਤੀ ਗਈ ਸੀ। ਇਸ ਤੋਂ ਬਿਨਾਂ ਸਖ਼ਤ ਧਾਰਮਿਕ ਸਜ਼ਾ ਵੀ ਲਾਈ ਗਈ ਸੀ। ਧਾਰਮਿਕ ਸਜ਼ਾ ਪੂਰੀ ਕਰਨ ਤੋਂ ਬਾਅਦ ਜਦੋਂ ਇਸੇ ਦਾ ਰਾਜਨੀਤਿਕ ਪੱਖ ਰਾਸ ਨਾ ਆਉਂਦਾ ਲੱਗਾ ਤਦ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤਿੜਕ ਗਏ। ਉਹਨਾਂ ਦੇ ਵਿਰੋਧ ਵਿੱਚ ਨਿੱਤਰੀ ਸੁਧਾਰ ਲਹਿਰ ਵਿੱਚ ਵੀ ਕੋਈ ਜ਼ਿਆਦਾ ਦਮ ਖਮ ਨਹੀਂ ਲੱਗਦਾ ਹੈ। ਦੋਵੇਂ ਧਿਰਾਂ ਹੱਥ ਪੰਜਾਬ ਦੀ ਸੱਤਾ ਨੂੰ ਪਾਉਣਾ ਚਾਹੁੰਦੀਆਂ ਹਨ। ਇਸੇ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਓਟ ਆਸਰਾ ਲੈਣਾ ਤੱਕਿਆ ਗਿਆ ਸੀ। ਸ਼੍ਰੋਮਣੀ ਅਕਾਲੀ ਦਲ ਨਵੇਂ ਪ੍ਰਧਾਨ ਦੀ ਚੋਣ ਕਰਨ ਤੋਂ ਬਾਅਦ ਸੁਧਾਰ ਲਹਿਰ ਨੂੰ ਖੋਰਾ ਲਾਉਣ ਦੀ ਤਾਕ ਵਿੱਚ ਹੈ। ਇੱਕ ਹੋਰ ਕੌੜਾ ਸੱਚ ਵੀ ਕਹਿਣਾ ਪਵੇਗਾ ਕਿ ਸੁਧਾਰ ਲਹਿਰ 'ਚੋਂ ਥੋੜੇ ਬਹੁਤਿਆਂ ਨੂੰ ਛੱਡ ਕੇ ਬਾਕੀਆਂ ਵਿੱਚ ਦਮ ਖਮ ਨਹੀਂ ਰਹਿ ਗਿਆ ਲੱਗਦਾ ਹੈ, ਹਾਲਾਂਕਿ ਵਿਸ਼ਵ ਭਰ ਦੀ ਸਿੱਖ ਕੌਮ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਨੂੰ ਸਮਰਪਿਤ ਹੈ। ਪੰਜ ਮੈਂਬਰੀ ਕਮੇਟੀ ਨੂੰ ਦਿੱਤੇ ਜਾ ਰਹੇ ਵੱਡੇ ਹੁੰਗਾਰੇ ਤੋਂ ਹੋਰ ਵੱਡਾ ਸਬੂਤ ਸਿੱਖ ਸੰਗਤ ਕਿਹੜਾ ਦੇਵੇ? ਸਿੱਖ ਅਤੇ ਧਾਰਮਿਕ ਸਿਆਸਤ ਉਦੋਂ ਹੋਰ ਬੌਣੀ ਹੁੰਦੀ ਲੱਗੀ ਜਦੋਂ ਪੰਜ ਮੈਂਬਰੀ ਭਰਤੀ ਕਮੇਟੀ ਨੂੰ ਸ੍ਰੀ ਫ਼ਤਿਹਗੜ੍ਹ ਸਾਹਿਬ ਦੇ ਗੁਰਦੁਆਰਾ ਹਾਲ ਵਿੱਚ ਇਕੱਠ ਕਰਨ ਤੋਂ ਰੋਕ ਦਿੱਤਾ ਗਿਆ। ਐਡਵੋਕੇਟ ਧਾਮੀ ਇਸ ਤੋਂ ਨਿਰਲੇਪ ਹੋਣ ਦਾ ਦਾਅਵਾ ਕਰ ਰਹੇ ਹਨ। ਸੁਧਾਰ ਲਹਿਰ ਵਾਲੇ ਹਾਲ ਦੇ ਭਰੇ ਕਿਰਾਏ ਦੀ ਰਸੀਦ ਹੱਥ ਵਿੱਚ ਲੈ ਕੇ ਮੀਡੀਆ ਮੂਹਰੇ ਖੜ੍ਹੇ ਹੋਏ ਹਨ ਅਤੇ ਦੂਜੇ ਪਾਸੇ ਗੁਰਦੁਆਰਾ ਸਾਹਿਬ ਦੇ ਮੈਨੇਜਰ ਇਹ ਦਾਅਵਾ ਕਰ ਰਹੇ ਹਨ ਕਿ ਹਾਲ ਦੀ ਬੁਕਿੰਗ ਹੋਈ ਨਹੀਂ। ਇਸ ਹਾਲਤ ਵਿੱਚ ਸਿੱਖ ਕੌਮ ਦਾ ਰੱਬ ਹੀ ਰਾਖਾ।

ਗੱਲ ਅਗਾਊਂ ਮੁਆਫੀ ਕਰਕੇ ਕਹਿਣੀ ਪਵੇਗੀ ਕਿ ਹਾਲ ਦੀ ਘੜੀ ਇੰਝ ਹੀ ਲੱਗ ਰਿਹਾ ਹੈ ਕਿ ਹੁਕਮਨਾਮਾ ਜਾਰੀ ਕਰਨ ਵਾਲੇ ਸਿੰਘ ਸਾਹਿਬਾਨ ਹੁਕਮਨਾਮੇ ਨੂੰ ਲਾਗੂ ਕਰਨ ਦੀ ਇੱਛਾ ਨਾਲ ਹੀ ਲੈ ਗਏ ਹੋਣ। ਬਹੁਤ ਸਾਰੀਆਂ ਗੱਲਾਂ ਸਮੇਂ ਦੇ ਨਾਲ ਹੀ ਦਮ ਤੋੜ ਜਾਂਦੀਆਂ ਹਨ ਕਈ ਮਸਲੇ ਬੰਦਿਆਂ ਦੇ ਨਾਲ ਹੀ ਦੱਬ ਜਾਂਦੇ ਹਨ। ਦੋ ਦਸੰਬਰ ਦੇ ਹੁਕਮਨਾਮਿਆਂ ਦੀ ਹੋਣੀ ਵੀ ਇਹੋ ਲੱਗਣ ਲੱਗੀ ਹੈ। ਬਸ ਵਾਹਿਗੁਰੂ ਹੀ ਮਿਹਰ ਕਰੇ ਅਤੇ ਸਭ ਦੇ ਮਨਾਂ ਵਿੱਚ ਵੱਸ ਜਾਵੇ ਅਤੇ ਮਨ ਨੀਵਾਂ ਤੇ ਮੱਤ ਦਾ ਦਾਨ ਵੀ ਬਖਸ਼ੇ।

ਡਾ. ਐਲ ਮੁਰੂਗਨ
ਕੇਂਦਰੀ ਸੂਚਨਾ ਅਤੇ ਪ੍ਰਸਾਰਣ ਅਤੇ ਸੰਸਦੀ ਮਾਮਲੇ ਰਾਜ ਮੰਤਰੀ

# ਵੇਵਸ 2025: ਗਲੋਬਲ ਰਚਨਾਤਮਕ ਅਗਵਾਈ ਦੀ ਦਿਸ਼ਾ ਵਿੱਚ ਭਾਰਤ ਦੀ ਉਪਲਬਧੀ

ਭਾਰਤ ਨੇ ਹਮੇਸ਼ਾ ਕਹਾਣੀ ਕਹਿਣ ਦੀ ਕਲਾ ਵਿੱਚ ਉਤਕ੍ਰਿਸ਼ਟਤਾ ਹਾਸਲ ਕੀਤੀ ਹੈ। ਰਾਮਾਇਣ ਅਤੇ ਮਹਾਂਭਾਰਤ ਜਿਹੇ ਸਦੀਵੀਂ ਮਹਾਂਕਾਵਿਆ ਨੇ ਪੀੜ੍ਹੀਆਂ ਨੂੰ ਆਪਣੇ ਵੱਲ ਆਕਰਸ਼ਿਤ ਕੀਤਾ ਹੈ। ਸਾਡੀਆਂ ਕਹਾਣੀਆਂ ਇਨ੍ਹਾਂ ਗਾਥਾਵਾਂ ਤੋਂ ਅੱਗੇ ਵਧਦੀਆਂ ਹਨ ਅਤੇ ਸੱਭਿਆਚਾਰਕ ਨੀਂਹ ਪੱਥਰ ਵਜੋਂ ਕੰਮ ਕਰਦੇ ਹੋਏ ਉਨ੍ਹਾਂ ਨੂੰ ਇਹ ਆਕਾਰ ਦਿੰਦੀਆਂ ਹਨ ਕਿ ਅਸੀਂ ਦੁਨੀਆ ਨੂੰ ਕਿਸ ਤਰ੍ਹਾਂ ਨਾਲ ਦੇਖਣ ਦੇ ਨਾਲ-ਨਾਲ ਰਚਨਾਤਮਕਤਾ ਵਿਅਕਤ ਕਰਦੇ ਹੋਏ ਕਲਾਕਾਰਾਂ ਅਤੇ ਦੂਰਦਰਸ਼ੀ ਲੋਕਾਂ ਦੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੇ ਹਾਂ। ਕਹਾਣੀ ਕਹਿਣ ਦਾ ਇਹ ਅੰਤਰਨਿਹਿਤ ਉਤਸ਼ਾਹ ਇੱਕ ਸਸ਼ਕਤ ਰਚਨਾਤਮਕ ਅਭਿਲਾਸ਼ਾ ਦੇ ਰੂਪ ਵਿੱਚ ਵਿਕਸਿਤ ਹੋਇਆ ਹੈ ਅਤੇ ਹੁਣ ਇਹ ਭਾਰਤ ਨੂੰ ਗਲੋਬਲ ਮੀਡੀਆ ਪਾਵਰਹਾਊਸ ਦੇ ਰੂਪ ਵਿੱਚ ਉਭਰਨ ਵਿੱਚ ਵੀ ਸਹਾਇਤਾ ਕਰ ਰਿਹਾ ਹੈ।

1 ਤੋਂ 4 ਮਈ 2025 ਤੱਕ ਆਯੋਜਿਤ ਹੋਣ ਵਾਲਾ ਪਹਿਲਾ ਵਰਲਡ ਆਡੀਓ-ਵਿਜ਼ੂਅਲ ਐਂਟਰਟੇਨਮੈਂਟ ਸਮਿਟ (ਵੇਵਸ) ਭਾਰਤ ਨੂੰ ਗਲੋਬਲ ਰਚਨਾਤਮਕਤਾ ਦੇ ਕੇਂਦਰ ਵਿੱਚ ਰੱਖਦਾ ਹੈ। ਮਾਣਯੋਗ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਸੰਕਲਪਿਤ, ਵੇਵਸ ਇੱਕ ਪਰਿਵਰਤਨਕਾਰੀ ਅੰਦੋਲਨ ਹੈ ਅਤੇ ਇਹ ਮੀਡੀਆ ਅਤੇ ਮਨੋਰੰਜਨ (ਐੱਮਐਂਡਈ) ਲੈਂਡਸਕੇਪ ਨੂੰ ਮੁੜ ਤੋਂ ਪਰਿਭਾਸ਼ਿਤ ਕਰੇਗਾ। ਭਾਰਤ ਦਾ ਮੀਡੀਆ ਅਤੇ ਮਨੋਰੰਜਨ ਉਦਯੋਗ 2.7 ਟ੍ਰਿਲੀਅਨ ਰੁਪਏ ਦੇ ਕਰੀਬ ਪਹੁੰਚ ਚੁੱਕਿਆ ਹੈ, ਅਜਿਹੇ ਵਿੱਚ ਵੇਵਸ 2025 ਰਚਨਾਤਮਕਤਾ, ਇਨੋਵੇਸ਼ਨ ਅਤੇ ਉੱਦਮਤਾ ਵਿੱਚ ਮੋਹਰੀ ਹੋਣ ਦੇ ਸਾਡੇ ਸੰਕਲਪ ਦਾ ਸੰਕੇਤ ਦਿੰਦਾ ਹੈ।

ਭਾਰਤ ਦਾ ਵਿਸ਼ਾ ਨਿਰਮਾਣ ਲੈਂਡਸਕੇਪ ਹੁਣ ਪਰੰਪਰਾਗਤ ਮੀਡੀਆ ਤੋਂ ਇੱਕ ਸੰਪੰਨ ਡਿਜੀਟਲ-ਫਸਟ-ਈਕੋਸਿਸਟਮ ਵਿੱਚ ਪਰਿਵਰਤਿਤ ਹੋ ਚੁੱਕਿਆ ਹੈ। ਇਸ ਦੇ ਨਾਲ-ਨਾਲ ਹੁਣ ਇਹ ਸਟ੍ਰੀਮਿੰਗ ਸੇਵਾਵਾਂ, ਸੋਸ਼ਲ ਮੀਡੀਆ ਅਤੇ ਉਭਰਦੀਆਂ ਟੈਕਨੋਲੋਜੀਆਂ ਦੇ ਰਾਹੀਂ ਗਲੋਬਲ ਕਨੈਕਟੀਵਿਟੀ ਦਾ ਵੀ ਵਿਸਤਾਰ ਕਰ ਰਿਹਾ ਹੈ। ਭਾਰਤ ਵਿੱਚ ਵਿਦੇਸ਼ੀ ਫਿਲਮ ਨਿਰਮਾਣ ਦੇ ਲਈ ਪ੍ਰੋਤਸਾਹਨ, ਸਹਿ-ਨਿਰਮਾਣ ਸਮਝੌਤੇ ਅਤੇ ਫਿਲਮ ਸੁਵਿਧਾ ਦਫ਼ਤਰ (ਐੱਫਐੱਫਓ) ਜਿਹੀ ਸਰਕਾਰੀ ਪਹਿਲ ਗਲੋਬਲ ਰਚਨਾਕਾਰਾਂ ਲਈ ਪਸੰਦੀਦਾ ਮੰਜ਼ਿਲ ਦੇ ਰੂਪ ਵਿੱਚ ਭਾਰਤ ਦੀ ਸਥਿਤੀ ਨੂੰ ਮਜ਼ਬੂਤ ਕਰਦੀ ਹੈ।

**ਮੀਡੀਆ ਅਤੇ ਮਨੋਰੰਜਨ ਦਾ ਬਦਲਦਾ ਦ੍ਰਿਸ਼**

ਵੇਵਸ 2025 ਭਾਰਤ ਦੇ ਮੀਡੀਆ ਅਤੇ ਮਨੋਰੰਜਨ ਉਦਯੋਗ ਲਈ ਇੱਕ ਨਵੇਂ ਯੁਗ ਦੀ ਸ਼ੁਰੂਆਤ ਦਾ ਪ੍ਰਤੀਨਿਧੀਤਵ ਕਰਦਾ ਹੈ। ਦੁਨੀਆ ਭਰ ਦੇ ਇਨੋਵੇਟਰਸ, ਨੀਤੀ ਨਿਰਮਾਤਾਵਾਂ, ਕਲਾਕਾਰਾਂ ਅਤੇ ਉਦਯੋਗ ਜਗਤ ਪ੍ਰਮੁੱਖਾਂ ਨੂੰ ਇਕੱਠੇ ਲਿਆ ਕੇ, ਸਮਿਟ ਸਹਿਯੋਗ ਦੇ ਵਾਤਾਵਰਣ ਨੂੰ ਹੁਲਾਰਾ ਦਿੰਦਾ ਹੈ। ਇਸ ਦੇ ਨਾਲ-ਨਾਲ ਇਹ ਮਨੋਰੰਜਨ ਦੇ ਨਿਰਮਾਣ, ਵੰਡ ਅਤੇ ਅਨੁਭਵ ਨੂੰ ਇੱਕ ਨਵਾਂ ਰੂਪ ਦੇਵੇਗਾ।

ਇਸ ਪਰਿਵਰਤਨ ਦੇ ਕੇਂਦਰ ਵਿੱਚ ਵੇਵੈਕਸ 2025 ਅਤੇ ਵੇਵਸ ਬਜ਼ਾਰ ਜਿਹੀਆਂ ਪਹਿਲਕਦਮੀਆਂ ਹਨ। ਵੇਵੈਕਸ 2025 ਗੇਮਿੰਗ, ਐਨੀਮੇਸ਼ਨ, ਐਕਸਟੈਂਡਿਡ ਰਿਐਲਿਟੀ (ਐਕਸਆਰ), ਜਨਰੇਟਿਵ ਏਆਈ ਅਤੇ ਨੈਕਸਟ-ਜ਼ੈਨ ਕੰਟੈਂਟ ਪਲੇਟਫਾਰਮ ਜਿਹੀਆਂ ਉਭਰਦੀਆਂ ਟੈਕਨੋਲੋਜੀਆਂ ਵਿੱਚ ਕੰਮ ਕਰਨ ਵਾਲੇ ਸਟਾਰਟਅੱਪ ਨੂੰ ਸਸ਼ਕਤ ਬਣਾਉਂਦਾ ਹੈ। ਇਹ ਪਹਿਲ ਸਟਾਰਟਅੱਪ ਲਈ ਆਪਣੇ ਵਿਚਾਰਾਂ ਨੂੰ ਪ੍ਰਦਰਸ਼ਿਤ ਕਰਨ, ਮੈਂਟਰਸ਼ਿਪ ਹਾਸਲ ਕਰਨ ਅਤੇ ਉੱਦਮ ਪੂੰਜੀਦਾਤਾ ਅਤੇ ਸੈਲੀਬ੍ਰਿਟੀ ਏਂਜਲ ਨਿਵੇਸ਼ਕਾਂ ਦੇ ਨਾਲ ਗੱਲਬਾਤ ਰਾਹੀਂ ਸੁਰੱਖਿਅਤ ਵਿੱਤ ਪੋਸ਼ਣ ਦੇ ਲਈ ਇੱਕ ਅਧਾਰ ਤਿਆਰ ਕਰਦੀ ਹੈ। ਦੂਸਰੇ ਪਾਸੇ, ਵੇਵਸ ਬਜ਼ਾਰ ਇੱਕ ਗਤੀਸ਼ੀਲ ਈ-ਮਾਰਕਿਟਪਲੇਸ ਵਜੋਂ ਕੰਮ ਕਰਦਾ ਹੈ ਜਿਸ ਨੂੰ ਰਚਨਾਕਾਰਾਂ, ਖਰੀਦਦਾਰਾਂ ਅਤੇ ਵਿਕ੍ਰੇਤਾਵਾਂ ਨੂੰ ਜੋੜਨ ਲਈ ਤਿਆਰ ਕੀਤਾ ਗਿਆ ਹੈ। 5,500 ਤੋਂ ਵੱਧ ਖਰੀਦਦਾਰਾਂ, 2,000 ਵਿਕ੍ਰੇਤਾਵਾਂ ਅਤੇ ਫਿਲਮ, ਟੈਲੀਵਿਜ਼ਨ, ਗੇਮਿੰਗ, ਵਿਗਿਆਪਨ ਦੇ ਇਲਾਵਾ, 1,000 ਰਜਿਸਟਰਡ ਪ੍ਰੋਜੈਕਟਾਂ ਦੇ ਨਾਲ ਇਹ ਬਜ਼ਾਰ ਸਹਿਜ ਸਹਿਯੋਗ ਅਤੇ ਅਵਸਰ ਖੋਜ ਲਈ ਇੱਕ ਸਥਾਨ ਹੈ। ਏਆਈ-ਸੰਚਾਲਿਤ ਮੈਚਮੇਕਿੰਗ ਇਹ ਯਕੀਨੀ ਬਣਾਉਂਦੀ ਹੈ ਕਿ ਪ੍ਰੋਜੈਕਟ ਅਤੇ ਪੇਸ਼ੇਵਰਾਂ ਨੂੰ ਸਹੀ ਕਨੈਕਸ਼ਨ, ਇਨੋਵੇਸ਼ਨ ਅਤੇ ਰਚਨਾਤਮਕ ਅਰਥਵਿਵਸਥਾ ਵਿੱਚ ਵਿਕਾਸ ਨੂੰ ਹੁਲਾਰਾ ਮਿਲੇ। ਇਹ ਪਲੇਟਫਾਰਮ ਇੱਕ ਪ੍ਰੋਗਰਾਮ ਦੇ ਸੰਚਾਲਨ ਤੋਂ ਕਿਤੇ ਵੱਧ ਮਹੱਤਵਪੂਰਨ ਹੋਣ ਦੇ ਨਾਲ-ਨਾਲ ਇੱਕ ਪਰਿਵਰਤਨਕਾਰੀ ਈਕੋਸਿਸਟਮ ਹਨ ਜੋ ਵੇਵਸ ਦੀ ਸਮਾਪਤੀ ਦੇ ਬਾਅਦ ਵੀ ਮੀਡੀਆ ਅਤੇ ਮਨੋਰੰਜਨ ਖੇਤਰ ਨੂੰ ਪ੍ਰਭਾਵਿਤ ਕਰਦਾ ਰਹੇਗਾ। ਇਹ ਭਾਰਤ ਦੇ ਡਿਜੀਟਲ ਜਨਤਕ ਬੁਨਿਆਦੀ ਢਾਂਚੇ ਵਿੱਚ ਇੱਕ ਹੋਰ ਮਹੱਤਵਪੂਰਨ ਉਪਲਬਧੀ ਸਿੱਧ ਹੋਵੇਗਾ।

**ਨੌਜਵਾਨਾਂ ਲਈ ਇੱਕ ਸੁਨਹਿਰੀ ਪਲੇਟਫਾਰਮ**

ਸਾਡੇ ਸਭ ਤੋਂ ਵੱਡੇ ਜਨਸੰਖਿਆ ਲਾਭ ਦੇ ਰੂਪ ਵਿੱਚ ਭਾਰਤ ਦੇ ਯੁਵਾ, ਵੇਵਸ ਪਹਿਲ ਤੋਂ ਅਤਿਅੰਤ ਲਾਭਵੰਦ ਹੋਣਗੇ। 29 ਵਰ੍ਹੇ ਦੀ ਔਸਤ ਉਮਰ ਦੇ ਨਾਲ, ਭਾਰਤ ਨਾ ਸਿਰਫ਼ ਦੁਨੀਆ ਦਾ ਸਭ ਤੋਂ ਯੁਵਾ ਦੇਸ਼ ਹੈ ਸਗੋਂ ਰਚਨਾਤਮਕਤਾ ਅਤੇ ਇਨੋਵੇਸ਼ਨਸ ਦੇ ਮਾਮਲੇ ਵਿੱਚ ਸਭ ਤੋਂ ਵੱਧ ਜੀਵੰਤ ਰਾਸ਼ਟਰ ਵੀ ਹੈ। ਵੇਵਸ 2025 ਨੌਜਵਾਨਾਂ ਨੂੰ ਆਪਣੇ ਦ੍ਰਿਸ਼ਟੀਕੋਣ ਵਿੱਚ ਮੋਹਰੀ ਰੱਖਣ ਦੇ ਨਾਲ-ਨਾਲ ਕੌਸ਼ਲ ਵਿਕਾਸ, ਉੱਦਮਤਾ ਅਤੇ ਗਲੋਬਲ ਸਹਿਯੋਗ ਲਈ ਰਾਹ ਵੀ ਪੱਧਰਾ ਕਰਦਾ ਹੈ।

ਕ੍ਰਿਏਟ ਇਨ ਇੰਡੀਆ ਚੈਲੇਂਜ ਇਸ ਪ੍ਰਤੀਬੱਧਤਾ ਦੀ ਇੱਕ ਉਦਾਹਰਣ ਹੈ। 1,100 ਤੋਂ ਵੱਧ ਅੰਤਰਰਾਸ਼ਟਰੀ ਪ੍ਰਤੀਭਾਗੀਆਂ ਸਮੇਤ ਲਗਭਗ 1,00,000 ਰਜਿਸਟ੍ਰੇਸ਼ਨਾਂ ਦੇ ਨਾਲ ਇਸ ਚੁਣੌਤੀ ਨੇ ਆਪਣੀ ਰਚਨਾਤਮਕਤਾ ਦਾ ਪ੍ਰਦਰਸ਼ਨ ਕਰਨ ਲਈ ਉਤਸੁਕ ਪ੍ਰਤਿਭਾਵਾਂ ਦੇ ਇੱਕ ਵਿਭਿੰਨ ਸਮੂਹ ਨੂੰ ਆਕਰਸ਼ਿਤ ਕੀਤਾ ਹੈ। ਕ੍ਰਿਏਟੋਸਫੀਅਰ ਦੇ ਹਿੱਸੇ ਵਜੋਂ ਫਾਈਨਲ ਪ੍ਰਤੀਭਾਗੀਆਂ ਨੂੰ ਉਦਯੋਗ ਪ੍ਰਮੁੱਖਾਂ ਨਾਲ ਜੁੜਨ, ਮਾਸਟਰਕਲਾਸ ਵਿੱਚ ਭਾਗੀਦਾਰੀ ਕਰਨ ਅਤੇ ਗਲੋਬਲ ਪ੍ਰਦਰਸ਼ਨ ਹਾਸਲ ਕਰਨ ਦੇ ਸ਼ਾਨਦਾਰ ਅਵਸਰ ਪ੍ਰਾਪਤ ਹੋਣਗੇ।

ਇਸ ਤੋਂ ਇਲਾਵਾ ਮੁੰਬਈ ਵਿੱਚ ਇੰਡੀਅਨ ਇੰਸਟੀਚਿਊਟ ਆਫ਼ ਕ੍ਰਿਏਟਿਵ ਟੈਕਨੋਲੋਜੀ (ਆਈਆਈਸੀਟੀ) ਦੀ ਸਥਾਪਨਾ ਭਾਰਤ ਦੇ ਨੌਜਵਾਨਾਂ ਦੇ ਭਵਿੱਖ ਵਿੱਚ ਇੱਕ ਮੱਹਤਵਪੂਰਨ ਨਿਵੇਸ਼ ਦਾ ਪ੍ਰਤੀਕ ਹੈ। ਕੌਸ਼ਲ ਵਿਕਾਸ ਅਤੇ ਇਨੋਵੇਸ਼ਨ ਲਈ ਉਤਕ੍ਰਿਸ਼ਟਤਾ ਦੇ ਇੱਕ ਗਲੋਬਲ ਕੇਂਦਰ ਵਜੋਂ, ਆਈਆਈਸੀਟੀ ਰਚਨਾਤਮਕਤਾ ਅਤੇ ਟੈਕਨੋਲੋਜੀ ਦਰਮਿਆਨ ਪਾੜੇ ਨੂੰ ਪੂਰਾ ਕਰਦੇ ਹੋਏ ਇਹ ਯਕੀਨੀ ਬਣਾਇਆ ਜਾਵੇਗਾ ਕਿ ਯੁਵਾ ਭਾਰਤੀਆਂ ਦੇ ਕੋਲ ਮੀਡੀਆ ਅਤੇ ਮਨੋਰੰਜਨ ਉਦਯੋਗ ਦੀਆਂ ਵਧਦੀਆਂ ਮੰਗਾਂ ਨੂੰ ਪੂਰਾ ਕਰਨ ਨਾਲ ਜੁੜੀ ਮੁਹਾਰਤ ਹਾਸਲ ਹੋਵੇ।

**ਟਿਕਾਊ ਵਿਕਾਸ ਲਈ ਗਲੋਬਲ ਸਹਿਯੋਗ**

ਸਮਿਟ ਵਿੱਚ ਗਲੋਬਲ ਮੀਡੀਆ ਸੰਵਾਦ ਵੀ ਸ਼ਾਮਲ ਹੋਵੇਗਾ, ਜਿਸ ਵਿੱਚ ਗਲੋਬਲ ਪ੍ਰਮੁੱਖਾਂ, ਨੀਤੀ ਨਿਰਮਾਤਾਵਾਂ, ਕਲਾਕਾਰਾਂ ਅਤੇ ਉਦਯੋਗ ਜਗਤ ਦੇ ਪੇਸ਼ੇਵਰ ਇਕੱਠੇ ਭਾਗੀਦਾਰੀ ਕਰਨਗੇ। ਇਹ ਸੰਵਾਦ ਸਿਰਫ਼ ਚਰਚਾਵਾਂ ਦੇ ਸੰਦਰਭ ਵਿੱਚ ਹੀ ਨਹੀਂ ਹੈ ਪਰ ਅੰਤਰਰਾਸ਼ਟਰੀ ਸਹਿਯੋਗ, ਨੈਤਿਕ ਕਾਰਜ ਪ੍ਰਣਾਲੀਆਂ ਅਤੇ ਇਨੋਵੇਸ਼ਨ ਲਈ ਰਣਨੀਤੀ ਵਿਕਸਿਤ ਕਰਨ ਨਾਲ ਜੁੜੀ ਕਾਰਵਾਈ ਦੇ ਲਈ ਵੀ ਹੈ। ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਜੀ ਦੇ ਮੁੱਖ ਕਾਰਜਕਾਰੀ ਅਧਿਕਾਰੀਆਂ ਅਤੇ ਉਦਯੋਗ ਹਿੱਤਧਾਰਕਾਂ ਦੇ ਨਾਲ ਨਿਰਧਾਰਿਤ ਸੰਵਾਦ ਤੋਂ ਪ੍ਰਭਾਵਸ਼ਾਲੀ ਸਾਂਝੇਦਾਰੀ ਸ਼ੁਰੂ ਹੋਣ ਦੀ ਉਮੀਦ ਹੈ, ਜਿਸ ਨਾਲ ਆਉਣ ਵਾਲੇ ਵਰ੍ਹਿਆਂ ਵਿੱਚ ਭਾਰਤ ਲਾਭਵੰਦ ਹੋਵੇਗਾ।

**ਵਿਕਸਿਤ ਭਾਰਤ ਲਈ ਦ੍ਰਿਸ਼ਟੀਕੋਣ**

ਵੇਵਸ 2025 ਸਿਰਫ਼ ਇੱਕ ਆਯੋਜਨ ਨਹੀਂ ਹੈ, ਇਹ ਵਿਕਸਿਤ ਭਾਰਤ ਦੇ ਦ੍ਰਿਸ਼ਟੀਕੋਣ ਨੂੰ ਸਾਕਾਰ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਉਪਲਬਧੀ ਹੈ, ਜੋ ਇੱਕ ਵਿਕਸਿਤ ਰਾਸ਼ਟਰ ਦੇ ਤੌਰ 'ਤੇ ਰਚਨਾਤਮਕਤਾ ਅਤੇ ਇਨੋਵੇਸ਼ਨ ਵਿੱਚ ਵਿਸ਼ਵ ਦੀ ਅਗਵਾਈ ਕਰ ਰਿਹਾ ਹੈ। ਵਿਭਿੰਨਤਾ ਨੂੰ ਹੁਲਾਰਾ ਦੇਣ, ਟੈਕਨੋਲੋਜੀ ਨੂੰ ਅੱਗੇ ਵਧਾਉਣ ਅਤੇ ਨੌਜਵਾਨਾਂ ਨੂੰ ਸਸ਼ਕਤ ਬਣਾਉਣ ਰਾਹੀਂ, ਵੇਵਸ 2025 ਭਾਰਤ ਦੀ ਰਚਨਾਤਮਕ ਅਰਥਵਿਵਸਥਾ ਦੇ ਟਿਕਾਊ ਵਿਕਾਸ ਵਿੱਚ ਸਮਰੱਥ ਪ੍ਰਤਿਭਾ ਕੇਂਦਰ ਦੇ ਰੂਪ ਵਿੱਚ ਸਥਾਪਿਤ ਕਰਦਾ ਹੈ।

ਵੇਵਸ 2025 ਰਚਨਾਤਮਕ ਉਦਯੋਗ ਦੀਆਂ ਅਨੰਤ ਸੰਭਾਵਨਾਵਾਂ ਦਾ ਮਜ਼ਬੂਤੀਕਰਣ ਹੈ। ਇਹ ਆਪਣੀ ਸ਼ਾਨਦਾਰ ਪ੍ਰਤਿਭਾ, ਤਕਨੀਕੀ ਕੌਸ਼ਲ ਅਤੇ ਸੱਭਿਆਚਾਰਕ ਸਮ੍ਰਿੱਧੀ ਨੂੰ ਪ੍ਰਦਰਸ਼ਿਤ ਕਰਨ ਦਾ ਇੱਕ ਸ਼ਾਨਦਾਰ ਅਵਸਰ ਹੈ। ਇਹ ਪਰੰਪਰਾ ਅਤੇ ਟੈਕਨੋਲੋਜੀ ਦੇ ਸੰਗਮ ਰਾਹੀਂ ਗਲੋਬਲ ਰਚਨਾਤਮਕ ਈਕੋਸਿਸਟਮ ਨੂੰ ਮੁੜ ਤੋਂ ਪਰਿਭਾਸ਼ਿਤ ਕਰਨ ਦੇ ਭਾਰਤ ਦੇ ਦ੍ਰਿਸ਼ਟੀਕੋਣ ਦਾ ਪ੍ਰਮਾਣ ਵੀ ਹੈ।

# ਮਾਝਾ-ਦੁਆਬਾ
ਆਸ ਪਾਸ

## ਈ.ਟੀ.ਓ. ਵੱਲੋਂ ਸੀਵਰੇਜ ਟਰੀਟਮੈਂਟ ਪਲਾਂਟ ਦੇ ਕੰਮ ਦੀ ਪ੍ਰਗਤੀ ਦਾ ਜਾਇਜ਼ਾ ਹਲਕੇ ਦੇ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਬਾਰੇ ਕੀਤੀ ਸਮੀਖਿਆ ਮੀਟਿੰਗ



ਜੰਡਿਆਲਾ ਗੁਰੂ, 27 ਅਪ੍ਰੈਲ, (ਰਾਮ ਸ਼ਰਨਜੀਤ ਸਿੰਘ) : ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ ਜੰਡਿਆਲਾ ਗੁਰੂ ਵਿਖੇ 25 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਸੀਵਰੇਜ ਟਰੀਟਮੈਂਟ ਪਲਾਂਟ ਦੀ ਪ੍ਰਗਤੀ ਦਾ ਜਾਇਜ਼ਾ ਲੈਂਦੇ ਹੋਏ ਅਧਿਕਾਰੀਆਂ ਨੂੰ ਹਦਾਇਤ ਕੀਤੀ, ਕਿ ਇਸ ਪ੍ਰੋਜੈਕਟ ਨੂੰ ਮਿੱਥੇ ਗਏ ਸਮੇਂ 18 ਮਹੀਨੇ ਵਿੱਚ ਮੁਕੰਮਲ ਕੀਤਾ ਜਾਵੇ ।

ਇਸ ਮੌਕੇ ਉਨ੍ਹਾਂ ਕਿਹਾ ਕਿ ਇਹ ਪਲਾਂਟ ਚਾਲੂ ਹੋਣ ਨਾਲ ਜੰਡਿਆਲਾ ਗੁਰੂ ਵਿੱਚੋਂ ਗੰਦੇ ਪਾਣੀ ਦੀ ਨਿਕਾਸੀ ਦੀ ਸਮੱਸਿਆ ਦਾ ਪੱਕਾ ਹੱਲ ਕੀਤਾ ਜਾਣਾ ਹੈ, ਇਸ ਲਈ ਇਸ ਦੀ ਕੁਆਲਿਟੀ ਦਾ ਵੀ ਖਾਸ ਖਿਆਲ ਰੱਖਿਆ ਜਾਵੇ। ਉਹਨਾਂ ਕਿਹਾ ਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਜੰਡਿਆਲਾ ਨਗਰ ਕੌਂਸਲ ਨੇ ਦੋ ਏਕੜ ਜ਼ਮੀਨ ਖਰੀਦ ਕੇ ਆਪਣਾ ਪ੍ਰੋਜੈਕਟ ਸ਼ੁਰੂ ਕੀਤਾ ਹੈ ਅਤੇ ਲੋਕਾਂ ਨੂੰ ਇਸ ਪ੍ਰੋਜੈਕਟ ਦੇ ਪੂਰਾ ਹੋਣ ਨਾਲ ਜੰਡਿਆਲਾ ਵਿੱਚੋਂ ਸਫਾਈ ਦੀਆਂ ਵੱਡੀਆਂ ਉਮੀਦਾਂ ਹਨ, ਜਿਨ੍ਹਾਂ ਉੱਤੇ ਖਰਾ ਉਤਰਨਾ ਜ਼ਰੂਰੀ ਹੈ।

ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੈਬਨਿਟ ਮੰਤਰੀ ਨੇ ਹਦਾਇਤ ਕੀਤੀ ਕਿ ਸਮੂਹ ਸਰਕਾਰੀ ਕਾਰਜਕਾਰੀ ਏਜੰਸੀਆਂ ਅਤੇ ਵਿਭਾਗੀ ਮੁਖੀ, ਵਿਕਾਸ ਕੰਮਾਂ ਨੂੰ ਨਿਰਧਾਰਿਤ ਸਮਾਂ ਸੀਮਾ ਅੰਦਰ ਮੁਕੰਮਲ ਕਰਨ ਲਈ ਪਾਬੰਦ ਰਹਿਣ ਅਤੇ ਬਿਨਾਂ ਵਜ੍ਹਾ ਕਿਸੇ ਵੀ ਕਾਰਜ ਵਿੱਚ ਦੇਰੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਕੈਬਨਿਟ ਮੰਤਰੀ ਨੇ ਪੀ.ਐਸ.ਪੀ.ਸੀ.ਐਲ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਸੀਵਰੇਜ ਬੋਰਡ, ਨਹਿਰੀ ਵਿਭਾਗ ਆਦਿ ਨਾਲ ਸਬੰਧਤ ਕਾਰਜਾਂ ਦੀ ਸਥਿਤੀ ਬਾਰੇ ਮੁਖੀਆਂ ਤੋਂ ਜਾਣਕਾਰੀ ਹਾਸਲ ਕਰਦਿਆਂ ਹਦਾਇਤ ਕੀਤੀ ਕਿ ਹਲਕਾ ਜੰਡਿਆਲਾ ਨੂੰ ਸੁਵਿਧਾਵਾਂ ਪੱਖੋਂ ਮੋਹਰੀ ਬਣਾਉਣ ਵਿੱਚ ਕੋਈ ਕਸਰ ਬਾਕੀ ਨਾ ਛੱਡੀ ਜਾਵੇ। ਉਨ੍ਹਾਂ ਨੇ ਵੱਖ-ਵੱਖ ਖੇਡ ਸਟੇਡੀਅਮਾਂ, ਸੁੱਕਾ ਤੇ ਗਿੱਲਾ ਕੂੜਾ ਇਕੱਤਰ ਕਰਨ ਲਈ ਚੱਲ ਰਹੇ ਕਾਰਜਾਂ, ਹਾਈ ਲੈਵਲ ਪੁਲਾਂ ਦੇ ਨਿਰਮਾਣ, ਪਾਰਕਾਂ, ਸੜਕਾਂ ਦੇ ਨਿਰਮਾਣ, ਪੇਂਡੂ ਲਾਇਬ੍ਰੇਰੀਆਂ, ਛੱਪੜਾਂ ਦੀ ਨਵੀਨੀਕਰਨ ਪ੍ਰਕਿਰਿਆ ਸਮੇਤ ਵੱਡੀ ਗਿਣਤੀ ਕਾਰਜਾਂ ਬਾਰੇ ਜਾਇਜ਼ਾ ਲਿਆ। ਹਰਭਜਨ ਸਿੰਘ ਨੇ ਕਿਹਾ ਕਿ ਮੇਰਾ ਹਲਕਾ ਮੇਰਾ ਪਰਿਵਾਰ ਹੈ ਅਤੇ ਇਹਨਾਂ ਦੀਆਂ ਲੋੜਾਂ ਦਾ ਧਿਆਨ ਰੱਖਣਾ ਮੇਰਾ ਫਰਜ਼ ਹੈ, ਜਿਸ ਵਿੱਚ ਮੈਂ ਰਤੀ ਭਰ ਵੀ ਕੁਤਾਈ ਨਹੀਂ ਬਰਦਾਸਤ ਨਹੀਂ ਕਰਾਂਗਾ।

## ਜ਼ਿਲ੍ਹਾ ਮੰਡੀ ਅਫ਼ਸਰ ਵੱਲੋਂ ਮਕਸੂਦਾਂ ਸਬਜ਼ੀ ਮੰਡੀ ਦਾ ਦੌਰਾ

### ਰੇਹੜੀ ਲਗਾਉਣ ਵਾਲੇ ਵਿਅਕਤੀਆਂ ਨੂੰ ਕੂੜਾ ਇਧਰ-ਉਧਰ ਨਾ ਸੁੱਟਣ ਦੀ ਅਪੀਲ

ਜਲੰਧਰ, 26 ਅਪ੍ਰੈਲ, (ਸੰਦੀਪ ਕੌਲ) : ਜ਼ਿਲ੍ਹਾ ਮੰਡੀ ਅਫ਼ਸਰ ਅਰਵਿੰਦਰ ਸਿੰਘ ਵੱਲੋਂ ਅੱਜ ਸਕੱਤਰ ਮਾਰਕੀਟ ਕਮੇਟੀ ਦੇ ਨਾਲ ਸਥਾਨਕ ਮਕਸੂਦਾਂ ਸਬਜ਼ੀ ਮੰਡੀ ਦਾ ਦੌਰਾ ਕੀਤਾ ਗਿਆ। ਦੌਰੇ ਦੌਰਾਨ ਉਨ੍ਹਾਂ ਮੰਡੀ ਵਿੱਚ ਸਫ਼ਾਈ ਪ੍ਰਬੰਧਾਂ ਦਾ ਜਾਇਜ਼ਾ ਲਿਆ।

ਜ਼ਿਲ੍ਹਾ ਮੰਡੀ ਅਫ਼ਸਰ ਨੇ ਸਕੱਤਰ ਮਾਰਕੀਟ ਕਮੇਟੀ ਨੂੰ ਹਦਾਇਤ ਕੀਤੀ ਕਿ ਮੰਡੀ ਵਿੱਚ ਸਫ਼ਾਈ ਪ੍ਰਬੰਧ ਯਕੀਨੀ ਬਣਾਏ ਜਾਣ ਅਤੇ ਨਿਯਮਤ ਤੌਰ 'ਤੇ ਸਫ਼ਾਈ ਕਰਵਾਈ ਜਾਵੇ, ਤਾਂ ਜੋ ਆਉਣ ਵਾਲੇ ਬਰਸਾਤ ਦੇ ਮੌਸਮ ਦੇ ਮੱਦੇਨਜ਼ਰ ਮੱਖੀ ਅਤੇ ਮੱਛਰ ਦੇ ਪ੍ਰਕੋਪ ਤੋਂ ਬਚਿਆ ਜਾ ਸਕੇ। ਉਨ੍ਹਾਂ ਕਿਹਾ ਕਿ ਸਬਜ਼ੀ ਮੰਡੀ ਦੀ ਨਿਯਮਿਤ ਢੰਗ ਨਾਲ ਸਫ਼ਾਈ ਹੋਣੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸਫ਼ਾਈ ਪੱਖੋਂ ਮਕਸੂਦਾਂ ਮੰਡੀ ਨੂੰ ਨਮੂਨੇ ਦੀ ਮੰਡੀ ਬਣਾਉਣ ਵਾਸਤੇ ਕੋਈ ਕਸਰ ਬਾਕੀ ਨਾ ਛੱਡੀ ਜਾਵੇ। ਉਨ੍ਹਾਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਢਿੱਲ-ਮੱਠ ਦੀ ਨੀਤੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਜ਼ਿਲ੍ਹਾ ਮੰਡੀ ਅਫ਼ਸਰ ਨੇ ਮੰਡੀ ਵਿੱਚ ਰੇਹੜੀ ਲਗਾਉਣ ਵਾਲੇ ਵਿਅਕਤੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਕੂੜਾ ਇਧਰ-ਉਧਰ ਨਾ ਸੁੱਟਣ ਅਤੇ ਮੰਡੀ ਦੀ ਸਫ਼ਾਈ ਬਣਾਈ ਰੱਖਣ ਵਿੱਚ ਆਪਣਾ ਯੋਗਦਾਨ ਪਾਉਣ। ਉਨ੍ਹਾਂ ਸਬੰਧਿਤ ਮੁਲਾਜ਼ਮਾਂ ਨੂੰ ਸਫ਼ਾਈ ਦੇ ਕੰਮ ਦੀ ਨਿਗਰਾਨੀ ਰੱਖਣ ਦੇ ਨਿਰਦੇਸ਼ ਵੀ ਦਿੱਤੇ, ਤਾਂ ਜੋ ਮੰਡੀ ਵਿਖੇ ਸਾਫ਼-ਸੁਥਰਾ ਮਾਹੌਲ ਯਕੀਨੀ ਬਣਾਇਆ ਜਾ ਸਕੇ।

ਇਸ ਮੌਕੇ ਸਕੱਤਰ ਮਾਰਕੀਟ ਕਮੇਟੀ ਨੇ ਭਰੋਸਾ ਦਿਵਾਇਆ ਕਿ ਮੰਡੀ ਵਿੱਚ ਸਫ਼ਾਈ ਵਿਵਸਥਾ ਰੋਜ਼ਾਨਾ ਯਕੀਨੀ ਬਣਾਈ ਜਾਵੇਗੀ।

## ਜ਼ਿਲ੍ਹੇ ਦੀਆਂ ਮੰਡੀਆਂ 'ਚ ਸੁਚਾਰੂ ਢੰਗ ਨਾਲ ਚੱਲ ਰਹੀ ਹੈ ਕਣਕ ਦੀ ਖਰੀਦ ਪ੍ਰਕਿਰਿਆ, ਕਿਸਾਨਾਂ ਨੇ ਸਰਕਾਰ ਦਾ ਧੰਨਵਾਦ ਪ੍ਰਗਟਾਇਆ

### ਹੁਣ ਤੱਕ ਕਿਸਾਨਾਂ ਨੂੰ 761 ਕਰੋੜ ਰੁਪਏ ਦਾ ਭੁਗਤਾਨ, 3 ਲੱਖ 43 ਹਜ਼ਾਰ 596 ਮੀਟਰਕ ਟਨ ਤੋਂ ਵੱਧ ਹੋਈ ਕਣਕ ਦੀ ਖਰੀਦ

ਜਲੰਧਰ, 26 ਅਪ੍ਰੈਲ, (ਸੰਦੀਪ ਕੌਲ) : ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਸੁਚਾਰੂ ਢੰਗ ਨਾਲ ਕਣਕ ਦੀ ਖਰੀਦ ਪ੍ਰਕਿਰਿਆ ਚੱਲ ਰਹੀ ਹੈ, ਜਿਸ ਸਦਕਾ ਕਿਸਾਨਾਂ ਵੱਲੋਂ ਪੰਜਾਬ ਸਰਕਾਰ ਦਾ ਧੰਨਵਾਦ ਵੀ ਪ੍ਰਗਟਾਇਆ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਲਗਾਤਾਰ ਸਬੰਧਿਤ ਅਧਿਕਾਰੀਆਂ ਕੋਲੋਂ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈ ਰਹੇ ਹਨ। ਉਨ੍ਹਾਂ ਅੱਜ ਕੀਤੀ ਮੀਟਿੰਗ ਦੌਰਾਨ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਹੋਰ ਗੰਭੀਰਤਾ ਨਾਲ ਖਰੀਦ ਪ੍ਰਕਿਰਿਆ ਨੂੰ ਨੇਪਰੇ ਚਾੜ੍ਹਿਆ ਜਾਵੇ। ਉਨ੍ਹਾਂ ਕਿਹਾ ਕਿ ਖਰੀਦ ਪ੍ਰਬੰਧਾਂ, ਲਿਫਟਿੰਗ ਅਤੇ ਸਮੇਂ-ਸਿਰ ਅਦਾਇਗੀ ਯਕੀਨੀ ਬਣਾਈ ਜਾਵੇ। ਇਸ ਤੋਂ ਇਲਾਵਾ ਕਿਸਾਨਾਂ ਅਤੇ ਮਜ਼ਦੂਰਾਂ ਲਈ ਸਹੂਲਤਾਂ ਪੱਖੋਂ ਕੋਈ ਕਮੀਂ ਨਹੀਂ ਰਹਿਣੀ ਚਾਹੀਦੀ।

ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਖਰੀਦ ਕੀਤੀ ਗਈ ਕਣਕ ਦੀ ਹੁਣ ਤੱਕ 761 ਕਰੋੜ ਰੁਪਏ ਦੀ ਅਦਾਇਗੀ ਯਕੀਨੀ ਬਣਾਈ ਗਈ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੀਆਂ ਵੱਖ-ਵੱਖ ਮੰਡੀਆਂ ਵਿੱਚ 3,47,244 ਮੀਟਰਕ ਟਨ ਕਣਕ ਦੀ ਆਮਦ ਹੋਈ ਹੈ, ਜਿਸ ਵਿਚੋਂ 3,43,596 ਮੀਟਰਕ ਟਨ ਵੱਖ-ਵੱਖ ਖਰੀਦ ਏਜੰਸੀਆਂ ਵੱਲੋਂ ਖਰੀਦ ਕਰ ਲਈ ਗਈ ਹੈ।

ਡਾ. ਅਗਰਵਾਲ ਨੇ ਦੱਸਿਆ ਕਿ ਇਸ ਸੀਜ਼ਨ ਵਿੱਚ ਜ਼ਿਲ੍ਹੇ ਦੀਆ 79 ਮੰਡੀਆਂ ਵਿੱਚ 5.25 ਲੱਖ ਮੀਟਰਕ ਟਨ ਕਣਕ ਪਹੁੰਚਣ ਦੀ ਸੰਭਾਵਨਾ ਹੈ।



ਉਨ੍ਹਾਂ ਕਿਹਾ ਕਿ ਫ਼ਸਲ ਦੀ ਬੰਪਰ ਪੈਦਾਵਾਰ ਨੂੰ ਦੇਖਦਿਆਂ 23 ਆਰਜ਼ੀ ਮੰਡੀਆਂ ਦਾ ਪ੍ਰਬੰਧ ਵੀ ਕੀਤਾ ਗਿਆ ਹੈ।

ਡਿਪਟੀ ਕਮਿਸ਼ਨਰ ਨੇ ਪੰਜਾਬ ਸਰਕਾਰ ਵਲੋਂ ਕਣਕ ਦੀ ਖਰੀਦ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਦੀ ਵਚਨਬੱਧਤਾ ਦੁਹਰਾਉਂਦਿਆਂ ਕਿਹਾ ਕਿ ਮੰਡੀਆਂ ਵਿੱਚ ਕਿਸਾਨਾਂ ਦੀ ਕਣਕ ਦਾ ਇਕ-ਇਕ ਦਾਣਾ ਖਰੀਦਿਆ ਜਾਵੇਗਾ।

ਉਧਰ ਵੱਖ-ਵੱਖ ਮੰਡੀਆਂ ਵਿੱਚ ਆਪਣੀ ਫਸਲ ਲੈ ਕੇ ਆਏ ਕਿਸਾਨਾਂ ਨੇ ਖੁਸ਼ੀ ਜ਼ਾਹਿਰ ਕਰਦਿਆਂ ਪੰਜਾਬ ਸਰਕਾਰ ਵਲੋਂ ਖਰੀਦ ਕੇਂਦਰਾਂ ਵਿੱਚ ਯਕੀਨੀ ਬਣਾਏ ਗਏ ਸੁੱਚਜੇ ਪ੍ਰਬੰਧਾਂ ਲਈ ਧੰਨਵਾਦ ਵੀ ਪ੍ਰਗਟਾਇਆ।

ਪਿੰਡ ਜਮਾਲਪੁਰ ਤੋਂ ਕਿਸਾਨ ਗੁਰਚਰਨ ਸਿੰਘ ਘੁੰਮਣ ਪੁੱਤਰ ਦਲਜੀਤ ਸਿੰਘ ਨੇ ਦੱਸਿਆ ਕਿ ਉਸ ਵੱਲੋਂ ਬੀਤੇ ਦਿਨ ਮੰਡੀ ਵਿੱਚ ਕਣਕ ਲਿਆਂਦੀ ਗਈ ਸੀ ਅਤੇ ਬਿਨ੍ਹਾਂ ਕਿਸੇ ਦਿੱਕਤ ਦੇ ਸਮੇਂ-ਸਿਰ ਕਣਕ ਦੀ ਤੁਲਾਈ ਉਪਰੰਤ ਅੱਜ ਅਦਾਇਗੀ ਹੋ ਗਈ ਹੈ।

ਪਿੰਡ ਸੇਹਮ ਦੇ ਕਿਸਾਨ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਉਹ ਅੱਜ ਸਵੇਰੇ ਆਪਣੀ ਕਣਕ ਦੀ ਫ਼ਸਲ ਦਾਣਾ ਮੰਡੀ ਪ੍ਰਤਾਪਪੁਰਾ ਵਿਖੇ ਵੇਚਣ ਲਈ ਲੈ ਕੇ ਆਇਆ ਸੀ ਅਤੇ ਉਸ ਦੀ ਕਣਕ ਮਾਰਕਫੈਡ ਖਰੀਦ ਏਜੰਸੀ ਵੱਲੋਂ 2425 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਖਰੀਦ ਕਰ ਲਈ ਗਈ ਹੈ। ਉਨ੍ਹਾਂ ਦੱਸਿਆ ਕਿ ਮੰਡੀ ਵਿੱਚ ਪੀਣ ਲਈ ਪਾਣੀ, ਸਾਫ਼ ਸਫ਼ਾਈ ਅਤੇ ਹੋਰ ਜ਼ਰੂਰੀ ਪ੍ਰਬੰਧ ਬਹੁਤ ਹੀ ਵਧੀਆ ਢੰਗ ਨਾਲ ਕੀਤੇ ਗਏ ਹਨ, ਜਿਸ ਲਈ ਉਹ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਪ੍ਰਗਟ ਕਰਦੇ ਹਨ।

ਇਸੇ ਤਰ੍ਹਾਂ ਪਿੰਡ ਤਲਵੰਡੀ ਦੇ ਕਿਸਾਨ ਬਲਵਿੰਦਰ ਸਿੰਘ ਅਤੇ ਪਿੰਡ ਗੁੰਮਟਾਲੀ ਦੇ ਕਿਸਾਨ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਮੰਡੀਆਂ ਵਿੱਚ ਕਣਕ ਲਿਆਉਣ ਉਪਰੰਤ ਤੁਰੰਤ ਤੁਲਵਾਈ ਤੋਂ ਬਾਅਦ ਦੂਸਰੇ ਦਿਨ ਬੈਂਕ ਖਾਤੇ ਵਿੱਚ ਅਦਾਇਗੀ ਪ੍ਰਾਪਤ ਹੋ ਗਈ ਹੈ। ਪਿੰਡ ਰਾਮਾ ਦੇ ਕਿਸਾਨ ਜੁਝਾਰ ਸਿੰਘ ਪੁੱਤਰ ਬਲਦੇਵ ਸਿੰਘ ਨੇ ਦੱਸਿਆ ਕਿ ਉਹ ਬਿਲਗਾ ਮੰਡੀ ਵਿੱਚ ਆਪਣੀ ਕਣਕ ਦੀ ਫ਼ਸਲ ਵੇਚਣ ਲਈ ਲੈ ਕੇ ਆਇਆ ਸੀ। ਉਨ੍ਹਾਂ ਵੀ ਕਣਕ ਦੀ ਖਰੀਦ ਉਪਰੰਤ ਅਗਲੇ ਦਿਨ ਹੀ ਅਦਾਇਗੀ ਹੋਣ ਤੇ ਪੰਜਾਬ ਸਰਕਾਰ ਦਾ ਧੰਨਵਾਦ ਪ੍ਰਗਟਾਇਆ।

## ਭਾਜਪਾ ਵੱਲੋਂ ਜੰਡਿਆਲਾ ਗੁਰੂ ਦੇ 4 ਸਰਕਲ ਪ੍ਰਧਾਨਾਂ ਦੀ ਚੋਣ



ਤਰਸਿੱਕਾ, 27 ਅਪ੍ਰੈਲ, (ਦਵਿੰਦਰ ਸਿੰਘ ਤਰਸਿੱਕਾ) : ਭਾਰਤੀ ਜਨਤਾ ਪਾਰਟੀ ਦੀਆਂ ਜਥੇਬੰਦਕ ਚੋਣਾਂ ਦੌਰਾਨ ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਦੇ ਚਾਰ ਸਰਕਲ ਪ੍ਰਧਾਨਾਂ ਦੀ ਸਰਬ ਸੰਮਤੀ ਨਾਲ ਚੋਣ ਕੀਤੀ ਗਈ। ਇਸ ਦੌਰਾਨ ਸਾਬਕਾ ਵਿਧਾਇਕ ਤੇ ਭਾਜਪਾ ਦੇ ਜ਼ਿਲ੍ਹਾ ਦਿਹਾਤੀ ਪ੍ਰਧਾਨ ਮਨਜੀਤ ਸਿੰਘ ਮੰਨਾ ਮੀਆਂਵਿੰਡ ਅਤੇ ਸਹਿ ਜ਼ਿਲ੍ਹਾ ਚੋਣ ਅਧਿਕਾਰੀ ਹਰਦੀਪ ਸਿੰਘ ਗਿੱਲ ਇੰਚਾਰਜ ਭਾਜਪਾ ਹਲਕਾ ਜੰਡਿਆਲਾ ਗੁਰੂ ਨੇ ਰਸਮੀ ਤੌਰ 'ਤੇ ਚੁਣੇ ਸਰਕਲ ਪ੍ਰਧਾਨਾਂ ਦਾ ਐਲਾਨ ਕੀਤਾ। ਪਿੰਡ ਮੁੱਛਲ ਵਿਖੇ ਮੀਟਿੰਗ ਦੌਰਾਨ ਤਰਸਿੱਕਾ ਸਰਕਲ ਤੋਂ ਮਨਜੀਤ ਸਿੰਘ ਸੰਧੂ, ਜੰਡਿਆਲਾ ਗੁਰੂ ਦਿਹਾਤੀ ਤੋਂ ਸਾਬਕਾ ਸਰਪੰਚ ਸੁਖਵਿੰਦਰ ਕੌਰ, ਮੁੱਛਲ ਸਰਕਲ ਤੋਂ ਨਰਿੰਦਰ ਸਿੰਘ ਅਤੇ ਮਹਿਤਾ ਸਰਕਲ ਤੋਂ ਕੇਵਲ ਸਿੰਘ ਖੱਬੇ ਰਾਜਪੂਤਾਂ ਨੂੰ ਸਰਕਲ ਪ੍ਰਧਾਨ ਬਣਾਉਣ ਦਾ ਐਲਾਨ ਕੀਤਾ ਗਿਆ। ਇਸ ਮੌਕੇ 'ਤੇ ਬੋਲਦੇ ਹੋਏ ਮਨਜੀਤ ਸਿੰਘ ਮੰਨਾ ਨੇ ਕਿਹਾ ਕਿ ਪਾਰਟੀ ਵੱਲੋਂ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਤੇ ਪਾਰਟੀ ਦੀ ਪੰਜਾਬ ਲੀਡਰਸ਼ਿਪ ਨਾਲ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਇਹ ਨਿਯੁਕਤੀਆਂ ਕੀਤੀਆਂ ਗਈਆਂ ਹਨ। ਉਨ੍ਹਾਂ ਨਵੇਂ ਚੁਣੇ ਸਰਕਲ ਪ੍ਰਧਾਨਾਂ ਨੂੰ ਵਧਾਈ ਦਿੰਦਿਆਂ ਭਾਜਪਾ ਦੀ ਮਜਬੂਤੀ ਲਈ ਦਿਨ ਰਾਤ ਇੱਕ ਕਰਨ ਦਾ ਪਾਰਟੀ ਦਾ ਸੁਨੇਹਾ ਵੀ ਦਿੱਤਾ।ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਨਿਰਵੈਲ ਸਿੰਘ ਵਡਾਲੀ ਜਗਰੂਪ ਸਿੰਘ ਵਡਾਲੀ, ਬਲਜਿੰਦਰ ਸਿੰਘ ਭੰਗਵਾਂ, ਸੁਰਜੀਤ ਸਿੰਘ ਰਾਏਪੁਰ, ਗੁਰਦਿਆਲ ਸਿੰਘ ਨੰਬਰਦਾਰ, ਬਲਦੇਵ ਸਿੰਘ ਮੇਹਰਬਾਨਪੁਰਾ, ਬਿੱਟੂ ਮੇਹਰਬਾਨਪੁਰਾ, ਰਮਨ ਕੁਮਾਰ, ਗੁਰਪਿੰਦਰ ਸਿੰਘ ਗੋਪੀ, ਕਰਨ ਛਾਪਾ, ਬਲਕਾਰ ਸਿੰਘ ਬੱਬੂ ਨਵਾਂ ਪਿੰਡ, ਹਰਜੋਤ ਸਿੰਘ ਮਹਿਤਾ, ਸਤਨਾਮ ਸਿੰਘ ਤਰਸਿੱਕਾ, ਪ੍ਰਗਟ ਸਿੰਘ ਤਰਸਿੱਕਾ,ਬਲਜਿੰਦਰ ਸਿੰਘ ਅਮਰਕੋਟ, ਗੁਰਪਾਲ ਸਿੰਘ ਬੇਰੀ ਆਣਾ, ਨਿਰਮਲ ਸਿੰਘ, ਜਗਤਾਰ ਸਿੰਘ ਖੇਲਾ, ਬਲਜਿੰਦਰ ਸਿੰਘ ਭੰਗਵਾਂ, ਮੇਜਰ ਸਿੰਘ ਮੁੱਛਲ, ਜੋਗਿੰਦਰ ਸਿੰਘ ਫੌਜੀ ਤੋਂ ਹੀ ਇਲਾਵਾ ਹੋਰ ਵੀ ਪ੍ਰਮੁੱਖ ਅਹੁਦੇਦਾਰ ਹਾਜ਼ਰ ਸਨ।

## ਅੰਮ੍ਰਿਤਸਰ ਵਿਖੇ ਪਹਿਲਗਾਮ ਦੇ ਸ਼ਹੀਦਾਂ ਦੇ ਸਨਮਾਨ ਵਿੱਚ 'ਸ਼ਰਧਾਂਜਲੀ ਯਾਤਰਾ' ਕੱਢੀ




ਅੰਮ੍ਰਿਤਸਰ, 27 ਅਪ੍ਰੈਲ, (ਗੁਰਦਿਆਲ ਸਿੰਘ) : ਐਤਵਾਰ ਨੂੰ ਕੰਪਨੀ ਗਾਰਡਨ ਵਿਖੇ ਪਹਿਲਗਾਮ ਦੇ ਸ਼ਹੀਦਾਂ ਦੇ ਸਨਮਾਨ ਵਿੱਚ ਇੱਕ ਸ਼ਰਧਾਂਜਲੀ ਯਾਤਰਾ ਵਿੱਚ 125 ਲੋਕਾਂ ਨੇ ਹਿੱਸਾ ਲਿਆ।

ਮੈਤਰੀਬੋਧ ਪਰਿਵਾਰ ਦੁਆਰਾ ਆਯੋਜਿਤ, ਯਾਤਰਾ ਵਿੱਚ ਪਿਆਰ, ਏਕਤਾ ਅਤੇ ਭਾਵਨਾ ਦਾ ਇੱਕ ਅਸਾਧਾਰਨ ਪ੍ਰਵਾਹ ਦੇਖਿਆ ਗਿਆ।

ਲੋਕ ਵਿੱਛੜੀਆਂ ਰੂਹਾਂ ਦਾ ਸਨਮਾਨ ਕਰਨ ਅਤੇ ਇੱਕ ਭਾਰਤ ਵਜੋਂ ਖੜ੍ਹੇ ਹੋਣ ਲਈ ਇੱਕਜੁੱਟ ਹੋਏ। ਏਕਤਾ ਦੇ ਇੱਕ ਪ੍ਰਭਾਵਸ਼ਾਲੀ ਪ੍ਰਦਰਸ਼ਨ ਵਿੱਚ, ਮਾਹੌਲ 'ਏਕ ਭਾਰਤ, ਹਮ ਭਾਰਤ' ਦੇ ਨਾਅਰੇ ਨਾਲ ਗੂੰਜ ਉੱਠਿਆ ਜਦੋਂ ਲੋਕ ਹੱਥ ਵਿੱਚ ਹੱਥ ਪਾ ਕੇ ਮੌਨ ਸ਼ਰਧਾਂਜਲੀ ਭੇਟ ਕਰ ਰਹੇ ਸਨ।

ਮੈਤਰੀਬੋਧ ਪਰਿਵਾਰ ਦੇ ਬੁਲਾਰੇ ਨੇ ਕਿਹਾ, 'ਮਾਸੂਮ ਸੈਲਾਨੀਆਂ ਨੇ ਆਪਣੀਆਂ ਜਾਨਾਂ ਗੁਆ ਦਿੱਤੀਆਂ। ਇਸ ਯਾਤਰਾ ਰਾਹੀਂ, ਅਸੀਂ ਉਨ੍ਹਾਂ ਨੂੰ ਪਿਆਰ ਅਤੇ ਸਤਿਕਾਰ ਨਾਲ ਸਨਮਾਨਿਤ ਕਰਦੇ ਹਾਂ।

## ਤਰਨ ਤਾਰਨ ਵਿਖੇ ਨਸ਼ਿਆਂ ਵਿਰੁੱਧ ਜੰਗ 'ਤੇ ਆਧਾਰਿਤ ਵਿਸ਼ਾਲ ਜਾਗਰੂਕਤਾ ਰੈਲੀ ਕੱਢੀ




ਅੰਮ੍ਰਿਤਸਰ, 27 ਅਪ੍ਰੈਲ, (ਗੁਰਦਿਆਲ ਸਿੰਘ) : ਤਰਨ ਤਾਰਨ ਵਿਖੇ ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਆਈ.ਏ.ਐਸ.ਅਤੇ ਵਧੀਕ ਡਿਪਟੀ ਕਮਿਸ਼ਨਰ ਸ੍ਰੀ ਰਾਜਦੀਪ ਸਿੰਘ ਬਰਾੜ ਪੀ.ਸੀ. ਐਸ. ਦੀ ਅਗਵਾਈ ਹੇਠ ਨਸ਼ਿਆਂ ਵਿਰੁੱਧ ਜੰਗ ਸਬੰਧੀ ਵਿਸ਼ਾਲ ਜਾਗਰੂਕਤਾ ਰੈਲੀ ਕੱਢੀ ਗਈ। ਤਰਨ ਤਾਰਨ ਦੇ ਵੱਖ-ਵੱਖ ਸਕੂਲਾਂ ਦੇ ਲੱਗਭੱਗ 5000 ਵਿਦਿਆਰਥੀ ਅੱਜ ਸਵੇਰੇ 6:30 ਵਜੇ ਚੀਫ਼ ਖ਼ਾਲਸਾ ਦੀਵਾਨ ਦੀ ਅਗਵਾਈ ਹੇਠ ਚੱਲ ਰਹੀ ਜ਼ਿਲ੍ਹੇ ਦੀ ਨਾਮਵਰ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਇਕੱਤਰ ਹੋਏ। ਮੌਕੇ ਪੰਜਾਬ ਦੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਅਤੇ ਤਰਨ ਤਾਰਨ ਦੇ ਐਮ.ਐੱਲ.ਏ.ਕਸ਼ਮੀਰ ਸਿੰਘ ਸੋਹਲ ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਮਨਜਿੰਦਰ ਸਿੰਘ ਲਾਲਪੁਰਾ ਐਮ. ਐੱਲ.ਏ.ਖਡੂਰ ਸਾਹਿਬ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ ।ਮੁੱਖ ਮਹਿਮਾਨ ਨੇ ਆਪਣੇ ਭਾਸ਼ਣ ਵਿੱਚ ਵਿਦਿਆਰਥੀਆਂ ਨੂੰ ਨਸ਼ੇ ਵਰਗੀ ਭਿਆਨਕ ਬੁਰਾਈ ਤੋਂ ਦੂਰ ਰਹਿਣ ਲਈ ਜਾਗਰੂਕ ਕੀਤਾ ਅਤੇ ਆਪਣੇ ਜੀਵਨ ਨੂੰ ਨਸ਼ੀਲੇ ਪਦਾਰਥਾਂ ਤੋਂ ਦੂਰ ਰੱਖਣ ਲਈ ਪ੍ਰੇਰਿਤ ਕੀਤਾ। ਇਸ ਤੋਂ ਬਾਅਦ ਸਹੁੰ ਚੁੱਕ ਸਮਾਗਮ ਹੋਇਆ ਅਤੇ ਰਾਸ਼ਟਰੀ ਗੀਤ ਗਾਇਆ ਗਿਆ। ਇਸ ਤੋਂ ਉਪਰੰਤ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ।ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਵਿੱਚ ਭਰਪੂਰ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਸੀ। ਸਾਰੇ ਵਿਦਿਆਰਥੀਆਂ ਨੇ ਇਸ ਮੁਹਿੰਮ ਨਾਲ ਸਬੰਧਤ ਟੀ ਸਰਟਾਂ ਪਾਈਆਂ ਹੋਈਆਂ ਸਨ। ਇਹ ਰੈਲੀ ਦਰਬਾਰ ਸਾਹਿਬ ਵਿਖੇ ਪੁੱਜੀ, ਜਿੱਥੇ ਵਿਦਿਆਰਥੀਆਂ ਨੇ ਗੁਰੂ ਮੰਤਰ ਦਾ ਜਾਪ ਕੀਤਾ ਅਤੇ ਗੁਰੂ ਘਰ ਹਾਜ਼ਰੀ ਭਰੀ। ਇਸ ਤੋਂ ਉਪਰੰਤ ਸਾਰਿਆਂ ਨੇ ਲੰਗਰ ਹਾਲ ਵਿੱਚ ਗੁਰੂ ਕਾ ਲੰਗਰ ਛਕਿਆ ਅਤੇ ਵਾਹਿਗੁਰੂ ਜੀ ਦਾ ਸ਼ੁਕਰਾਨਾ ਕੀਤਾ। ਚੀਫ਼ ਖ਼ਾਲਸਾ ਦੀਵਾਨ ਲੋਕਲ ਕਮੇਟੀ ਦੇ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਹਰਜੀਤ ਸਿੰਘ ਜੀ, ਚੀਫ਼ ਖ਼ਾਲਸਾ ਦੀਵਾਨ ਲੋਕਲ ਕਮੇਟੀ ਦੇ ਮੀਤ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਸ.ਗੁਰਿੰਦਰ ਸਿੰਘ ਜੀ, ਸਕੂਲ ਦੇ ਮੈਂਬਰ ਇੰਚਾਰਜ ਸ.ਨਵਜੋਤ ਸਿੰਘ ਜੀ, ਸਕੂਲ ਦੇ ਮੈਂਬਰ ਇੰਚਾਰਜ ਰਣਦੀਪ ਸਿੰਘ ਜੀ ਨੇ ਸਰਕਾਰ ਵੱਲੋਂ ਚਲਾਈ ਗਈ ਇਸ ਮੁਹਿਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੀਆਂ ਕੋਸ਼ਿਸ਼ਾਂ ਨਾਲ ਵਿਦਿਆਰਥੀ ਸਮਾਜ ਨੂੰ ਵਧੀਆ ਤਰੀਕੇ ਨਾਲ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ ਜਾ ਸਕਦਾ ਹੈ । ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸਤਵੰਤ ਸਿੰਘ ਬੈਂਸ ਨੇ ਇਸ ਰੈਲੀ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਨਾਲ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਹਨਾਂ ਨੇ ਆਏ ਹੋਏ ਸਾਰੇ ਹੀ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹੋ ਜਿਹੇ ਉਪਰਾਲੇ ਨੌਜਵਾਨ ਪੀੜ੍ਹੀ ਨੂੰ ਸਹੀ ਸੇਧ ਦੇ ਸਕਦੇ ਹਨ ਅਤੇ ਨਸ਼ਿਆਂ ਵਰਗੇ ਕੋਹੜ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕਦਾ ਹੈ।

## ਖ਼ਾਲਸਾ ਕਾਲਜ ਨੇ ਸੂਬੇ ਦੇ ਖੁਦਮੁਖ਼ਤਿਆਰ ਕਾਲਜਾਂ 'ਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ



ਅੰਮ੍ਰਿਤਸਰ, 27 ਅਪ੍ਰੈਲ, (ਬਬਲੂ ਮਹਾਜਨ) :ਇਤਿਹਾਸਕ ਖ਼ਾਲਸਾ ਕਾਲਜ ਨੂੰ ਸੂਬੇ ਦੇ ਖ਼ੁਦਮੁਖਤਿਆਰ ਕਾਲਜਾਂ 'ਚੋਂ ਪਹਿਲਾ ਸਥਾਨ ਪ੍ਰਾਪਤ ਹੋਣ 'ਤੇ ਖਾਲਸਾ ਯੂਨੀਵਰਸਿਟੀ ਦੇ ਪ੍ਰੋ—ਚਾਂਸਲਰ ਅਤੇ ਖਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਕਾਲਜ ਪ੍ਰਿੰਸੀਪਲ ਸਮੇਤ ਸਮੂੰਹ ਸਟਾਫ ਤੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ।ਉਨ੍ਹਾਂ ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਦੀ ਮੌਜੂਦਗੀ 'ਚ ਜਾਣਕਾਰੀ ਦਿੰਦਿਆਂ ਕਿਹਾ ਕਿ ਕਾਲਜ ਉਤਰੀ ਭਾਰਤ 'ਚੋਂ ਸੈਕਿੰਡ ਅਤੇ ਭਾਰਤ ਦੇ ਸਮੂੰਹ ਖੁਦਮੁਖਤਿਆਰ ਕਾਲਜਾਂ 'ਚੋਂ 43ਵੇਂ ਸਥਾਨ 'ਤੇ ਹੈ।

ਇਸ ਮੌਕੇ ਛੀਨਾ ਨੇ ਉਕਤ ਪ੍ਰਾਪਤੀ ਦਾ ਸਿਹਰਾ ਪ੍ਰਿੰ: ਡਾ. ਰੰਧਾਵਾ ਅਤੇ ਸਟਾਫ਼ ਦੀ ਸਖ਼ਤ ਮਿਹਨਤ ਨੂੰ ਦਿੰਦਿਆਂ ਕਾਮਨਾ ਕੀਤੀ ਕਿ ਕਾਲਜ ਨਾ ਸਿਰਫ਼ ਆਪਣੀ ਸ਼ਾਨ ਨੂੰ ਬਰਕਰਾਰ ਰੱਖੇਗਾ, ਸਗੋਂ ਆਉਣ ਵਾਲੇ ਸਮੇਂ 'ਚ ਹੋਰ ਵੀ ਨਵੀਆਂ ਬੁਲੰਦੀਆਂ ਨੂੰ ਛੂਹੇਗਾ।

ਇਸ ਮੌਕੇ ਪ੍ਰਿੰ: ਡਾ. ਰੰਧਾਵਾ ਨੇ ਕਿਹਾ ਕਿ ਉਕਤ ਰੈਂਕਿੰਗ ਵਰਲਡ ਇੰਡੀਆ ਹਾਇਰ ਐਜ਼ੂਕੇਸ਼ਨ ਰੈਂਕਿੰਗ 2025—26 ਦੁਆਰਾ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਇਨ੍ਹਾਂ ਸੰਸਥਾਵਾਂ ਨੂੰ ਸਿੱਖਿਆ ਦੀ ਉਤਮਤਾ, ਪਾਠਕ੍ਰਮ ਤੇ ਸਿੱਖਿਆ ਸ਼ਾਸਤਰ, ਡਿਜੀਟਲ ਜਾਗਰੂਕਤਾ, ਫੈਕਲਟੀ ਯੋਗਤਾ, ਨਤੀਜੇ ਅਤੇ ਨਵੀਨਤਾ, ਪਲੇਸਮੈਂਟ, ਉਦਯੋਗ ਇੰਟਰਫੇਸ ਆਦਿ ਨੂੰ ਮਾਪਦੰਡਾਂ ਦੇ ਆਧਾਰ ਦਰਜਾ (ਰੈਂਕਿੰਗ) ਦਿੱਤਾ ਗਿਆ ਹੈ।ਉਨ੍ਹਾਂ ਕਿਹਾ ਕਿ ਕਾਲਜ ਨੇ ਸਾਰੇ ਮਾਪਦੰਡਾਂ 'ਚੋਂ ਉਤਮਤਾ, ਸ੍ਰੇਸ਼ਟਤਾ ਪ੍ਰਾਪਤ ਕੀਤੀ ਅਤੇ ਸ਼ਾਨਦਾਰ ਅੰਕ ਪ੍ਰਾਪਤ ਕਰਕੇ ਪੰਜਾਬ ਦੀ ਚੋਟੀ ਦੀ ਰੈਂਕਿਗ ਵਾਲੀ ਸੰਸਥਾ ਬਣ ਗਈ ਹੈ।ਇਸ ਮੌਕੇ ਅਕਾਦਮਿਕ ਮਾਮਲਿਆਂ ਡੀਨ, ਡਾ. ਤਮਿੰਦਰ ਸਿੰਘ ਭਾਟੀਆ, ਸਟੂਡੈਂਟ ਵੈਲਫੇਅਰ ਡੀਨ ਡਾ. ਦਲਜੀਤ ਸਿੰਘ ਵੀ ਹਾਜ਼ਰ ਸਨ।

## ਪੀ.ਐਚ.ਸੀ. ਢੋਟੀਆਂ ਵਿਖੇ ਵਿਸ਼ਵ ਮਲੇਰੀਆ ਦਿਵਸ ਮਨਾਇਆ



ਤਰਨ ਤਾਰਨ, 27 ਅਪ੍ਰੈਲ, (ਪੁਸ਼ਪਿੰਦਰ ਬੰਟੀ ਗੁਰਵਿੰਦਰ ਸਿੰਘ) : ਸਿਵਲ ਸਰਜਨ ਤਰਨ ਤਾਰਨ ਡਾਕਟਰ ਗੁਰਪ੍ਰੀਤ ਰਾਏ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾਕਟਰ ਅਵਲੀਨ ਕੌਰ ਅਤੇ ਡਾਕਟਰ ਸੁਖਜਿੰਦਰ ਸਿੰਘ ਜੀ ਦੇ ਹੁਕਮਾਂ ਅਤੇ ਸੀਨੀਅਰ ਮੈਡੀਕਲ ਅਫ਼ਸਰ ਸੀ ਐਚ ਸੀ ਕੈਰੋਂ ਡਾਕਟਰ ਜੇ ਪੀ ਦੀ ਰਹਿਨੁਮਾਈ ਹੇਠ ਪੀ ਐਚ ਸੀ ਢੋਟੀਆਂ ਵਿਖੇ ਵਿਸ਼ਵ ਮਲੇਰੀਆ ਦਿਵਸ ਮਨਾਇਆ ਗਿਆ।

ਇਸ ਮੌਕੇ ਹੈਲਥ ਇੰਸਪੈਕਟਰ ਅਮਰਜੀਤ ਸਿੰਘ ਭੁੱਲਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਲੇਰੀਆ ਦਾ ਮੱਛਰ ਘਰਾਂ ਦੇ ਆਲੇ ਦੁਆਲੇ ਖੜ੍ਹੇ ਪਾਣੀ ਵਿੱਚ ਪੈਦਾ ਹੁੰਦਾ ਹੈ। ਦੱਸਿਆ ਗਿਆ ਕਿ ਵਿਸ਼ਵ ਮਲੇਰੀਆ ਦਿਵਸ ਮਨਾਉਣ ਦਾ ਮੁੱਖ ਮੰਤਵ ਲੋਕਾਂ ਨੂੰ ਨਾਗਰਿਕਾਂ ਨੂੰ ਜਾਗਰੂਕ ਕਰਨਾ ਹੈ।ਇਸ ਕਰਕੇ ਮਲੇਰੀਆ ਅਤੇ ਡੇਂਗੂ ਦੀ ਰੋਕਥਾਮ ਵਾਸਤੇ ਸਿਹਤ ਕਰਮਚਾਰੀਆਂ ਵੱਲੋਂ ਲਗਾਤਾਰ ਪਿੰਡਾਂ ਵਿੱਚ ਜਾਗਰੂਕਤਾ ਫੈਲਾਈ ਜਾ ਰਹੀ ਹੈ। ਫੀਵਰ ਸਰਵੇ ਕੀਤਾ ਜਾ ਰਿਹਾ ਹੈ। ਸਿਹਤ ਵਿਭਾਗ ਵੱਲੋਂ ਹਰ ਸ਼ੁੱਕਰਵਾਰ ਨੂੰ ਡਰਾਈ ਡੇ ਐਲਾਨਿਆ ਗਿਆ ਹੈ।ਇਸ ਦਿਨ ਸਾਨੂੰ ਆਪਣੇ ਘਰਾਂ ਵਿੱਚ ਅਤੇ ਆਲ਼ੇ ਦੁਆਲ਼ੇ ਦੀ ਸਫਾਈ ਕਰਨੀ ਚਾਹੀਦੀ ਹੈ।ਜਿਸ ਤਰ੍ਹਾਂ ਘਰਾਂ ਵਿੱਚ ਫਰਿੱਜਾਂ ਦੀਆਂ ਟਰੇਆਂ, ਕੂਲਰ, ਗਮਲੇ, ਪੁਰਾਣੇ ਟਾਇਰਾਂ, ਟੁੱਟੇ ਭੱਜੇ ਬਰਤਨਾਂ ਆਦਿ ਵਿੱਚ ਪਾਣੀ ਇਕੱਠਾ ਨਹੀਂ ਹੋਣ ਦੇਣਾ ਚਾਹੀਦਾ।ਅਤੇ ਜੇ ਕਿਸੇ ਟੋਏ ਵਿਚ ਪਾਣੀ ਖੜ੍ਹਾ ਹੈ ਤਾਂ ਉਸ ਨੂੰ ਮਿੱਟੀ ਪਾਕੇ ਬੰਦ ਕਰ ਦੇਣਾਂ ਚਾਹੀਦਾ ਹੈ ਜਾਂ ਉਸ ਵਿੱਚ ਕਾਲੇ ਤੇਲ ਦਾ ਛਿੜਕਾਅ ਕਰਨਾ ਚਾਹੀਦਾ ਹੈ। ਸਾਨੂੰ ਰਾਤ ਨੂੰ ਸੌਣ ਸਮੇਂ ਕੱਪੜੇ ਪੂਰਾ ਸਰੀਰ ਢੱਕਣ ਵਾਲੇ ਪਾਉਣੇਂ ਚਾਹੀਦੇ ਹਨ ਮੱਛਰਦਾਨੀਆਂ ਅਤੇ ਮੱਛਰ ਭਜਾਉਣ ਵਾਲੀਆਂ ਕਰੀਮਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਬੁਖਾਰ ਹੋਣ ਤੇ ਨੇੜੇ ਦੇ ਸਿਹਤ ਕੇਂਦਰ ਤੋਂ ਹੀ ਜਾਂਚ ਕਰਵਾ ਕੇ ਦਵਾਈ ਲੈਣੀ ਚਾਹੀਦੀ ਹੈ।ਘਰ ਵਿੱਚ ਬਰੂਫਿਨ ਡਿਸਪਰਿਨ ਆਦਿ ਗੋਲੀਆਂ ਨਹੀਂ ਖਾਣੀਆਂ ਚਾਹੀਦੀਆਂ ਹਨ।ਇਸ ਮੌਕੇ ਮਪਹਵ ਮੇਲ ਪ੍ਰਦੀਪ ਸਿੰਘ, ਦਵਿੰਦਰ ਸਿੰਘ ਪ੍ਰਧਾਨ, ਮਨਦੀਪ ਸਿੰਘ, ਸੰਦੀਪ ਸਿੰਘ, ਰਛਪਾਲ ਸਿੰਘ, ਬਲਜਿੰਦਰ ਸਿੰਘ, ਪ੍ਰਿਥੀਪਾਲ ਸਿੰਘ ਧਰਮਿੰਦਰ ਸਿੰਘ ਬਾਠ, ਮਨਜੀਤ ਕੌਰ ਐਲ ਐਚ ਵੀ, ਹਰਪ੍ਰੀਤ ਕੌਰ, ਕੁਲਦੀਪ ਸਿੰਘ, ਅਵਤਾਰ ਸਿੰਘ ਅਤੇ ਪਿੰਡ ਦੇ ਮੋਹਤਬਰ ਵਿਅਕਤੀ ਹਾਜ਼ਰ ਸਨ।

## ਨੰਬਰਦਾਰ ਰਵਿੰਦਰਪਾਲ ਸਿੰਘ ਨੇ ਗੁ: ਬਾਲ ਲੀਲ੍ਹਾ ਪਟਨਾ ਸਾਹਿਬ ਦੇ ਲੰਗਰਾਂ ਲਈ ਕਣਕ ਦਾ ਟਰੱਕ ਭੇਜਿਆ



ਅੰਮ੍ਰਿਤਸਰ, 27 ਅਪ੍ਰੈਲ, (ਬਬਲੂ ਮਹਾਜਨ) : ਜਲੰਧਰ ਜ਼ਿਲ੍ਹੇ ਦੇ ਪਿੰਡ ਖਿੱਚੀਪੁਰ ਦੇ ਵਸਨੀਕ ਨੰਬਰਦਾਰ ਰਵਿੰਦਰਪਾਲ ਸਿੰਘ ਤੇ ਉਨ੍ਹਾਂ ਦੇ ਵੱਡੇ ਭਰਾ ਸੁਖਚੈਨ ਸਿੰਘ (ਕਨੇਡਾ)ਨੇ ਪਟਨਾ ਸਾਹਿਬ ਸਥਿਤ ਗੁਰਦੁਆਰਾ ਬਾਲ ਲੀਲਾ ਵਿਖੇ ਸੰਤ ਬਾਬਾ ਕਸ਼ਮੀਰ ਸਿੰਘ ਭੂਰੀਵਲੇ ਤੇ ਬਾਬਾ ਸੁਖਵਿੰਦਰ ਸਿੰਘ ਭੂਰੀਵਾਲਿਆਂ ਵੱਲੋਂ ਅਤਿ ਆਧੁਨਿਕ ਰਿਹਾਇਸ਼ ਅਤੇ ਲੰਗਰ ਦੇ ਕੀਤੇ ਵਿਸ਼ਾਲ ਪ੍ਰਬੰਧਾਂ ਤੋਂ ਪ੍ਰਭਾਵਿਤ ਹੋ ਕੇ ਪ੍ਰਬੰਧ ਵਿੱਚ ਸਹਿਯੋਗ ਕਰਦਿਆਂ ਲੰਗਰ ਲਈ ਕਣਕ ਦਾ ਇੱਕ ਟਰੱਕ ਗੁਰਦੁਆਰਾ ਬਾਲ ਲੀਲ੍ਹਾ ਲਈ ਰਵਾਨਾ ਕੀਤਾ ਹੈ।

ਇਸ ਮੌਕੇ ਰਵਿੰਦਰਪਾਲ ਸਿੰਘ ਨੇ ਕਿਹਾ ਕੇ ਬੀਤੇ ਸਾਲ ਉਹਨਾਂ ਦੇ ਪਿਤਾ ਸਾਬਕਾ ਸਰਪੰਚ ਜਸਵੰਤ ਸਿੰਘ ਪਟਨਾ ਸਾਹਿਬ ਵਿਖੇ ਸੱਚਖੰਡ ਸ੍ਰੀ ਹਰਿਮੰਦਰ ਜੀ ਅਤੇ ਹੋਰ ਧਾਰਮਿਕ ਗੁਰਧਾਮਾਂ ਦੇ ਦਰਸ਼ਨ ਦੀਦਾਰੇ ਕਰਨ ਗਏ ਸਨ ਅਤੇ ਗੁਰਦੁਆਰਾ ਬਾਲ ਲੀਲ੍ਹਾ ਸਾਹਿਬ ਵਿਖੇ ਸੁਚੱਜੇ ਪ੍ਰਬੰਧ ਨੂੰ ਵੇਖ ਕੇ ਉਹਨਾਂ ਦੇ ਮਨ ਵਿੱਚ ਭਾਵਨਾ ਪੈਦਾ ਹੋਈ ਭਵਿੱਖ ਵਿੱਚ ਲੰਗਰ ਲਈ ਯਥਾਸ਼ਕਤ ਸੇਵਾ ਜ਼ਰੂਰ ਕਰਨਗੇ। ਇਸੇ ਸ਼ਰਧਾ ਭਾਵਨਾ ਨਾਲ ਅੱਜ ਅਰਦਾਸ ਉਪਰੰਤ ਉਹਨਾਂ ਦੇ ਪਰਿਵਾਰ ਦੀ ਕਿਰਤ ਕਮਾਈ ਵਿੱਚੋਂ ਗੁਰੂ ਕੇ ਲੰਗਰਾਂ ਲਈ ਕਣਕ ਭੇਜਣ ਦਾ ਸਬੱਬ ਬਣਿਆ ਹੈ।

ਇਸ ਮੌਕੇ ਬਾਬਾ ਸੁਖਵਿੰਦਰ ਸਿੰਘ ਜੀ ਭੂਰੀ ਵਾਲਿਆਂ ਨੇ ਕਿਹਾ ਸ ਰਵਿੰਦਰਪਾਲ ਸਿੰਘ ਜੀ ਵਡਭਾਗੇ ਹਨ ਜਿਨ੍ਹਾਂ ਨੇ ਆਪਣੇ ਪਰਿਵਾਰ ਦੀ ਕਿਰਤ ਵਿੱਚੋਂ ਗੁਰੂ ਕੇ ਲੰਗਰਾਂ ਲਈ ਹਿੱਸਾ ਕੱਢ ਕੇ ਗੁਰੂ ਘਰ ਪ੍ਰਤੀ ਆਸਥਾ ,ਸ਼ਰਧਾ ,ਸਤਿਕਾਰ ਅਤੇ ਸਿੱਖੀ ਦੀਆਂ ਵਡਮੁੱਲੀਆਂ ਪ੍ਰੰਪਰਾਵਾਂ ਸੇਵਾ ਤੇ ਸਮੱਰਪਣ ਦੀ ਭਾਵਨਾ ਨੂੰ ਮਜਬੂਤ ਕੀਤਾ ਹੈ। ਇਹਨਾਂ ਵੱਲੋਂ ਕੀਤੀ ਸੇਵਾ ਸਿੱਖੀ ਦੀ ਸੱਚੀ ਸੇਵਾ ਦੀ ਮਿਸਾਲ ਹੈ। ਉਹਨਾਂ ਕਿਹਾ ਕਿ ਇਹ ਕਣਕ ਲੰਗਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰੇਗੀ ਅਤੇ ਸੰਗਤ ਦੇ ਸਹਿਯੋਗ ਨਾਲ ਅਸੀਂ ਇਸ ਸੇਵਾ ਨੂੰ ਹੋਰ ਵਿਸਥਾਰ ਦੇਵਾਂਗੇ।

ਉਨ੍ਹਾਂ ਕਿਹਾ ਕਿ ਸਾਡੇ ਪੁਰਖਿਆਂ ਨੇ ਸਾਨੂੰ ਸੇਵਾ, ਸਿਮਰਨ ਅਤੇ ਦਾਨ ਦੀ ਮਹੱਤਤਾ ਸਿਖਾਈ ਸੀ ਅੱਜ ਨਵੀਂ ਪੀੜ੍ਹੀ ਨੇ ਵੀ ਇਸ ਨੂੰ ਅਮਲੀ ਰੂਪ ਵਿੱਚ ਆਪਣਾ ਕੇ ਸਾਨੂੰ ਮਾਣ ਦਾ ਅਹਿਸਾਸ ਕਰਵਾਇਆ ਹੈ।

ਇਸ ਮੌਕੇ ਪਿੰਡ ਖਿੱਚੀਪੁਰ ਦੀਆਂ ਸੰਗਤਾਂ ਤੋਂ ਇਲਾਵਾ ਸ ਭਗਵਾਨ ਸਿੰਘ ਜੌਹਲ, ਸ ਜਸਪਾਲ ਸਿੰਘ, ਬਾਬਾ ਸੁਖਵਿੰਦਰ ਸਿੰਘ ਜੀ, ਬਾਬ ਜੋਧਬੀਰ ਸਿੰਘ,ਬਾਬਾ ਹਰੀ ਸਿੰਘ, ਬਾਬਾ ਕਰਨ ਸਿੰਘ, ਬਾਬਾ ਅਵਤਾਰ ਸਿੰਘ ਜੀ , ਬਾਬਾ ਨਾਜਰ ਸਿੰਘ, ਬਾਬਾ ਜੁਗਰਾਜ ਸਿੰਘ,ਬਾਬਾ ਨਿਰਮਲ ਸਿੰਘ, ਸੇਵਾਦਾਰ ਗੁਰਪ੍ਰੀਤ ਸਿੰਘ, ਮਨਿੰਦਰ ਸਿੰਘ ਵੀ ਮੌਜੂਦ ਸਨ ।

## ਗੁ: ਸ਼ਹੀਦਾਂ ਸਾਹਿਬ ਦੇ ਮੈਨੇਜਰ 30 ਅਪ੍ਰੈਲ ਨੂੰ ਹੋਣਗੇ ਸੇਵਾ ਮੁਕਤ



ਅੰਮ੍ਰਿਤਸਰ, 27 ਅਪ੍ਰੈਲ, (ਬਬਲੂ ਮਹਾਜਨ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਾ ਹੇਠ ਵੱਖ-ਵੱਖ ਗੁਰਦੁਆਰਾ ਸਾਹਿਬ ਦੀ ਸੇਵਾ ਸੰਭਾਲ ਦੀ ਜ਼ਿੰਮੇਵਾਰੀ ਲਗਾਈ ਜਾਂਦੀ ਹੈ, ਜਿਸਦੇ ਚੱਲਦੇ ਪ੍ਰਬੰਧਾਂ ਦੇ ਮੈਨੇਜਰ ਇਹਨਾਂ ਪ੍ਰਬੰਧਾਂ ਦੀ ਦੇਖ ਰੇਖ ਕਰਦੇ ਹਨ। ਜ਼ਿਕਰਯੋਗ ਹੈ ਕਿ ਮਿਤੀ 30 ਅਪ੍ਰੈਲ ਨੂੰ ਗੁਰਦੁਆਰਾ ਸ਼ਹੀਦਾਂ ਸਾਹਿਬ ਦੇ ਮੈਨੇਜਰ ਹਰਪ੍ਰੀਤ ਸਿੰਘ ਦੀ ਸੇਵਾ ਮੁਕਤੀ ਤੋਂ ਬਾਅਦ ਹੁਣ ਨਵੇਂ ਮੈਨੇਜਰ ਦੇ ਨਾਮ ਨੂੰ ਲੈ ਕੇ ਇਕ ਸਨਸਨੀਖੇਜ ਬਣੀ ਹੋਈ ਹੈ ਕਿ ਆਖਿਰ ਹੁਣ ਕਿਸ ਦੇ ਮੋਢੇਆ ਉੱਪਰ ਇਸ ਅਹੁਦੇ ਦੀ ਜ਼ਿੰਮੇਵਾਰੀ ਰੱਖੀ ਜਾਵੇਗੀ।

ਗੁਰਦੁਆਰਾ ਸ਼ਹੀਦਾਂ ਸਾਹਿਬ ਦੇ ਮੈਨੇਜਰ ਲੱਗਣ ਦੀ ਦੌੜ ਵਿੱਚ ਕਈ ਨਾਮ ਸ਼ਾਮਿਲ ਹੋ ਗਏ ਹਨ। ਭਰੋਸੇਮੰਦ ਸੂਤਰਾਂ ਦੇ ਹਵਾਲੇ ਤੋਂ ਮਿਲੀ ਜਾਣਕਾਰੀ ਮੁਤਾਬਿਕ ਯੁਵਰਾਜ ਸਿੰਘ ਬੰਟੀ, ਰਜਿੰਦਰ ਸਿੰਘ ਰੂਬੀ, ਜਸਪਾਲ ਸਿੰਘ ਢੱਡੇ, ਸਤਨਾਮ ਸਿੰਘ ਰਿਆੜ, ਬਿਕਰਮ ਸਿੰਘ ਅਤੇ ਇੱਕ ਵਾਰ ਪਹਿਲੇ ਵੀ ਸੇਵਾ ਦੇ ਚੁੱਕੇ ਨਰਿੰਦਰ ਸਿੰਘ ਮਥਰੇਵਾਲ ਦਾ ਨਾਂ ਚਰਚਾਵਾਂ ਵਿੱਚ ਚੱਲ ਰਿਹਾ ਹੈ। ਜ਼ਿਕਰਯੋਗ ਹੈ ਕਿ ਯੁਵਰਾਜ ਸਿੰਘ ਬੰਟੀ , ਬਿਕਰਮ ਸਿੰਘ, ਸਤਨਾਮ ਸਿੰਘ ਰਿਆੜ ਓਐਸਡੀ ਸਤਬੀਰ ਸਿੰਘ ਧਾਮੀ ਦੇ ਖਾਸਮ ਖਾਸ ਹਨ। ਰਜਿੰਦਰ ਸਿੰਘ ਰੂਬੀ ਸਾਬਕਾ ਅਕਾਲੀ ਮੰਤਰੀ ਗੁਲਜਾਰ ਸਿੰਘ ਰਣੀਕੇ, ਜਸਪਾਲ ਸਿੰਘ ਢੱਡੇ ਬਿਕਰਮ ਮਜੀਠੀਆ ਦੇ ਚਹੇਤੇ ਗਿਣੇ ਜਾਂਦੇ ਹਨ ਤੇ ਦੂਜੇ ਪਾਸੇ ਨਰਿੰਦਰ ਸਿੰਘ ਮਥਰੇਵਾਲ ਪਹਿਲਾਂ ਵੀ ਗੁਰਦੁਆਰਾ ਸ਼ਹੀਦਾਂ ਸਾਹਿਬ ਦੇ ਮੈਨੇਜਰ ਰਹਿ ਚੁੱਕੇ ਹਨ ਅਤੇ ਉਹਨਾਂ ਦੇ ਸਮੇਂ ਕਾਫੀ ਪ੍ਰਬੰਧਾਂ ਵਿਚ ਸੁਧਾਰ ਦੇਖਣ ਨੂੰ ਮਿਲਿਆ ਹੈ।ਹੁਣ ਦੇਖਣਾ ਇਹ ਹੈ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਕਿਸ ਮੈਨੇਜਰ 'ਤੇ ਖੁਸ਼ ਹੁੰਦੇ ਹਨ ਤੇ ਗੁਰਦੁਆਰਾ ਸ਼ਹੀਦਾਂ ਸਾਹਿਬ ਦੀ ਸੇਵਾ ਦਿੰਦੇ ਹਨ।

## ਖ਼ਾਲਸਾ ਕਾਲਜ ਵਿਖੇ ਹੈਂਡਸ ਆਨ ਵਰਕਸ਼ਾਪ ਕਰਵਾਈ




ਅੰਮ੍ਰਿਤਸਰ, 27 ਅਪ੍ਰੈਲ, (ਬਬਲੂ ਮਹਾਜਨ) : ਖਾਲਸਾ ਕਾਲਜ ਦੇ ਬਾਇਓਟੈਕਨਾਲੋਜੀ ਵਿਭਾਗ ਵੱਲੋਂ ਇੰਟਰੋਡਕਟਰੀ ਬਾਇਓਇਨਫਾਰਮੈਟਿਕਸ ਸਰਚਿੰਗ, ਰਿਟਰਾਈਵਿੰਗ ਐਂਡ ਐਨਾਲਾਈਜ਼ਿੰਗ ਸੀਕੁਐਂਸ ਡੇਟਾ' ਵਿਸ਼ੇ 'ਤੇ ਇਕ ਰੋਜ਼ਾ ਹੈਂਡਸ—ਆਨ—ਵਰਕਸ਼ਾਪ ਕਰਵਾਈ ਗਈ। ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਦੇ ਦਿਸ਼ਾ—ਨਿਰਦੇਸ਼ਾਂ 'ਤੇ ਕਰਵਾਈ ਗਈ ਉਕਤ ਵਰਕਸ਼ਾਪ ਮੌਕੇ ਐਚ. ਐਮ. ਵੀ. ਜਲੰਧਰ ਦੇ ਬਾਇਓਟੈਕਨਾਲੋਜੀ ਵਿਭਾਗ ਦੇ ਮੁੱਖੀ ਡਾ. ਹਰਪ੍ਰੀਤ ਸਿੰਘ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ।ਇਸ ਵਰਕਸ਼ਾਪ ਦਾ ਮਕਸਦ ਭਾਗੀਦਾਰਾਂ ਦੀ ਬੁਨਿਆਦੀ ਬਾਇਓਇਨਫਾਰਮੈਟਿਕਸ ਟੂਲਸ ਅਤੇ ਤਕਨੀਕਾਂ ਸਬੰਧੀ ਗਿਆਨ 'ਚ ਵਾਧਾ ਕਰਨਾ ਸੀ।

ਉਕਤ ਵਰਕਸ਼ਾਪ ਦੀ ਸ਼ੁਰੂਆਤ ਕਾਲਜ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ ਕਰਨ ਉਪਰੰਤ ਪ੍ਰੋਗਰਾਮ ਕੋਆਰਡੀਨੇਟਰ ਅਤੇ ਵਿਭਾਗ ਮੁਖੀ ਡਾ.ਕਮਲਜੀਤ ਕੌਰ ਵੱਲੋਂ ਡਾ.ਹਰਪ੍ਰੀਤ ਸਿੰਘ, ਡਾ. ਰੰਧਾਵਾ ਅਤੇ ਕਾਲਜ ਦੇ ਅਕਾਦਮਿਕ ਮਾਮਲੇ ਡੀਨ ਡਾ. ਤਮਿੰਦਰ ਸਿੰਘ ਭਾਟੀਆ ਨੂੰ ਫੁੱਲਾਂ ਦਾ ਪੌਦਾ ਭੇਟ ਕਰਕੇ ਸਵਾਗਤ ਨਾਲ ਕੀਤੀ ਗਈ।ਉਨ੍ਹਾਂ ਨੇ ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਬਾਇਓਟੈਕਨਾਲੋਜੀ 'ਚ ਅੰਤਰ—ਅਨੁਸ਼ਾਸਨੀ ਸਿੱਖਿਆ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਇਸ ਮੌਕੇ ਡਾ. ਰੰਧਾਵਾ ਨੇ ਭਾਸ਼ਣ ਦਿੰਦਿਆਂ ਆਧੁਨਿਕ ਡਿਜੀਟਲ ਯੁੱਗ 'ਚ ਬਾਇਓਇਨਫਾਰਮੈਟਿਕਸ ਦੀ ਵੱਧਦੀ ਸਾਰਥਿਕਤਾ ਅਤੇ ਜ਼ਰੂਰਤ ਨੂੰ ਉਜਾਗਰ ਕੀਤਾ।ਉਨ੍ਹਾਂ ਕਿਹਾ ਕਿ ਵਰਕਸ਼ਾਪ ਨੂੰ ਤਿੰਨ ਵਿਆਪਕ ਸੈਸ਼ਨਾਂ 'ਚ ਸੰਰਚਿਤ ਕੀਤਾ ਗਿਆ ਸੀ, ਜਿਸ 'ਚ ਵਿਦਿਆਰਥੀਆਂ ਦੇ ਨਾਲ—ਨਾਲ ਫੈਕਲਟੀ ਮੈਂਬਰਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ।ਉਨ੍ਹਾਂ ਕਿਹਾ ਕਿ ਵਰਕਸ਼ਾਪ 'ਚ ਭਾਗੀਦਾਰਾਂ ਨੂੰ ਜੈਵਿਕ ਕ੍ਰਮ ਡੇਟਾ ਦੀ ਖੋਜ, ਪ੍ਰਾਪਤੀ ਅਤੇ ਵਿਸ਼ਲੇਸ਼ਣ 'ਚ ਵਿਹਾਰਕ ਅਨੁਭਵ ਪ੍ਰਦਾਨ ਕੀਤਾ।ਇਸ ਮੌਕੇ ਡਾ. ਭਾਟੀਆ ਨੇ ਸਮਕਾਲੀ ਬਾਇਓਟੈਕਨਾਲੋਜੀ ਖੋਜ ਅਤੇ ਸਿੱਖਿਆ 'ਚ ਕੰਪਿਊਟੇਸ਼ਨਲ ਔਜ਼ਾਰਾਂ ਅਤੇ ਸਰੋਤਾਂ ਦੀ ਉਪਯੋਗਤਾ 'ਤੇ ਚਾਨਣਾ ਪਾਇਆ।ਇਸ ਮੌਕੇ ਵਰਕਸ਼ਾਪ ਦੇ ਪ੍ਰਬੰਧਕੀ ਸਕੱਤਰ ਡਾ. ਜਸਪ੍ਰੀਤ ਸਿੰਘ ਨੇ ਡਾ. ਹਰਪ੍ਰੀਤ ਸਿੰਘ ਨਾਲ ਜਾਣ—ਪਛਾਣ ਕਰਵਾਈ।

ਇਸ ਮੌਕੇ ਡਾ. ਹਰਪ੍ਰੀਤ ਸਿੰਘ ਨੇ ਉਕਤ ਵਿਸ਼ੇ ਨਾਲ ਸਬੰਧਿਤ ਪਹਿਲੂਆਂ ਅਤੇ ਆਪਣੇ ਤਜ਼ਰਬੇ ਨੂੰ ਵਿਦਿਆਰਥੀਆਂ ਨਾਲ ਸਾਂਝਾ ਕਰਦਿਆਂ ਕਿਹਾ ਕਿ ਆਪਣੇ ਪ੍ਰੋਫੈਸ਼ਨਲ 'ਚ ਪ੍ਰਫੈਕਟ ਹੋਣ ਲਈ ਉਸ ਨੂੰ ਬਹੁਤ ਹੀ ਸੰਜੀਦਗੀ ਅਤੇ ਗੰਭੀਰਤਾ ਨਾਲ ਪੜ੍ਹੋ ਅਤੇ ਸਮਝੋ।ਉਨ੍ਹਾਂ ਕਿਹਾ ਕਿ ਕੋਈ ਕੰਮ ਮੁਸ਼ਕਿਲ ਵਾਲਾ ਨਹੀਂ ਹੁੰਦਾ, ਬੱਸ ਆਪਣੇ ਟੀਚੇ 'ਤੇ ਧਿਆਨ ਕੇਂਦਰਿਤ ਕਰਨ ਦੀ ਜ਼ਰੂਰਤ ਹੁੰਦੀ ਹੈ।ਇਸ ਮੌਕੇ ਡਾ. ਮੁਕੇਸ਼ ਚੰਦਰ ਵੱਲੋਂ ਆਏ ਪਤਵੰਤਿਆਂ, ਸਰੋਤ ਵਿਅਕਤੀ, ਭਾਗੀਦਾਰਾਂ ਅਤੇ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ ਗਿਆ।

# ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਲੁਧਿਆਣਾ ਦੀ ਮੀਟਿੰਗ ਹੋਈ



ਡੇਹਲੋਂ, 27 ਅਪ੍ਰੈਲ (ਅਮਰਜੀਤ ਸਿੰਘ ਸੰਧੂ/ਰਣਬੀਰ ਸਿੰਘ ਮਹਿਮੀ): ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਲੁਧਿਆਣਾ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਚਰਨ ਸਿੰਘ ਨੂਰਪੁਰ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸਾਹਿਬ ਡੇਹਲੋਂ ਵਿਖੇ ਹੋਈ ਮੀਟਿੰਗ ਵਿੱਚ ਚਾਉਕੇ ਅਦਰਸ਼ ਸਕੂਲ 'ਚ ਚੱਲ ਰਹੇ ਸ਼ੰਘਰਸ਼ ਨੂੰ ਖਦੇੜਣ ਲਈ ਪੁਲਿਸ ਜਬਰਨ ਤੇ ਜੇਲ੍ਹਾਂ 'ਚ ਸੁੱਟਣ ਦੇ ਵਿਰੋਧ ਵਿੱਚ ਬੀਕੇਯੂ ਏਕਤਾ ਉਗਰਾਹਾਂ ਆਪ ਸਰਕਾਰ ਦੇ ਐਮ ਐਲ ਏ ਤੇ ਮੰਤਰੀਆਂ ਦਾ ਕਾਲੀਆ ਝੰਡੀਆਂ ਨਾਲ ਵਿਰੋਧ ਕੀਤਾ ਜਾਵੇਗਾ। ਮੀਟਿੰਗ ਵਿੱਚ ਸਰਕਾਰ ਵੱਲੋਂ ਕਿਸਾਨਾਂ ਦੀਆਂ ਮੰਗਾਂ ਵੱਲ ਧਿਆਨ ਦੇਣ ਦੀ ਬਿਜਾਏ ਬਲ ਪ੍ਰਯੋਗ ਕਰ ਰਹੀ ਹੈ, ਜਿਸ ਦਾ ਖਮਿਆਜ਼ਾ ਸਰਕਾਰ ਨੂੰ ਭੁਗਤਣਾ ਪਵੇਗਾ। ਮੀਟਿੰਗ 'ਚ 1 ਮਈ ਨੂੰ ਬੀਬੀ ਗਦਰੀ ਗੁਲਾਬ ਕੌਰ ਨੂੰ ਸਮਰਪਿਤ ਪੰਜਾਬੀ ਭਵਨ ਲੁਧਿਆਣਾ ਵਿੱਚ ਪੁਲਿਸ ਮੰਚ ਕਰਵਾਏ ਜਾ ਰਹੇ ਸਮਾਗਮ ਵਿੱਚ ਸ਼ਾਮਲ ਹੋਵੇਗੀ। ਮੀਟਿੰਗ ਵਿੱਚ ਅੱਗਾਂ ਲੱਗਣ ਕਾਰਨ ਹੋਈਆਂ ਫਸਲਾਂ ਦਾ ਪੂਰਾ ਮੁਆਵਜ਼ਾ ਫੌਰੀ ਦਿੱਤਾ ਜਾਏ ਤੇ ਜਮੀਨ ਐਕਵਾਇਰ ਕਰਨ ਲਈ ਕਿਸਾਨਾਂ ਨੂੰ ਪਹਿਲਾਂ ਪੂਰਾ ਪੂਰਾ ਮੁਆਵਜ਼ਾ ਦਿੱਤਾ ਜਾਏ, ਨਹੀਂ ਕਿਸਾਨ ਆਪਣੀਆਂ ਜਮੀਨਾਂ ਦੇ ਕਬਜ਼ੇ ਨਹੀਂ ਦੇਣਗੇ। ਮੀਟਿੰਗ ਵਿਚ ਜ਼ਿਲ੍ਹਾ ਜਨਰਲ ਸਕੱਤਰ ਸੁਦਾਗਰ ਸਿੰਘ ਘੁਡਾਣੀ, ਮਨੋਹਰ ਸਿੰਘ ਕਲਾੜ ਮੀਤ ਪ੍ਰਧਾਨ, ਰਾਜਿੰਦਰ ਸਿੰਘ ਸਿਆੜ ਖਜ਼ਾਨਚੀ, ਚਰਨਜੀਤ ਸਿੰਘ ਫਲੇਵਾਲ, ਹਰਜੀਤ ਸਿੰਘ ਘਲੋਟੀ, ਜਗਮੀਤ ਸਿੰਘ ਕਲਾੜ, ਦਰਸ਼ਨ ਸਿੰਘ ਫੱਲੇਵਾਲ, ਜਸਵੰਤ ਸਿੰਘ ਭੱਟੀਆ, ਯੁਵਰਾਜ ਸਿੰਘ ਘੁਡਾਣੀ, ਜਸਵੀਰ ਸਿੰਘ ਅਸਗਰੀਪੁਰ, ਜਸਦੀਪ ਸਿੰਘ ਜੱਸੋਵਾਲ, ਬਲਜੀਤ ਸਿੰਘ, ਮਨਜੀਤ ਸਿੰਘ ਰਾਏਕੋਟ ਤੇ ਕੁਲਵੀਰ ਸਿੰਘ ਜੰਡ ਵੀ ਸ਼ਾਮਲ ਹੋਏ।

# ਮੰਤਰੀ ਸੌਂਦ ਵੱਲੋਂ ਵੱਖ-ਵੱਖ ਵਿਭਾਗਾਂ ਦੇ ਉੱਚ ਅਧਿਕਾਰੀਆਂ ਨੂੰ ਨਾਲ ਲੈ ਕੇ ਪੁਲ ਦਾ ਦੌਰਾ



ਲੁਧਿਆਣਾ, 27 ਅਪ੍ਰੈਲ (ਵਿਸ਼ਾਲ ਸ਼ਰਮਾ): ਪੇਂਡੂ ਵਿਕਾਸ ਤੇ ਪੰਚਾਇਤ, ਉਦਯੋਗ ਤੇ ਵਣਜ, ਪੂੰਜੀ ਨਿਵੇਸ਼ ਪ੍ਰੋਤਸਾਹਨ, ਕਿਰਤ ਅਤੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਐਤਵਾਰ ਨੂੰ ਵੱਖ-ਵੱਖ ਵਿਭਾਗਾਂ ਦੇ ਉੱਚ ਅਧਿਕਾਰੀਆਂ ਨੂੰ ਨਾਲ ਲੈ ਕੇ ਸਮਰਾਲਾ ਰੋਡ ਖੰਨਾ ਦੇ ਪੁਲ ਦਾ ਦੌਰਾ ਕੀਤਾ। ਉਹਨਾਂ ਨੇ ਦੌਰੇ ਦੌਰਾਨ ਸਬੰਧਤ ਅਧਿਕਾਰੀਆਂ ਨੂੰ ਇਸ ਪੁਲ ਦੀ ਜਲਦ ਤੋਂ ਜਲਦ ਰਿਪੇਅਰ ਕਰਨ ਦੇ ਆਦੇਸ਼ ਦਿੱਤੇ। ਇਸ ਮੌਕੇ ਉਨ੍ਹਾਂ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ ਖੰਨਾ ਸ੍ਰੀਮਤੀ ਸ਼ਿਖਾ ਭਗਤ, ਉਪ ਮੰਡਲ ਮੈਜਿਸਟਰੇਟ ਖੰਨਾ ਡਾ. ਬਲਜਿੰਦਰ ਸਿੰਘ ਢਿੱਲੋਂ, ਲੋਕ ਨਿਰਮਾਣ ਵਿਭਾਗ ਦੇ ਐਸ.ਡੀ.ਓ ਸ੍ਰੀ ਪੁਨੀਤ ਕਲਿਆਣ ਅਤੇ ਚੇਅਰਮੈਨ ਮਾਰਕੀਟ ਕਮੇਟੀ ਸ੍ਰੀ ਜਗਤਾਰ ਸਿੰਘ ਰਤਨਹੇੜੀ ਤੋਂ ਇਲਾਵਾ ਹੋਰ ਵਿਭਾਗਾਂ ਦੇ ਉੱਚ ਅਧਿਕਾਰੀ ਸ਼ਾਮਲ ਸਨ। ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਪੁਲ ਦਾ ਨਿਰੀਖਣ ਕਰਦਿਆਂ ਦੱਸਿਆ ਕਿ ਖੰਨਾ ਵਿੱਚੋ ਟਰੈਫਿਕ ਡਾਇਵਰਟ ਹੋ ਕੇ ਨਵਾਂ ਸ਼ਹਿਰ, ਹੁਸ਼ਿਆਰਪੁਰ ਅਤੇ ਬੰਗਾ ਨੂੰ ਜਾਂਦੀ ਹੈ। ਮੂਲ ਰੂਪ ਵਿਚ ਇਹ ਸੜਕ ਜੰਮੂ ਕਸ਼ਮੀਰ ਨੂੰ ਜਾ ਕੇ ਛੂੰਹਦੀ ਹੈ। ਇਹ ਲੰਬੀ ਸੜਕ ਹੈ। ਖੰਨਾ ਤੋਂ ਟਰੈਫਿਕ ਡਾਇਵਰਟ ਹੋ ਕੇ ਪੁਲ ਦੇ ਉਪਰ ਦੀ ਲੰਘਦੀ ਹੈ। ਪੁਲ ਪਾਰ ਕਰਕੇ ਇਸ ਦੇ ਨੇੜੇ ਹੀ ਵਿਦਿਅਕ ਸੰਸਥਾ ਏ.ਐਸ.ਕਾਲਜ ਵੀ ਪੈਂਦਾ ਹੈ। ਉਹਨਾਂ ਕਿਹਾ ਕਿ ਪੁਲ ਦੇ ਆਸ ਪਾਸ ਆਬਾਦੀ ਵੀ ਕਾਫੀ ਹੈ। ਇਹ ਪੁਲ ਕਾਫੀ ਲੰਬੇ ਸਮੇਂ ਤੋਂ ਰਿਪੇਅਰ ਅਤੇ ਪੈਚਵਰਕ ਮੰਗਦਾ ਸੀ। ਪੁਲ ਉੱਤੇ ਜਗ੍ਹਾ-ਜਗ੍ਹਾ 'ਤੇ ਖੱਡੇ ਪੈ ਚੁੱਕੇ ਹਨ। ਆਉਣ ਵਾਲੇ ਸਮੇਂ ਵਿੱਚ ਇਸ ਦੀ ਰੀਕਾਰਪੇਟਿੰਗ ਵੀ ਹੋਣੀ ਹੈ। ਸੋ ਇਸ ਦੀ ਨਾਜ਼ੁਕ ਹਾਲਤ ਨੂੰ ਦੇਖਦੇ ਹੋਏ ਵੱਖ-ਵੱਖ ਵਿਭਾਗਾਂ ਦੇ ਉੱਚ ਅਧਿਕਾਰੀ ਮੇਰੇ ਨਾਲ ਏਥੇ ਪਹੁੰਚੇ ਹੋਏ ਹਨ। ਉਹਨਾਂ ਕਿਹਾ ਕਿ ਇਸ ਪੁਲ ਦੀ ਰਿਪੇਅਰ ਦਾ ਕੰਮ ਜਲਦ ਸ਼ੁਰੂ ਕੀਤਾ ਜਾਵੇਗਾ। ਇਸ ਪੁਲ ਦੇ ਚੰਗੀ ਤਰ੍ਹਾਂ ਖੱਡੇ ਸਾਫ਼ ਕਰਵਾ ਕੇ ਰਿਪੇਅਰ ਕੀਤੀ ਜਾਵੇਗੀ। ਉਹਨਾਂ ਕਿਹਾ ਇਸ ਦਾ ਅਨੁਮਾਨਿਤ ਖਰਚਾ ਸਬੰਧਤ ਵਿਭਾਗ ਨੂੰ ਭੇਜ ਚੁੱਕੇ ਹਾਂ। ਕੈਬਨਿਟ ਮੰਤਰੀ ਸੌਂਦ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਇਸ ਪੁਲ ਦੀ ਬਣਤਰ ਹੀ ਗਲਤ ਕਰਵਾਈ ਹੈ। ਫਿਲਹਾਲ ਇਸ ਪੁਲ ਦੀ ਮੇਜਰ ਰਿਪੇਅਰ ਅਤੇ ਰੀਕਾਰਪੇਟਿੰਗ ਕਰਵਾ ਦੇਵਾਂਗੇ ਜਿਸ ਨਾਲ ਇਸ ਦੇ ਆਸੇ ਪਾਸੇ ਦੀ ਆਬਾਦੀ ਅਤੇ ਲੰਘਣ ਵਾਲੇ ਲੋਕਾਂ ਨੂੰ ਬਹੁਤ ਹੀ ਫਾਇਦਾ ਹੋਵੇਗਾ। ਉਹਨਾਂ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।

# 150 ਪ੍ਰਾਣੀਆਂ ਦੇ ਜੱਥਾ ਸੱਚਖੰਡ ਤਖਤ ਸ੍ਰੀ ਪਟਨਾ ਸਾਹਿਬ ਦੇ ਦਰਸ਼ਨਾਂ ਲਈ ਰਵਾਨਾ



ਲੁਧਿਆਣਾ, 27 ਅਪ੍ਰੈਲ (ਕਰਨੈਲ ਸਿੰਘ ਐੱਮ.ਏ.): ਨਿਰਭਉ ਨਿਰਵੈਰ ਸੇਵਾ ਟਰੱਸਟ ਦੇ ਮੁੱਖ ਸੇਵਾਦਾਰ ਭਾਈ ਕੁਲਦੀਪ ਸਿੰਘ ਆਸ ਬਾਈ ਅਤੇ ਟਰੱਸਟੀ ਮੈਂਬਰ ਗੁਰਮੀਤ ਕੌਰ, ਬਲਜਿੰਦਰ ਸਿੰਘ, ਮਹਿੰਦਰ ਸਿੰਘ, ਮਨਪ੍ਰੀਤ ਸਿੰਘ ਵੱਲੋਂ ਪਿਛਲੇ ਸਮੇਂ ਤੋਂ ਪੰਜਾਬ ਅੰਦਰ ਗੁਰੂ ਧਾਮਾਂ ਦੇ ਸੰਗਤਾਂ ਨੂੰ ਦਰਸ਼ਨ ਕਰਵਾਏ, ਗੁਰ ਇਤਿਹਾਸ ਤੋਂ ਜਾਣੂੰ ਕਰਵਾ ਕੇ ਆਪਣਾ ਅਤੇ ਸੰਗਤਾਂ ਦਾ ਜੀਵਨ ਸਫਲ ਕਰ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਮੁੱਖ ਸੇਵਾਦਾਰ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ ਅਤੇ ਕੌਮੀ ਪ੍ਰਧਾਨ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਨੇ 150 ਪ੍ਰਾਣੀਆਂ ਦਾ ਜੱਥਾ ਰੇਲਵੇ ਸਟੇਸ਼ਨ ਤੋਂ ਰਾਵਨਾ ਕਰਨ ਸਮੇਂ ਕਹੇ। ਇਸ ਤੋਂ ਪਹਿਲਾਂ ਸੰਤ ਬਾਬਾ ਅਮੀਰ ਸਿੰਘ ਜੀ ਮੁੱਖੀ ਜਵੱਦੀ ਟਕਸਾਲ ਨੇ ਯਾਤਰਾ ਦੀ ਚੜ੍ਹਦੀਕਲਾ ਅਤੇ ਸਫ਼ਲਤਾ ਦੀ ਅਰਦਾਸ ਕੀਤੀ। ਇਸ ਸਮੇਂ ਪੰਥ ਪ੍ਰਚਾਰਕ ਮਾਤਾ ਵਿਪਨਪ੍ਰੀਤ ਕੌਰ ਜੀ ਸੰਗਤਾਂ ਨੂੰ ਆਸ਼ੀਰਵਾਦ ਦੇਣ ਲਈ ਵਿਸ਼ੇਸ਼ ਤੌਰ 'ਤੇ ਪੁੱਜੇ। ਮਾਤਾ ਵਿਪਨਪ੍ਰੀਤ ਕੌਰ ਜੀ ਤੇ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਜੈਕਾਰਿਆਂ ਦੀ ਗੂੰਜ ਵਿੱਚ ਸੱਚਖੰਡ ਤਖਤ ਸ੍ਰੀ ਪਟਨਾ ਸਾਹਿਬ (ਬਿਹਾਰ) ਦੇ ਇਤਿਹਾਸਕ ਗੁਰਦੁਆਰਿਆਂ ਸਾਹਿਬ ਦੇ ਦਰਸ਼ਨਾਂ ਲਈ ਰੇਲਵੇ ਸਟੇਸ਼ਨ ਤੋਂ ਜੱਥੇ ਨੂੰ ਰਵਾਨਾ ਕੀਤਾ। ਇਸ ਮੌਕੇ 'ਤੇ ਅਮਰਜੀਤ ਸਿੰਘ ਭੱਟੀ, ਬਲਦੇਵ ਸਿੰਘ ਸੰਧੂ, ਦਲਵਿੰਦਰ ਸਿੰਘ ਆਸ਼ੂ, ਦਵਿੰਦਰ ਸਿੰਘ ਸ਼ਾਨ ਅਤੇ ਸਮੂਹ ਮੈਂਬਰ ਹਾਜ਼ਰ ਸਨ।

# ਜਵੱਦੀ ਟਕਸਾਲ ਵਿਖੇ ਹਫਤਾਵਾਰੀ ਨਾਮ ਸਿਮਰਨ ਸਮਾਗਮ



ਲੁਧਿਆਣਾ, 27 ਅਪ੍ਰੈਲ (ਕਰਨੈਲ ਸਿੰਘ ਐੱਮ.ਏ.): ਗੁਰਬਾਣੀ ਪ੍ਰਚਾਰ ਪਸਾਰ ਅਤੇ ਵਿਦਿਆਰਥੀਆਂ ਨੂੰ ਪੁਰਾਤਨ ਗੁਰਮਤਿ ਸੰਗੀਤ ਦੀ ਸਿੱਖਿਆ ਦੇਣ ਲਈ ਨਿਰੰਤਰ ਕਾਰਜਸ਼ੀਲ ਜਵੱਦੀ ਟਕਸਾਲ ਦੇ ਕੇਂਦਰੀ ਅਸਥਾਨ ਗੁਰਦੁਆਰਾ ਗੁਰਗਿਆਨ ਪ੍ਰਕਾਸ਼ ਸਾਹਿਬ ਵਿਖੇ ਹਫਤਾਵਾਰੀ ਨਾਮ ਸਿਮਰਨ ਸਮਾਗਮ ਦੌਰਾਨ ਜੁੜੀਆਂ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਮੌਜੂਦਾ ਮੁਖੀ ਸੰਤ ਬਾਬਾ ਅਮੀਰ ਸਿੰਘ ਜੀ ਨੇ ਗੁਰਬਾਣੀ ਸ਼ਬਦ ਦੇ ਹਵਾਲੇ ਦਿੰਦਿਆਂ ਫੁਰਮਾਇਆ ਕਿ ਮਨੁੱਖੀ ਆਚਰਣ ਅਤੇ ਮਹਾਨਤਾ ਦੀ ਸਭ ਤੋਂ ਉੱਚ ਕਸਵੱਟੀ ਨਿਮਰਤਾ ਹੈ। ਇਸ ਨਾਲ ਮਨੁੱਖਾ ਜੀਵ ਇਹ ਲੋਕ ਅਤੇ ਪਰਲੋਕ ਦੋਹਾਂ ਵਿੱਚ ਹੀ ਸਤਿਕਾਰਤ ਹੁੰਦਾ ਹੈ। ਗੁਰੂ ਸਾਹਿਬ ਜੀ ਨੇ ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ਕਹਿ ਕੇ ਨਿਮਰਤਾ ਵੱਲ ਸੰਕੇਤ ਕੀਤਾ। ਇਸ ਨਿਮਰਤਾ ਦੇ ਸਹਾਰੇ ਹੀ ਮਨੁੱਖ ਆਪਣੇ-ਆਪ ਨੂੰ ਹੰਉਮੈ ਤੋਂ ਰਹਿਤ ਕਰ ਸਕਦਾ ਹੈ। ਇਹੋ ਅਕਾਲ ਪੁਰਖ ਵਾਹਿਗੁਰੂ ਜੀ ਨੂੰ ਪ੍ਰਾਪਤ ਦੀ ਪਹਿਲੀ ਸ਼ਰਤ ਹੈ। ਬਾਬਾ ਜੀ ਨੇ ਜ਼ੋਰ ਦਿੰਦਿਆਂ ਸਮਝਾਇਆ ਕਿ ਸੇਵਾ ਜਾਂ ਭਗਤੀ ਉਸ ਦੀ ਹੀ ਪ੍ਰਵਾਨ ਹੁੰਦੀ ਹੈ, ਜਿਸ ਵਿੱਚ ਹਉਮੈਂ ਨਾ ਹੋਵੇ, ਕਿਉਂਕਿ ਨਿਮਰਤਾ ਮਨੁੱਖ ਨੂੰ ਉਦਾਰ ਬਣਾਉਂਦੀ ਹੈ। ਇਸ ਨਾਲ ਮੈਂ ਤੇ ਤੂੰ ਦਾ ਅੰਤਰ ਮਿਟ ਜਾਂਦਾ ਹੈ। ਆਪਣੇ ਪਰਾਏ ਦਾ ਭੇਦ-ਭਾਵ ਖ਼ਤਮ ਹੋ ਜਾਂਦਾ ਹੈ, ਮਨੁੱਖਤਾ ਦਾ ਘੇਰਾ ਹੋਰ ਵਿਸ਼ਾਲ ਹੋ ਜਾਂਦਾ ਹੈ। ਜੇ ਇਹੋ ਭਾਵਨਾ ਮਨੁੱਖੀ ਸਮਾਜ ਵਿੱਚ ਘਰ ਕਰ ਜਾਵੇ ਤਾਂ ਫਿਰ ਸਵਰਗ ਲਈ ਕਿਸੇ ਨੂੰ ਭੜਕਣਾ ਨਹੀਂ ਪਵੇਗਾ। ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂੰ ਹੀ ਮੈ ਨਾਹੀ ਹੰਕਾਰੀ ਮਨੁੱਖ ਆਪਣੇ ਆਪ ਨੂੰ ਸ੍ਰੇਸ਼ਟ ਮੰਨ ਕੇ ਦੂਜਿਆਂ ਨਾਲ ਧੱਕਾ ਕਰਦਾ ਹੈ, ਜ਼ੁਲਮ ਕਰਦਾ ਹੈ। ਅਨਿਆਂ ਕਰਦਿਆਂ ਉਸ ਵਿੱਚੋਂ ਇਨਸਾਨੀਅਤ ਦੇ ਗੁਣ ਉਜਾਗਰ ਨਹੀਂ ਹੁੰਦੇ। ਜਦਕਿ ਆਪਾ ਤਿਆਗ ਦੇਣ ਨਾਲ ਇਨਸਾਨ ਅੰਦਰ ਨਿਮਰਤਾ, ਮਿਠਤੁ, ਉਦਾਰਤਾ ਵਰਗੇ ਗੁਣ ਪੈਦਾ ਹੁੰਦੇ ਹਨ। ਜਿਸ ਨਾਲ ਮਨੁੱਖ ਜੀਵ ਦੂਸਰੇ ਜੀਵਾਂ ਨੂੰ ਵੀ ਆਪਣੇ ਵਾਂਗ ਹੀ ਸਮਝਦਾ ਹੈ। ਭਗਤੀ ਦਾ ਮਹਾਤਮ ਵੀ ਇਹੋ ਹੈ। ਬਾਬਾ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੀ ਸ਼ਹੀਦੀ ਸ਼ਤਾਬਦੀ ਦੇ ਸੰਬੰਧ 'ਚ ਜਵੱਦੀ ਟਕਸਾਲ ਵੱਲੋਂ ਕਰਵਾਏ ਜਾਣ ਵਾਲੇ ਸਮਾਗਮਾਂ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਉਂਦੀ 11,12,13 ਮਈ ਨੂੰ ਤਿੰਨ ਰੋਜ਼ਾ ਕਾਨਫਰੰਸ ਕਰਵਾਈ ਜਾ ਰਹੀ ਹੈ।

# ਗੋਲਡਨ ਅਰਥ ਕਾਨਵੈਂਟ ਸਕੂਲ ਵੱਲੋਂ ਪਹਿਲਗਾਮ ਹਮਲੇ ਦੇ ਮ੍ਰਿਤਕਾਂ ਨੂੰ ਸ਼ਰਧਾਂਜਲੀ ਭੇਂਟ

ਮੁੱਲਾਂਪੁਰ ਦਾਖਾ, 27 ਅਪ੍ਰੈਲ (ਦਵਿੰਦਰ ਸਿੰਘ ਲੋਮੀ): ਗੋਲਡਨ ਅਰਥ ਕਾਨਵੈਂਟ ਸਕੂਲ ਪੰਡੋਰੀ ਵਿਖੇ ਅਧਿਆਪਕਾਂ ਅਤੇ ਸਕੂਲੀ ਵਿਦਿਆਰਥੀਆਂ ਵੱਲੋਂ ਜੰਮੂ ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੌਰਾਨ ਮਾਰੇ ਗਏ ਸੈਲਾਨੀਆਂ ਨੂੰ 2 ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ ਅਤੇ ਇਸ ਘਟਨਾ ਪ੍ਰਤੀ ਦੁੱਖ ਪ੍ਰਗਟ ਕੀਤਾ ਗਿਆ। ਇਸ ਮੌਕੇ ਚੇਅਰਮੈਨ ਬਲਦੇਵ ਕ੍ਰਿਸ਼ਨ ਅਰੋੜਾ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਇਸ ਅੱਤਵਾਦੀ ਹਮਲੇ ਵਿੱਚ ਜਿਹੜਾ ਵੀ ਸ਼ਾਮਲ ਹੈ ਉਨ੍ਹਾਂ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ ਤਾਂ ਜੋ ਮੁੜ ਅਜਿਹੀ ਘਟਨਾ ਨਾ ਵਾਪਰੇ। ਇਸ ਮੌਕੇ ਵਾਈਸ ਚੇਅਰਮੈਨ ਗੁਲਸ਼ਨ ਲੂਥਰਾ, ਪ੍ਰਧਾਨ ਡਾ: ਮਨਿੰਦਰਪਾਲ ਅਰੋੜਾ, ਵਾਈਸ ਪ੍ਰਧਾਨ ਰਾਜੀਵ ਕੁਮਾਰ ਅਰੋੜਾ, ਪ੍ਰਿੰਸੀਪਲ ਗੁਰਪ੍ਰੀਤ ਕੌਰ, ਸੁਪਰਵਾਈਜ਼ਰ ਹਰਪ੍ਰੀਤ ਕੌਰ ਵਿਰਕ, ਕੋਆਰਡੀਨੇਟਰ ਮਨਜੀਤ ਕੌਰ ਅਤੇ ਸਮੂਹ ਸਟਾਫ਼ ਹਾਜ਼ਰ ਸੀ।

# ਪੈਰਾਗੌਨ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਦੀ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀ



ਅਹਿਮਦਗੜ੍ਹ, 27 ਅਪ੍ਰੈਲ (ਅਮਰਜੀਤ ਸਿੰਘ ਸੰਧੂ/ਨਿੱਕੂ ਵਰਮਾ): ਪੈਰਾਗੌਨ ਇੰਟਰਨੈਸ਼ਨਲ ਸਕੂਲ ਨੇ ਨਸ਼ੇ ਦੇ ਬੁਰੇ ਅਤੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਨਸ਼ਿਆਂ ਵਿਰੁੱਧ ਰੈਲੀ ਦਾ ਆਯੋਜਨ ਕੀਤਾ। ਇਸ ਰੈਲੀ ਵਿੱਚ ਵਿਦਿਆਰਥੀਆਂ ਦੇ ਨਾਰੇ ਪੂਰੇ ਡੇਹਲੋਂ ਸ਼ਹਿਰ ਵਿੱਚ ਗੂੰਜ ਰਹੇ ਸਨ। ਇਸ ਰੈਲੀ ਵਿੱਚ ਮੁੱਖ ਮਹਿਮਾਨ ਵਜੋਂ ਰਣਜੀਤ ਸਿੰਘ ਜੀ (ਐਕਸਾਈਜ਼ ਇੰਸਪੈਕਟਰ ਸਰਕਲ ਡੇਹਲੋਂ) ਨੇ ਸਮੱਰਥਨ ਦਿੱਤਾ ਅਤੇ ਇਹਨਾਂ ਤੋਂ ਇਲਾਵਾ ਸ਼੍ਰੀ:ਪਰਮਦੀਪ ਸਿੰਘ ਦੀਪਾ (ਸਰਪੰਚ ਪਿੰਡ ਡੇਹਲੋਂ), ਸ਼੍ਰੀ: ਗੁਰਮਿੰਦਰ ਸਿੰਘ ਗੁਰੀ (ਸਰਪੰਚ ਪਿੰਡ ਕੈਂਡ), ਸ਼੍ਰੀ ਲਖਵਿੰਦਰ ਸਿੰਘ ਗਿੱਲ ,ਦਾਰਾ ਘਵੱਦੀ (ਨਿਊਜ਼ ਰਿਪੋਰਟਰ) ਅਤੇ ਹੋਰ ਵੀ ਬਹੁਤ ਸਾਰੇ ਪੰਚ ਸਾਹਿਬਾਨਾਂ ਅਤੇ ਪਤਵੰਤੇ ਸੱਜਣਾਂ ਨੇ ਸ਼ਿਰਕਤ ਕੀਤੀ ਤੇ ਵਿਦਿਆਰਥੀਆਂ ਦੀ ਇਸ ਮੁਹਿੰਮ ਲਈ ਹੌਂਸਲਾ ਅਫ਼ਜ਼ਾਈ ਕੀਤੀ। ਰੈਲੀ ਦੇ ਅੰਤ ਵਿੱਚ ਸਕੂਲ ਦੇ ਵਿਦਿਆਰਥੀਆਂ ਵੱਲੋਂ ਬਹੁਤ ਹੀ ਦਿਲ ਟੁੰਬਵਾਂ ਅਤੇ ਸੰਦੇਸ਼ ਭਰਪੂਰ ਨੁੱਕੜ ਨਾਟਕ ਪੇਸ਼ ਕੀਤਾ ਗਿਆ। ਜਿਸ ਵਿੱਚ ਮਨਕਰਨ ਸਿੰਘ, ਉੱਪਲਜੋਤ ਸਿੰਘ, ਰਾਜਵੀਰ ਸਿੰਘ, ਅਨੂਪਜੀਤ ਸਿੰਘ, ਅਰਸ਼ਪ੍ਰੀਤ ਸਿੰਘ, ਦਮਨ, ਏਕਜੋਤ ਅਤੇ ਸੁਰਤਾਲ ਸਿੰਘ ਨੇ ਭਾਗ ਲਿਆ। ਮੌਕੇ ਤੇ ਮੌਜੂਦ ਸਾਰੇ ਸਰੋਤੇ ਵਿਦਿਆਰਥੀਆਂ ਦੀ ਪੇਸ਼ਕਾਰੀ ਤੋਂ ਬਹੁਤ ਪ੍ਰਭਾਵਿਤ ਹੋਏ। ਇਸ ਉਪਰੰਤ ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਵੀ ਨਸ਼ਿਆਂ ਵਿਰੁੱਧ ਇੱਕ ਕਵਿਤਾ ਨੂੰ ਨਾਟਕ ਰੂਪ ਦੇ ਵਿੱਚ ਬਾਖੂਬੀ ਢੰਗ ਨਾਲ ਪੇਸ਼ ਕੀਤਾ ਗਿਆ, ਜਿਸ ਵਿੱਚ ਰੁਮਾਇਜ਼ਾ, ਏਂਜਲ, ਇਸ਼ਪ੍ਰੀਤ, ਮਨਮਾਹੀ, ਅਸ਼ਮਨ, ਹਰਸਿਮਰਨ ਅਤੇ ਅਰਸ਼ਪ੍ਰੀਤ ਸਿੰਘ ਜੀ ਅਲੌਕਿਕ ਪੇਸ਼ਕਾਰੀ ਨੇ ਸਰੋਤਿਆਂ ਨੂੰ ਕੀਲ ਕੇ ਰੱਖ ਦਿੱਤਾ। ਵਿਦਿਆਰਥੀਆਂ ਵੱਲੋਂ ਨਸ਼ੇ ਦੀ ਦੁਰਵਰਤੋਂ ਦੇ ਨਤੀਜਿਆਂ ਦਾ ਪ੍ਰਦਰਸ਼ਨ ਕੀਤਾ ਗਿਆ ਅਤੇ ਇੱਕ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕੀਤਾ ਗਿਆ। ਇੱਕ ਹੋਰ ਨਾਲ ਵਰਮਾ ਦੁਆਰਾ ਇੱਕ ਬਹੁਤ ਹੀ ਸਿੱਖਿਆਦਾਇਕ ਅਤੇ ਦਿਲ ਟੁੰਬਵੀਂ ਸਪੀਚ ਪੇਸ਼ ਕੀਤੀ ਗਈ, ਜਿਸ ਵਿੱਚ ਨਸ਼ਿਆਂ ਤੋਂ ਦੂਰ ਰਹਿਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਗਿਆ। ਰੈਲੀ ਦਾ ਉਦੇਸ਼ ਵਿਦਿਆਰਥੀਆਂ ਅਤੇ ਭਾਈਚਾਰੇ ਨੂੰ ਨਸ਼ੇ ਦੀ ਦੁਰਵਰਤੋਂ ਨਾਲ ਜੁੜੇ ਜੋਖਮਾਂ ਬਾਰੇ ਜਾਗਰੂਕ ਕਰਨਾ ਅਤੇ ਨਸ਼ਾ-ਮੁਕਤ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨਾ ਸੀ। ਇਹ ਪ੍ਰੋਗਰਾਮ ਜਾਗਰੂਕਤਾ ਫੈਲਾਉਣ ਅਤੇ ਵਿਦਿਆਰਥੀਆਂ ਨੂੰ ਸੂਚਿਤ ਫੈਸਲੇ ਲੈਣ ਲਈ ਪ੍ਰੇਰਿਤ ਕਰਨ ਵਿੱਚ ਸਫਲ ਰਿਹਾ। ਇਸ ਪਹਿਲਕਦਮੀ ਦਾ ਸਮਰਥਨ ਡਾ. ਸੁਰਿੰਦਰਪਾਲ ਸੋਫਤ (ਡਾਇਰੈਕਟਰ)ਸ਼੍ਰੀਮਤੀ ਮਨਜੀਤ ਕੌਰ ਸਿੱਧੂ( ਪ੍ਰਿੰਸੀਪਲ) ਅਤੇ ਸ਼੍ਰੀਮਤੀ ਸੁਮਨ(ਚੇਅਰਪਰਸਨ) ਦੁਆਰਾ ਕੀਤਾ ਗਿਆ ਸੀ, ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਭਾਗ ਲੈਣ ਅਤੇ ਆਪਣੇ ਭਾਈਚਾਰੇ ਵਿੱਚ ਸਕਾਰਾਤਮਕ ਪ੍ਰਭਾਵ ਪਾਉਣ ਲਈ ਉਤਸ਼ਾਹਿਤ ਕੀਤਾ।

# ਸੀ.ਪੀ ਨੇ ਨਸ਼ਿਆਂ ਵਿਰੁੱਧ ਮੁਹਿੰਮ ਤੇਜ਼ ਕਰਨ ਲਈ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ

ਲੁਧਿਆਣਾ,27 ਅਪ੍ਰੈਲ (ਵਿਸ਼ਾਲ ਸ਼ਰਮਾ): ਪੁਲਿਸ ਕਮਿਸ਼ਨਰ ਸਵਪਨ ਸ਼ਰਮਾ ਨੇ ਐਤਵਾਰ ਨੂੰ ਪੁਲਿਸ ਲਾਈਨਜ਼ ਵਿਖੇ ਇੱਕ ਅਪਰਾਧ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਨਸ਼ੀਲੇ ਪਦਾਰਥਾਂ ਦੇ ਖ਼ਤਰੇ ਨੂੰ ਖਤਮ ਕਰਨ, ਭਗੌੜੇ ਅਪਰਾਧੀਆਂ (ਪੀ.ਓ) ਨੂੰ ਫੜਨ ਅਤੇ ਕੋਰ ਪੁਲਿਸਿੰਗ ਨੂੰ ਮਜ਼ਬੂਤ ਕਰਨ 'ਤੇ ਧਿਆਨ ਕੇਂਦਰਿਤ ਕੀਤਾ। ਉਨ੍ਹਾਂ ਨੇ ਅਧਿਕਾਰੀਆਂ ਨੂੰ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਵਿਰੁੱਧ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਯਤਨ ਤੇਜ਼ ਕਰਨ, ਗੰਭੀਰ ਅਪਰਾਧਾਂ ਵਿੱਚ ਪੀ.ਓ ਦੀ ਤੇਜ਼ੀ ਨਾਲ ਗ੍ਰਿਫਤਾਰੀ ਨੂੰ ਯਕੀਨੀ ਬਣਾਉਣ ਖਾਸ ਕਰਕੇ ਐਨ.ਡੀ.ਪੀ.ਐਸ ਐਕਟ ਅਧੀਨ ਅਤੇ ਸਮੁੱਚੀ ਪੁਲਿਸ ਜਵਾਬਦੇਹੀ ਨੂੰ ਵਧਾਉਣ ਮਾੜੀ ਕਾਰਗੁਜ਼ਾਰੀ ਵਿਰੁੱਧ ਸਖ਼ਤ ਕਾਰਵਾਈ ਦੀ ਚੇਤਾਵਨੀ ਦਿੰਦੇ ਹੋਏ ਨਿਰਦੇਸ਼ ਦਿੱਤੇ। ਸੀ.ਪੀ ਨੇ ਸਟੇਸ਼ਨ ਹਾਊਸ ਅਫਸਰਾਂ (ਐਸ.ਐਚ.ਓ) ਨੂੰ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਨੂੰ ਤਰਜੀਹ ਦੇਣ ਕੁਸ਼ਲਤਾ ਅਤੇ ਪਾਰਦਰਸ਼ਤਾ ਨੂੰ ਵਧਾਉਣ ਲਈ ਪੁਲਿਸ ਸਟੇਸ਼ਨਾਂ ਵਿੱਚ ਸ਼ਿਕਾਇਤ ਨਿਵਾਰਣ ਨੂੰ ਵੱਧ ਤੋਂ ਵੱਧ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਉਹ ਹਫਤਾਵਾਰੀ ਸਮੀਖਿਆ ਮੀਟਿੰਗਾਂ ਰਾਹੀਂ ਪ੍ਰਗਤੀ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰਦੇ ਹਨ। ਉਨ੍ਹਾਂ ਨੇ ਪੁਲਿਸ ਨੂੰ ਹੋਰ ਪ੍ਰਭਾਵਸ਼ਾਲੀ ਅਤੇ ਦ੍ਰਿਸ਼ਮਾਨ ਬਣਾਉਣ ਲਈ ਖਾਸ ਕਰਕੇ ਸ਼ਾਪਿੰਗ ਮਾਲਾਂ ਅਤੇ ਬਾਜ਼ਾਰਾਂ ਵਰਗੇ ਜ਼ਿਆਦਾ ਭੀੜ-ਭਾੜ ਵਾਲੇ ਖੇਤਰਾਂ ਵਿੱਚ ਸੁਰੱਖਿਆ ਵਧਾਉਣ ਅਤੇ 24 ਘੰਟੇ ਗਸ਼ਤ ਕਰਨ ਦੇ ਆਦੇਸ਼ ਦਿੱਤੇ। ਸਵਪਨ ਸ਼ਰਮਾ ਨੇ ਐਸ.ਐਚ.ਓਜ਼ ਨੂੰ ਪੁਲਿਸ ਥਾਣਿਆਂ ਵਿੱਚ ਜਾਇਦਾਦਾਂ ਦੇ ਕੇਸਾਂ ਨੂੰ ਸਹੀ ਕਾਨੂੰਨੀ ਪ੍ਰਕਿਰਿਆਵਾਂ ਰਾਹੀਂ ਇਕੱਤਰ ਕਰਨ ਅਤੇ ਨਿਪਟਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਹਰੇਕ ਨਾਗਰਿਕ ਦੀ ਸ਼ਿਕਾਇਤ ਦਰਜ ਕਰਨ, ਗੈਰ-ਪਾਲਣਾ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੇ ਵੀ ਆਦੇਸ਼ ਦਿੱਤੇ ਅਤੇ ਅਧਿਕਾਰੀਆਂ ਨੂੰ ਲੰਬਿਤ ਮਾਮਲਿਆਂ ਨੂੰ ਨਤੀਜਾ-ਮੁਖੀ ਢੰਗ ਨਾਲ ਹੱਲ ਕਰਨ ਦੀ ਅਪੀਲ ਕੀਤੀ।

# ਸੌਂਦ ਨੇ ਸਿਵਲ ਹਸਪਤਾਲ ਵਿੱਚ ਚੱਲ ਰਹੇ ਕੰਮਾਂ ਦਾ ਲਿਆ ਜਾਇਜ਼ਾ

ਲੁਧਿਆਣਾ,27 ਅਪ੍ਰੈਲ (ਵਿਸ਼ਾਲ ਸ਼ਰਮਾ): ਪੇਂਡੂ ਵਿਕਾਸ ਤੇ ਪੰਚਾਇਤ, ਉਦਯੋਗ ਤੇ ਵਣਜ, ਪੂੰਜੀ ਨਿਵੇਸ਼ ਪ੍ਰੋਤਸਾਹਨ, ਕਿਰਤ ਅਤੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਸ਼ਨੀਵਾਰ ਨੂੰ ਸਿਵਲ ਹਸਪਤਾਲ ਖੰਨਾ ਦਾ ਦੌਰਾ ਕੀਤਾ ਅਤੇ ਉੱਥੇ ਚੱਲ ਰਹੇ ਕੰਮਾਂ ਦਾ ਜਾਇਜ਼ਾ ਲਿਆ। ਕੈਬਨਿਟ ਮੰਤਰੀ ਸੌਂਦ ਨੇ ਕਿਹਾ ਕਿ ਸਿਵਲ ਹਸਪਤਾਲ ਖੰਨਾ ਵਿੱਚ ਸਾਰੇ ਕਾਰਜ ਵਧੀਆ ਢੰਗ ਨਾਲ ਚੱਲ ਰਹੇ ਹਨ। ਉਨ੍ਹਾਂ ਦੱਸਿਆ ਕਿ ਹਸਪਤਾਲ ਦਾ ਅੰਦਰ ਤੋਂ ਰੰਗ ਰੋਗਨ ਦਾ ਕੰਮ ਚੱਲ ਰਿਹਾ ਹੈ ਅਤੇ ਬਾਹਰ ਤੋਂ ਲਗਭਗ ਮੁਕੰਮਲ ਹੋ ਚੁੱਕਾ ਹੈ। ਉਹਨਾਂ ਕਿਹਾ ਕਿ ਸਿਵਲ ਹਸਪਤਾਲ ਦੇ ਦੌਰੇ ਦੌਰਾਨ ਉਨ੍ਹਾਂ ਨੂੰ ਤਿੰਨ ਮਰੀਜ਼ ਅਜਿਹੇ ਮਿਲੇ ਜਿਨ੍ਹਾਂ ਦੇ ਪੱਥਰੀ ਦੇ ਅਪਰੇਸ਼ਨ ਦੂਰਬੀਨ ਨਾਲ ਕੀਤੇ ਗਏ। ਇੱਕ ਭੈਣ ਜਿਸ ਦੀ ਡਿਲੀਵਰੀ ਹੋਈ ਸੀ ਨੇ ਦੱਸਿਆ ਕਿ ਉਨ੍ਹਾਂ ਨੂੰ ਪ੍ਰਾਈਵੇਟ ਹਸਪਤਾਲ ਵਿੱਚ 85 ਹਜ਼ਾਰ ਰੁਪਏ ਦਾ ਖਰਚਾ ਦੱਸਿਆ ਸੀ ਪਰ ਇੱਥੇ ਸਿਵਲ ਹਸਪਤਾਲ ਵਿਚ ਸਾਡਾ ਇਕ ਰੁਪਇਆ ਵੀ ਖ਼ਰਚ ਨਹੀਂ ਹੋਇਆ। ਸ੍ਰੀ ਸੌਂਦ ਦੱਸਿਆ ਕਿ ਸਿਵਲ ਹਸਪਤਾਲ ਵਿਖੇ ਲਗਭਗ ਹਰ ਤਰ੍ਹਾਂ ਦੇ ਟੈਸਟ ਫਰੀ ਕੀਤੇ ਜਾਂਦੇ ਹਨ। ਪੰਜਾਬ ਦੇ ਅੰਦਰ ਸਿੱਖਿਆ ਕ੍ਰਾਂਤੀ ਦੇ ਨਾਲ-ਨਾਲ ਸਿਹਤ ਕ੍ਰਾਂਤੀ ਵੀ ਚੱਲ ਰਹੀ ਹੈ।

# ਪੰਜਾਬ ਦੇ ਵਿੱਚ ਪ੍ਰਾਈਵੇਟ ਸਕੂਲ ਚ ਪੰਜਾਬੀ ਵਿਸੇ ਨੂੰ ਨਰਸਰੀ ਤੋ ਲਾਗੂ ਨਾ ਕਰਨਾ ਮੰਦਭਾਗਾ -ਲੀਲ



ਲੁਧਿਆਣਾ, 27 ਅਪ੍ਰੈਲ (ਰਵਿੰਦਰ ਸਿੰਘ ਨਿੱਝਰ): ਪੰਜਾਬ ਦੇ ਵਿੱਚ ਪੰਜਾਬੀ ਵਿਸੇ ਨੂੰ ਨਰਸਰੀ ਕਲਾਸ ਤੋਂ ਸ਼ੁਰੂ ਨਾ ਕਰਨਾ ਬਹੁਤ ਹੀ ਮੰਦਭਾਗਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਮਾਜ ਸੇਵੀ ਆਗੂ ਗੁਰਦੀਪ ਸਿੰਘ ਲੀਲ ਨੇ ਕਰਦਿਆਂ ਕਿਹਾ ਪੰਜਾਬ ਦੇ ਪ੍ਰਾਈਵੇਟ ਸਕੂਲ ਪੰਜਾਬ, ਪੰਜਾਬੀ ਅਤੇ ਪੰਜਾਬੀਅਤ 'ਤੇ ਪਹਿਰਾ ਨਹੀ ਦੇ ਰਹੇ ਪੰਜਾਬ ਜੋ ਵੀ ਸੀ ਬੀ ਐਸਈ ਅਧੀਨ ਸਕੂਲ ਚਲ ਰਹੇ ਹਨ। ਇਹਨਾਂ ਸਕੂਲਾਂ ਦੇ ਪ੍ਰਬੰਧਕ ਨਰਸਰੀ ਕਲਾਸ ਤੋਂ ਪੰਜਾਬੀ ਨੂੰ ਲਾਜ਼ਮੀ ਵਿਸੇ ਵਜੋਂ ਲਾਗੂ ਨਹੀਂ ਕਰਦੇ। ਇਹ ਸਕੂਲ ਪੰਜਾਬ ਦੇ ਵਿੱਚ ਪੰਜਾਬੀ ਨਾਲ ਮਤਰੇਈ ਮਾ ਵਾਲਾ ਸਲੂਕ ਕਰ ਰਹੇ ਸਰਕਾਰਾਂ ਵੀ ਇਹਨਾਂ ਸਕੂਲਾਂ ਵੱਲ ਧਿਆਨ ਨਹੀ ਦਿੰਦੀਆਂ ਸਰਕਾਰਾਂ ਸਿਰਫ ਪੰਜਾਬੀ ਨੂੰ ਲਾਗੂ ਕਰਨ ਦਾ ਮੀਡੀਆ ਰਾਹੀ ਹੋਕਾ ਹੀ ਦਿੰਦੀਆਂ ਹਨ। ਸਰਕਾਰਾਂ ਵੱਲੋਂ ਦਿੱਤੇ ਹੋਕੇ ਨਾਲ ਪ੍ਰਾਈਵੇਟ ਸਕੂਲਾਂ ਦੇ ਪ੍ਰਬੰਧਕਾਂ ਕੰਨਾਂ 'ਤੇ ਜੂੰ ਨਹੀਂ ਸਰਕਦੀ ਉਹ ਸਰਕਾਰਾਂ ਦੇ ਹੁਕਮਾਂ ਨੂੰ ਟਿੱਚ ਜਾਣਦੇ ਹਨ। ਸਰਕਾਰਾਂ ਵੱਲੋਂ ਕਿਤੇ ਸੀ ਬੀ ਐਸ ਈ ਸਕੂਲਾਂ 'ਚ ਚੈਕਿੰਗ ਹੀ ਨਹੀਂ ਕੀਤੀ ਜਾਂਦੀ। ਚੱਲ ਤਾਂ ਇਹ ਸਕੂਲ ਪੰਜਾਬ ਦੀ ਧਰਤੀ ਰਹੇ ਹਨ ਧੜਾ ਧੜ ਪ੍ਰਾਈਵੇਟ ਸਕੂਲ ਖੁੱਲ੍ਹ ਰਹੇ ਹਨ। ਪੰਜਾਬ ਦੇ ਵਿੱਚ ਸੀ ਬੀ ਐਸ ਈ ਸਕੂਲਾਂ ਪੰਜਾਬ ਅਤੇ ਕੇਂਦਰ ਵੱਲੋਂ ਦਿੱਤੀ ਜੀ ਮਨਜ਼ੂਰੀਆਂ ਦਿੱਤੀਆਂ ਜਾ ਰਹੀਆਂ ਹਨ। ਪਰ ਜਦ ਇਹ ਸਕੂਲ ਖੁੱਲ੍ਹ ਜਾਂਦੇ ਸਰਕਾਰਾਂ ਨੂੰ ਟਿੱਚ ਜਾਣਦੇ ਹਨ। ਇਹਨਾਂ ਪ੍ਰਾਈਵੇਟ ਸਕੂਲਾਂ ਤੇ ਸਰਕਾਰ ਵੱਲੋ ਫੀਸ ਦੀ ਕੋਈ ਲਿਮਟ ਨਹੀ ਹੁੰਦੀ ਕੀ ਪੰਜਾਬ ਸਰਕਾਰ ਪ੍ਰਾਈਵੇਟ ਸਕੂਲਾਂ ਫੀਸ ਨਿਸ਼ਚਿਤ ਕਿਉਂ ਨਹੀ ਕਰਦੀ ਕਿਉ ਇਹਨਾਂ ਸਕੂਲਾਂ ਨੂੰ ਫੀਸਾਂ ਲੈਣ 'ਚ ਖੁੱਲ੍ਹ ਦਿੱਤੀ ਹੈ। ਪਾਰਕਿੰਗ ਇਹਨਾਂ ਸਕੂਲਾਂ ਕੋਲ ਨਹੀ ਟਰੈਫਿਕ ਦੀ ਸਮੱਸਿਆ ਛੁੱਟੀ ਵੇਲੇ ਬਹੁਤ ਹੁੰਦੀ ਹੈ। ਸਰਕਾਰਾਂ ਟਰੈਫਿਕ ਵੱਲ ਵੀ ਧਿਆਨ ਨਹੀ ਦਿੰਦੀਆਂ ਸੜਕਾਂ 'ਤੇ ਲੰਮੇ ਲੰਮੇ ਜਾਮ ਲੱਗਦੇ ਹਨ। ਗੁਰਦੀਪ ਸਿੰਘ ਲੀਲ ਨੇ ਕਿਹਾ ਪੰਜਾਬ ਦੀ ਧਰਤੀ 'ਤੇ ਸਕੂਲ ਹੋਣ ਪਰ ਪੰਜਾਬੀ ਨੂੰ ਨਰਸਰੀ ਤੋਂ ਲਾਗੂ ਨਾ ਕਰਨ ਤਾ ਇਹ ਪ੍ਰਾਈਵੇਟ ਸਕੂਲ ਪੰਜਾਬੀ ਨਾਲ ਪੰਜਾਬ 'ਚ ਮਤਰੇਈ ਮਾ ਵਾਲਾ ਸਲੂਕ ਕਰ ਰਹੇ ਹਨ। ਪੰਜਾਬ 'ਚ ਪੰਜਾਬੀ ਨੂੰ ਅਣਗੌਲਿਆ ਕਰ ਰਹੇ ਜਾ ਇਹ ਸਕੂਲ ਨਰਸਰੀ ਤੋ ਪੰਜਾਬੀ ਨੂੰ ਨਰਸਰੀ ਤੋ ਲਾਗੂ ਨਾ ਕਰਕੇ ਪੰਜਾਬ ਸਰਕਾਰ ਦੇ ਹੁਕਮਾ ਟਿੱਚ ਜਾਣਦੇ ਹਨ। ਅਸੀਂ ਪੰਜਾਬ ਸਰਕਾਰ ਨੂੰ ਪੁਰਜੋਰ ਸਬਦਾ 'ਚ ਬੇਨਤੀ ਕਰਦੇ ਹਾ ਜਿੰਨੇ ਵੀ ਪੰਜਾਬ 'ਚ ਸਕੂਲ ਚੱਲ ਰਹੇ ਕਿਸੇ ਅਦਾਰੇ ਨਾਲ ਜਾ ਕਿਸੇ ਬੋਰਡ ਨਾਲ ਸਬੰਧ ਰੱਖਦੇ ਹੋਣ ਉਹਨਾ ਸਕੂਲਾਂ 'ਚ ਨਰਸਰੀ ਤੋ ਪੰਜਾਬੀ ਲਾਗੂ ਕਰਾਈ ਜਾਵੇ। ਜਿਹੜਾ ਸਕੂਲ ਨਰਸਰੀ ਤੋ ਪੰਜਾਬੀ ਲਾਗੂ ਨਹੀ ਕਰਦਾ ਉਹ ਸਕੂਲ ਤਰੰਤ ਸਰਕਾਰਾ ਆਪਣੇ ਪ੍ਰਭਾਵ ਨਾਲ ਬੰਦ ਕਰਨ ਦਾ ਹੁਕਮ ਕਰਨ।

# ਪੀਏਯੂ, ਸਿੱਖਿਆ ਦਾ ਮੰਦਰ ਇੱਕ ਰਾਜਨੀਤਿਕ ਅਖਾੜਾ ਬਣ ਗਿਆ ਹੈ : ਰਜਨੀਸ਼ ਧੀਮਾਨ



ਲੁਧਿਆਣਾ, 27 ਅਪ੍ਰੈਲ (ਰਵਿੰਦਰ ਸਿੰਘ ਨਿੱਝਰ): ਸਿੱਖਿਆ ਦਾ ਮੰਦਰ ਇੱਕ ਰਾਜਨੀਤਿਕ ਅਖਾੜਾ ਬਣ ਗਿਆ ਹੈ, ਜਿਸਦੇ ਤਹਿਤ ਯੂਨੀਵਰਸਿਟੀ ਦੀ ਬਿਹਤਰੀ ਲਈ ਲੜ ਰਹੇ ਸਟਾਫ ਨੂੰ ਵੀ ਹਾਲ ਹੀ ਵਿੱਚ ਪੁਲਿਸ ਕਾਰਵਾਈ ਦਾ ਨਿਸ਼ਾਨਾ ਬਣਾਇਆ ਗਿਆ ਹੈ। ਇਹ ਸਰਕਾਰ ਅਤੇ ਯੂਨੀਵਰਸਿਟੀ ਪ੍ਰਸ਼ਾਸਨ ਦੀ ਅਸਫਲਤਾ ਹੈ। ਜ਼ਿਲ੍ਹਾ ਭਾਜਪਾ ਪ੍ਰਧਾਨ ਰਜਨੀਸ਼ ਧੀਮਾਨ ਨੇ ਇਹ ਸ਼ਬਦ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਚੱਲ ਰਹੇ ਵਿਵਾਦ ਨੂੰ ਲੈ ਕੇ 'ਆਪ' ਸਰਕਾਰ 'ਤੇ ਵਰ੍ਹਦਿਆਂ ਕਹੇ। ਧੀਮਾਨ ਨੇ ਅੱਗੇ ਕਿਹਾ ਕਿ ਇਸ ਸਾਰੀ ਘਟਨਾ ਲਈ ਵਾਈਸ ਚਾਂਸਲਰ ਡਾ. ਸਤਬੀਰ ਸਿੰਘ ਗੋਸਲ ਜ਼ਿੰਮੇਵਾਰ ਹਨ। ਉਹ ਆਮ ਆਦਮੀ ਪਾਰਟੀ ਦੇ ਇਸ਼ਾਰੇ 'ਤੇ ਕੰਮ ਕਰ ਰਿਹਾ ਹੈ। ਅੱਜ ਆਮ ਆਦਮੀ ਪਾਰਟੀ ਦੀਆਂ ਗਲਤੀਆਂ ਕਾਰਨ ਪੀਏਯੂ ਕਰਮਚਾਰੀ ਅਮਰੀਕ ਸਿੰਘ ਦੀ ਪਤਨੀ ਦੀ ਜਾਨ ਚਲੀ ਗਈ। ਪਰ 'ਆਪ' ਸਰਕਾਰ ਨੇ ਆਪਣੇ ਆਗੂ ਪਰਮਵੀਰ ਸਿੰਘ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ, ਜੋ ਇਸ ਪੂਰੀ ਘਟਨਾ ਤੋਂ ਪੈਦਾ ਹੋਏ ਵਿਵਾਦ ਦਾ ਕਾਰਨ ਬਣੇ ਸਨ। ਇਸ ਤੋਂ ਸਾਬਤ ਹੁੰਦਾ ਹੈ ਕਿ ਭਗਵੰਤ ਮਾਨ ਸਰਕਾਰ ਦੀਆਂ ਨਜ਼ਰਾਂ ਵਿੱਚ ਆਮ ਲੋਕਾਂ ਦੀ ਕੋਈ ਮਹੱਤਤਾ ਨਹੀਂ ਹੈ।

'ਆਪ' ਸਰਕਾਰ ਨੇ ਸਿੱਖਿਆ ਦੇ ਸਥਾਨ ਨੂੰ ਆਪਣਾ ਰਾਜਨੀਤਿਕ ਅਖਾੜਾ ਬਣਾ ਦਿੱਤਾ ਹੈ। ਇੰਨੀਆਂ ਸਰਕਾਰਾਂ ਸੱਤਾ ਵਿੱਚ ਆਈਆਂ ਪਰ ਅੱਜ ਤੱਕ ਇਸ ਵਿਦਿਅਕ ਸੰਸਥਾ ਵਿੱਚ ਅਜਿਹਾ ਕੋਈ ਪ੍ਰੋਗਰਾਮ ਨਹੀਂ ਕਰਵਾਇਆ ਗਿਆ, ਜਿਸ ਕਾਰਨ ਨੌਜਵਾਨ ਗਲਤ ਰਸਤੇ 'ਤੇ ਜਾ ਸਕਣ। ਪਰ 'ਆਪ' ਸਰਕਾਰ ਆਉਂਦੇ ਹੀ ਇਸ ਵਿਦਿਅਕ ਸੰਸਥਾ ਨੇ ਵੀ ਆਪਣਾ ਰੰਗ ਬਦਲਣਾ ਸ਼ੁਰੂ ਕਰ ਦਿੱਤਾ। ਇੱਥੇ 'ਆਪ' ਸਰਕਾਰ ਵੱਲੋਂ ਪੰਜਾਬੀ ਗਾਇਕ ਦਲਜੀਤ ਦੋਸਾਂਝ ਦਾ ਇੱਕ ਪ੍ਰੋਗਰਾਮ ਵੀ ਆਯੋਜਿਤ ਕੀਤਾ ਗਿਆ ਸੀ। ਇਹ ਇਸ ਵਿਦਿਅਕ ਸੰਸਥਾ ਦੇ ਇਤਿਹਾਸ ਦਾ ਪਹਿਲਾ ਪ੍ਰੋਗਰਾਮ ਸੀ। ਆਪਣੇ ਆਪ ਨੂੰ ਬਦਨਾਮੀ ਤੋਂ ਬਚਾਉਣ ਤੇ ਲੁਧਿਆਣਾ ਪੱਛਮੀ ਵਿਧਾਨ ਸਭਾ ਉਪ ਚੋਣ ਜਿੱਤਣ ਲਈ, 'ਆਪ' ਸਰਕਾਰ ਨੇ ਅਮਰੀਕ ਸਿੰਘ ਨੂੰ ਉਸਦੀ ਪਤਨੀ ਦੀ ਮੌਤ ਤੋਂ ਬਾਅਦ ਤੁਰੰਤ ਉਸਨੂੰ ਨੌਕਰੀ 'ਤੇ ਬਹਾਲ ਕਰ ਦਿੱਤਾ। ਧੀਮਾਨ ਨੇ ਕਿਹਾ ਕਿ ਭਾਜਪਾ ਇਹ ਯਕੀਨੀ ਬਣਾਏਗੀ ਕਿ ਇਸ ਘਟਨਾ ਲਈ ਜ਼ਿੰਮੇਵਾਰ ਵਿਅਕਤੀ ਨੂੰ ਸਜ਼ਾ ਮਿਲੇ। ਇਸ ਲਈ, ਭਾਵੇਂ ਉਨ੍ਹਾਂ ਨੂੰ ਸੜਕਾਂ 'ਤੇ ਵਿਰੋਧ ਪ੍ਰਦਰਸ਼ਨ ਕਰਨੇ ਪੈਣ, ਉਹ ਵੀ ਕੀਤੇ ਜਾਣਗੇ।

# ਹਲਕਾਅ ਰੋਕੂ ਤੇ ਕਿਰਮ ਰਹਿਤ ਕਰਨ ਦਾ ਕੈਂਪ



ਲੁਧਿਆਣਾ, 27 ਅਪ੍ਰੈਲ (ਰਵਿੰਦਰ ਸਿੰਘ ਨਿੱਝਰ): ਵਿਸ਼ਵ ਪੱਧਰੀ ਵੈਟਰਨਰੀ ਦਿਵਸ 'ਤੇ ਪਸ਼ੂ ਪਾਲਣ ਵਿਭਾਗ ਲੁਧਿਆਣਾ ਵੱਲੋਂ ਹਲਕਾਅ ਰੋਕੂ ਤੇ ਕਿਰਮ ਰਹਿਤ ਕਰਨ ਦਾ ਮੁਫਤ ਕੈਂਪ ਵੈਟਰਨਰੀ ਪੌਲੀਕਲੀਨਿਕ ਲੁਧਿਆਣਾ ਵਿਖੇ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਡਾ. ਅਮਰੀਕ ਸਿੰਘ ਡਿਪਟੀ ਡਾਇਰੈਕਟਰ ਲੁਧਿਆਣਾ ਵੱਲੋਂ ਕੀਤਾ ਗਿਆ। ਇਸ ਕੈਂਪ 'ਚ 56 ਪਾਲਤੂ ਜਾਨਵਰਾਂ ਦਾ ਮੁਫਤ ਹਲਕਾਅ ਰੋਕੂ ਟੀਕਾਕਰਨ ਕੀਤਾ ਗਿਆ ਅਤੇ ਕਿਰਮ ਰਹਿਤ ਕਰਨ ਦੀ ਦਵਾਈ ਦਿੱਤੀ ਗਈ। ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਹਲਕਾਅ ਵਰਗੀ ਮਾਰੂ ਬਿਮਾਰੀ ਦੀ ਰੋਕਥਾਮ ਦੇ 'ਚ ਟੀਕਾਕਰਨ ਹੀ ਇੱਕ ਮਾਤਰ ਸਫਲ ਉਪਾਅ ਹੈ, ਸੋ ਹਰ ਇੱਕ ਪਸ਼ੂ ਪਾਲਕ ਨੂੰ ਆਪਣੇ ਪਾਲਤੂ ਜਾਨਵਰ ਦਾ ਸਲਾਨਾ ਟੀਕਾਕਰਨ ਜਰੂਰ ਕਰਵਾਉਣਾ ਚਾਹੀਦਾ ਹੈ। ਨਾਲ ਹੀ ਕਿਰਮ ਰਹਿਤ ਰੱਖਣ ਨਾਲ ਪਸ਼ੂ ਦੀ ਸਿਹਤ ਵੀ ਚੰਗੀ ਰਹਿੰਦੀ ਹੈ। ਇਸ ਕੈਂਪ 'ਚ ਡਾ. ਜਗਦੀਪ ਸਿੰਘ ਅਸਿਸਟੈਂਟ ਡਾਇਰੈਕਟਰ ਲੁਧਿਆਣਾ, ਡਾ. ਸੁਖਵੰਤ ਸਿੰਘ ਸੀਨੀਅਰ ਵੈਟਰਨਰੀ ਅਫਸਰ ਲੁਧਿਆਣਾ ਪੂਰਬੀ ਤੇ ਡਾ. ਦੀਪਕ ਜਾਂਗੜਾ ਅਸਿਸਟੈਂਟ ਡਾਇਰੈਕਟਰ ਭੇਡ ਤੇ ਉਨ ਮੰਡੀਕਰਨ ਦੁਆਰਾ ਭਾਗ ਲੈ ਕੇ ਪਸ਼ੂ ਪਾਲਕਾਂ ਨੂੰ ਪਸ਼ੂਆਂ ਸਬੰਧੀ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ। ਕੈਂਪ ਇੰਚਾਰਜ ਡਾਕਟਰ ਸੁਨੀਲ ਦੱਤ ਨੇ ਦੱਸਿਆ ਕਿ ਹਰ ਸਾਲ ਸਾਡੇ ਦੇਸ਼ 'ਚ 20 ਤੋਂ 30 ਹਜਾਰ ਮਨੁੱਖੀ ਜਾਨਾਂ ਹਲਕਾਅ ਦੀ ਭੇਟ ਚੜ ਜਾਂਦੀਆਂ ਹਨ, ਜਿਸ ਦੀ ਰੋਕਥਾਮ ਦਾ ਇਕ ਮਾਤਰ ਉਪਾਅ ਟੀਕਾਕਰਨ ਹੈ। ਸੋ ਹਰ ਇੱਕ ਪਸ਼ੂ ਪਾਲਕ ਨੂੰ ਆਪਣੇ ਜਾਨਵਰ ਦਾ ਟੀਕਾਕਰਨ ਜ਼ਰੂਰ ਕਰਾਵੇ। ਨਾਲ ਹੀ ਉਹਨਾਂ ਨੇ ਦਵਾਈਆਂ ਦੀਆਂ ਕੰਪਨੀਆਂ ਜ਼ੋਇਟਿਸ, ਇੰਡੀਅਨ ਇਮਨਲੋਜੀਕਲ, ਵੀਕੋ ਆਦਿ ਦਾ ਧੰਨਵਾਦ ਕੀਤਾ ਜਿਨਾਂ ਨੇ ਇਸ ਕੈਂਪ ਲਈ ਮੁਫਤ ਟੀਕਿਆਂ ਤੇ ਦਵਾਈਆਂ ਦਾ ਪ੍ਰਬੰਧ ਕਰਨ 'ਚ ਮਦਦ ਕੀਤੀ। ਕੈਂਪ ਦੇ ਅੰਤ ਵਿੱਚ ਡਾ. ਗੁਰਦੀਪ ਸਿੰਘ ਨੇ ਆਏ ਹੋਏ ਅਫਸਰਾਂ ਦਾ ਤੇ ਪਸ਼ੂ ਪਾਲਕਾਂ ਦਾ ਧੰਨਵਾਦ ਕੀਤਾ।

# ਮੱਸਿਆ ਦਾ ਦਿਹਾੜਾ ਮਨਾਇਆ



ਲੁਧਿਆਣਾ, 27 ਅਪ੍ਰੈਲ (ਰਵਿੰਦਰ ਸਿੰਘ ਨਿੱਝਰ) : ਸਿੱਖ ਸ਼ਹੀਦਾਂ ਦਾ ਯਾਦਗਾਰੀ ਅਸਥਾਨ ਗੁਰਦੁਆਰਾ ਸ਼ਹੀਦਾਂ ਫੇਰੂਮਾਨ ਢੋਲੇਵਾਲ ਚੌਕ ਵਿਖੇ ਵੈਸਾਖਿ ਮਹੀਨੇ ਦੀ ਮੱਸਿਆ ਦਾ ਦਿਹਾੜਾ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵੱਲੋਂ ਸ਼ਰਧਾ ਭਾਵਨਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਅੰਮ੍ਰਿਤ ਵੇਲੇ ਤੋਂ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਜੱਥਿਆਂ ਭਾਈ ਗੁਰਦੀਪ ਸਿੰਘ ਜੈਪੁਰ ਵਾਲੇ, ਭਾਈ ਗੁਰਸ਼ਰਨ ਸਿੰਘ, ਭਾਈ ਪਰਮਵੀਰ ਸਿੰਘ, ਭਾਈ ਹਰਪ੍ਰੀਤ ਸਿੰਘ ਖਾਲਸਾ ਅਤੇ ਬੀਬੀ ਜਸਲੀਨ ਕੌਰ, ਕਵੀਸ਼ਰੀ ਜੱਥਾ ਭਾਈ ਰਣਜੀਤ ਸਿੰਘ ਰਾਣਾ ਸਾਨ-ਏ-ਖਾਲਸ ਵਾਲਿਆਂ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਢਾਡੀ ਵਾਰਾਂ ਅਤੇ ਗੁਰਬਾਣੀ ਕੀਰਤਨ ਦੀ ਸੇਵਾ ਨਿਭਾਈ ਗਈ। ਉਪਰੰਤ ਗੁਰਦੁਆਰਾ ਸਾਹਿਬ ਦੇ ਕਥਾ ਵਾਚਕ ਭਾਈ ਮਨਪ੍ਰੀਤ ਸਿੰਘ ਨੇ ਗੁਰੂ ਘਰ ਨਤਮਸਤਿਕ ਹੋਈਆਂ ਸੰਗਤਾਂ ਨੂੰ ਗੁਰਇਤਿਹਾਸ ਤੋਂ ਜਾਣੂ ਕਰਵਾਇਆ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਐਡਵੋਕੇਟ ਬਲਵਿੰਦਰ ਸਿੰਘ ਲਾਇਲਪੁਰੀ ਨੇ ਸੰਗਤੀ ਰੂਪ 'ਚ ਰਾਗੀ ਜੱਥਿਆਂ ਨੂੰ ਸਿਰਪਾਓ ਭੇਟ ਕੀਤੇ। ਮੀਤ ਪ੍ਰਧਾਨ ਸਤਪਾਲ ਸਿੰਘ ਪਾਲ, ਪਰਮਜੀਤ ਸਿੰਘ ਲਾਇਲਪੁਰੀ ਨੇ ਗੁਰੂ ਘਰ ਨਸਮਸਤਿਕ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਹੋਰਨਾਂ ਤੋਂ ਇਲਾਵਾ ਤੇਜਿੰਦਰ ਸਿੰਘ ਡੰਗ ਜਨਰਲ ਸਕੱਤਰ, ਤਰਲੋਚਨ ਸਿੰਘ ਬੱਬਰ, ਚਰਨਕਮਲ ਸਿੰਘ ਲਾਇਲਪੁਰੀ, ਮੋਹਣ ਸਿੰਘ ਚੌਹਾਨ, ਸੁਰਜੀਤ ਸਿੰਘ ਮਠਾੜੂ, ਜਤਿੰਦਰਪਾਲ ਸਿੰਘ ਸਲੂਜਾ, ਇੰਦਰਜੀਤ ਸਿੰਘ ਗੋਲਾ, ਸਵਰਨ ਸਿੰਘ ਮਹੌਲੀ, ਜਸਵੀਰ ਸਿੰਘ ਗੋਗੀਆ, ਇੰਦਰਜੀਤ ਸਿੰਘ ਮੱਕੜ, ਸੁਰਿੰਦਰ ਜੀਤ ਸਿੰਘ ਮੱਕੜ, ਸੁਰਿੰਦਰ ਸਿੰਘ ਨਾਰੰਗ, ਸੁਖਰਾਜ ਸਿੰਘ, ਪਰਮਜੀਤ ਸਿੰਘ ਪੰਮਾ ਢੋਲੇਵਾਲ, ਅਰਜਨ ਸਿੰਘ ਚੀਮਾ, ਦਵਿੰਦਰ ਸਿੰਘ ਸਿੱਬਲ, ਗੁਰਮੀਤ ਸਿੰਘ, ਅਵਤਾਰ ਸਿੰਘ, ਪ੍ਰੀਤਮ ਸਿੰਘ ਮਣਕੂ ਵੀ ਗੁਰੂ ਘਰ ਨਸਮਸਤਿਕ ਹੋਏ।

# ਹਲਵਾਰਾ ਹਵਾਈ ਅੱਡੇ ਦਾ ਕੰਮ 100 ਫ਼ੀਸਦੀ ਮੁਕੰਮਲ

## ਆਪ ਸਰਕਾਰ ਨੇ 60 ਕਰੋੜ 'ਚ ਕੀਤੇ ਵਿਕਾਸ ਕੰਮ :ਅਰੋੜਾ



ਲੁਧਿਆਣਾ, 27 ਅਪ੍ਰੈਲ (ਵਿਸ਼ਾਲ ਸ਼ਰਮਾ): ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ ਐਤਵਾਰ ਨੂੰ ਲੁਧਿਆਣਾ ਵਾਸੀਆਂ, ਸ਼ਹਿਰ ਦੇ ਕੌਂਸਲਰਾਂ ਅਤੇ ਉਦਯੋਗਪਤੀਆਂ ਨਾਲ ਹਲਵਾਰਾ ਹਵਾਈ ਅੱਡੇ ਦਾ ਦੌਰਾ ਕੀਤਾ ਅਤੇ ਚੱਲ ਰਹੇ ਕੰਮ ਦੀ ਪ੍ਰਗਤੀ ਦਾ ਜਾਇਜ਼ਾ ਲਿਆ। ਆਪਣੀ ਫੇਰੀ ਦੌਰਾਨ, ਉਨ੍ਹਾਂ ਹਵਾਈ ਅੱਡੇ ਦੇ ਪਰਿਸਰ ਦਾ ਦੌਰਾ ਕੀਤਾ ਅਤੇ ਹੁਣ ਤੱਕ ਪੂਰੇ ਹੋਏ ਕੰਮ 'ਤੇ ਪੂਰੀ ਤਸੱਲੀ ਪ੍ਰਗਟ ਕੀਤੀ। ਸੰਸਦ ਮੈਂਬਰ ਅਰੋੜਾ ਨੇ ਕਿਹਾ ਕਿ ਇਹ ਪ੍ਰੋਜੈਕਟ ਲਗਭਗ ਤੀਹ ਸਾਲਾਂ ਤੋਂ ਲਟਕਿਆ ਹੋਇਆ ਸੀ ਅਤੇ ਉਨ੍ਹਾਂ ਨੇ ਦੁੱਖ ਪ੍ਰਗਟ ਕੀਤਾ ਕਿ ਪਿਛਲੀਆਂ ਰਾਜ ਸਰਕਾਰਾਂ ਦੇ ਨੁਮਾਇੰਦੇ ਇਸਨੂੰ ਪੂਰਾ ਕਰਨ ਵਿੱਚ ਅਸਫਲ ਰਹੇ ਸਨ। ਉਨ੍ਹਾਂ ਕਿਹਾ ਕਿ ਰਾਜ ਸਭਾ ਮੈਂਬਰ ਬਣਨ ਤੋਂ ਬਾਅਦ, ਉਨ੍ਹਾਂ ਨੇ ਤੁਰੰਤ ਇਸ ਪ੍ਰੋਜੈਕਟ ਨੂੰ ਤਰਜੀਹ ਦਿੱਤੀ। 'ਆਪ' ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਸਹਿਯੋਗ ਨਾਲ, ਇਹ ਪ੍ਰੋਜੈਕਟ ਹੁਣ ਲਗਭਗ 60 ਕਰੋੜ ਰੁਪਏ ਦੀ ਲਾਗਤ ਨਾਲ 100% ਪੂਰਾ ਹੋ ਗਿਆ ਹੈ। ਇਸਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਡਰੀਮ ਪ੍ਰੋਜੈਕਟ ਦੱਸਦਿਆਂ ਅਰੋੜਾ ਨੇ ਕਿਹਾ ਕਿ ਸ਼ੁਰੂਆਤੀ ਡਿਜ਼ਾਈਨ ਅਨੁਸਾਰ ਹਵਾਈ ਅੱਡੇ ਦੇ ਆਲੇ-ਦੁਆਲੇ ਕੰਡਿਆਲੀ ਤਾਰ ਦੀ ਵਾੜ ਲਗਾਈ ਗਈ ਸੀ। ਹਾਲਾਂਕਿ ਇਸ ਸਾਲ ਮਾਰਚ ਵਿੱਚ ਏਏਆਈ ਦੇ ਨਿਰੀਖਣ ਦੌਰਾਨ, ਕੰਡਿਆਲੀ ਤਾਰ ਨੂੰ ਕੰਕਰੀਟ ਦੀ ਚਾਰਦੀਵਾਰੀ ਨਾਲ ਬਦਲਣ ਦਾ ਫੈਸਲਾ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਏਏਆਈ ਟੀਮ ਨੇ ਕੁਝ ਹੋਰ ਸੁਝਾਅ ਵੀ ਦਿੱਤੇ, ਜਿਨ੍ਹਾਂ ਨੂੰ ਇਸ ਵੇਲੇ ਲਾਗੂ ਕੀਤਾ ਜਾ ਰਿਹਾ ਹੈ ਅਤੇ ਜਲਦੀ ਹੀ ਪੂਰਾ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਏਏਆਈ ਦਾ ਅਗਲਾ ਨਿਰੀਖਣ ਦੌਰਾ 30 ਅਪ੍ਰੈਲ ਨੂੰ ਤੈਅ ਹੈ। ਲੋਕ ਨਿਰਮਾਣ ਵਿਭਾਗ ਵੱਲੋਂ ਹਵਾਈ ਅੱਡਾ ਏਏਆਈ ਨੂੰ ਸੌਂਪਣ ਤੋਂ ਬਾਅਦ ਸਟਾਫ ਦੀ ਤਾਇਨਾਤੀ ਦੀ ਪ੍ਰਕਿਰਿਆ ਸ਼ੁਰੂ ਹੋ ਜਾਵੇਗੀ। ਸ਼ੁਰੂ ਵਿੱਚ, ਏਏਆਈ ਦੋ ਉਡਾਨਾਂ ਚਲਾਉਣ ਦੀ ਯੋਜਨਾ ਬਣਾ ਰਿਹਾ ਹੈ - ਇੱਕ ਸਵੇਰੇ ਅਤੇ ਇੱਕ ਦੁਪਹਿਰ ਨੂੰ। ਇਹ ਉਡਾਨਾਂ ਲੁਧਿਆਣਾ ਨੂੰ ਦਿੱਲੀ ਰਾਹੀਂ ਯੂਰਪ ਦੇ ਨਾਲ-ਨਾਲ ਅਮਰੀਕਾ, ਕੈਨੇਡਾ ਅਤੇ ਆਸਟਰੇਲੀਆ ਵਰਗੇ ਦੇਸ਼ਾਂ ਨਾਲ ਜੋੜਨਗੀਆਂ। ਅਰੋੜਾ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਹਵਾਈ ਸੰਪਰਕ ਪੂਰੇ ਪੰਜਾਬ ਖੇਤਰ, ਖਾਸ ਕਰਕੇ ਮਾਲਵਾ ਪੱਟੀ ਅਤੇ ਲੁਧਿਆਣਾ ਦੀ ਆਰਥਿਕਤਾ ਨੂੰ ਮਹੱਤਵਪੂਰਨ ਹੁਲਾਰਾ ਦੇਵੇਗਾ। ਉਨ੍ਹਾਂ ਉਮੀਦ ਪ੍ਰਗਟਾਈ ਕਿ ਅਗਲੇ ਦੋ ਤੋਂ ਤਿੰਨ ਮਹੀਨਿਆਂ ਵਿੱਚ ਉਡਾਣ ਸੰਚਾਲਨ ਸ਼ੁਰੂ ਹੋ ਜਾਵੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਹਵਾਈ ਅੱਡੇ ਨੂੰ ਐਚ ਡਬਲਿਊ ਆਰ ਕੋਡ ਦਿੱਤਾ ਗਿਆ ਹੈ। ਹਵਾਈ ਅੱਡੇ ਦੇ ਨਾਮਕਰਨ ਬਾਰੇ, ਉਨ੍ਹਾਂ ਸਪੱਸ਼ਟ ਕੀਤਾ ਕਿ ਰਾਜ ਸਰਕਾਰ ਸਿਰਫ਼ ਨਾਮ ਦੀ ਸਿਫ਼ਾਰਸ਼ ਕਰ ਸਕਦੀ ਹੈ, ਜਦੋਂ ਕਿ ਅੰਤਿਮ ਪ੍ਰਵਾਨਗੀ ਕੇਂਦਰ ਕੋਲ ਹੈ। ਸਵਾਲਾਂ ਦੇ ਜਵਾਬ ਦਿੰਦੇ ਹੋਏ, ਅਰੋੜਾ ਨੇ ਕਿਹਾ ਕਿ ਹਵਾਈ ਅੱਡਾ ਕੈਟ-99 ਸਿਸਟਮ ਨਾਲ ਲੈਸ ਹੈ ਜੋ ਘੱਟ ਦ੍ਰਿਸ਼ਟੀ ਵਾਲੀਆਂ ਸਥਿਤੀਆਂ ਵਿੱਚ ਵੀ ਇਸਦੀ ਸੰਚਾਲਨ ਸਮਰੱਥਾ ਨੂੰ ਵਧਾਉਂਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਟੈਕਸੀਵੇਅ ਵਿੱਚ ਇੱਕ ਸਮੇਂ ਦੋ ਜਹਾਜ਼ ਪਾਰਕ ਕਰਨ ਦੀ ਸਮਰੱਥਾ ਹੈ ਅਤੇ ਮੌਜੂਦਾ ਬੁਨਿਆਦੀ ਢਾਂਚਾ ਪ੍ਰਤੀ ਦਿਨ ਲਗਭਗ 12 ਉਡਾਨਾਂ ਨੂੰ ਆਰਾਮ ਨਾਲ ਸੰਭਾਲ ਸਕਦਾ ਹੈ। ਹਾਲਾਂਕਿ, ਉਨ੍ਹਾਂ ਭਰੋਸਾ ਦਿੱਤਾ ਕਿ ਭਵਿੱਖ ਵਿੱਚ ਵਿਸਥਾਰ ਲਈ ਢੁਕਵੇਂ ਪ੍ਰਬੰਧ ਹਨ। ਐਮਪੀ ਅਰੋੜਾ ਦੇ ਨਾਲ ਹਲਵਾਰਾ ਹਵਾਈ ਅੱਡੇ 'ਤੇ ਗਏ ਉਦਯੋਗਪਤੀਆਂ ਅਤੇ ਸ਼ਹਿਰ ਦੇ ਕੌਂਸਲਰਾਂ ਨੇ ਉਨ੍ਹਾਂ ਦੀ ਬਹੁਤ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਇਸ ਪ੍ਰੋਜੈਕਟ ਦੇ ਪੂਰਾ ਹੋਣ ਦਾ ਪੂਰਾ ਸਿਹਰਾ ਅਰੋੜਾ ਨੂੰ ਦਿੱਤਾ।

# ਰਿਟਾਇਰਡ ਟੀਚਰ ਤੇ ਹੋਰ ਪੈਨਸ਼ਨਰਜ਼ ਵੈੱਲਫ਼ੇਅਰ ਐਸੋਸੀਏਸ਼ਨ ਦੀ ਮੀਟਿੰਗ



ਫਿਰੋਜ਼ਪੁਰ,27 ਅਪ੍ਰੈਲ (ਤਿਵਾੜੀ): ਰਿਟਾਇਰਡ ਟੀਚਰ ਤੇ ਹੋਰ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ, ਫਿਰੋਜ਼ਪੁਰ ਰਜਿ. ਨੰ. 319 ਵੱਲੋਂ ਅਪ੍ਰੈਲ 2025 ਦੀ ਮਾਸਿਕ ਮੀਟਿੰਗ ਮਿਤੀ 26.4.2025 ਨੂੰ ਪਾਸ ਚੁੰਗੀ ਨਾਕਾ ਰੋਡ ਵਿਖੇ ਸ੍ਰੀ ਕ੍ਰਿਸਨ ਕੁਮਾਰ ਜੈਦਕਾ, ਨਛੱਤਰ ਸਿੰਘ, ਰਮੇਸ਼ ਕੁਮਾਰ, ਜਰਨਲ ਸਕੱਤਰ, ਬ੍ਰਿਜ ਭੂਸ਼ਨ, ਜੱਗਾ ਸਿੰਘ ਕੈਸ਼ੀਅਰ, ਦੀਵਾਨ ਚੰਦ ਸੁਖੀਜਾ, ਜੋਆਇੰਟ ਸਕੱਤਰ, ਬਲਵਿੰਦਰ ਸ਼ਰਮਾ, ਪ੍ਰਬੰਧਕ ਸਕੱਤਰ, ਰਾਜ ਪਾਲ ਸਿੰਘ, ਨਰਿੰਦਰ ਕੁਮਾਰ ਮੋਗਾ ਰਿਟਾ ਪ੍ਰਿੰਸੀਪਲ ਸਵਦੇਸ਼ ਕੁਮਾਰੀ ਨੇ ਭਾਗ ਲਿਆ। ਬਨਾਰਸੀ ਦਾਸ, ਰਾਜਿੰਦਰ ਗੁਪਤਾ, ਰਮੇਸ਼ ਕੁਮਾਰਬ ਗਰੋਵਰ ਜਰਨਲ ਸਕੱਤਰ ਦੇ ਪ੍ਰੈਸ ਨੋਟ ਜਾਰੀ ਕਰਦੇ ਹੋਏ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਮਿਤੀ 01.01.2016 ਤੋਂ 30.06.21 ਤੱਕ ਦਾ ਬਕਾਇਆ ਕਿਸ਼ਤਾ 'ਚ ਨਹੀਂ ਸਗੋਂ ਯਕਮੁਸ਼ਤ ਦਿੱਤਾ ਜਾਵੇ, ਰਹਿੰਦਾ 13 ਪ੍ਰਤੀਸ਼ਤ ਡੀ.ਏ. ਦਿੱਤਾ ਜਾਵੇ ,ਕੈਸ਼ਲੈਸ ਇਲਾਜ ਸੋਧ ਕਰਕੇ ਲਾਗੂ ਕੀਤਾ ਜਾਵੇ, 01.01.2004 ਤੋਂ ਬਾਅਦ ਸਾਰੇ ਕਰਮਚਾਰੀਆਂ ਨੂੰ ਪੁਰਾਣੀ ਪੈਨਸ਼ਨ ਦਿੱਤੀ ਜਾਵੇ। ਮਿਤੀ 17.07.20 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਨੂੰ ਪੰਜਾਬ ਸਰਕਾਰ ਦੇ ਗ੍ਰੇਡ ਦਿੱਤੇ ਜਾਣ। ਰਿਟਾਇਰਡ ਪ੍ਰਿੰਸੀਪਲ ਨਰਿੰਦਰ ਮੋਗਾ ਵੱਲੋਂ ਆਪਣੀ ਪਤਨੀ ਤੇ ਬੇਟੇ ਦੀ ਯਾਦ 'ਚ ਸਰਕਾਰੀ ਪ੍ਰਾਇਮਰੀ ਸਕੂਲੀ ਚੁੰਗੀ ਖਾਨਾ ਰੋਡ ਦੇ ਬੱਚਿਆਂ ਨੂੰ ਕਾਪੀਆਂ, ਰਜਿਸਟਰ ਵੰਡੇ ਗਏ। ਧਵਨ ਬੁਕ ਡਿਪੂ ਫਿਰੋਜ਼ਪੁਰ ਸ਼ਹਿਰ ਵੱਲੋਂ ਬੱਚਿਆਂ ਨੂੰ ਪੈਨ ਤੇ ਪੈਨਸਲਾਂ ਦਿੱਤੀਆਂ ਗਈਆਂ।

# ਕਣਕ ਦੀ ਨਾੜ ਨੂੰ ਲੱਗੀ ਭਿਆਨਕ ਅੱਗ

## ☛ਨਹੀਂ ਹੈ ਭੋਗਪੁਰ 'ਚ ਅੱਗ ਬੁਝਾਊ ਗੱਡੀਆਂ ਦਾ ਪ੍ਰਬੰਧ



ਭੋਗਪੁਰ, 27 ਅਪ੍ਰੈਲ (ਅਮਰਜੀਤ ਸਿੰਘ ਜੰਡੀਰ ਸੈਣੀ): ਭੋਗਪੁਰ ਦੇ ਨਜ਼ਦੀਕ ਪਿੰਡ ਸਗਰਾਂਵਾਲੀ ਕਣਕ ਦੀ ਨਾੜ ਨੂੰ ਭਿਆਨਕ ਅੱਗ ਲੱਗ ਗਈ। ਅੱਗ ਇੰਨੀ ਤੇਜ਼ ਸੀ ਕਿ ਦੂਰ ਤੱਕ ਕੁਝ ਵੀ ਦਿਖਾਈ ਨਹੀਂ ਸੀ ਦੇ ਰਿਹਾ ਅਤੇ ਇਹ ਅੱਗ ਕਾਫੀ ਲੰਬੇ ਸਮੇਂ ਤੱਕ ਲੱਗੀ ਰਹੀ, ਨਾ ਤਾਂ ਕਿਸੇ ਨੇ ਲੱਗੀ ਅੱਗ ਨੂੰ ਬੁਝਾਉਣ ਦੀ ਕੋਸ਼ਿਸ਼ ਕੀਤੀ ਅਤੇ ਨਾ ਹੀ ਅੱਗ ਬੁਝਾਉਣ ਵਾਲੀਆਂ ਗੱਡੀਆਂ ਮੌਕੇ 'ਤੇ ਪਹੁੰਚੀਆਂ। ਅੱਗ ਇੰਨੀ ਭਿਆਨਕ ਸੀ ਕਿ ਲਾਗਲੇ ਕਿਸਾਨਾਂ ਦੇ ਹੋਰ ਵੀ ਨੁਕਸਾਨ ਹੋ ਸਕਦੇ ਸਨ। ਇਹ ਭੋਗਪੁਰ ਦੀ ਸ਼ੁਰੂ ਤੋਂ ਕਮਜ਼ੋਰੀ ਰਹੀ ਹੈ ਕਿ ਭੋਗਪੁਰ ਵਿੱਚ ਅੱਗ ਬੁਝਾਊ ਗੱਡੀਆਂ ਦਾ ਕੋਈ ਵੀ ਪ੍ਰਬੰਧ ਨਹੀਂ ਹੈ। ਭੋਗਪੁਰ ਇਲਾਕੇ ਵਿਚ ਕਿਤੇ ਵੀ ਅਚਾਨਕ ਅੱਗ ਲੱਗ ਜਾਵੇ ਤਾਂ ਜਲੰਧਰ ਸ਼ਹਿਰ ਤੋਂ ਫਾਇਰਬ੍ਰਿਗੇਡ ਦੀਆਂ ਗੱਡੀਆਂ ਪਹੁੰਚਦੀਆਂ ਹਨ ਅਤੇ ਜਦ ਤੱਕ ਗੱਡੀਆਂ ਪਹੁੰਚਦੀਆਂ ਹਨ, ਉਦੋਂ ਤੱਕ ਸਭ ਕੁਝ ਜਲ ਕੇ ਰਾਖ ਹੋ ਜਾਂਦਾ ਹੈ। ਲੋਕਾਂ ਨੇ ਪ੍ਰਸ਼ਾਸਨ ਕੋਲੋਂ ਮੰਗ ਕੀਤੀ ਹੈ ਕਿ ਇਸ ਸਮੱਸਿਆ ਵੱਲ ਜਲਦ ਤੋਂ ਜਲਦ ਧਿਆਨ ਦਿੱਤਾ ਜਾਵੇ।

# ਦੇਸ਼ ਭਗਤ ਆਯੁਰਵੈਦਿਕ ਕਾਲਜ ਨੇ ਆਯੁਰਵੇਦ 'ਚ ਖੁਰਾਕ ਦੀ ਮਹੱਤਤਾ 'ਤੇ ਕੌਮੀ ਸੈਮੀਨਾਰ ਕਰਵਾਇਆ



ਮੰਡੀ ਗੋਬਿੰਦਗੜ੍ਹ, 27 ਅਪ੍ਰੈਲ (ਐਮ੍ਰਿਤਪਾਲ ਸਿੰਘ): ਦੇਸ਼ ਭਗਤ ਆਯੁਰਵੈਦਿਕ ਕਾਲਜ ਅਤੇ ਹਸਪਤਾਲ ਵੱਲੋਂ 'ਆਹਾਰ ਦ੍ਰਵਯ-ਉਨ੍ਹਾਂ ਦੀ ਖੁਰਾਕ ਦੀ ਮਹੱਤਤਾ 'ਤੇ ਅਧਾਰਤ ਵਿਸ਼ੇ 'ਤੇ ਇੱਕ ਰਾਸ਼ਟਰੀ ਸੈਮੀਨਾਰ ਸਫਲਤਾਪੂਰਵਕ ਕਰਵਾਇਆ ਗਿਆ। ਇਹ ਸਮਾਗਮ ਡਾਇਰੈਕਟਰ ਡਾ. ਕੁਲਭੂਸ਼ਣ ਤੇ ਪ੍ਰਿੰਸੀਪਲ ਡਾ. ਸਨੇਹਸੀ ਮਿਸ਼ਰਾ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ। ਇਸ ਸੈਮੀਨਾਰ ਵਿੱਚ ਪੰਜਾਬ ਦੇ ਆਯੁਰਵੈਦਿਕ ਤੇ ਯੂਨਾਨੀ ਪ੍ਰਣਾਲੀ ਮੈਡੀਸਨ ਬੋਰਡ ਦੇ ਰਜਿਸਟਰਾਰ ਡਾ. ਸੰਜੀਵ ਗੋਇਲ ਤੇ ਗੁਰੂ ਰਵਿਦਾਸ ਆਯੁਰਵੈਦ ਯੂਨੀਵਰਸਿਟੀ, ਹੁਸ਼ਿਆਰਪੁਰ ਦੇ ਰਜਿਸਟਰਾਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਡਾ. ਗੋਇਲ ਨੇ ਸੈਮੀਨਾਰ ਦਾ ਉਦਘਾਟਨ ਕੀਤਾ ਅਤੇ ਸਮਕਾਲੀ ਸਿਹਤ ਸੰਭਾਲ ਵਿੱਚ ਆਯੁਰਵੈਦਿਕ ਗਿਆਨ ਨੂੰ ਉਤਸ਼ਾਹਿਤ ਕਰਨ ਲਈ ਕਾਲਜ ਦੇ ਸਮਰਪਣ ਦੀ ਸ਼ਲਾਘਾ ਕੀਤੀ। ਇਸ ਮੁੱਖ ਸੈਸ਼ਨ ਵਿੱਚ ਆਯੁਰਵੈਦਿਕ ਖੇਤਰ ਦੇ ਪ੍ਰਸਿੱਧ ਵਿਦਵਾਨ ਸ਼ਾਮਲ ਹੋਏ। ਤਿੰਨ੍ਹਾਂ ਵਿੱਚ ਡਾ. ਈਸ਼ ਸ਼ਰਮਾ, ਪ੍ਰੋਫੈਸਰ, ਰੋਗ ਨਿਦਾਨ ਵਿਭਾਗ, ਬਾਬੇ ਕੇ ਆਯੁਰਵੈਦਿਕ ਕਾਲਜ, ਮੋਗਾ ਪ੍ਰੋਫੈਸਰ (ਡਾ.) ਅਨਿਲ ਸ਼ਰਮਾ, ਡੀਨ, ਫੈਕਲਟੀ ਆਫ ਇੰਡੀਅਨ ਸਿਸਟਮਜ਼ ਆਫ ਮੈਡੀਸਨ, ਐਸਜੀਟੀ ਯੂਨੀਵਰਸਿਟੀ, ਗੁਰੂਗ੍ਰਾਮ; ਗੁਰਮੁਖ ਸਿੰਘ, ਖੇਤੀ ਵਿਰਾਸਤ ਮਿਸ਼ਨ, ਪੰਜਾਬ ਦੇ ਪ੍ਰਤੀਨਿਧੀ ਤੇ ਡਾ. ਸੌਤਿਆ ਦਿਓ ਪਾਂਡੇ, ਡਾਇਰੈਕਟਰ ਆਫ ਕਲੀਨਿਕਲ ਰਿਸਰਚ, ਦੇਸ਼ ਭਗਤ ਯੂਨੀਵਰਸਿਟੀ ਨੇ ਮਨੁੱਖੀ ਸਿਹਤ ਤੇ ਆਯੁਰਵੈਦ ਵਿੱਚ ਆਹਾਰ ਦ੍ਰਵਿਆ (ਖੁਰਾਕ ਪਦਾਰਥ) ਦੀ ਮਹੱਤਵਪੂਰਨ ਭੂਮਿਕਾ ਬਾਰੇ ਆਪਣੀ ਮੁਹਾਰਤ ਸਾਂਝੀ ਕੀਤੀ। ਇਸ ਸੈਮੀਨਾਰ ਵਿੱਚ 200 ਤੋਂ ਵੱਧ ਡੈਲੀਗੇਟਾਂ ਨੇ ਉਤਸ਼ਾਹ ਨਾਲ ਭਾਗ ਲਿਆ, ਜਿਨ੍ਹਾਂ ਵਿੱਚ ਪੀ.ਐਚ.ਡੀ., ਐਮ.ਡੀ. ਤੇ ਬੀ.ਏ.ਐਮ.ਐਸ. ਵਿਦਵਾਨ ਸ਼ਾਮਲ ਸਨ, ਜੋ ਔਨਲਾਈਨ ਤੇ ਔਫਲਾਈਨ ਦੋਵੇਂ ਤਰ੍ਹਾਂ ਸ਼ਾਮਲ ਹੋਏ। ਇਸ ਤੋਂ ਇਲਾਵਾ ਦ੍ਰਵਿਗੁਣ (ਆਯੁਰਵੈਦਿਕ ਫਾਰਮਾਕੋਲੋਜੀ) ਦੀ ਵਿਗਿਆਨਕ ਸਮਝ ਤੇ ਉਪਯੋਗਾਂ ਨਾਲ ਡੂੰਘਾਈ ਨਾਲ ਜੁੜਦੇ ਹੋਏ ਵੱਖ-ਵੱਖ ਆਯੁਰਵੈਦਿਕ ਕਾਲਜਾਂ ਦੇ ਵਿਦਿਆਰਥੀਆਂ ਤੇ ਫੈਕਲਟੀ ਨੇ ਸ਼ਿਰਕਤ ਕੀਤੀ। ਇਸ ਮੌਕੇ ਦੇਸ਼ ਭਗਤ ਯੂਨੀਵਰਸਿਟੀ ਦੇ ਮਾਣਯੋਗ ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਨੇ ਸ਼ਿਰਕਤ ਕੀਤੀ ਤੇ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਅਜਿਹੇ ਸੈਮੀਨਾਰਾਂ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ। ਇਹ ਸਮਾਗਮ ਆਯੁਰਵੇਦ ਦੇ ਖੇਤਰ ਵਿੱਚ ਸਿੱਖਣ, ਚਰਚਾ ਤੇ ਸਹਿਯੋਗ ਲਈ ਇੱਕ ਕੀਮਤੀ ਪਲੇਟਫਾਰਮ ਸਾਬਤ ਹੋਇਆ, ਜੋ ਰੋਕਥਾਮ ਤੇ ਇਲਾਜਯੋਗ ਸਿਹਤ ਸੰਭਾਲ ਵਿੱਚ ਖੁਰਾਕ ਅਤੇ ਕੁਦਰਤੀ ਪਦਾਰਥਾਂ ਦੀ ਮਹੱਤਤਾ ਨੂੰ ਹੋਰ ਮਜ਼ਬੂਤ ਕਰਦਾ ਹੈ।

# ਜਲ੍ਹਿਆਂਵਾਲਾ ਬਾਗ ਕਾਂਡ ਸਬੰਧੀ ਬਰਤਾਨੀਆ ਦੀ ਸੰਸਦ 'ਚ ਵਿਚਾਰ ਚਰਚਾ



ਲੰਡਨ, 27 ਅਪ੍ਰੈਲ (ਚ.ਨ.ਸ): 13 ਅਪ੍ਰੈਲ 1919 ਨੂੰ ਸ੍ਰੀ ਅੰਮ੍ਰਿਤਸਰ ਦੇ ਜਲ੍ਹਿਆਂਵਾਲਾ ਬਾਗ ਵਿੱਚ ਬ੍ਰਿਟਿਸ਼ ਰਾਜ ਮੌਕੇ ਹੋਏ ਨਿਹੱਥੇ ਲੋਕਾਂ ਦੇ ਕਤਲ ਦੀ ਅੱਗ ਅੱਜ ਵੀ ਸੁਲਗ ਰਹੀ ਹੈ। 1919 ਤੋਂ ਲੈ ਕੇ ਹੁਣ ਤੱਕ ਕਈ ਸਰਕਾਰਾਂ ਆਈਆਂ ਤੇ ਗਈਆਂ। ਪਰ ਕਿਸੇ ਵੀ ਸਰਕਾਰ ਨੇ ਇਸ ਕਾਂਡ ਦੀ ਜ਼ਿੰਮੇਵਾਰੀ ਲੈਂਦਿਆਂ ਭਾਰਤੀ ਲੋਕਾਂ ਤੋਂ ਮੁਆਫ਼ੀ ਨਹੀਂ ਮੰਗੀ। ਭਾਵੇਂਕਿ ਸਮੇਂ-ਸਮੇਂ ਤੇ ਬ੍ਰਿਟਿਸ਼ ਪ੍ਰਧਾਨ ਮੰਤਰੀਆਂ ਨੇ ਇਸ ਕਾਂਡ ਦੀ ਨਿੰਦਾ ਕੀਤੀ ਹੈ ਪਰ ਇਸ ਲਈ ਜਨਤਕ ਮੁਆਫ਼ੀ ਮੰਗਣ ਤੋਂ ਟਾਲਾ ਵੱਟਿਆ ਹੈ। ਬੀਤੇ ਦਿਨੀਂ ਐਮ.ਪੀ. ਜੌਹਨ ਮੈਕਡਾਨਲਡ ਦੀ ਅਗਵਾਈ 'ਚ ਜਲ੍ਹਿਆਂਵਾਲਾ ਬਾਗ ਕਾਂਡ 1919 ਕਮੇਟੀ ਵੱਲੋਂ ਸੰਸਦ ਵਿੱਚ ਇਕ ਵਿਚਾਰ ਚਰਚਾ ਦੀ ਮੀਟਿੰਗ ਕੀਤੀ ਗਈ, ਜਿਸ ਵਿੱਚ ਐਮ. ਪੀ. ਤਨਮਨਜੀਤ ਸਿੰਘ ਢੇਸੀ, ਐਮ.ਪੀ., ਜਸ ਅਠਵਾਲ, ਲਾਰਡ ਕੁਲਦੀਪ ਸਿੰਘ ਸਹੋਤਾ, ਐਮ.ਪੀ. ਰੂਥ ਕੈਡਬਰੀ, ਐਮ.ਪੀ. ਬੌਬ ਬਲੈਕਮੈਨ ਆਦਿ ਸਮੇਤ ਕਈ ਸੰਸਦ ਮੈਂਬਰ, ਭਾਈਚਾਰਕ ਆਗੂ ਸ਼ਾਮਲ ਹੋਏ। ਇਸ ਮੌਕੇ ਬਰਤਾਨਵੀ ਪ੍ਰਧਾਨ ਮੰਤਰੀ ਕੀਰ ਸਟਾਰਮਰ ਤੋਂ ਮੰਗ ਕੀਤੀ ਗਈ ਕਿ 100 ਸਾਲ ਤੋਂ ਵੱਧ ਸਮਾਂ ਬੀਤ ਚੁੱਕਾ ਹੈ ਪਰ ਅਜੇ ਤੱਕ ਭਾਰਤੀ ਲੋਕਾਂ ਦੇ ਜ਼ਖ਼ਮਾਂ 'ਤੇ ਮਲ੍ਹਮ ਲਗਾਉਣ ਲਈ ਕੋਈ ਯਤਨ ਨਹੀਂ ਕੀਤਾ। ਬੀਤੇ ਦਿਨੀਂ ਪ੍ਰਧਾਨ ਮੰਤਰੀ ਸਟਾਰਮਰ ਉਕਤ ਕਾਂਡ ਲਈ ਜਨਤਕ ਤੌਰ 'ਤੇ ਮੁਆਫ਼ੀ ਮੰਗਣ।

# ਪਿੰਡ ਦੌਲੇਵਾਲਾ ਵਿਖੇ ਨਸ਼ਾ ਤਸਕਰਾਂ ਦੇ ਘਰਾਂ 'ਤੇ ਚੱਲਿਆ ਪੀਲਾ ਪੰਜਾ

## ☛ਜ਼ਿਲ੍ਹਾ ਪੁਲਿਸ ਮੁਖੀ ਅਜੈ ਗਾਂਧੀ ਦੀ ਅਗਵਾਈ ਹੇਠ ਪੁਲਿਸ ਨੇ ਕੀਤੀ ਕਾਰਵਾਈ



ਕੋਟ ਈਸੇ ਖਾਂ, 27 ਅਪ੍ਰੈਲ (ਗਾਂਧੀ/ਗੁਰਦੇਵ ਖੁਰਾਣਾ): ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਚਲਾਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਜੰਗੀ ਪੱਧਰ 'ਤੇ ਸ਼ੁਰੂ ਹੈ। ਇਸ ਕਾਰਵਾਈ ਤਹਿਤ ਅੱਜ ਮੋਗਾ ਦੇ ਜ਼ਿਲ੍ਹਾ ਪੁਲਿਸ ਮੁਖੀ ਅਜੈ ਗਾਂਧੀ ਦੀ ਅਗਵਾਈ ਹੇਠ ਪਿੰਡ ਦੌਲੇਵਾਲਾ ਵਿਖੇ 4 ਨਸ਼ਾ ਤਸਕਰਾਂ ਦਾ ਘਰਾਂ ਨੂੰ ਢਾਹਿਆ ਗਿਆ। ਇਹ ਮਕਾਨ ਸਰਕਾਰੀ ਜ਼ਮੀਨ 'ਤੇ ਨਾਜਾਇਜ਼ ਕਬਜ਼ਾ ਕਰਕੇ ਬਣਾਏ ਹੋਏ ਸਨ। ਇਸ ਮੌਕੇ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਮੋਗਾ ਹਰਜਿੰਦਰ ਸਿੰਘ ਤੇ ਡਿਊਟੀ ਮੈਜਿਸਟਰੇਟ ਵੀ ਹਾਜ਼ਰ ਸਨ। ਜ਼ਿਲ੍ਹਾ ਪੁਲਿਸ ਮੁਖੀ ਅਜੈ ਗਾਂਧੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਜ਼ੀਰੋ ਟਾਲਰੈਂਸ ਨੀਤੀ ਅਪਣਾਈ ਜਾ ਰਹੀ ਹੈ ਅਤੇ ਨਸ਼ਾ ਤਸਕਰਾਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪਿੰਡ ਦੌਲੇਵਾਲਾ ਦੇ ਇਹਨਾਂ 4 ਪਰਿਵਾਰਾਂ ਉੱਪਰ ਆਈ. ਪੀ. ਸੀ, ਐਨ. ਡੀ. ਪੀ.ਐਸ.ਐਕਟ ਅਧੀਨ ਵੱਖ ਵੱਖ ਮੁਕੱਦਮੇ ਦਰਜ ਹਨ। ਉਨ੍ਹਾਂ ਨਸ਼ਿਆਂ ਦੇ ਸੌਦਾਗਰਾਂ ਨੂੰ ਸਖਤ ਚੇਤਾਵਨੀ ਦਿੰਦਿਆਂ ਕਿਹਾ ਕਿ ਉਹ ਨਸ਼ੇ ਵੇਚਣ ਦਾ ਕੰਮ ਛੱਡ ਦੇਣ ਨਹੀਂ ਤਾਂ ਉਨ੍ਹਾਂ ਵਿਰੁੱਧ ਵੀ ਇਹੋ ਜਿਹੀ ਕਾਰਵਾਈ ਕੀਤੀ ਜਾਵੇਗੀ। ਅਜੈ ਗਾਂਧੀ ਨੇ ਦੱਸਿਆ ਕਿ ਨਸ਼ੇ ਦੇ ਸੌਦਾਗਰਾਂ ਨੇ ਸੂਬੇ ਦੀ ਜਵਾਨੀ ਨੂੰ ਖੋਰਾ ਪਾਇਆ ਹੈ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਪੰਜਾਬ ਦੀ ਜਵਾਨੀ ਨੂੰ ਬਚਾਉਣ ਲਈ ਪੂਰੀ ਤਰ੍ਹਾਂ ਦ੍ਰਿੜ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਦੇ ਕਾਰੋਬਾਰੀਆਂ ਦੀ ਸ਼ਿਕਾਇਤ ਕਰਨ ਲਈ ਆਪਣੇ ਨੇੜਲੇ ਪੁਲਿਸ ਸਟੇਸ਼ਨ ਵਿਖੇ ਸੰਪਰਕ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨਿਰੰਤਰ ਜਾਰੀ ਰਹੇਗੀ ਅਤੇ ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਲ ਤਸਕਰਾਂ ਨੂੰ ਕਿਸੇ ਵੀ ਹਾਲਤ ਵਿੱਚ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਹੁਣ ਪੰਜਾਬ ਅੰਦਰ ਨਸ਼ਾ ਤਸਕਰਾਂ ਲਈ ਕੋਈ ਥਾਂ ਨਹੀਂ ਹੈ, ਇਸ ਲਈ ਉਹ ਇਹ ਕੰਮ ਛੱਡ ਦੇਣ ਨਹੀਂ ਤਾਂ ਉਨ੍ਹਾਂ ਦੇ ਘਰਾਂ 'ਤੇ ਵੀ ਪੀਲਾ ਪੰਜਾ ਚਲਾਇਆ ਜਾਵੇਗਾ।

# ਸਰਕਾਰੀ ਖਰੀਦ ਏਜੰਸੀਆਂ ਵੱਲੋਂ ਕਿਸਾਨਾਂ ਨੂੰ ਖਰੀਦੀ ਕਣਕ ਦੀ 356.29 ਕਰੋੜ ਰੁਪਏ ਦੀ ਅਦਾਇਗੀ : ਡਾ. ਥਿੰਦ



ਫ਼ਤਹਿਗੜ੍ਹ ਸਾਹਿਬ, 27 ਅਪ੍ਰੈਲ (ਹਰਪ੍ਰੀਤ ਕੌਰ ਟਿਵਾਣਾ): ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹੇ ਦੀਆਂ ਅਨਾਜ ਮੰਡੀਆਂ ਵਿੱਚ ਕਣਕ ਦੀ ਖਰੀਦ ਦਾ ਕੰਮ ਸੁਚਾਰੂ ਢੰਗ ਨਾਲ ਚੱਲ ਰਿਹਾ ਹੈ ਅਤੇ ਵੱਖ-ਵੱਖ ਸਰਕਾਰੀ ਖਰੀਦ ਏਜੰਸੀਆਂ ਵੱਲੋਂ ਹੁਣ ਤੱਕ ਕੀਤੀ ਗਈ ਕੁੱਲ ਖਰੀਦ ਦੀ ਅਦਾਇਗੀ ਵਜੋਂ ਕਿਸਾਨਾਂ ਨੂੰ ਪੰਜਾਬ ਸਰਕਾਰ ਵੱਲੋਂ ਨਿਰਧਾਰਤ ਸਮਾਂ ਸੀਮਾ ਅਨੁਸਾਰ 356.29 ਕਰੋੜ ਰੁਪਏ ਦੀ ਅਦਾਇਗੀ ਕਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਕਿਸਾਨਾਂ ਵੱਲੋਂ ਮੰਡੀਆਂ 'ਚ ਲਿਆਂਦੀ ਕਣਕ ਦੀ ਫ਼ਸਲ ਦਾ ਦਾਨਾ-ਦਾਨਾ ਖ਼ਰੀਦਣ ਲਈ ਵਚਨਬੱਧ ਹੈ ਅਤੇ ਖਰੀਦ ਪ੍ਰਕਿਰਿਆ ਮੁਕੰਮਲ ਹੋਣ ਤੱਕ ਕਿਸੇ ਵੀ ਕਿਸਾਨ ਨੂੰ ਮੰਡੀਆਂ 'ਚ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ। ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਦੱਸਿਆ ਕਿ ਹੁਣ ਤੱਕ ਜ਼ਿਲ੍ਹੇ ਦੀਆਂ ਅਨਾਜ ਮੰਡੀਆਂ ਵਿੱਚ 222867 ਮੀਟਰਕ ਟਨ ਕਣਕ ਦੀ ਆਮਦ ਹੋਈ ਹੈ, ਜਿਸ ਵਿੱਚੋਂ ਵੱਖ-ਵੱਖ ਸਰਕਾਰੀ ਖਰੀਦ ਏਜੰਸੀਆਂ ਅਤੇ ਪ੍ਰਾਈਵੇਟ ਵਪਾਰੀਆਂ ਵੱਲੋਂ 216870 ਮੀਟਰਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਖਰੀਦ ਏਜੰਸੀਆਂ ਵੱਲੋਂ ਖਰੀਦੀ ਗਈ ਕਣਕ ਵਿੱਚੋਂ 84553 ਮੀਟਰਕ ਟਨ ਕਣਕ ਦੀ ਲਿਫਟਿੰਗ ਕਰਵਾਈ ਗਈ ਹੈ ਅਤੇ ਜ਼ਿਲ੍ਹਾ ਮੈਨੇਜਰਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਲਿਫਟਿੰਗ ਪ੍ਰਕਿਰਿਆ ਵਿੱਚ ਤੇਜ਼ੀ ਲਿਆਂਦੀ ਜਾਵੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੰਡੀਆਂ ਵਿੱਚ ਕਿਸਾਨਾਂ ਦੀ ਸਹੂਲਤ ਲਈ ਪੀਣ ਵਾਲੇ ਸਾਫ ਸੁਥਰੇ ਪਾਣੀ, ਬਿਜਲੀ, ਬੈਠਣ ਲਈ ਛਾਂਦਾਰ ਜਗ੍ਹਾਂ ਤੇ ਸਾਫ਼ ਸੁਥਰੇ ਪਖਾਨਿਆਂ ਦੇ ਪ੍ਰਬੰਧ ਕੀਤੇ ਗਏ ਹਨ।

# ਹਾਥੀ ਤੇ ਘੋੜਿਆਂ 'ਤੇ ਸ਼ੋਭਤ ਹੋ ਮਾਨ ਕਰਾਈ ਪੁੱਜੀ ਬੁੱਢਾ ਦਲ ਦੇ ਮੁਖੀ ਬਾਬਾ ਦਵਿੰਦਰ ਸਿੰਘ ਦੇ ਸਪੁੱਤਰ ਕਮਲਪ੍ਰੀਤ ਸਿੰਘ ਰਸੀਆ ਦੀ ਬਰਾਤ



ਭੋਗਪੁਰ, 27 ਅਪ੍ਰੈਲ (ਅਮਰਜੀਤ ਸਿੰਘ ਸੈਣੀ ਜੰਡੀਰ): ਮਿਸਲ ਨਵਾਬ ਕਪੂਰ ਸਿੰਘ ਜੀ ਬੁੱਢਾ ਦਲ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਦਵਿੰਦਰ ਸਿੰਘ ਜੀ ਅਕਾਲੀ ਜੀ ਦੇ ਸਪੁੱਤਰ ਕਮਲਪ੍ਰੀਤ ਸਿੰਘ ਜੀ ਰਸੀਆ ਦੇ ਅਨੰਦ ਕਾਰਜ ਮੌਕੇ ਭੋਗਪੁਰ ਵਿਖੇ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਕੀਰਤਨ ਦਰਬਾਰ ਸਜਾਏ ਗਏ। ਟਕਸਾਲ ਅਤੇ ਹੋਰ ਵੱਖ ਵੱਖ ਨਿਹੰਗ ਸਿੰਘ ਜਥੇਬੰਦੀਆਂ ਕਮਲਪ੍ਰੀਤ ਸਿੰਘ ਜੀ ਦੇ ਆਨੰਦ ਕਾਰਜ ਮੌਕੇ ਪਹੁੰਚੀਆਂ। ਇਸ ਮੌਕੇ 'ਤੇ ਵੱਖ ਵੱਖ ਰਾਗੀ ਸਿੰਘਾਂ ਨੇ ਨਿਰੋਲ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਖੂਬ ਨਿਹਾਲ ਕੀਤਾ। ਮਿਸਲ ਨਵਾਬ ਕਪੂਰ ਸਿੰਘ ਜੀ ਬੁੱਢਾ ਦਲ ਮੁਖੀ ਜਥੇਦਾਰ ਬਾਬਾ ਦਵਿੰਦਰ ਸਿੰਘ ਜੀ ਨੇ ਸ਼ਗਨ ਲੈ ਕੇ ਪਹੁੰਚੇ ਮਹਿਮਾਨਾਂ ਦਾ ਭਰਵਾਂ ਸਵਾਗਤ ਕੀਤਾ। ਗੁਰਦੁਆਰਾ ਪ੍ਰਚਾਰ ਸਭਾ ਭੋਗਪੁਰ ਵਿਖੇ ਆਰਤੀ ਕੀਤੀ ਗਈ ਅਤੇ ਫੁੱਲਾਂ ਦੀ ਵਰਖਾ ਵੀ ਖੂਬ ਹੋਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਸਰਬੱਤ ਦੇ ਭਲੇ ਦੀ ਅਰਦਾਸ ਬੇਨਤੀ ਕੀਤੀ ਗਈ। ਮਿਸਲ ਨਵਾਬ ਕਪੂਰ ਸਿੰਘ ਜੀ ਬੁੱਢਾ ਦਲ ਮੁਖੀ ਬਾਬਾ ਦਵਿੰਦਰ ਸਿੰਘ ਜੀ ਦੇ ਸਪੁੱਤਰ ਕਮਲਪ੍ਰੀਤ ਸਿੰਘ ਰਸੀਆ ਦੀ ਬਰਾਤ ਭੋਗਪੁਰ ਦੇ ਨਾਲ ਦੇ ਪਿੰਡ ਮਾਣਕਰਾਈ ਵਿਖੇ ਹਾਥੀ ਘੋੜਿਆਂ 'ਤੇ ਵੱਖਰੇ ਅੰਦਾਜ਼ ਵਿੱਚ ਸੋਭਤ ਹੋ ਕੇ ਪੁੱਜੀ। ਪਿੰਡ ਮਾਣਕਰਾਈ ਦੇ ਵਿੱਚ ਬਹੁਤ ਵੱਡੇ ਪੰਡਾਲ ਲਗਾਏ ਗਏ ਅਤੇ ਕੀਰਤਨ ਦਰਬਾਰ ਵੀ ਸਜਾਏ ਗਏ। ਲੜਕੀ ਪਰਿਵਾਰ ਤੇ ਪਿੰਡ ਵਾਸੀਆਂ ਵੱਲੋਂ ਬਰਾਤ ਦਾ ਭਰਵਾਂ ਸਵਾਗਤ ਕੀਤਾ ਗਿਆ ਅਤੇ ਕਮਲਪ੍ਰੀਤ ਸਿੰਘ ਰਸੀਆ ਦੇ ਗ੍ਰਹਿ ਵੀ ਇੱਕ ਦਿਨ ਪਹਿਲੇ ਸਗਨ ਲੈ ਕੇ ਪਹੁੰਚੇ ਪਿੰਡ ਮਾਣਕਰਾਈ ਤੋਂ ਪੰਜ ਸਿੰਘ ਸਾਹਿਬਾਨਾਂ ਨੇ ਰਸਮਾਂ ਅਨੁਸਾਰ ਸਾਰੇ ਕਾਰਜ ਕੀਤੇ। ਮੁਖੀ ਬਾਬਾ ਦਵਿੰਦਰ ਸਿੰਘ ਜੀ ਪਰਿਵਾਰ ਅਤੇ ਗੁਰੂ ਦੀਆਂ ਫੌਜਾਂ ਨੇ ਪਹੁੰਚੇ ਸੱਜਣਾਂ ਦਾ ਭਰਵਾਂ ਸਵਾਗਤ ਕੀਤਾ। ਇਸ ਮੌਕੇ 'ਤੇ ਟਕਸਾਲ ਤੇ ਵੱਖ-ਵੱਖ ਨਿਹੰਗ ਸਿੰਘ ਜਥੇਬੰਦੀਆਂ ਤੇ ਹੋਰ ਵੀ ਗੁਰੂ ਦੀਆਂ ਲਾਡਲੀਆਂ ਫੌਜਾਂ ਕਮਲਪ੍ਰੀਤ ਸਿੰਗਰ ਦੇ ਅਨੰਦ ਕਾਰਜ ਵਿੱਚ ਸ਼ਾਮਿਲ ਹੋਈਆਂ।

# ਹਲਕਾ ਇੰਚਾਰਜ ਭੱਟੀ ਨੇ ਵੱਖ-ਵੱਖ ਸਕੂਲਾਂ 'ਚ ਕੀਤੇ ਉਦਘਾਟਨ



ਭੋਗਪੁਰ, 27 ਅਪ੍ਰੈਲ (ਜੰਡੀਰ ਸੈਣੀ): ਆਮ ਆਦਮੀ ਪਾਰਟੀ ਦੇ ਹਲਕਾ ਆਦਮਪੁਰ ਦੇ ਇੰਚਾਰਜ ਅਤੇ ਡਾਇਰੈਕਟਰ ਪਨਬੱਸ ਪੰਜਾਬ ਨੇ ਸਿੱਖਿਆ ਕ੍ਰਾਂਤੀ ਹਲਕਾ ਆਦਮਪੁਰ ਸਰਕਾਰੀ ਪ੍ਰਾਇਮਰੀ ਸਕੂਲ ਖੋਜਕੀਪੁਰ, ਸਰਕਾਰੀ ਪ੍ਰਾਇਮਰੀ ਸਕੂਲ ਨਾਜ਼ਕਾ, ਸਰਕਾਰੀ ਪ੍ਰਾਇਮਰੀ ਸਕੂਲ ਪੰਡੋਰੀ ਨਿਝਰਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੰਡੋਰੀ ਨਿਝਰਾ ਵਿਖੇ ਚਾਰਦੀਵਾਰੀ, ਸਮਾਰਟ ਕਲਾਸਰੂਮਾਂ ਤੇ ਹੋਰ ਵੀ ਵੱਖ ਵੱਖ ਸਕੂਲਾਂ 'ਚ ਉਦਘਾਟਨ ਕੀਤੇ। ਹਲਕਾ ਇੰਚਾਰਜ ਜੀਤ ਲਾਲ ਭੱਟੀ ਵੱਲੋਂ ਰੋਜ਼ਾਨਾ ਹੀ ਹਲਕੇ ਵਿੱਚ ਉਦਘਾਟਨ ਕੀਤੇ ਜਾਂਦੇ ਹਨ। ਪਾਰਟੀ ਤੇ ਆਪਣੇ ਹਲਕੇ ਲਈ ਸਖਤ ਮਿਹਨਤ ਕਰ ਰਹੇ ਹਨ। ਇਸ ਮੌਕੇ 'ਤੇ ਧਰਮਪਾਲ ਸੀਨੀਅਰ ਆਗੂ, ਬਲਾਕ ਡਾ.ਹੰਸ ਰਾਜ, ਬਲਾਕ ਪ੍ਰਧਾਨ ਮਦਨ ਸਿੰਘ, ਹਨਿੰਦਰ ਸਿੰਘ ਕੋਆਰਡੀਨੇਟਰ ਬੀ.ਸੀ ਵਿੰਗ, ਮੰਗਾ ਰਾਮ ਜ਼ਿਲ੍ਹਾ ਜੁਆਇੰਟ ਸਕੱਤਰ ਐਸ.ਸੀ ਵਿੰਗ, ਬਲਾਕ ਪ੍ਰਧਾਨ ਤਰਸੇਮ ਲਾਲ, ਬਲਾਕ ਪ੍ਰਧਾਨ ਸਤਨਾਮ ਮਨਕੋਟੀਆ, ਕੁਲਵੰਤ ਸਿੰਘ, ਵਿਨੋਦ ਚੋਪੜਾ, ਪ੍ਰਿੰਸੀਪਲ ਸਹਿਬਾਨ, ਸਰਪੰਚ, ਪਾਰਟੀ ਦੇ ਵਲੰਟੀਅਰ ਆਦਿ ਹਾਜ਼ਰ ਸਨ।

# ਸ੍ਰੀ ਸੰਗਮੇਸ਼ਵਰ ਗਊਸ਼ਾਲਾ 'ਚ ਗਵਾਲਿਆਂ ਲਈ ਬਣਾਏ ਕਮਰਿਆਂ ਦਾ ਲੈਂਟਰ ਪਾਇਆ



ਅਮਲੋਹ, 27 ਅਪ੍ਰੈਲ (ਜਸਵੰਤ ਸਿੰਘ): ਗਊ ਸੇਵਾ ਸਮਿਤੀ ਅਮਲੋਹ ਵਲੋਂ ਸ੍ਰੀ ਸੰਗਮੇਸ਼ਵਰ ਗਊਸ਼ਾਲਾ ਅਮਲੋਹ ਵਿਚ ਸ਼ਹਿਰ ਨਿਵਾਸੀਆਂ ਦੇ ਸਹਿਯੋਗ ਨਾਲ ਗਵਾਲਿਆਂ ਦੀ ਸਹੂਲਤ ਲਈ ਬਣਾਏ ਜਾ ਰਹੇ ਸ਼ਾਨਦਾਰ ਰਿਹਾਇਸ਼ੀ ਕਮਰਿਆਂ ਦਾ ਲੈਂਟਰ ਪਾਉਣ ਦਾ ਕਾਰਜ ਕੀਤਾ ਗਿਆ। ਇਸ ਮੌਕੇ ਸ਼ਹਿਰ ਦੇ ਪਤਵੰਤਿਆਂ ਨੇ ਸ਼ਿਰਕਤ ਕੀਤੀ ਅਤੇ ਸੰਮਤੀ ਵਲੋਂ ਕੀਤੇ ਸ਼ਾਨਦਾਰ ਸੇਵਾ ਦੇ ਕਾਰਜ ਦੀ ਸ਼ਲਾਘਾ ਕੀਤੀ ਗਈ। ਇਸ ਮੌਕੇ ਸੰਮਤੀ ਦੇ ਪ੍ਰਧਾਨ ਭੂਸ਼ਨ ਸੂਦ, ਸਰਪ੍ਰਸਤ ਪ੍ਰੇਮ ਚੰਦ ਸ਼ਰਮਾ, ਮੀਤ ਪ੍ਰਧਾਨ ਸੰਜੀਵ ਧੀਰ, ਗਊਸ਼ਾਲਾ ਅਮਲੋਹ ਦੇ ਪ੍ਰਧਾਨ ਸ਼ਿਵ ਕੁਮਾਰ ਗਰਗ ਨੇ ਦੱਸਿਆ ਕਿ ਗਊਸ਼ਾਲਾ ਵਿਚ ਗਵਾਲਿਆਂ ਲਈ ਰਿਹਾਇਸ਼ ਦਾ ਪ੍ਰਬੰਧ ਨਾ ਹੋਣ ਕਾਰਣ ਉਨ੍ਹਾਂ ਨੂੰ ਭਾਰੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਸੀ, ਜਿਸ ਨੂੰ ਮੁੱਖ ਰੱਖ ਕੇ ਇਸ ਸਮੱਸਿਆ ਦਾ ਸ਼ਹਿਰ ਨਿਵਾਸੀਆਂ ਦੇ ਸਹਿਯੋਗ ਨਾਲ ਹੱਲ ਕੀਤਾ ਜਾ ਰਿਹਾ ਹੈ। ਉਨ੍ਹਾਂ ਸ਼ਹਿਰ ਨਿਵਾਸੀਆਂ ਅਤੇ ਸੰਸਥਾਵਾਂ ਵਲੋਂ ਦਿੱਤੇ ਜਾ ਰਹੇ ਸਹਿਯੋਗ ਲਈ ਧੰਨਵਾਦ ਵੀ ਕੀਤਾ ਅਤੇ ਦੱਸਿਆ ਕਿ ਇਹ ਸਾਰਾ ਲੱਖਾਂ ਰੁਪਏ ਦਾ ਕਾਰਜ ਸੰਮਤੀ ਵੱਲੋਂ ਲੋਕਾਂ ਦੇ ਸਹਿਯੋਗ ਨਾਲ ਕੀਤਾ ਗਿਆ ਅਤੇ ਇਕ ਵੀ ਪੈਸਾ ਗਊਸ਼ਾਲਾ ਦਾ ਇਸ ਵਿਚ ਨਹੀਂ ਵਰਤਿਆ ਗਿਆ। ਉਨ੍ਹਾਂ ਦੱਸਿਆ ਕਿ ਸੰਮਤੀ ਵੱਲੋਂ ਜਿਥੇ ਹਰ ਸਾਲ ਗਊ ਕਥਾ ਕਰਵਾਈ ਜਾਂਦੀ ਹੈ ਉਥੇ ਇਸ ਦੀ ਬਚੀ ਰਾਸ਼ੀ ਨਾਲ ਗਊਸ਼ਾਲਾ ਵਿਚ ਤੂੜੀ ਆਦਿ ਦਾ ਪ੍ਰਬੰਧ ਕੀਤਾ ਜਾਂਦਾ ਹੈ, ਜੋ ਕਿ ਭਵਿੱਖ ਵਿਚ ਵੀ ਜਾਰੀ ਰਹੇਗਾ। ਇਸ ਮੌਕੇ ਉਘੇ ਸਮਾਜ ਸੇਵੀ ਐਡਵੋਕੇਟ ਅਸ਼ਵਨੀ ਅਬਰੋਲ, ਸ਼ਿਵ ਕੁਮਾਰ ਗੋਇਲ, ਸ਼ਿਵ ਕੁਮਾਰ, ਪੰਡਤ ਰਵਿੰਦਰ ਰਵੀ ਆਦਿ ਹਾਜ਼ਰ ਸਨ।

# ਰਿਮਟ ਯੂਨੀਵਰਸਿਟੀ ਵਿਖੇ ਈ-ਸਨੈਡ ਐਪਲੀਕੇਸ਼ਨ ਦੀ ਸ਼ੁਰੂਆਤ



ਮੰਡੀ ਗੋਬਿੰਦਗੜ੍ਹ, 27 ਅਪ੍ਰੈਲ (ਸੂਦ): ਰਿਮਟ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਨੂੰ ਈ-ਸਨੈਡ ਐਪਲੀਕੇਸ਼ਨ ਦੀ ਸ਼ੁਰੂਆਤ ਦੀ ਮੇਜ਼ਬਾਨੀ ਕਰਨ ਦਾ ਮੌਕਾ ਮਿਲਿਆ। ਇਹ ਇਤਿਹਾਸਕ ਸਮਾਗਮ ਹੋਇਆ, ਜਿਸ ਵਿਚ ਪਤਵੰਤਿਆਂ, ਫੈਕਲਟੀ ਮੈਂਬਰ, ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਵਿਦੇਸ਼ਾਂ ਵਿੱਚ ਸਿੱਖਿਆ ਪ੍ਰਾਪਤ ਕਰਨ ਦੀ ਯੋਜਨਾ ਬਣਾ ਰਹੇ ਉਮੀਦਵਾਰਾਂ ਨੇ ਸਰਗਰਮ ਸ਼ਮੂਲੀਅਤ ਕੀਤੀ। ਈ-ਸਨੈਡ ਇੱਕ ਡਿਜੀਟਲ ਪਲੇਟਫਾਰਮ ਹੈ ਜੋ ਵਿਦਿਅਕ ਦਸਤਾਵੇਜ਼ਾਂ ਦੀ ਔਨਲਾਈਨ ਤਸਦੀਕ, ਤਸਦੀਕ ਅਤੇ ਅਪੋਸਟੀਲ ਦੀ ਸਹੂਲਤ ਦਿੰਦਾ ਹੈ, ਪ੍ਰਕਿਰਿਆਵਾਂ ਨੂੰ ਸੁਚਾਰੂ ਬਣਾਉਂਦਾ ਹੈ ਅਤੇ ਪਾਰਦਰਸ਼ਤਾ ਵਧਾਉਂਦਾ ਹੈ। ਪ੍ਰੋਗਰਾਮ ਦੀ ਸ਼ੁਰੂਆਤ ਨੈਸ਼ਨਲ ਇਨਫੋਰਮੈਟਿਕਸ ਸੈਂਟਰ (ਐਨਆਈਸੀ) ਪੰਜਾਬ ਦੇ ਮਹਿਮਾਨਾਂ ਦੇ ਸਵਾਗਤ ਨਾਲ ਹੋਈ, ਜਿਨ੍ਹਾਂ ਵਿਚ ਸਟੇਟ ਇਨਫ਼ੋਰਮੈਟਿਕਸ ਅਫ਼ਸਰ ਵਿਵੇਕ ਵਰਮਾ, ਸੀਨੀਅਰ ਡਾਇਰੈਕਟਰ ਆਈਟੀ ਰਾਜ ਕੁਮਾਰ ਟਿੱਕੂ ਅਤੇ ਤਕਨੀਕੀ ਡਾਇਰੈਕਟਰ ਕੀਰਤੀ ਮਹਾਜਨ ਸ਼ਾਮਲ ਸਨ, ਜਿਨ੍ਹਾਂ ਦਾ ਪਤਵੰਤਿਆਂ ਦੀ ਮੌਜੂਦਗੀ ਵਿਚ ਸਨਮਾਨ ਵੀ ਕੀਤਾ ਗਿਆ। ਪ੍ਰੋ.ਚਾਂਸਲਰ ਡਾ. ਬੀਐਸ ਭਾਟੀਆ ਅਤੇ ਪ੍ਰੋ. ਵਾਈਸ-ਚਾਂਸਲਰ ਡਾ. ਐਸ.ਸੀ. ਸ਼ਰਮਾ, ਜਿਨ੍ਹਾਂ ਦਾ ਦ੍ਰਿਸ਼ਟੀਕੋਣ ਅਤੇ ਸਮਰਥਨ ਸੰਸਥਾ ਨੂੰ ਅਕਾਦਮਿਕ ਉੱਤਮਤਾ ਵੱਲ ਸੇਧਿਤ ਕਰਨਾ ਜਾਰੀ ਰੱਖਦਾ ਹੈ। ਸੈਸ਼ਨ ਦੀ ਸ਼ੁਰੂਆਤ ਡਾ. ਭਾਟੀਆ ਦੇ ਉਦਘਾਟਨੀ ਭਾਸ਼ਣ ਨਾਲ ਹੋਈ, ਜਿਨ੍ਹਾਂ ਨੇ ਅਕਾਦਮਿਕ ਦਸਤਾਵੇਜ਼ਾਂ ਵਿੱਚ ਡਿਜੀਟਲ ਪਰਿਵਰਤਨ ਦੀ ਵਧਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਈ-ਸਨੈਡ ਪਹਿਲਕਦਮੀ ਦੀ ਵਿਦਿਆਰਥੀ-ਕੇਂਦ੍ਰਿਤ ਪਹੁੰਚ ਅਤੇ ਵਿਦੇਸ਼ਾਂ ਵਿੱਚ ਉੱਚ ਸਿੱਖਿਆ ਪ੍ਰਾਪਤ ਕਰਨ ਵਾਲਿਆਂ ਲਈ ਦਸਤਾਵੇਜ਼ ਪ੍ਰਕਿਰਿਆ ਨੂੰ ਆਸਾਨ ਬਣਾਉਣ ਦੀ ਸੰਭਾਵਨਾ ਦੀ ਸ਼ਲਾਘਾ ਕੀਤੀ। ਇਸ ਉਪਰੰਤ ਕੀਰਤੀ ਮਹਾਜਨ ਨੇ ਇੱਕ ਵਿਸਤ੍ਰਿਤ ਪੇਸ਼ਕਾਰੀ ਕੀਤੀ ਗਈ, ਜਿਨ੍ਹਾਂ ਈ-ਸਨੈਡ ਸੇਵਾਵਾਂ ਦੀ ਇੱਕ ਵਿਆਪਕ ਸੰਖੇਪ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਪਲੇਟਫਾਰਮ ਕਿਵੇਂ ਅਕਾਦਮਿਕ ਦਸਤਾਵੇਜ਼ਾਂ ਦੀ ਤਸਦੀਕ ਅਤੇ ਤਸਦੀਕ ਲਈ ਇੱਕ ਸੁਰੱਖਿਅਤ, ਕੁਸ਼ਲ ਅਤੇ ਡਿਜੀਟਲ ਹੱਲ ਪੇਸ਼ ਕਰਦਾ ਹੈ। ਵਿਵੇਕ ਵਰਮਾ ਨੇ ਦੱਸਿਆ ਕਿ ਕਿਵੇਂ ਈ-ਗਵਰਨੈਂਸ ਪਹਿਲਕਦਮੀਆਂ ਜਿਵੇਂ ਕਿ ਈ-ਸਨੈਡ ਪ੍ਰਸ਼ਾਸਕੀ ਕੁਸ਼ਲਤਾ ਵਧਾ ਰਹੀਆਂ ਹਨ ਤੇ ਪਾਰਦਰਸ਼ਤਾ ਨੂੰ ਉਤਸ਼ਾਹਿਤ ਕਰ ਰਹੀਆਂ ਹਨ।

# ਭਗਵਾਨ ਪਰਸ਼ੂ ਰਾਮ ਜੈਯੰਤੀ ਨੂੰ ਮੁੱਖ ਰੱਖ ਕੇ ਸ੍ਰੀ ਰਮਾਇਣ ਜੀ ਦਾ ਪਾਠ ਆਰੰਭ



ਅਮਲੋਹ, 27 ਅਪ੍ਰੈਲ (ਜਸਵੰਤ ਸਿੰਘ): ਰਾਮ ਬਾਗ ਸ਼ਿਵ ਮੰਦਰ ਅਮਲੋਹ ਵਿਚ ਭਗਵਾਨ ਪਰਸ਼ੂ ਰਾਮ ਜੈਯੰਤੀ ਨੂੰ ਮੁੱਖ ਰੱਖ ਕੇ ਸ੍ਰੀ ਰਮਾਇਣ ਜੀ ਦਾ ਪਾਠ ਅਰੰਭ ਕੀਤਾ ਗਿਆ। ਇਸ ਮੌਕੇ ਮੰਦਰ ਦੇ ਪੁਜਾਰੀ ਸ਼ਾਸਤਰੀ ਜਗਦੰਬੇ ਪ੍ਰਸ਼ਾਦ ਨੇ ਮੰਤਰਾਂ ਦਾ ਉਚਾਰਣ ਕਰਕੇ ਪਾਠ ਦੀ ਅਰੰਭਤਾ ਕੀਤੀ ਅਤੇ ਪੂਜਾ ਦੀ ਰਸਮ ਕਰਵਾਈ। ਮੰਦਰ ਦੇ ਮੁੱਖ ਸੇਵਾਦਾਰ ਅਤੇ ਕੌਂਸਲ ਦੇ ਸਾਬਕਾ ਪ੍ਰਧਾਨ ਬਲਦੇਵ ਸੇਢਾ ਨੇ ਦੱਸਿਆ ਕਿ ਪਾਠ ਦੇ ਭੋਗ 29 ਅਪ੍ਰੈਲ ਦਿਨ ਮੰਗਲਵਾਰ ਨੂੰ ਸਵੇਰੇ 11 ਵਜੇ ਪਾਏ ਜਾਣਗੇ। ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਵੱਧ ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ। ਇਸ ਮੌਕੇ ਗਊ ਸੇਵਾ ਸੰਮਤੀ ਅਮਲੋਹ ਦੇ ਪ੍ਰਧਾਨ ਭੂਸ਼ਨ ਸੂਦ, ਅਮਨਦੀਪ ਧੀਮਾਨ, ਗੁਰਮੀਤ ਧੀਮਾਨ, ਪਰਮਿੰਦਰ ਧੀਮਾਨ, ਖ਼ੁਸ਼ਮੀਤ ਧੀਮਾਨ, ਮੰਦਰ ਦੇ ਸੇਵਾਦਾਰ ਕੁਲਦੀਪ ਮੋਦੀ, ਮਾਸਟਰ ਜਗਦੀਸ਼ ਮੋਦੀ, ਐਡਵੋਕੇਟ ਗੋਲਡੀ ਅਰੋੜਾ, ਕੈਲਾਸ਼ ਚੰਦ ਵਰਮਾ, ਬੌਬੀ ਸੇਢਾ, ਗੰਗਾ ਰਾਮ ਸਰਮਾ, ਹਿਮਾਂਸ਼ੂ ਸ਼ਰਮਾ, ਯੁਗੇਸ਼ ਬਾਂਸਲ, ਰੁਪਿੰਦਰ ਜਿੰਦਲ, ਪ੍ਰਿੰਯਾ ਸੇਢਾ, ਮਮਤਾ ਰਾਣੀ ਤੇ ਮਾਸਟਰ ਰਜੇਸ਼ ਕੁਮਾਰ ਆਦਿ ਹਾਜ਼ਰ ਸਨ।

# ਪਾਕਿਸਤਾਨ ਦੇ ਖਿਲਾ.ਫ ਮੰਡੀ ਗੋਬਿੰਦਗੜ੍ਹ ਦੇ ਮੁੱਖ ਚੌਂਕ 'ਤੇ ਕੀਤਾ ਰੋਸ ਪ੍ਰਦਰਸ਼ਨ



ਮੰਡੀ ਗੋਬਿੰਦਗੜ੍ਹ, 27 ਅਪ੍ਰੈਲ (ਸੂਦ): ਮੰਡੀ ਗੋਬਿੰਦਗੜ੍ਹ ਦੇ ਮੁੱਖ ਚੌਂਕ 'ਤੇ ਪ੍ਰਦੇਸ਼ ਕਾਂਗਰਸ ਸੇਵਾ ਦਲ ਵੱਲੋਂ ਜੰਮੂ ਕਸ਼ਮੀਰ ਦੇ ਪਹਿਲਗਾਮ ਇਲਾਕੇ 'ਚ ਅੱਤਵਾਦੀ ਹਮਲੇ ਦੇ ਖਿਲਾਫ਼ ਰੋਸ ਪ੍ਰਦਰਸ਼ਨ ਕੀਤਾ ਗਿਆ ਤੇ ਮੇਨ ਬਾਜ਼ਾਰ ਚੌਂਕ ਤੋਂ ਸ਼ਹਿਰ ਦੇ ਮੁੱਖ ਚੌਂਕ ਤੱਕ ਕੈਂਡਲ ਮਾਰਚ ਕੱਢਿਆ ਗਿਆ। ਇਸ ਮੌਕੇ ਪਾਕਿਸਤਾਨ ਖਿਲਾਫ਼ ਨਾਅਰੇਬਾਜ਼ੀ ਕਰਦੇ ਹੋਏ ਦੋਸ਼ੀਆਂ ਖਿਲਾਫ਼ ਸਖਤ ਕਾਰਵਾਈ ਦੀ ਮੰਗ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਲਾਲ ਸਿੰਘ ਲਾਲੀ, ਮਾਸਟਰ ਜਰਨੈਲ ਸਿੰਘ, ਲੇਬਰ ਯੂਨੀਅਨ ਦੇ ਆਗੂ ਰਾਮ ਕੇਵਲ ਯਾਦਵ, ਨਈਮ ਅਹਿਮਦ, ਕਾਂਗਰਸ ਆਗੂ ਮਨਦੀਪ ਸਿੰਘ ਮੰਨਾ, ਬਿੱਟੂ ਡਿਸੂਜਾ, ਕਾਂਗਰਸ ਆਗੂ ਜਗਮੇਲ ਕੰਗ ਬਾਵਾ, ਰਜੇਸ਼ ਸ਼ਾਹੀ, ਚਰਨਜੀਤ ਸਿੰਘ ਰਾਜੂ ਤੇ ਪ੍ਰੇਮ ਕ੍ਰਿਸ਼ਨ ਆਦਿ ਹਾਜ਼ਰ ਸਨ।

# ਬਾਬਾ ਜ਼ੋਰਾਵਰ ਸਿੰਘ ਫਤਹਿ ਸਿੰਘ ਸੀਨੀ. ਸੈਕੰ. ਪਬਲਿਕ ਸਕੂਲ ਵਿਖੇ ਬੱਚਿਆਂ ਦੇ ਅੰਤਰ ਹਾਊਸ ਸ਼ਬਦ ਗਾਇਨ ਮੁਕਾਬਲੇ ਕਰਵਾਏ



ਫਤਿਹਗੜ੍ਹ ਸਾਹਿਬ, 27 ਅਪ੍ਰੈਲ (ਹਰਪ੍ਰੀਤ ਕੌਰ ਟਿਵਾਣਾ) : ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਪੜ੍ਹਾਈ ਦੇ ਨਾਲ-ਨਾਲ ਸ਼ੈਸ਼ਨ 2025-26 ਦਾ ਪਹਿਲਾ ਅੰਤਰ ਹਾਊਸ ਸ਼ਬਦ ਗਾਇਣ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਸੱਤਵੀਂ ਤੋਂ ਬਾਰਵੀਂ ਤੱਕ ਦੇ ਵਿਦਿਆਰਥੀਆਂ ਨੇ ਭਾਗ ਲਿਆ। ਜਿਸ ਵਿੱਚ ਪੰਜਾਂ ਹਾਊਸਾਂ ਵੱਲੋਂ ਹੇਠ ਲਿਖੀਆਂ ਪੁਜੀਸ਼ਨਾਂ ਹਾਸਲ ਕੀਤੀਆਂ ਗਈਆਂ। ਇਸ ਵਿੱਚ ਬਾਬਾ ਅਜੀਤ ਸਿੰਘ ਜੀ ਹਾਊਸ ਨੇ ਪਹਿਲਾ, ਬਾਬਾ ਜੁਝਾਰ ਸਿੰਘ ਜੀ ਹਾਊਸ ਨੇ ਦੂਜਾ ਅਤੇ ਬਾਬਾ ਜ਼ੋਰਾਵਰ ਸਿੰਘ ਜੀ ਹਾਊਸ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਉਪਰੰਤ ਪ੍ਰੋ. ਹਰਦੀਪ ਸਿੰਘ ਅਤੇ ਡਾ. ਕੁਲਵਿੰਦਰ ਸਿੰਘ ਨੇ ਜੱਜ ਦੀ ਭੂਮਿਕਾ ਨਿਭਾਈ। ਸਕੂਲ ਦੇ ਵਿਦਿਆਰਥੀਆਂ ਵੱਲੋਂ ਰਸ-ਭਿੰਨਾ ਕੀਰਤਨ ਕੀਤਾ ਗਿਆ। ਇਸ ਦੌਰਾਨ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਅਰਸ਼ਦੀਪ ਕੌਰ ਨੇ ਸਮੂਹ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵੱਧ ਤੋਂ ਵੱਧ ਗੁਰਬਾਣੀ ਸ਼ਬਦ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

# ਸਰਕਾਰੀ ਮਿਡਲ ਸਕੂਲ ਪਿੰਡ ਹਰਲਾਲਪੁਰ ਵਿਖੇ ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ



ਫ਼ਤਹਿਗੜ੍ਹ ਸਾਹਿਬ, 27 ਅਪ੍ਰੈਲ (ਹਰਪ੍ਰੀਤ ਕੌਰ ਟਿਵਾਣਾ): ਜ਼ਿਲ੍ਹੇ ਦੇ ਪਿੰਡ ਹਰਲਾਲਪੁਰ ਦੇ ਸਰਕਾਰੀ ਮਿਡਲ ਸਕੂਲ ਵਿਚ ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ। ਜਿਸ ਵਿਚ ਸੇਵਾ ਮੁਕਤ (ਸੀ.ਡੀ.ਆਰ) ਰਾਕੇਸ਼ ਖੰਨਾ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਇਸ ਮੌਕੇ 'ਤੇ ਹਰਲਾਲਪੁਰ ਦੀ ਸਰਪੰਚ ਹਰਜਿੰਦਰ ਕੌਰ ਚੀਮਾ ਅਤੇ 'ਆਪ' ਆਗੂ ਰਣਜੀਤ ਸਿੰਘ ਚੀਮਾ ਵਿਸੇਸ਼ ਮਹਿਮਾਨ ਵਜੋਂ ਹਾਜ਼ਰ ਸਨ। ਇਸ ਮੌਕੇ ਰਾਕੇਸ਼ ਖੰਨਾ ਨੇ ਅੱਠਵੀਂ ਜਮਾਤ ਦੇ ਹੋਣਹਾਰ ਵਿਦਿਆਰਥੀਆਂ ਨੂੰ ਨਗਦ ਇਨਾਮ ਅਤੇ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਸੂਕਲ ਦੇ ਵਿਦਿਆਰਥੀਆਂ ਨੇ ਰੰਗਾਰੰਗ ਸਭਿਆਚਾਰਕ ਪ੍ਰੋਗ੍ਰਾਮ ਪੇਸ਼ ਕਰਕੇ ਖੂਬ ਵਾਹੋ-ਵੱਧੀ ਖੱਟੀ। ਸਮਾਗਮ ਮੌਕੇ ਸਰਪੰਚ ਹਰਜਿੰਦਰ ਕੌਰ ਚੀਮਾ ਨੇ ਵੱਖ-ਵੱਖ ਖੇਤਰਾਂ ਵਿਚ ਮੱਲ੍ਹਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦੇ ਨਾਲ ਸ਼ੁਭਕਾਨਾਵਾਂ ਦਿੱਤੀਆਂ। ਸਮਾਗਮ ਦੀ ਸਮਾਪਤੀ ਮੌਕੇ ਸਕੂਲ ਮੁੱਖੀ ਅੰਮ੍ਰਿਤਪਾਲ ਕੌਰ ਨੇ ਸਾਰੀਆਂ ਦਾਨਵੀਰ ਸ਼ਖਸੀਅਤਾਂ ਦਾ ਸਕੂਲ ਨੂੰ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਇਸ ਮੌਕੇ 'ਤੇ 'ਆਪ' ਆਗੂ ਰਣਜੀਤ ਸਿੰਘ ਚੀਮਾ, ਕਰਨਲ ਗੁਰਦੇਵ ਸਿੰਘ, ਸਕੂਲ ਇੰਚਾਰਜ ਅੰਮ੍ਰਿਤਪਾਲ ਕੌਰ, ਸੁਖਵਿੰਦਰ ਸਿੰਘ, ਬੀਰਦਵਿੰਦਰ ਸਿੰਘ, ਕਮਲਜੀਤ ਕੌਰ, ਦਵਿੰਦਰ ਕੌਰ, ਰਾਜਵਿੰਦਰ ਕੌਰ, ਕੁਲਵਿੰਦਰ ਸਿੰਘ ਪੰਚ, ਜਸਪਾਲ ਸਿੰਘ ਪੰਚ, ਸੁਖਵਿੰਦਰ ਕੌਰ, ਜਸਪਿੰਦਰ ਕੌਰ, ਅਮਨਦੀਪ ਕੌਰ ਤੋਂ ਇਲਾਵਾ ਸਕੂਲੀ ਬੱਚਿਆਂ ਦੇ ਮਾਪੇ ਵੀ ਹਾਜ਼ਰ ਸਨ।

# 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਫ਼ਤਹਿਗੜ੍ਹ ਸਾਹਿਬ ਪੁਲਿਸ ਨੇ 12 ਘੰਟੇ ਚਲਾਇਆ ਵਿਸ਼ੇਸ਼ ਨਾਕਾਬੰਦੀ ਤੇ ਨਾਈਟ ਡੋਮੀਨੇਸ਼ਨ ਅਭਿਆਨ

## ☛800 ਵਾਹਨਾਂ ਦੀ ਜਾਂਚ, 260 ਚਲਾਨ ਕੱਟੇ, 8 ਵਾਹਨ ਇੰਪਾਊਂਡ ਕੀਤੇ



ਫ਼ਤਹਿਗੜ੍ਹ ਸਾਹਿਬ, 27 ਅਪ੍ਰੈਲ (ਹਰਪ੍ਰੀਤ ਕੌਰ ਟਿਵਾਣਾ): ਡੀ.ਜੀ.ਪੀ ਪੰਜਾਬ ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾਂ 'ਤੇ ਡੀ.ਆਈ.ਜੀ ਰੂਪਨਗਰ ਰੇਂਜ ਹਰਚਰਨ ਸਿੰਘ ਭੁੱਲਰ ਦੀਆਂ ਹਦਾਇਤਾਂ ਉੱਤੇ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੀ ਪੁਲਿਸ ਵੱਲੋਂ ਬੀਤੀ ਸ਼ਾਮ 4 ਵਜੇ ਤੋਂ ਅੱਜ ਸਵੇਰ 4 ਵਜੇ ਤੱਕ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਵਿਸ਼ੇਸ਼ ਨਾਕਾਬੰਦੀ 'ਤੇ ਨਾਈਟ ਡੋਮੀਨੇਸ਼ਨ ਅਭਿਆਨ ਚਲਾਇਆ ਗਿਆ, ਜਿਸ ਤਹਿਤ ਐਸ.ਐਸ.ਪੀ. ਸ਼ੁਭਮ ਅਗਰਵਾਲ ਨੇ ਦੇਰ ਰਾਤ ਖੁਦ ਨਾਕਿਆਂ ਦਾ ਨਿਰੀਖਣ ਕੀਤਾ। ਇਸ ਤੋਂ ਇਲਾਵਾ ਐਸ.ਪੀਜ਼, ਡੀ.ਐਸ.ਪੀਜ਼ ਅਤੇ ਥਾਣਾ ਮੁਖੀ ਵੀ ਵੱਖ-ਵੱਖ ਨਾਕਿਆਂ ਉੱਤੇ ਚੈਕਿੰਗ ਪ੍ਰਕਿਰਿਆ ਦੌਰਾਨ ਤਾਇਨਾਤ ਰਹੇ। ਐਸ.ਐਸ.ਪੀ. ਸ਼ੁਭਮ ਅਗਰਵਾਲ ਦੀ ਅਗਵਾਈ ਹੇਠ ਐਸ.ਪੀ (ਇਨਵੈਸਟੀਗੇਸ਼ਨ) ਰਾਕੇਸ਼ ਕੁਮਾਰ ਯਾਦਵ ਨੇ ਇਸ ਵਿਸ਼ੇਸ਼ ਅਭਿਆਨ ਦੀ ਨਿਗਰਾਨੀ ਕੀਤੀ। ਐਸਐਸਪੀ ਸ਼ੁਭਮ ਅਗਰਵਾਲ ਨੇ ਨਾਕਿਆਂ ਉੱਤੇ ਤਾਇਨਾਤ ਪੁਲਿਸ ਵੱਲੋਂ ਕੀਤੀ ਜਾ ਰਹੀ ਕਾਰਵਾਈ ਦਾ ਜਾਇਜ਼ਾ ਲੈਂਦਿਆਂ ਤਸੱਲੀ ਪ੍ਰਗਟਾਈ ਅਤੇ ਪੁਲਿਸ ਮੁਲਾਜ਼ਮਾਂ ਨਾਲ ਗੱਲਬਾਤ ਕੀਤੀ। ਸ਼੍ਰੀ ਅਗਰਵਾਲ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਨਸ਼ਾ ਤਸਕਰੀ ਨੂੰ ਮੁਕੰਮਲ ਤੌਰ 'ਤੇ ਠੱਲ੍ਹ ਪਾਉਣ ਲਈ ਜ਼ਿਲ੍ਹਾ ਪੁਲਿਸ 24 ਘੰਟੇ ਕਾਰਜਸ਼ੀਲ ਹੈ। ਉਨ੍ਹਾਂ ਦੱਸਿਆ ਕਿ ਵਿਸ਼ੇਸ਼ ਨਾਕਾਬੰਦੀ ਅਤੇ ਨਾਈਟ ਡੋਮੀਨੇਸ਼ਨ ਤਹਿਤ ਪੁਲਿਸ ਦੀਆਂ ਵੱਖ-ਵੱਖ ਟੀਮਾਂ ਨੇ ਚੰਡੀਗੜ੍ਹ-ਲੁਧਿਆਣਾ ਰੋਡ ਉੱਤੇ ਪੈਂਦੇ ਪਿੰਡ ਖਾਂਟ ਨਜ਼ਦੀਕ, ਮੰਡੀ ਗੋਬਿੰਦਗੜ੍ਹ ਵਿਚ ਯੈੱਸ ਬੈਂਕ ਨਜ਼ਦੀਕ ਅਤੇ ਪੁਲਿਸ ਸਟੇਸ਼ਨ ਬਡਾਲੀ ਆਲਾ ਸਿੰਘ ਵਾਲਾ ਦੇ ਸਾਹਮਣੇ ਵਿਸ਼ੇਸ਼ ਨਾਕਾਬੰਦੀ ਕਰਦੇ ਹੋਏ ਜਿੱਥੇ 12 ਘੰਟਿਆਂ ਵਿੱਚ 800 ਵਾਹਨਾਂ ਦੀ ਡੂੰਘਾਈ ਨਾਲ ਜਾਂਚ ਪੜਤਾਲ ਕੀਤੀ ਉੱਥੇ ਹੀ ਅਨਿਯਮਤਾਵਾਂ ਸਾਹਮਣੇ ਆਉਣ 'ਤੇ 260 ਚਲਾਨ ਵੀ ਕੱਟੇ ਗਏ। ਐਸਐਸਪੀ ਸ਼ੁਭਮ ਅਗਰਵਾਲ ਨੇ ਦੱਸਿਆ ਕਿ ਜਾਂਚ ਮੁਹਿੰਮ ਦੌਰਾਨ 8 ਵਾਹਨਾਂ ਨੂੰ ਇੰਪਾਊਂਡ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਇਸ ਦੌਰਾਨ ਦੋ ਵਿਅਕਤੀ ਨਸ਼ਾ ਪੀੜਿਤ ਪਾਏ ਗਏ, ਜਿਨ੍ਹਾਂ ਨੂੰ ਇਲਾਜ ਲਈ ਨਸ਼ਾ ਮੁਕਤੀ ਕੇਂਦਰ ਵਿੱਚ ਦਾਖਲ ਕਰਵਾਇਆ ਗਿਆ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡੀਐਸਪੀ (ਐਚ) ਹਰਤੇਸ਼ ਕੌਸ਼ਿਕ, ਡੀਐਸਪੀ ਬੱਸੀ ਪਠਾਣਾਂ ਰਾਜ ਕੁਮਾਰ, ਡੀਐਸਪੀ ਫਤਹਿਗੜ੍ਹ ਸਾਹਿਬ ਸੁਖਨਾਜ਼ ਸਿੰਘ, ਪੁਲਿਸ ਥਾਣਾ ਬਡਾਲੀ ਆਲਾ ਸਿੰਘ ਦੇ ਇੰਚਾਰਜ ਸੁਧੀਰ ਮਲਿਕ, ਜ਼ਿਲ੍ਹਾ ਟ੍ਰੈਫਿਕ ਇੰਚਾਰਜ ਇੰਦਰਪ੍ਰੀਤ ਸਿੰਘ ਬਡੂੰਗਰ, ਪੁਲਿਸ ਥਾਣਾ ਮੂਲੇਪੁਰ ਦੇ ਇੰਚਾਰਜ ਰਾਜਵੰਤ ਸਿੰਘ, ਥਾਣਾ ਫਤਿਹਗੜ੍ਹ ਸਾਹਿਬ ਦੇ ਇੰਚਾਰਜ ਇੰਦਰਜੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਪੁਲਿਸ ਫੋਰਸ ਤੈਨਾਤ ਸੀ।

# ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਨੇ ਬੱਚਿਆਂ ਦੇ ਧਾਰਮਿਕ ਮੁਕਾਬਲੇ ਕਰਵਾਏ



ਫ਼ਿਰੋਜ਼ਪੁਰ, 27 ਅਪ੍ਰੈਲ (ਤਿਵਾੜੀ): ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਫ਼ਿਰੋਜ਼ਪੁਰ ਛਾਉਣੀ ਵੱਲੋਂ ਹਰੇਕ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਲਾਨਾ ਸਮਾਗਮ ਕਰਵਾਇਆ ਜਾ ਰਿਹਾ ਹੈ, ਜਿਸ ਤਹਿਤ ਬੱਚਿਆਂ ਦੇ ਧਾਰਮਿਕ ਮੁਕਾਬਲੇ ਕਰਵਾਏ ਗਏ। ਸੁਸਾਇਟੀ ਵੱਲੋਂ ਖਾਲਸਾ ਗੁਰਦੁਆਰਾ ਸਾਹਿਬ ਫ਼ਿਰੋਜ਼ਪੁਰ ਛਾਉਣੀ ਵਿਖੇ ਇਹ ਮੁਕਾਬਲੇ ਕਰਵਾਏ ਗਏ। ਇਸ ਦੌਰਾਨ ਸੁਸਾਇਟੀ ਦੇ ਪ੍ਰਧਾਨ ਸ੍ਰ: ਬਲਜੀਤ ਸਿੰਘ ਨੇ ਦੱਸਿਆ ਕਿ ਸ਼੍ਰੀ ਸੁਖਮਨੀ ਸਾਹਿਬ ਸੁਸਾਇਟੀ ਵਲੋਂ ਅੱਜ ਬੱਚਿਆਂ ਦੇ ਧਾਰਮਿਕ ਮੁਕਾਬਲਿਆਂ ਵਿੱਚ ਜਪੁਜੀ ਸਾਹਿਬ ਕੰਠ, ਕਵਿਤਾ ਉਚਾਰਣ, ਭਾਸ਼ਣ, ਸ਼ਬਦ ਕੀਰਤਨ ਅਤੇ ਦਸਤਾਰਬੰਦੀ ਦੇ ਮੁਕਾਬਲੇ ਕਰਵਾਏ ਗਏ ਹਨ, ਜਿਸ ਦਾ ਸਕੂਲਾਂ ਅਤੇ ਬੱਚਿਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ । ਸੁਸਾਇਟੀ ਦੇ ਜਨਰਲ ਸਕੱਤਰ ਸ੍ਰ: ਹਰਵਿੰਦਰਜੀਤ ਸਿੰਘ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਵੱਖ-ਵੱਖ ਸਕੂਲਾਂ ਦੇ 250 ਦੇ ਕਰੀਬ ਬੱਚਿਆਂ ਨੇ ਭਾਗ ਲਿਆ ਅਤੇ ਹਰੇਕ ਭਾਗ ਲੈਣ ਵਾਲੀ ਬੱਚੇ ਨੂੰ ਭਾਗ ਲੈਣ 'ਤੇ ਸਨਮਾਨਿਤ ਕੀਤਾ ਗਿਆ। ਮੁਕਾਬਲਿਆਂ ਸਬੰਧੀ ਦੱਸਦਿਆਂ ਸ. ਤਲਵਿੰਦਰ ਸਿੰਘ ਖਾਲਸਾ ਨੇ ਦੱਸਿਆ ਇਸ ਸਾਲ ਫ਼ਿਰੋਜ਼ਪੁਰ ਦੇ ਸਕੂਲ ਅਕਾਲ ਅਕੈਡਮੀ ਭੜਾਨਾ, ਅਭਿਨੰਦਨ ਮਾਡਲ ਸਕੂਲ, ਫ਼ਿਰੋਜ਼ਪੁਰ, ਆਰ.ਐਸ.ਡੀ. ਰਾਜ ਰਤਨ ਸਕੂਲ, ਫ਼ਿਰੋਜ਼ਪੁਰ, ਐਸ.ਡੀ. ਸਕੂਲ, ਫ਼ਿਰੋਜ਼ਪੁਰ, ਸ. ਭਾਗ ਸਿੰਘ ਮੈਮੋਰੀਅਲ ਸਕੂਲ ਘੱਲਖੁਰਦ, ਸਨਸ਼ਾਈਨ ਮਾਡਲ ਸਕੂਲ, ਫ਼ਿਰੋਜ਼ਪੁਰ ਛਾਉਣੀ, ਸਿੱਖ ਕੰਨਿਆ ਮਹਾਂਵਿਦਿਆਲਿਆ, ਫ਼ਿਰੋਜ਼ਪੁਰ, ਸੇਂਟ ਜੋਸਫ਼ ਕਾਨਵੈਂਟ ਸਕੂਲ, ਫ਼ਿਰੋਜ਼ਪੁਰ, ਸ਼੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਫ਼ਿਰੋਜ਼ਪੁਰ ਛਾਉਣੀ, ਸ਼੍ਰੀ ਗੁਰੂ ਹਰਗੋਬਿੰਦ ਸਿੰਘ ਪਬਲਿਕ ਸਕੂਲ, ਮਿਹਰ ਸਿੰਘ ਵਾਲਾ, ਗੁਰੂ ਨਾਨਕ ਪਬਲਿਕ ਸੀ.ਸੈ.ਸਕੂਲ ਸ਼ਕੂਰ, ਡੀ.ਸੀ.ਮਾਡਲ ਸਕੂਲ, ਫ਼ਿਰੋਜ਼ਪੁਰ ਛਾਉਣੀ, ਦਾਸ ਐਂਡ ਬਰਾਊਨ ਵਰਲਡ ਸਕੂਲ, ਫ਼ਿਰੋਜ਼ਪੁਰ, ਦੂਨ ਜੂਨੀਅਰ ਸਕੂਲ, ਫ਼ਿਰੋਜ਼ਪੁਰ, ਬੀ.ਐਚ.ਐਮ. ਸਕੂਲ ਫ਼ਿਰੋਜ਼ਪੁਰ ਸ਼ਹਿਰ, ਮਨੋਹਰ ਲਾਲ ਮੈਮੋਰੀਅਲ ਸਕੂਲ ਫ਼ਿਰੋਜ਼ਪੁਰ ਛਾਉਣੀ, ਮਾਤਾ ਗੁਜਰੀ ਪਬਲਿਕ ਸਕੂਲ ਭੜਾਨਾ ਦੇ ਸਕੂਲਾਂ ਤੋਂ ਬੱਚਿਆਂ ਨੇ ਬਹੁਤ ਤਿਆਰੀ ਅਤੇ ਉਤਸ਼ਾਹ ਨਾਲ ਭਾਗ ਲਿਆ। ਇਨ੍ਹਾਂ ਮੁਕਾਬਲਿਆਂ ਵਿੱਚ ਮਲਕੀਤ ਸਿੰਘ ਮੀਰਾ ਸ਼ਾਹ ਨੂਰ , ਗੁਰਸਾਹਿਬ ਸਿੰਘ, ਇੰਦਰਜੀਤ ਸਿੰਘ, ਗੁਰਮੀਤ ਸਿੰਘ, ਲਖਵੀਰ ਸਿੰਘ, ਜਸਵਿੰਦਰ ਪਾਲ ਸਿੰਘ ਪੰਨੂ, ਵਰਿੰਦਰਪਾਲ ਸਿੰਘ, ਸਰਬਜੀਤ ਸਿੰਘ ਭਾਵੜਾ ਅਤੇ ਕੰਵਲਜੀਤ ਸਿੰਘ ਨੇ ਬਤੌਰ ਜੱਜ ਨਿਸ਼ਕਾਮ ਸੇਵਾ ਨਿਭਾਈ। ਇਸ ਮੌਕੇ ਪ੍ਰਧਾਨ ਖਾਲਸਾ ਗੁਰਦਵਾਰਾ ਪ੍ਰਬੰਧਕ ਕਮੇਟੀ ਸ. ਸਤਿੰਦਰਜੀਤ ਸਿੰਘ, ਸੰਪੂਰਨ ਸਿੰਘ, ਹਰਚਰਨ ਸਿੰਘ, ਦਲਜੀਤ ਸਿੰਘ, ਸ. ਜਸਵੰਤ ਸਿੰਘ, ਕਸ਼ਮੀਰ ਸਿੰਘ, ਸੁਖਵਿੰਦਰ ਸਿੰਘ, ਸ.ਸ. ਬਿੰਦਰਾ ਆਦਿ ਹਾਜ਼ਰ ਸਨ।

## ਸਿੰਧੂ ਨਦੀ ਦੇ ਪਾਣੀ ਦੀ ਵੱਧ ਤੋਂ ਵੱਧ ਵਰਤੋਂ ਕਰਨ ਦੇ ਤਰੀਕਿਆਂ 'ਤੇ ਵਿਚਾਰ ਕਰਨ ਲਈ ਇੱਕ ਅਧਿਐਨ ਕਰਨ ਦੀ ਯੋਜਨਾ ਬਣਾ ਰਹੀ ਹੈ ਕੇਂਦਰ ਸਰਕਾਰ

ਨਵੀਂ ਦਿੱਲੀ, 27 ਅਪ੍ਰੈਲ (ਚ.ਨ.ਸ.): ਕੇਂਦਰ ਸਰਕਾਰ ਸਿੰਧੂ ਜਲ ਸਮਝੌਤੇ ਤਹਿਤ ਪਾਕਿਸਤਾਨ ਵੱਲੋਂ ਵਰਤੇ ਗਏ ਤਿੰਨ ਦਰਿਆਵਾਂ ਦੇ ਪਾਣੀ ਦੀ ਵੱਧ ਤੋਂ ਵੱਧ ਵਰਤੋਂ ਕਰਨ ਦੇ ਤਰੀਕਿਆਂ 'ਤੇ ਵਿਚਾਰ ਕਰਨ ਲਈ ਇੱਕ ਅਧਿਐਨ ਕਰਨ ਦੀ ਯੋਜਨਾ ਬਣਾ ਰਹੀ ਹੈ। ਇਹ ਪ੍ਰਸਤਾਵ ਬੀਤੇ ਸ਼ੁੱਕਰਵਾਰ ਨੂੰ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਪ੍ਰਧਾਨਗੀ ਹੇਠ ਹੋਈ ਉੱਚ ਪੱਧਰੀ ਬੈਠਕ 'ਚ ਪੇਸ਼ ਕੀਤਾ ਗਿਆ, ਜਿਸ 'ਚ 1960 ਦੀ ਸਿੰਧੂ ਜਲ ਸੰਧੀ 'ਤੇ ਭਵਿੱਖ ਦੀ ਕਾਰਵਾਈ 'ਤੇ ਚਰਚਾ ਕੀਤੀ ਗਈ। ਵਿਸ਼ਵ ਬੈਂਕ ਦੀ ਦਖਲ-ਅੰਦਾਜ਼ੀ ਵਾਲੀ ਸੰਧੀ ਤਹਿਤ ਭਾਰਤ ਨੂੰ ਪੂਰਬੀ ਦਰਿਆਵਾਂ ਸਤਲੁਜ, ਬਿਆਸ ਤੇ ਰਾਵੀ ਦੇ ਪਾਣੀ 'ਤੇ ਵਿਸ਼ੇਸ਼ ਅਧਿਕਾਰ ਦਿੱਤੇ ਗਏ ਸਨ। ਪੱਛਮੀ ਦਰਿਆਵਾਂ ਸਿੰਧੂ, ਜੇਹਲਮ ਤੇ ਚਿਨਾਬ ਦਾ ਪਾਣੀ ਲਗਭਗ 135 ਐੱਮ.ਏ.ਐੱਫ. ਦੇ ਔਸਤ ਸਾਲਾਨਾ ਵਹਾਅ ਨਾਲ ਵੱਡੇ ਪੱਧਰ 'ਤੇ ਪਾਕਿਸਤਾਨ ਨੂੰ ਅਲਾਟ ਕੀਤਾ ਗਿਆ ਸੀ। ਪਰ ਪਿਛਲੇ ਦਿਨੀਂ ਇਸ ਸੰਧੀ ਦੇ ਮੁਲਤਵੀ ਹੋਣ ਨਾਲ ਸਰਕਾਰ ਸਿੰਧੂ, ਜੇਹਲਮ ਤੇ ਚਿਨਾਬ ਦੇ ਪਾਣੀ ਦੀ ਵਰਤੋਂ ਕਰਨ ਦੇ ਤਰੀਕਿਆਂ 'ਤੇ ਵਿਚਾਰ ਕਰ ਰਹੀ ਹੈ। ਬੀਤੇ ਸ਼ੁੱਕਰਵਾਰ ਦੀ ਉੱਚ ਪੱਧਰੀ ਬੈਠਕ ਤੋਂ ਬਾਅਦ ਜਲ ਸ਼ਕਤੀ ਮੰਤਰੀ ਸੀ.ਆਰ.ਪਾਟਿਲ ਨੇ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਇਹ ਯਕੀਨੀ ਬਣਾਉਣ ਲਈ ਰਣਨੀਤੀ 'ਤੇ ਕੰਮ ਕਰ ਰਹੀ ਹੈ ਕਿ ਪਾਣੀ ਦੀ ਇੱਕ ਬੂੰਦ ਵੀ ਪਾਕਿਸਤਾਨ ਵਿੱਚ ਨਾ ਜਾਵੇ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਕਈ ਹੁਕਮ ਜਾਰੀ ਕੀਤੇ ਹਨ ਤੇ ਉਨ੍ਹਾਂ 'ਤੇ ਅਮਲ ਕਰਨ ਲਈ ਇਹ ਬੈਠਕ ਕੀਤੀ ਗਈ ਸੀ।

## ਪੋਪ ਦੇ ਅੰਤਿਮ ਸਸਕਾਰ ਤੋਂ ਪਹਿਲਾਂ ਟਰੰਪ ਨੇ ਜ਼ੈਲੇਂਸਕੀ ਨਾਲ ਕੀਤੀ ਸੰਖੇਪ ਮੁਲਾਕਾਤ



ਰੋਮ, 27 ਅਪ੍ਰੈਲ (ਚ.ਨ.ਸ.): ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪੋਪ ਫ਼ਰਾਂਸਿਸ ਦੇ ਅੰਤਿਮ ਸਸਕਾਰ ਤੋਂ ਪਹਿਲਾਂ ਬੀਤੇ ਦਿਨ ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੇਂਸਕੀ ਨਾਲ ਸੰਖੇਪ ਮੁਲਾਕਾਤ ਕੀਤੀ। ਵ੍ਹਾਈਟ ਹਾਊਸ ਤੇ ਜ਼ੈਲੇਂਸਕੀ ਦੇ ਦਫ਼ਤਰ ਦੋਵਾਂ ਨੇ ਇਸ ਦੀ ਪੁਸ਼ਟੀ ਕੀਤੀ ਹੈ। ਵ੍ਹਾਈਟ ਹਾਊਸ ਦੇ ਸੰਚਾਰ ਨਿਰਦੇਸ਼ਕ ਸਟੀਵਨ ਚਿਊਂਗ ਨੇ ਕਿਹਾ ਕਿ ਦੋਵਾਂ ਦੇਸ਼ਾਂ ਦੇ ਰਾਸ਼ਟਰਪਤੀਆਂ ਨੇ "ਅੱਜ ਨਿੱਜੀ ਤੌਰ 'ਤੇ ਮੁਲਾਕਾਤ ਕੀਤੀ ਤੇ ਬਹੁਤ ਹੀ ਲਾਭਕਾਰੀ ਚਰਚਾ ਕੀਤੀ।" ਟਰੰਪ ਆਪਣੀ ਪਤਨੀ ਮੇਲਾਨੀਆ ਟਰੰਪ ਨਾਲ ਵੈਟੀਕਨ ਪਹੁੰਚੇ ਤੇ ਉਨ੍ਹਾਂ ਨੂੰ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਤੋਂ ਥੋੜੀ ਦੂਰੀ 'ਤੇ ਪਹਿਲੀ ਕਤਾਰ ਵਿੱਚ ਬੈਠੇ ਦੇਖਿਆ ਗਿਆ। ਅਮਰੀਕੀ ਰਾਸ਼ਟਰਪਤੀ ਟਰੰਪ ਪੋਪ ਫਰਾਂਸਿਸ ਦੇ ਅੰਤਿਮ ਸਸਕਾਰ ਵਿੱਚ ਸ਼ਾਮਲ ਹੋਣ ਲਈ ਰੋਮ ਪਹੁੰਚੇ ਸਨ।

## 700 ਯਾਤਰੀਆਂ ਨੂੰ ਜੂਨ ਤੋਂ ਮਾਨਸਰੋਵਰ ਜਾਣ ਦੀ ਇਜਾਜ਼ਤ ਮਿਲੇਗੀ

ਨਵੀਂ ਦਿੱਲੀ, 27 ਅਪ੍ਰੈਲ (ਚ.ਨ.ਸ.): ਭਾਰਤੀ ਵਿਦੇਸ਼ ਮੰਤਰਾਲੇ ਨੇ ਇਸ ਸਾਲ ਤੋਂ ਮਾਨਸਰੋਵਰ ਯਾਤਰਾ ਦੀ ਸ਼ੁਰੂਆਤ ਕੀਤੇ ਜਾਣ ਦਾ ਐਲਾਨ ਕੀਤਾ ਹੈ। ਵੈਸੇ ਇਸ ਲਈ ਸਹਿਮਤੀ ਪਹਿਲਾਂ ਹੀ ਬਣ ਗਈ ਸੀ ਪਰ ਇਸ ਦੀ ਵਿਵਸਥਾ ਨੂੰ ਲੈ ਕੇ ਦੋਵਾਂ ਦੇਸ਼ਾਂ ਵਿਚਾਲੇ ਗੱਲਬਾਤ ਤਾਂ ਚੱਲ ਰਹੀ ਸੀ। ਵਿਦੇਸ਼ ਮੰਤਰਾਲੇ ਨੇ ਦੱਸਿਆ ਹੈ ਕਿ ਜੂਨ ਤੋਂ ਅਗਸਤ ਦੌਰਾਨ ਯਾਤਰਾ ਹੋਵੇਗੀ। ਇਸ ਸਾਲ 700 ਯਾਤਰੀਆਂ ਨੂੰ ਹਿੰਦੂਆਂ ਦੇ ਇਸ ਪਾਵਨ ਤੀਰਥ ਦੀ ਯਾਤਰਾ ਮਿਲੇਗਾ। ਕੁੱਲ 15 ਜੱਥੇ ਭੇਜੇ ਜਾਣਗੇ। ਪਹਿਲੇ 50-50 ਯਾਤਰੀਆਂ ਦੇ ਪੰਜ ਜੱਥੇ ਤੇ ਉਸ ਤੋਂ ਬਾਅਦ 50-50 ਯਾਤਰੀਆਂ ਦੇ 10 ਜੱਥਿਆਂ ਨੂੰ ਮਾਨਸਰੋਵਰ ਜਾਣ ਦੀ ਇਜਾਜ਼ਤ ਮਿਲੇਗੀ। ਦੋਵੇਂ ਜੱਥੇ ਵੱਖ-ਵੱਖ ਰੂਟਾਂ ਤੋਂ ਜਾਣਗੇ। ਤੀਰਥ ਯਾਤਰੀਆਂ ਲਈ ਉੱਤਰਾਖੰਡ ਦੇ ਲਿਪੁਲੇਖ ਦਰੇ ਤੋਂ ਦੂਜਾ ਸਿੱਕਮ ਸੂਬੇ ਦੇ ਨਾਥੂ ਲਾ ਪਾਸ ਤੋਂ ਹੋ ਕੇ ਜਾਣ ਵਾਲਾ ਰੂਟ ਖੋਲ੍ਹਿਆ ਗਿਆ ਹੈ। ਉਕਤ ਦੋਵੇਂ ਰੂਟ ਹੀ ਆਮ ਤੌਰ 'ਤੇ ਮਾਨਸਰੋਵਰ ਯਾਤਰਾ ਲਈ ਇਸਤੇਮਾਲ ਕੀਤੇ ਜਾਂਦੇ ਹਨ। ਸਾਲ 2020 ਵਿਚ ਕੋਵਿਡ ਹੋਣ ਤੇ ਉਸ ਸਾਲ ਭਾਰਤ ਤੇ ਚੀਨ ਦੇ ਰਿਸ਼ਤਿਆਂ ਦੇ ਖ਼ਰਾਬ ਹੋਣ ਤੋਂ ਬਾਅਦ ਦੋਵੇਂ ਰੂਟ ਬੰਦ ਸਨ। ਯਾਤਰਾ ਕਰਨ ਦੇ ਇੱਛੁਕ ਲੋਕਾਂ ਨੂੰ ਕੈਲਾਸ਼ਵਾਈ ਡਾਟ ਗੋਵ ਡਾਟ ਇਨ ਵੈੱਬਸਾਈਟ 'ਤੇ ਬਿਨੈ ਕਰਨਾ ਹੋਵੇਗਾ। ਸਰਕਾਰ ਦਾ ਕਹਿਣਾ ਹੈ ਕਿ ਸਾਰੇ ਬਿਨੈਕਾਰਾਂ ਤੋਂ ਇਕ ਪਾਰਦਰਸ਼ੀ ਤੇ ਸਾਫ-ਸੁਥਰੀ ਕੰਪਿਊਟਰ ਲਾਟਰੀ ਸਿਸਟਮ ਨਾਲ ਯਾਤਰਾ ਕਰਨ ਵਾਲਿਆਂ ਦੀ ਚੋਣ ਹੋਵੇਗੀ।

## ਲੰਡਨ 'ਚ 1984 ਦੇ ਤੀਜੇ ਖ਼ੂਨੀ ਘੱਲੂਘਾਰੇ ਦੀ ਯਾਦ ਨੂੰ ਸਮਰਪਿਤ ਰੋਸ ਮੁਜ਼ਾਹਰਾ ਇੱਕ ਜੂਨ ਨੂੰ

ਲੰਡਨ, 27 ਅਪ੍ਰੈਲ (ਚ.ਨ.ਸ.): ਲੰਡਨ ਵਿੱਚ 1984 ਦੇ ਘੱਲੂਘਾਰੇ ਦੀ ਯਾਦ ਨੂੰ ਸਮਰਪਿਤ ਰੋਸ ਮੁਜ਼ਾਹਰਾ ਇੱਕ ਜੂਨ ਨੂੰ ਹੋਵੇਗਾ। ਇਸ ਸਬੰਧੀ ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ.ਕੇ. ਦੇ ਕੋਆਰਡੀਨੇਟਰ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਤੇ ਭਾਈ ਜੋਗਾ ਸਿੰਘ ਨੇ ਆਖਿਆ ਕਿ ਜੂਨ 1984 ਦੌਰਾਨ ਸਿੱਖ ਤਵਾਰੀਖ ਵਿਚ ਵਾਪਰਿਆ ਤੀਸਰਾ ਖ਼ੂਨੀ ਘੱਲੂਘਾਰਾ ਅਜਿਹਾ ਕਹਿਰ ਹੈ ਜਿਸ ਨੂੰ ਸਿੱਖ ਕੌਮ ਕਦੇ ਵੀ ਭੁਲਾ ਨਹੀਂ ਸਕਦੀ। ਇਸ ਘੱਲੂਘਾਰੇ ਨਾਲ ਸਿਰਜੇ ਗਏ ਆਜ਼ਾਦ ਸਿੱਖ ਰਾਜ ਖਾਲਿਸਤਾਨ ਰੂਪੀ ਕੌਮੀ ਨਿਸ਼ਾਨੇ ਦੀ ਪੂਰਤੀ ਵਾਸਤੇ ਸਿੱਖ ਕੌਮ ਯਤਨਸ਼ੀਲ ਰਹੇਗੀ। ਭਾਰਤੀ ਫੌਜ ਨੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਟੈਂਕਾਂ ਤੋਪਾਂ ਨਾਲ ਅੰਤ ਵਹਿਸ਼ੀ ਹਮਲਾ ਕਰਨ ਤੋਂ ਇਲਾਵਾ 40 ਤੋਂ ਵੱਧ ਹੋਰ ਗੁਰਦੁਆਰਿਆਂ 'ਤੇ ਭਾਰਤੀ ਫੌਜ ਨੇ ਦਾਖਲ ਹੋ ਕੇ ਸਿੱਖ ਸੰਗਤਾਂ 'ਤੇ ਜ਼ੁਲਮ ਕੀਤੇ ਸਨ। ਉਨ੍ਹਾਂ ਕਿਹਾ ਕਿ ਘੱਲੂਘਾਰਾ ਜੂਨ 1984 ਦੀ ਯਾਦ ਨੂੰ ਸਮਰਪਿਤ ਰੋਸ ਮੁਜ਼ਾਹਰਾ ਇੱਕ ਜੂਨ 2025 ਐਤਵਾਰ ਵਾਲੇ ਦਿਨ ਸਿੱਖ ਸੰਗਤਾਂ 11 ਵਜੇ ਵੈਲਿੰਗਟਨ ਆਰਚ, ਹਾਈਡ ਪਾਰਕ, ਵਿਖੇ ਸਿੱਖ ਸੰਗਤਾਂ ਇਕੱਤਰ ਹੋਣਗੀਆਂ, ਉਪਰੰਤ ਰੋਸ ਮਾਰਚ 1 ਵਜੇ ਲੰਡਨ ਦੀਆਂ ਸੜਕਾਂ ਤੋਂ ਗੁਜ਼ਰਦਾ ਹੋਇਆ ਟਰਫਾਲਗਰ ਸੁਕੇਅਰ ਪੁੱਜੇਗਾ।

## ਰਾਡ ਨਾਲ ਕੁੱਟ-ਕੁੱਟ ਕੇ ਨੌਜਵਾਨ ਦੀ ਹੱਤਿਆ

☛ਕੰਬਾਈਨ 'ਤੇ ਡਰਾਈਵਰੀ ਦਾ ਕੰਮ ਕਰਦਾ ਸੀ ਗੁਰਪ੍ਰੀਤ

ਫਾਜ਼ਿਲਕਾ, 27 ਅਪ੍ਰੈਲ (ਚ.ਨ.ਸ.): ਅਬੋਹਰ ਦੇ ਪਿੰਡ ਪੰਜਾਵਾ 'ਚ ਬੀਤੇ ਦਿਨੀਂ ਰਾਤ ਇੱਕ ਨੌਜਵਾਨ ਦੀ ਰਾਡ ਨਾਲ ਕੁੱਟ-ਕੁੱਟ ਕੇ ਹੱਤਿਆ ਕਰ ਦਿੱਤੀ ਗਈ। ਉਸ ਦਾ ਚਿਹਰਾ ਵੀ ਬੁਰੀ ਤਰ੍ਹਾਂ ਵਿਗਾੜ ਦਿੱਤਾ ਗਿਆ। ਨੌਜਵਾਨ ਦੀ ਲਾਸ਼ ਪੰਜਾਵਾ ਦੇ ਇੱਕ ਪੈਟਰੋਲ ਪੰਪ ਦੇ ਨੇੜੇ ਪਈ ਮਿਲੀ। ਸੂਚਨਾ ਮਿਲਦੇ ਹੀ ਪਿੰਡ ਵਾਸੀ, ਖੂਈਆਂ ਸਰਵਰ ਥਾਣੇ ਦੇ ਇੰਚਾਰਜ ਪਰਮਜੀਤ ਤੇ ਸੀ.ਆਈ.ਏ. ਸਟਾਫ ਦੇ ਇੰਚਾਰਜ ਸੁਨੀਲ ਕੁਮਾਰ ਤੇ ਡੀ.ਐੱਸ.ਪੀ. ਤੇਜਿੰਦਰਪਾਲ ਸਿੰਘ ਮੌਕੇ 'ਤੇ ਪੁੱਜੇ ਤੇ ਜਾਂਚ ਪੜਤਾਲ ਸ਼ੁਰੂ ਕਰ ਦਿੱਤੀ। ਹੱਤਿਆ ਦੇ ਕਾਰਨ ਬਾਰੇ ਹਾਲੇ ਤੱਕ ਕੁਝ ਪਤਾ ਨਹੀਂ ਚੱਲ ਸਕਿਆ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਥਾਣਾ ਇੰਚਾਰਜ ਪਰਮਜੀਤ ਨੇ ਕਿਹਾ ਕਿ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ, ਜਿਸ ਦੇ ਆਧਾਰ 'ਤੇ ਐੱਫ.ਆਈ.ਆਰ. ਦਰਜ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਹੱਤਿਆ ਦਾ ਕਾਰਨ ਤਾਂ ਮੁਲਜ਼ਮਾਂ ਦੇ ਫੜ੍ਹੇ ਜਾਣ ਤੋਂ ਬਾਅਦ ਹੀ ਪਤਾ ਲੱਗ ਸਕੇਗਾ। ਪਿੰਡ ਵਿੱਚ ਸੋਗ ਦੀ ਲਹਿਰ ਪਾਈ ਜਾ ਰਹੀ ਹੈ। ਖ਼ਦਸ਼ਾ ਜ਼ਾਹਿਰ ਕੀਤਾ ਜਾ ਰਿਹਾ ਹੈ ਕਿ ਮ੍ਰਿਤਕ ਦੇ ਆਪਣੇ ਹੀ ਸਾਥੀਆਂ ਨਾਲ ਕਿਸੇ ਗੱਲ ਨੂੰ ਲੈ ਕੇ ਝਗੜਾ ਹੋਇਆ ਹੋਵੇਗਾ, ਜਿਸ ਤੋਂ ਬਾਅਦ ਉਸ ਦੀ ਹੱਤਿਆ ਕਰ ਦਿੱਤੀ ਗਈ। ਮ੍ਰਿਤਕ ਅਣਵਿਆਹਿਆ ਸੀ ਤੇ ਕਣਕ ਦੇ ਸੀਜ਼ਨ ਦੌਰਾਨ ਕੰਬਾਈਨਾਂ ਤੇ ਤੂੜੀ ਮਸ਼ੀਨਾਂ 'ਤੇ ਕੰਮ ਕਰਦਾ ਸੀ। ਪਿੰਡ ਦੇ ਕਿਸਾਨ ਆਗੂ ਗੁਰਵੰਤ ਸਿੰਘ ਪੰਜਾਵਾ ਨੇ ਕਿਹਾ ਕਿ ਗੁਰਪ੍ਰੀਤ ਸਿੰਘ ਡਰਾਈਵਰ ਵਜੋਂ ਕੰਮ ਕਰਦਾ ਸੀ ਤੇ ਕੁਝ ਦਿਨ ਪਹਿਲਾਂ ਉਸ ਨੇ ਆਪਣੇ ਜਾਣਕਾਰਾਂ ਦੇ ਕੰਬਾਈਨ ਵਾਲਿਆਂ ਨੂੰ ਬੁਲਾਇਆ ਸੀ, ਜਿਨ੍ਹਾਂ ਨਾਲ ਉਹ ਵੀ ਕੰਮ ਕਰ ਰਿਹਾ ਸੀ।

## ਡੀ.ਸੀ. ਵੱਲੋਂ ਦਾਣਾ ਮੰਡੀ 'ਚ ਕਣਕ ਦੀ ਖ਼ਰੀਦ ਦਾ ਜਾਇਜ਼ਾ

☛ਕਿਸਾਨਾਂ ਨੂੰ 715.7 ਕਰੋੜ ਰੁਪਏ ਦੀ ਰਾਸ਼ੀ ਦਾ ਕੀਤਾ ਭੁਗਤਾਨ



ਗੁਰਦਾਸਪੁਰ, 27 ਅਪ੍ਰੈਲ (ਜਸਵਿੰਦਰ ਸਿੰਘ): ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਵੱਲੋਂ ਅੱਜ ਦੁਪਹਿਰ ਦਾਣਾ ਮੰਡੀ ਗੁਰਦਾਸਪੁਰ ਦਾ ਦੌਰਾ ਕਰਕੇ ਕਣਕ ਦੀ ਚੱਲ ਰਹੀ ਖਰੀਦ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਉਨ੍ਹਾਂ ਨਾਲ ਐੱਸ.ਡੀ.ਐੱਮ. ਗੁਰਦਾਸਪੁਰ ਮਨਜੀਤ ਸਿੰਘ ਰਾਜਲਾ, ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈ ਕੰਟਰੋਲਰ ਸੁਖਜਿੰਦਰ ਸਿੰਘ ਤੇ ਵੱਖ-ਵੱਖ ਖਰੀਦ ਏਜੰਸੀਆਂ ਦੇ ਅਧਿਕਾਰੀ ਵੀ ਹਾਜ਼ਰ ਸਨ। ਦਾਣਾ ਮੰਡੀ ਦੇ ਦੌਰੇ ਦੌਰਾਨ ਡਿਪਟੀ ਕਮਿਸ਼ਨਰ ਨੇ ਫਸਲ ਵੇਚਣ ਆਏ ਕਿਸਾਨਾਂ ਨਾਲ ਗੱਲਬਾਤ ਕੀਤੀ ਤੇ ਖਰੀਦ ਪ੍ਰਬੰਧਾਂ ਬਾਰੇ ਉਨ੍ਹਾਂ ਦੀ ਫੀਡਬੈਕ ਲਈ। ਇਸ ਤੋਂ ਬਾਅਦ ਉਨ੍ਹਾਂ ਨੇ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਤੇ ਆੜ੍ਹਤੀਆਂ ਨਾਲ ਮੀਟਿੰਗ ਵੀ ਕੀਤੀ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਖਰੀਦੀ ਗਈ ਕਣਕ ਦੀ ਫਸਲ ਦੀ ਬਿਨਾਂ ਕਿਸੇ ਦੇਰੀ ਲਿਫਟਿੰਗ ਕੀਤੀ ਜਾਵੇ ਤੇ ਮੰਡੀਆਂ ਵਿੱਚ ਕਣਕ ਦੀ ਆਮਦ ਜ਼ਿਆਦਾ ਹੋਣ ਕਾਰਨ ਲਿਫਟਿੰਗ ਵਿੱਚ ਵੀ ਤੇਜ਼ੀ ਲਿਆਂਦੀ ਜਾਵੇ। ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਗੁਰਦਾਸਪੁਰ ਦੀਆਂ ਮੰਡੀਆਂ ਵਿੱਚ ਕਣਕ ਦੀ ਖ਼ਰੀਦ ਤੇਜ਼ੀ ਨਾਲ ਜਾਰੀ ਹੈ ਤੇ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 387339 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਸੀ, ਜਿਸ ਵਿੱਚੋਂ 349575 ਮੀਟ੍ਰਿਕ ਟਨ ਕਣਕ ਖ਼ਰੀਦੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਖ਼ਰੀਦ ਏਜੰਸੀ ਪਨਗ੍ਰੇਨ ਨੇ 107417 ਮੀਟ੍ਰਿਕ ਟਨ, ਮਾਰਕਫੈੱਡ ਨੇ 95582 ਮੀਟ੍ਰਿਕ ਟਨ, ਪਨਸਪ ਨੇ 81087 ਮੀਟ੍ਰਿਕ ਟਨ, ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਨੇ 48109 ਮੀਟ੍ਰਿਕ ਟਨ ਤੇ ਐੱਫ.ਸੀ.ਆਈ. ਨੇ 15020 ਮੀਟ੍ਰਿਕ ਟਨ ਕਣਕ ਖ਼ਰੀਦੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕਿਸਾਨਾਂ ਨੂੰ ਖ਼ਰੀਦੀ ਗਈ ਕਣਕ ਦੀ ਅਦਾਇਗੀ ਵੀ ਨਾਲ ਦੀ ਨਾਲ ਕੀਤੀ ਜਾ ਰਹੀ ਹੈ ਤੇ ਬੀਤੀ ਸ਼ਾਮ ਤੱਕ 715.7 ਕਰੋੜ ਰੁਪਏ ਦੀ ਰਾਸ਼ੀ ਦਾ ਭੁਗਤਾਨ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਿਸਾਨਾਂ ਨੂੰ ਮੰਡੀਆਂ ਵਿੱਚ ਕਣਕ ਦੀ ਫਸਲ ਵੇਚਣ ਸਮੇਂ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ।

## ਨਵੀਆਂ ਕਲਮਾਂ ਨਵੀਂ ਉਡਾਣ ਪ੍ਰੋਜੈਕਟ ਇਤਿਹਾਸ ਸਿਰਜ ਰਿਹੈ : ਸੁੱਖੀ ਬਾਠ

☛ਇੱਕ ਰੋਜ਼ਾ ਬਾਲ ਸਾਹਿਤ ਉਤਸਵ ਬਟਾਲਾ ਵਿਖੇ 8 ਮਈ ਨੂੰ ਹੋਵੇਗਾ : ਸਤਿੰਦਰ ਕੌਰ ਕਾਹਲੋਂ



ਕਾਦੀਆਂ, 27 ਅਪ੍ਰੈਲ (ਸਲਾਮ ਤਾਰੀ/ਸਿਕੰਦਰ ਸੰਧੂ): ਸੁੱਖੀ ਬਾਠ ਸੰਸਥਾਪਕ ਪੰਜਾਬ ਭਵਨ ਸਰੀ ਕੈਨੇਡਾ ਵੱਲੋਂ ਸ਼ੁਰੂ ਕੀਤੇ ਪ੍ਰੋਜੈਕਟ ਨਵੀਆਂ ਕਲਮਾਂ ਨਵੀਂ ਉਡਾਣ ਜੋ ਕਿ ਪਿਛਲੇ ਸਮੇਂ ਤੋਂ ਸਫਲਤਾ ਪੂਰਵਕ ਚੱਲ ਰਿਹਾ ਹੈ। ਪ੍ਰੋਜੈਕਟ ਅਧੀਨ ਪੂਰੇ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚੋਂ ਬਾਲ ਲੇਖਕਾਂ ਦੀਆਂ ਕਿਤਾਬਾਂ ਛਪ ਚੁੱਕੀਆਂ ਹਨ। ਪੰਜਾਬ ਦੇ ਨਾਲ-ਨਾਲ ਦੂਸਰੇ ਰਾਜਾਂ ਤੋਂ ਵੀ ਕਿਤਾਬਾਂ ਲਗਾਤਾਰ ਛੱਪ ਰਹੀਆਂ ਹਨ। ਜਿਸ ਦੇ ਤਹਿਤ ਜ਼ਿਲ੍ਹਾ ਗੁਰਦਾਸਪੁਰ ਦੇ ਬਾਲ ਲੇਖਕਾਂ ਦੀਆਂ ਦੋ ਕਿਤਾਬਾਂ ਪਿਛਲੇ ਸਮੇਂ ਦੌਰਾਨ ਲੋਕ ਅਰਪਣ ਹੋ ਚੁੱਕੀਆਂ ਹਨ। ਅੱਗੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰਧਾਨ ਡਾ. ਸਤਿੰਦਰ ਕੌਰ ਕਾਹਲੋਂ ਨੇ ਦੱਸਿਆ ਕਿ ਬਟਾਲਾ ਜ਼ਿਲ੍ਹਾ ਗੁਰਦਾਸਪੁਰ ਵਿਖੇ ਆਉਣ ਵਾਲੀ 8 ਮਈ ਨੂੰ ਇੱਕ ਰੋਜ਼ਾ ਬਾਲ ਸਾਹਿਤ ਉਤਸਵ ਕਰਵਾਇਆ ਜਾ ਰਿਹਾ ਹੈ। ਜਿਸ ਦੀਆਂ ਤਿਆਰੀਆਂ ਉਥੋਂ ਦੀ ਪ੍ਰਬੰਧਕੀ ਟੀਮ ਗਗਨਦੀਪ ਸਿੰਘ, ਰਣਜੀਤ ਕੌਰ ਬਾਜਵਾ, ਕਮਲਜੀਤ ਕੌਰ, ਨਵਜੋਤ ਕੌਰ ਬਾਜਵਾ ਤੇ ਸੁਖਵਿੰਦਰ ਕੌਰ ਦੇ ਸਾਥ ਸਦਕਾ ਮੁਕੰਮਲ ਹੋ ਚੁੱਕੀਆਂ ਹਨ। ਇਸ ਪ੍ਰੋਗਰਾਮ ਵਿੱਚ ਚਾਰ ਜ਼ਿਲ੍ਹਿਆਂ ਦੇ ਵਿਦਿਆਰਥੀ ਭਾਗ ਲੈਣਗੇ। ਇਸ ਵਿੱਚ 5 ਪੁਸਤਕਾਂ ਲੋਕ ਅਰਪਣ ਕੀਤੀਆਂ ਜਾਣਗੀਆਂ। ਇਸ ਤੋਂ ਇਲਾਵਾ ਵੱਖ-ਵੱਖ ਸਕੂਲਾਂ ਦੇ ਬਾਲ ਕਲਾਕਾਰ ਲੋਕ ਵੰਨਗੀਆਂ ਪੇਸ਼ ਕਰਨਗੇ। ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਐੱਮ.ਐੱਲ.ਏ.ਹਲਕਾ ਬਟਾਲਾ ਹੋਣਗੇ। ਸੁੱਖੀ ਬਾਠ ਸੰਸਥਾਪਕ ਪੰਜਾਬ ਭਵਨ ਸਰੀ ਕੈਨੇਡਾ ਇਸ ਉਤਸਵ ਦੀ ਪ੍ਰਧਾਨਗੀ ਕਰਨਗੇ। ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਰਾਜੇਸ਼ ਸ਼ਰਮਾ, ਜ਼ਿਲ੍ਹਾ ਸਿੱਖਿਆ ਅਫ਼ਸਰ (ਪ੍ਰਾਇਮਰੀ) ਪਰਮਜੀਤ, ਉੱਪ-ਜ਼ਿਲ੍ਹਾ ਸਿੱਖਿਆ ਅਫ਼ਸਰ (ਪ੍ਰਾਇਮਰੀ), ਡਾ. ਅਨਿਲ ਸ਼ਰਮਾ, ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਜਸਵਿੰਦਰ ਸਿੰਘ, ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਲਖਵਿੰਦਰ ਸਿੰਘ ਸੇਖੋਂ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕਰਨਗੇ। ਇਸ ਤੋਂ ਇਲਾਵਾ ਸ਼ਹਿਰ ਦੀਆਂ ਸਾਹਿਤ ਤੇ ਸਿੱਖਿਆ ਨਾਲ ਸਬੰਧਤ ਸ਼ਖਸੀਅਤਾਂ ਬੱਚਿਆਂ ਦੀ ਹੌਸਲਾ ਅਫਜ਼ਾਈ ਲਈ ਪਹੁੰਚ ਰਹੀਆਂ ਹਨ।

## ਪਾਕਿਸਤਾਨੀ ਹਵਾਈ ਖੇਤਰ ਬੰਦ ਹੋਣ ਕਰਕੇ ਵਿਦੇਸ਼ੀ ਉਡਾਣਾਂ 'ਚ ਕੋਈ ਕਮੀ ਨਹੀਂ

☛ਯਾਤਰਾ ਦਾ ਸਮਾਂ 2 ਤੋਂ 4 ਘੰਟੇ ਵਧਿਆ

ਜਲੰਧਰ, 27 ਅਪ੍ਰੈਲ (ਚ.ਨ.ਸ): ਪਹਿਲਗਾਮ ਹਮਲੇ ਤੋਂ ਬਾਅਦ ਪਾਕਿਸਤਾਨ ਨੇ ਵੀ 24 ਅਪ੍ਰੈਲ ਤੋਂ 24 ਮਈ ਤੱਕ ਭਾਰਤ ਲਈ ਆਪਣਾ ਹਵਾਈ ਖੇਤਰ ਬੰਦ ਕਰ ਦਿੱਤਾ ਹੈ, ਹਾਲਾਂਕਿ ਇਸ ਨਾਲ ਭਾਰਤ ਤੋਂ ਵਿਦੇਸ਼ੀ ਉਡਾਣਾਂ ਦਾ ਆਵਾਜਾਈ ਘੱਟ ਨਹੀਂ ਹੋਈ ਹੈ। ਏਅਰਲਾਈਨ ਉਦਯੋਗ ਦੇ ਮਾਹਿਰਾਂ ਦਾ ਮੰਨਣਾ ਹੈ ਕਿ ਇਨ੍ਹਾਂ ਪਾਬੰਦੀਆਂ ਨਾਲ ਉਡਾਣ ਯਾਤਰਾ ਦਾ ਸਮਾਂ ਵਧੇਗਾ ਤੇ ਤੇਲ ਮਹਿੰਗਾ ਹੋ ਜਾਵੇਗਾ। ਹਾਲਾਂਕਿ ਟਿਕਟਾਂ ਮਹਿੰਗੀਆਂ ਹੋਣ ਬਾਰੇ ਅਜੇ ਕੋਈ ਜਾਣਕਾਰੀ ਨਹੀਂ ਹੈ। ਇਸ ਦਾ ਪ੍ਰਭਾਵ ਮੱਧ ਏਸ਼ੀਆ, ਯੂਰਪ, ਯੂ.ਕੇ. ਤੇ ਉੱਤਰੀ ਅਮਰੀਕਾ ਦੀਆਂ ਉਡਾਣਾਂ 'ਤੇ ਵਧੇਰੇ ਦੇਖਿਆ ਜਾਵੇਗਾ। ਏਅਰ ਇੰਡੀਆ ਤੇ ਇੰਡੀਗੋ ਵਰਗੀਆਂ ਕਈ ਭਾਰਤੀ ਏਅਰਲਾਈਨਾਂ ਪਹਿਲਾਂ ਹੀ ਆਪਣੇ ਰੂਟ ਬਦਲ ਚੁੱਕੀਆਂ ਹਨ। ਹੁਣ ਉਹ ਉਡਾਣ ਜਾਣਗੀਆਂ। ਏਅਰ ਇੰਡੀਆ ਨੇ ਵੀ ਇਸ 'ਤੇ ਖੇਦ ਪ੍ਰਗਟ ਕੀਤਾ ਹੈ। ਮਾਰਕੀਟ ਸ਼ੇਅਰ ਅਨੁਸਾਰ ਭਾਰਤ ਦੀ ਸਭ ਤੋਂ ਵੱਡੀ ਏਅਰਲਾਈਨ ਇੰਡੀਗੋ ਨੇ ਐਕਸ 'ਤੇ ਇਹ ਵੀ ਦੱਸਿਆ ਕਿ ਉਨ੍ਹਾਂ ਦੀਆਂ ਕੁੱਝ ਅੰਤਰਰਾਸ਼ਟਰੀ ਉਡਾਣਾਂ ਇਸ ਫੈਸਲੇ ਨਾਲ ਪ੍ਰਭਾਵਿਤ ਹੋ ਰਹੀਆਂ ਹਨ। ਉਨ੍ਹਾਂ ਨੇ ਯਾਤਰੀਆਂ ਨੂੰ ਸਲਾਹ ਦਿੱਤੀ ਹੈ ਕਿ ਉਹ ਲਗਾਤਾਰ ਉਡਾਣ ਸਥਿਤੀ ਤੇ ਰਿਫੰਡ ਸਥਿਤੀ ਦੀ ਜਾਂਚ ਕਰਦੇ ਰਹਿਣ।

## ਜ਼ਿਲ੍ਹੇ 'ਚ ਕਣਕ ਦੀ ਆਮਦ 2 ਲੱਖ ਮੀਟ੍ਰਿਕ ਟਨ ਦੇ ਨੇੜੇ ਪਹੁੰਚੀ

☛ਕਿਸਾਨਾਂ ਨੂੰ ਖ਼ਰੀਦੀ ਫ਼ਸਲ ਦੀ 450.38 ਕਰੋੜ ਰੁਪਏ ਦੀ ਕੀਤੀ ਅਦਾਇਗੀ



ਨਵਾਂਸ਼ਹਿਰ, 27 ਅਪ੍ਰੈਲ (ਸੁਖਦੇਵ ਸਿੰਘ ਉੜਾਪੜ): ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀਆਂ ਮੰਡੀਆਂ ਵਿਚ ਕਣਕ ਦੀ ਆਮਦ 2 ਲੱਖ ਮੀਟ੍ਰਿਕ ਟਨ ਦੇ ਨੇੜੇ ਪਹੁੰਚ ਗਈ ਹੈ, ਜਿਸ ਦੀ ਨਾਲੋ-ਨਾਲ ਖ਼ਰੀਦ ਕਰ ਲਈ ਗਈ ਹੈ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਦੱਸਿਆ ਕਿ ਅੱਜ ਜ਼ਿਲ੍ਹੇ ਦੀਆਂ ਅਨਾਜ ਮੰਡੀਆਂ ਵਿਚ 18208 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੀਆਂ ਅਨਾਜ ਮੰਡੀਆਂ ਵਿਚ ਹੁਣ ਤੱਕ ਆਈ ਸਾਰੀ 196776 ਮੀਟ੍ਰਿਕ ਟਨ ਕਣਕ ਦੀ ਖ਼ਰੀਦ ਕੀਤੀ ਜਾ ਚੁੱਕੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹੁਣ ਤੱਕ ਪਨਗ੍ਰੇਨ ਵੱਲੋਂ 47191 ਮੀਟ੍ਰਿਕ ਟਨ, ਮਾਰਕਫੈੱਡ ਵੱਲੋਂ 49775 ਮੀਟ੍ਰਿਕ ਟਨ, ਪਨਸਪ ਵੱਲੋਂ 49473 ਮੀਟ੍ਰਿਕ ਟਨ, ਪੰਜਾਬ ਸਟੇਟ ਵੇਅਰਹਾਊਸ ਕਾਰਪੋਰੇਸ਼ਨ ਵੱਲੋਂ 30391 ਮੀਟ੍ਰਿਕ ਟਨ, ਐੱਫ.ਸੀ.ਆਈ. ਵੱਲੋਂ 15259 ਮੀਟ੍ਰਿਕ ਟਨ ਤੇ ਵਪਾਰੀਆਂ ਵੱਲੋਂ 4687 ਮੀਟ੍ਰਿਕ ਟਨ ਕਣਕ ਦੀ ਖ਼ਰੀਦ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਖ਼ਰੀਦੀ ਫ਼ਸਲ ਦੀ 450.38 ਕਰੋੜ ਰੁਪਏ ਦੀ ਅਦਾਇਗੀ ਕੀਤੀ ਗਈ ਹੈ। ਡੀ.ਸੀ. ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਣਕ ਦੇ ਖ਼ਰੀਦ ਸੀਜ਼ਨ ਨੂੰ ਸੁਚਾਰੂ ਤੇ ਨਿਰਵਿਘਨ ਢੰਗ ਨਾਲ ਨੇਪਰੇ ਚਾੜ੍ਹਨ ਨੂੰ ਯਕੀਨੀ ਬਣਾਉਣ ਲਈ ਸਾਰੀਆਂ ਮੰਡੀਆਂ ਵਿਚ ਪੁਖ਼ਤਾ ਇੰਤਜ਼ਾਮ ਕੀਤੇ ਗਏ ਹਨ। ਉਨ੍ਹਾਂ ਇਹ ਵੀ ਕਿਹਾ ਕਿ ਅਧਿਕਾਰੀਆਂ ਨੂੰ ਕਿਸਾਨਾਂ ਦੀ ਸਹੂਲਤ ਲਈ ਪੀਣ ਵਾਲੇ ਪਾਣੀ, ਸਾਫ-ਸਫਾਈ, ਬੈਠਣ, ਛਾਂ ਤੇ ਬਾਥਰੂਮਾਂ ਸਮੇਤ ਹੋਰ ਪੁਖ਼ਤਾ ਪ੍ਰਬੰਧ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਸੁਚਾਰੂ ਤੇ ਨਿਰਵਿਘਨ ਖ਼ਰੀਦ ਲਈ ਸੁੱਕੀ ਕਣਕ ਹੀ ਮੰਡੀਆਂ ਵਿੱਚ ਲੈ ਕੇ ਆਉਣ ਤੇ ਕਣਕ ਦੇ ਨਾੜ ਤੇ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ।

## ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਜੇ.ਪੀ.ਐੱਮ.ਓ. ਤਹਿਸੀਲ ਬਟਾਲਾ ਦੀ ਮੀਟਿੰਗ

☛ਮਜ਼ਦੂਰ ਦਿਵਸ ਦੀ ਰੈਲੀ 'ਚ ਵੱਡੀ ਗਿਣਤੀ ਸ਼ਮੂਲੀਅਤ ਕਰਨ ਦਾ ਫੈਸਲਾ



ਬਟਾਲਾ, 27 ਅਪ੍ਰੈਲ (ਧੰਨਪਾਲ ਕਲਸੀ/ਬਲਵਿੰਦਰ ਸਿੰਘ ਪੰਜਗਰਾਈਂ): ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ (ਜੇ.ਪੀ.ਐੱਮ.ਓ.) ਤਹਿਸੀਲ ਬਟਾਲਾ ਦੀ ਮੀਟਿੰਗ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਸਾਂਝੇ ਤੌਰ 'ਤੇ ਮਨਾਉਣ ਸਬੰਧੀ ਸਾਥੀ ਸੁਰਜੀਤ ਸਿੰਘ ਘੁਮਾਣ ਦੀ ਪ੍ਰਧਾਨਗੀ ਹੇਠ ਦਫ਼ਤਰ ਲੀਕ ਵਾਲਾ ਤਲਾਬ ਵਿਖੇ ਹੋਈ। ਮੀਟਿੰਗ ਵਿੱਚ ਪੰਜਾਬ ਨਿਰਮਾਣ ਮਜ਼ਦੂਰ ਯੂਨੀਅਨ, ਦਿਹਾਤੀ ਮਜ਼ਦੂਰ ਸਭਾ, ਜਮਹੂਰੀ ਕਿਸਾਨ ਸਭਾ ਪੰਜਾਬ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈੱਡਰੇਸ਼ਨ ਦੇ ਆਗੂ ਸ਼ਾਮਲ ਹੋਏ। ਮੀਟਿੰਗ ਸ਼ੁਰੂ ਕਰਨ ਤੋਂ ਇੱਕ ਸੋਗ ਮਤਾ ਰਾਹੀਂ ਪਹਿਲਗਾਮ ਅੱਤਵਾਦੀ ਹਮਲੇ ਵਿਚ ਸ਼ਹੀਦ ਹੋਏ ਲੋਕਾਂ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ ਗਈ ਤੇ ਪਹਿਲਗਾਮ ਹਮਲੇ ਦੀ ਜ਼ੋਰਦਾਰ ਸ਼ਬਦਾਂ ਵਿਚ ਨਿੰਦਾ ਕੀਤੀ ਗਈ ਤੇ ਉਕਤ ਹਮਲੇ ਦੇ ਦੋਸ਼ੀਆਂ ਅੱਤਵਾਦੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜੇ.ਪੀ.ਐੱਮ.ਓ. ਦੇ ਸੂਬਾਈ ਆਗੂ ਸਾਥੀ ਰਘਬੀਰ ਸਿੰਘ ਪਕੀਵਾਂ, ਤਹਿਸੀਲ ਸਕੱਤਰ ਸਾਥੀ ਸ਼ਮਸ਼ੇਰ ਸਿੰਘ ਨਵਾਂ ਪਿੰਡ ਨੇ ਕਿਹਾ ਕਿ ਪਹਿਲੀ ਮਈ ਨੂੰ ਮਜ਼ਦੂਰ ਦਿਵਸ ਸ਼ਹੀਦ ਭਾਈ ਸੁੱਖਾ ਸਿੰਘ ਭਾਈ ਮਹਿਤਾਬ ਪਾਰਕ ਵਿਖੇ ਟਰੇਡ ਯੂਨੀਅਨਾਂ ਤੇ ਮੁਲਾਜ਼ਮ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਮਨਾਇਆ ਜਾਵੇਗਾ। ਕੇਂਦਰ ਤੇ ਪੰਜਾਬ ਸਰਕਾਰ ਦੀਆਂ ਲੋਕ ਵਿਰੋਧੀ ਤੇ ਫ਼ਿਰਕੂ ਫਾਸ਼ੀ ਨੀਤੀਆਂ ਦਾ ਡੱਟਵਾਂ ਵਿਰੋਧ ਕੀਤਾ ਜਾਵੇਗਾ। ਮੀਟਿੰਗ ਦੇ ਫ਼ੈਸਲੇ ਜਾਰੀ ਕਰਦਿਆਂ ਜੇ.ਪੀ.ਐੱਮ.ਓ. ਦੇ ਵਿੱਤ ਸਕੱਤਰ ਸਾਥੀ ਗੁਰਪ੍ਰੀਤ ਸਿੰਘ ਰੰਗੀਲਪੁਰ ਨੇ ਦੱਸਿਆ ਕਿ ਮਜ਼ਦੂਰ ਦਿਵਸ ਦੀ ਰੈਲੀ ਵਿੱਚ ਜੇ.ਪੀ.ਐੱਮ.ਓ. ਵਿੱਚ ਸ਼ਾਮਲ ਜਥੇਬੰਦੀ ਤੋਂ ਵੱਡੀ ਗਿਣਤੀ ਵਿੱਚ ਕਿਰਤੀ ਕਾਮੇ ਸ਼ਮੂਲੀਅਤ ਕਰਨਗੇ। ਇਸ ਮੌਕੇ ਸਾਥੀ ਸੰਤੋਖ ਸਿੰਘ ਔਲਖ, ਖੁਸ਼ਵੰਤ ਸਿੰਘ ਮਾੜੀ ਬੁੱਚੀਆਂ, ਜਗੀਰ ਸਿੰਘ ਕਿਲ੍ਹਾ ਲਾਲ ਸਿੰਘ, ਮਨੀਰ ਮਸੀਹ ਸਤਕੋਹਾ, ਜਸਵਿੰਦਰ ਸਿੰਘ ਛਿੱਤ, ਹਰਜਿੰਦਰ ਸਿੰਘ ਘੁਮਾਣ, ਜਥੇਦਾਰ ਮਹਿੰਦਰ ਸਿੰਘ ਦਕੋਹਾ, ਅਵਤਾਰ ਸਿੰਘ ਮੁਰਗੀ ਮੁਹੱਲਾ, ਗੁਰਨਾਮ ਸਿੰਘ ਬਾਉਲੀ ਇੰਦਰਜੀਤ, ਰਮੇਸ਼ ਤਲਤੋਰਾ, ਨਿਸ਼ਾਨ ਸਿੰਘ ਜੋੜਾਂ ਸਿੰਘਾਂ ਆਦਿ ਆਗੂ ਹਾਜ਼ਰ ਸਨ।

## ਅੱਤਵਾਦੀ ਹਮਲੇ ਦਾ ਮੂੰਹ-ਤੋੜ ਜਵਾਬ ਦੇਣਾ ਬਹੁਤ ਜ਼ਰੂਰੀ : ਹਰਜੋਤ ਸਿੰਘ



ਫਤਹਿਗੜ੍ਹ ਚੂੜੀਆਂ, 27 ਅਪ੍ਰੈਲ (ਰਾਜਨ ਸ਼ਰਮਾ): ਸ੍ਰੀਨਗਰ ਦੇ ਪਹਿਲਗਾਮ ਵਿਚ ਹੋਏ ਅੱਤਵਾਦੀ ਹਮਲੇ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਫਤਹਿਗੜ੍ਹ ਚੂੜੀਆਂ ਦੇ ਵਸਨੀਕ ਗੁਰਦਾਸਪੁਰ ਟਰੇਡ ਵਿੰਗ ਦੇ ਪ੍ਰਧਾਨ ਤੇ ਸੀਨੀਅਰ ਆਗੂ ਹਰਜੋਤ ਸਿੰਘ ਸੰਧੂ ਨੇ ਕਿਹਾ ਕਿ ਇਹ ਹਮਲਾ ਬਹੁਤ ਹੀ ਕਾਇਰਤਾ ਪੂਰਨ ਹੈ। ਅੱਤਵਾਦੀਆਂ ਨੇ ਮਾਸੂਮ ਤੇ ਬੇਦੋਸ਼ੇ ਲੋਕਾਂ ਦੀ ਜਿਸ ਬੇਰਹਿਮੀ ਨਾਲ ਹੱਤਿਆ ਕੀਤੀ ਹੈ, ਉਸ ਦੀ ਪੰਜਾਬ ਸਰਕਾਰ ਤੇ ਆਮ ਆਦਮੀ ਪਾਰਟੀ ਨਿੰਦਾ ਕਰਦੀ ਹੈ। ਗੱਲਬਾਤ ਦੌਰਾਨ ਹਰਜੋਤ ਸਿੰਘ ਸੰਧੂ ਨੇ ਕਿਹਾ ਕਿ ਪਾਕਿਸਤਾਨ ਤੇ ਅੱਤਵਾਦੀਆਂ ਦੇ ਲਈ ਮੂੰਹ-ਤੋੜ ਜਵਾਬ ਦੇਣਾ ਬਹੁਤ ਹੀ ਜ਼ਰੂਰੀ ਹੈ ਤਾਂ ਜੋ ਪਾਕਿਸਤਾਨ ਤੇ ਅੱਤਵਾਦ ਇਹੋ ਜਿਹੀ ਘਨੌਣੀ ਹਰਕਤ ਦੋਬਾਰਾ ਨਾ ਕਰੇ। ਹਰਜੋਤ ਸਿੰਘ ਸੰਧੂ ਨੇ ਕਿਹਾ ਕਿ ਜੰਮੂ ਕਸ਼ਮੀਰ ਦੀ ਸਰਕਾਰ ਬੇਦੋਸ਼ੇ ਲੋਕਾਂ ਦੀ ਹੱਤਿਆ ਕਰਨ ਵਾਲੇ ਅੱਤਵਾਦੀਆਂ ਵਿਰੁੱਧ ਸਖਤ ਕਾਰਵਾਈ ਕਰੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਤੇ ਆਮ ਆਦਮੀ ਪਾਰਟੀ ਦੀ ਹਮਲੇ ਵਿਚ ਮਾਰੇ ਗਏ ਪੀੜਤ ਪਰਿਵਾਰਾਂ ਨਾਲ ਪੂਰੀ ਹਮਦਰਦੀ ਹੈ। ਸੰਧੂ ਨੇ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕੀਤੀ ਕਿ ਹਮਲੇ ਦਾ ਸ਼ਿਕਾਰ ਹੋਈਆਂ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।

## ਸੈਲਾਨੀਆਂ 'ਤੇ ਹਮਲਾ ਕਰਕੇ ਅੱਤਵਾਦੀਆਂ ਨੇ ਆਪਣੀ ਕਾਇਰਤਾ ਦਾ ਸਬੂਤ ਦਿੱਤਾ : ਹਰਜਿੰਦਰ ਪਾਲ



ਧਾਰੀਵਾਲ, 27 ਅਪ੍ਰੈਲ (ਅਸ਼ੋਕ ਕੁਮਾਰ): ਕਸ਼ਮੀਰ ਦੇ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਦੀ ਸਖ਼ਤ ਨਿੰਦਾ ਕਰਦੇ ਹੋਏ, ਹਰਜਿੰਦਰ ਪਾਲ ਮੈਂਬਰ ਪੰਚਾਇਤ ਲੇਹਲ ਧਾਰੀਵਾਲ (ਯੂਥ ਜ਼ਿਲ੍ਹਾ ਪ੍ਰਧਾਨ ਪ੍ਰਜਾਪਤ ਘੁਮਿਆਰ ਸਭਾ) ਨੇ ਕਿਹਾ ਕਿ ਸੈਲਾਨੀਆਂ 'ਤੇ ਹਮਲਾ ਕਰਕੇ ਅੱਤਵਾਦੀਆਂ ਨੇ ਆਪਣੀ ਕਾਇਰਤਾ ਦਾ ਸਬੂਤ ਦਿੱਤਾ ਹੈ। ਉਨ੍ਹਾਂ ਅੱਗੇ ਕਿਹਾ ਕਿ ਦੇਸ਼ ਵਾਸੀ ਅੱਤਵਾਦ ਦੇ ਮੁੱਦੇ 'ਤੇ ਇਕਜੁੱਟ ਹਨ ਤੇ ਇਸ ਪ੍ਰਤੀ ਮਾਨਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਜਲਦੀ ਤੋਂ ਜਲਦੀ ਕੋਈ ਠੋਸ ਨੀਤੀ ਅਪਣਾਉਣ ਦੀ ਲੋੜ ਹੈ।

## ਦੂਨ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀ ਵੀ ਵਾਕ ਮੈਰਾਥਨ ਦਾ ਹਿੱਸਾ ਬਣੇ




ਗੁਰਦਾਸਪੁਰ, 27 ਅਪ੍ਰੈਲ (ਜਸਵਿੰਦਰ ਸਿੰਘ): ਪੰਜਾਬ ਸਰਕਾਰ ਵੱਲੋਂ ਚਲਾਈ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਅਧੀਨ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਮੈਰਾਥਨ ਵਾਕ ਕਰਵਾਈ ਗਈ। ਜਿਸ ਵਿੱਚ ਜ਼ਿਲ੍ਹੇ ਦੇ ਮੁੱਖ ਅਧਿਕਾਰੀਆਂ ਤੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀ ਸ਼ਾਮਲ ਹੋਏ। ਮੈਰਾਥਨ ਦੀ ਸ਼ੁਰੂਆਤ ਲਿਟਰ ਫਲਾਵਰ ਸਕੂਲ ਤੋਂ ਕੀਤੀ ਗਈ। ਇਹ ਵਾਕ ਹਨੂੰਮਾਨ ਚੌਕ, ਲਾਈਬ੍ਰੇਰੀ ਚੌਕ, ਡਾਕਖਾਨਾ ਚੌਕ ਤੋਂ ਹੁੰਦੇ ਹੋਏ ਗੌਰਮਿੰਟ ਕਾਲਜ ਗੁਰਦਾਸਪੁਰ ਵਿਖੇ ਪਹੁੰਚੀ। ਇਸ ਵਿੱਚ ਲਗਭਗ 59 ਸਕੂਲਾਂ ਦੇ 8 ਤੋਂ 10 ਹਜ਼ਾਰ ਵਿਦਿਆਰਥੀ ਸ਼ਾਮਲ ਹੋਏ। ਦੂਨ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀ ਵੀ ਇਸ ਵਾਕ ਮੈਰਾਥਨ ਦਾ ਹਿੱਸਾ ਬਣੇ। ਇਸ ਯਾਤਰਾ ਦੌਰਾਨ ਵਿਦਿਆਰਥੀਆਂ ਨੇ ਭਵਿੱਖ ਵਿੱਚ ਨਸ਼ਿਆਂ ਤੋਂ ਦੂਰ ਰਹਿਣ ਤੇ ਇਸ ਦਾ ਵਿਰੋਧ ਕਰਨ ਦਾ ਪ੍ਰਣ ਲੈਂਦੇ ਹੋਏ ਕਿਹਾ ਕਿ ਇਸ ਨਸ਼ਾ ਰੂਪੀ ਕੋਹੜ ਦਾ ਉਹ ਭਵਿੱਖ ਵਿੱਚ ਵੀ ਵਿਰੋਧ ਕਰਨਗੇ ਤੇ ਸਮਾਜ ਨੂੰ ਵੀ ਇਸ ਪ੍ਰਤੀ ਜਾਗਰੂਕ ਕਰਨਗੇ। ਇਸ ਦੌਰਾਨ ਪੇਂਟਿੰਗ ਮੁਕਾਬਲੇ ਵੀ ਕਰਵਾਏ ਗਏ। ਜਿਸ ਵਿੱਚ ਸੀਰਤ ਕੌਰ, ਐਸ਼ਮਨਦੀਪ ਕੌਰ, ਸੁਖਮੀਤ ਕੌਰ, ਕ੍ਰਿਸ਼ਨ ਮਹਾਜਨ, ਸ਼ਿਵਮ ਸ਼ਰਮਾ ਤੇ ਜਸਮੀਤ ਕੌਰ ਨੂੰ ਮੈਡਲ ਤੇ ਸਰਟੀਫਿਕੇਟ ਨਾਲ ਸਨਮਾਨਤ ਕੀਤਾ ਗਿਆ।

## ਗੁਰੂ ਨਾਨਕ ਮਿਸ਼ਨ ਹਸਪਤਾਲ ਕੁੱਕੜ ਮਜਾਰਾ ਵਿਖੇ ਲਗਾਏ ਮੁਫ਼ਤ ਚੈਕਅੱਪ ਕੈਂਪ ਦੇ ਮਰੀਜ਼ਾਂ ਦੇ ਆਪ੍ਰੇਸ਼ਨਾਂ ਦੀ ਲੜੀ ਸ਼ੁਰੂ




ਗੜ੍ਹਸ਼ੰਕਰ, 27 ਅਪ੍ਰੈਲ (ਅਜਮੇਰ ਸਿੰਘ ਭਨੋਟ): ਗੁਰੂ ਨਾਨਕ ਮਿਸ਼ਨ ਇੰਟਰਨੈਸ਼ਨਲ ਚੈਰੀਟੇਬਲ ਟਰੱਸਟ ਨਵਾਂ ਗਰਾਂ ਕੁੱਲਪੁਰ ਦੇ ਬਾਨੀ ਪ੍ਰਧਾਨ ਬਾਬਾ ਬੁੱਧ ਸਿੰਘ ਜੀ ਢਾਹਾਂ ਦੀ ਬਰਸੀ ਮੌਕੇ ਕੁੱਕੜ ਮਜਾਰਾ ਵਿਖੇ ਬੀਤੇ ਦਿਨੀਂ ਲਗਾਏ ਗਏ ਕੈਂਪ ਵਿੱਚ ਚੁਣੇ ਗਏ 130 ਅੱਖਾਂ ਦੇ ਮਰੀਜ਼ਾਂ ਦੇ ਆਪ੍ਰੇਸ਼ਨ ਅੱਜ ਤੋਂ ਹਸਪਤਾਲ ਵਿੱਚ ਸ਼ੁਰੂ ਕਰ ਦਿੱਤੇ ਗਏ ਹਨ। ਜਿਸ ਤਹਿਤ ਪਹਿਲੇ ਦਿਨ 28 ਮਰੀਜ਼ਾਂ ਦੇ ਆਪ੍ਰੇਸ਼ਨ ਕੀਤੇ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹਸਪਤਾਲ ਦੇ ਮੁੱਖ ਪ੍ਰਬੰਧਕ ਰਘਵੀਰ ਸਿੰਘ ਨੇ ਦੱਸਿਆ ਕਿ ਜਿਨ੍ਹਾਂ ਮਰੀਜ਼ਾਂ ਦੇ ਆਪ੍ਰੇਸ਼ਨ ਕੀਤੇ ਗਏ ਹਨ ਉਹ ਫੋਲਡੇਬਲ ਲੈਨਜ਼ ਪਾ ਕੇ ਫਿਰਕੋ ਸਰਜਰੀ ਤਹਿਤ ਬਿਨਾਂ ਟੀਕੇ-ਟਾਂਕੇ ਤੇ ਪੱਟੀ ਤੋਂ ਕੀਤੇ ਗਏ ਹਨ ਤੇ ਉਹ ਸਾਰੇ ਮਰੀਜ਼ ਬਿਲਕੁਲ ਠੀਕ ਹਨ ਤੇ ਸਭ ਦੀ ਨਿਗਾਹ ਵੀ ਠੀਕ ਹੈ। ਉਨ੍ਹਾਂ ਦੱਸਿਆ ਕਿ ਗੁਰੂ ਨਾਨਕ ਮਿਸ਼ਨ ਟਰੱਸਟ ਨਵਾਂਗਰਾ ਵੱਲੋਂ ਇਹ ਇੱਕ ਵੱਡਾ ਉਪਰਾਲਾ ਕੀਤਾ ਗਿਆ ਹੈ ਕਿ ਇਸ ਬੀਤ ਤੇ ਕੰਢੀ ਦੇ ਲੋਕਾਂ ਨੂੰ ਮੁਫਤ ਅੱਖਾਂ ਦੀਆਂ ਸਹੂਲਤਾਂ ਦਿੱਤੀਆਂ ਜਾਣ ਉਨ੍ਹਾਂ ਦੇ ਚੈਕਅੱਪ ਤੇ ਆਪ੍ਰੇਸ਼ਨ ਬਿਲਕੁਲ ਮੁਫਤ ਕੀਤੇ ਜਾਣ ਤਾਂ ਕਿ ਉਹ ਇਸ ਸੋਹਣੇ ਸੰਸਾਰ ਨੂੰ ਆਪਣੀਆਂ ਅੱਖਾਂ ਦੇ ਨਾਲ ਦੇਖ ਸਕਣ। ਇਸ ਮੌਕੇ ਟਰੱਸਟ ਦੀ ਪ੍ਰਧਾਨ ਬੀਬੀ ਸੁਸ਼ੀਲ ਕੌਰ ਨੇ ਦੱਸਿਆ ਕਿ ਉਹ ਬਹੁਤ ਜਲਦ ਅੱਖਾਂ ਦੇ ਵਿਭਾਗ ਵਿੱਚ ਵੱਡੀਆਂ ਮਸ਼ੀਨਾਂ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਨਵੀਆਂ ਲੈ ਕੇ ਆਉਣਗੇ ਤਾਂ ਕਿ ਅੱਖਾਂ ਦੇ ਹਰ ਤਰ੍ਹਾਂ ਦੇ ਮਰੀਜ਼ਾਂ ਦਾ ਇਲਾਜ ਗੁਰੂ ਨਾਨਕ ਮਿਸ਼ਨ ਚੈਰੀਟੇਬਲ ਹਸਪਤਾਲ ਕੁੱਕੜ ਮਜਾਰਾ ਵਿਖੇ ਹੀ ਉਪਲਬਧ ਹੋਵੇ।

## ਸਰਕਾਰੀ ਕੰਨਿਆ ਸੀਨੀ. ਸੈਕੰ. ਸਕੂਲ ਬੁਤਾਲਾ ਵਿਖੇ ਸੁੰਦਰ ਲਿਖਾਈ ਮੁਕਾਬਲੇ ਕਰਵਾਏ



ਚੌਂਕ ਮਹਿਤਾ, 27 ਅਪ੍ਰੈਲ (ਬਲਜਿੰਦਰ ਸਿੰਘ ਰੰਧਾਵਾ): ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਬੁਤਾਲਾ ਵਿਖੇ ਅੰਗਰੇਜ਼ੀ ਅਧਿਆਪਕ ਮਾ. ਸੰਤਰਾਮ ਸਿੰਘ, ਸਰਬਜੀਤ ਕੌਰ, ਅਮਨਦੀਪ ਕੌਰ ਤੇ ਪਮਿੰਦਰ ਕੌਰ ਦੀ ਅਗਵਾਈ ਹੇਠ ਅੰਗਰੇਜ਼ੀ ਦੇ ਸੁੰਦਰ ਲਿਖਾਈ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਸਕੂਲ ਦੀਆਂ ਵੱਖ-ਵੱਖ ਜਮਾਤਾਂ ਦੀਆਂ ਵਿਦਿਆਰਥਣਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਜੂਨੀਅਰ ਵਰਗ ਵਿੱਚ ਕਰਮਜੀਤ ਕੌਰ ਨੇ ਪਹਿਲਾ, ਮਨਜੋਤ ਕੌਰ ਨੇ ਦੂਸਰਾ ਤੇ ਗੁਰਕੀਰਤ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਸੀਨੀਅਰ ਵਰਗ ਵਿੱਚ ਮੰਨਤਦੀਪ ਕੌਰ, ਕੋਮਲਪ੍ਰੀਤ ਕੌਰ ਤੇ ਨਵਦੀਪ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਸਕੂਲ ਇੰਚਾਰਜ ਅਵਤਾਰ ਸਿੰਘ ਨੇ ਜੇਤੂ ਵਿਦਿਆਰਥਣਾਂ ਨੂੰ ਮੈਡਲ ਦੇ ਕੇ ਹੌਸਲਾ ਅਫਜ਼ਾਈ ਕੀਤੀ। ਉਨ੍ਹਾਂ ਨੇ ਬਾਕੀ ਵਿਦਿਆਰਥੀਆਂ ਨੂੰ ਵੀ ਹੋਰ ਮਿਹਨਤ ਕਰਨ ਲਈ ਕਿਹਾ। ਇਸ ਮੌਕੇ 'ਤੇ ਲੈਕਚਰਾਰ ਹਰਮਿੰਦਰ ਸਿੰਘ, ਰਵਿੰਦਰ ਕੌਰ ਮਾ. ਤਲਵਿੰਦਰਬੀਰ ਸਿੰਘ, ਜਤਿੰਦਰਬੀਰ ਸਿੰਘ, ਸੁਖਰਾਜ ਸਿੰਘ, ਅਮਨਜੋਤ ਕੌਰ, ਸੋਨਾ ਰਾਣੀ, ਸੁਖਵਿੰਦਰ ਕੌਰ, ਕੁਸਮ ਰਾਣੀ, ਨਿਸ਼ੀਮਾ ਲਖੇਸ਼ਰ, ਗਗਨਦੀਪ ਕੌਰ ਜਗਪ੍ਰੀਤ ਸਿੰਘ, ਜਸਵਿੰਦਰ ਸਿੰਘ ਤੇ ਨਰੇਸ਼ ਕੁਮਾਰ ਹਾਜ਼ਰ ਸਨ।

## ਜ਼ਿਲ੍ਹਾ ਗੁਰਦਾਸਪੁਰ 'ਚ ਝੋਨੇ ਦੀ ਲਗਵਾਈ ਦਾ ਸਮਾਂ 5 ਜੂਨ : ਮੁੱਖ ਖੇਤੀਬਾੜੀ ਅਫ਼ਸਰ



ਗੁਰਦਾਸਪੁਰ, 27 ਅਪ੍ਰੈਲ (ਜਗੀਰ ਸਿੰਘ ਮੰਡ): ਝੋਨੇ ਦੀ ਫ਼ਸਲ ਤੋਂ ਵਧੇਰੇ ਪੈਦਾਵਾਰ ਲੈਣ ਤੇ ਮੰਡੀਕਰਨ ਦੀਆਂ ਸਮੱਸਿਆਵਾਂ ਤੋਂ ਬਚਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਸਿਫਾਰਸ਼ਸ਼ੁਦਾ ਕਿਸਮਾਂ ਦੇ ਬੀਜ ਵਰਤ ਕੇ ਪਨੀਰੀ ਦੀ ਬਿਜਾਈ ਕਰਨ। ਇਹ ਵਿਚਾਰ ਮੁੱਖ ਖੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਹੇ। ਗੱਲਬਾਤ ਕਰਦਿਆਂ ਡਾ. ਅਮਰੀਕ ਸਿੰਘ ਨੇ ਕਿਹਾ ਕਿ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦਾ ਮੁੱਖ ਕੰਮ ਕਿਸਾਨਾਂ ਨੂੰ ਮਿਆਰੀ ਖੇਤੀ ਸੱਮਗਰੀ ਖਾਸ ਕਰਕੇ ਝੋਨੇ ਦੀਆਂ ਸੁਧਰੀਆਂ ਕਿਸਮਾਂ ਉਪਲਬਧ ਕਰਵਾਉਣ ਦੇ ਨਾਲ-ਨਾਲ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਵਿਕਸਿਤ ਨਵੀਨਤਮ ਖੇਤੀ ਤਕਨੀਕਾਂ ਸਬੰਧੀ ਸੂਚਨਾਵਾਂ, ਵੱਖ-ਵੱਖ ਪਸਾਰ ਮਾਧਿਅਮਾਂ ਦੀ ਵਰਤੋਂ ਕਰਕੇ ਕਿਸਾਨਾਂ ਤੱਕ ਪਹੁੰਚਾਉਣਾ ਹੈ। ਉਨ੍ਹਾਂ ਕਿਹਾ ਕਿ ਮਿਆਰੀ ਕਿਸਮ ਦੇ ਬੀਜ ਉਪਲਬੱਧ ਕਰਵਾਉਣ ਦੇ ਮਕਸਦ ਨਾਲ ਜ਼ਿਲ੍ਹਾ ਤੇ ਬਲਾਕ ਪੱਧਰੀ ਟੀਮਾਂ ਵੱਲੋਂ ਬੀਜ ਵਿਕ੍ਰੇਤਾਵਾਂ ਦੀਆਂ ਦੁਕਾਨਾਂ ਦੀ ਚੈਕਿੰਗ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੂਸਾ 44 ਤੇ ਹਾਈਬ੍ਰਿਡ ਕਿਸਮਾਂ ਦੀ ਲਗਵਾਈ ਕਰਨ ਲਗਾਈ ਪਾਬੰਦੀ ਹੋਣ ਕਾਰਨ ਕਿਸਾਨ ਇਨ੍ਹਾਂ ਕਿਸਮਾਂ ਦੇ ਬੀਜ ਦੀ ਵਰਤੋਂ ਨਾਂ ਕਰਨ। ਉਨ੍ਹਾਂ ਕਿਹਾ ਕਿ ਕਿਸੇ ਵੀ ਫ਼ਸਲ ਦੀ ਸਫਲਤਾ ਲਈ ਮਿਆਰੀ ਬੀਜ ਦੀ ਬਹੁਤ ਮਹੱਤਤਾ ਹੁੰਦੀ ਹੈ। ਇਸ ਲਈ ਕਿਸਾਨਾਂ ਨੂੰ ਝੋਨੇ ਦਾ ਬੀਜ ਕਿਸੇ ਭਰੋਸੇਮੰਦ ਸਰੋਤ ਤੋਂ ਹੀ ਖਰੀਦਣਾ ਚਾਹੀਦਾ ਤੇ ਖਰੀਦਣ ਉਪਰੰਤ ਬਿੱਲ ਜ਼ਰੂਰ ਲੈਣਾ ਚਾਹੀਦਾ ਤੇ ਜੇਕਰ ਕੋਈ ਬੀਜ ਵਿਕ੍ਰੇਤਾ ਬਿੱਲ ਨਹੀਂ ਦਿੰਦਾ ਤਾਂ ਲਿਖਤੀ ਰੂਪ ਵਿਚ ਖੇਤੀਬਾੜੀ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਉਣਾ ਚਾਹੀਦਾ। ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਪੰਜਾਬ ਯੂਨੀਵਰਸਿਟੀ ਲੁਧਿਆਣਾ ਤੇ ਖੇਤੀਬਾੜੀ ਵਿਭਾਗ ਵੱਲੋਂ ਪ੍ਰਵਾਨਿਤ ਪੀ.ਆਰ. 126, 127, 128, 129, 130, 131 ਤੇ 132 ਕਿਸਮਾਂ ਦੀ ਬਿਜਾਈ ਕਰਨ ਲਈ ਸਿਫਾਰਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਇਸ ਵਾਰ ਜ਼ਿਲ੍ਹਾ ਗੁਰਦਾਸਪੁਰ ਅੰਦਰ ਝੋਨੇ ਦੀ ਲਗਵਾਈ ਦਾ ਸਮਾਂ 5 ਜੂਨ ਤੋਂ ਨਿਰਧਾਰਿਤ ਕੀਤਾ ਗਿਆ ਹੈ।

## ਐੱਮ.ਬੀ.ਬੀ. ਪਬਲਿਕ ਸਕੂਲ ਵਿਖੇ ਧਰਤੀ ਦਿਵਸ ਮਨਾਇਆ



ਕਾਠਗੜ੍ਹ, 27 ਅਪ੍ਰੈਲ (ਸੁਖਜੀਤ ਭਾਟੀਆ): ਐੱਮ.ਬੀ.ਬੀ. ਪਬਲਿਕ ਸੀਨੀਅਰ ਸੈਕੰਡਰੀ ਸਕੂਲ ਮੁੱਤੋਂ ਮੰਡ ਵਿਖੇ ਧਰਤੀ ਦਿਵਸ ਮਨਾਇਆ ਗਿਆ। ਇਸ ਸਬੰਧੀ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ, ਜਿਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਵਾਤਾਵਰਨ ਪ੍ਰਤੀ ਜਾਗਰੂਕ ਕਰਨਾ ਤੇ ਪ੍ਰਕਿਰਤੀ ਨਾਲ ਸਾਂਝ ਬਣਾਈ ਰੱਖਣ ਲਈ ਉਤਸ਼ਾਹਿਤ ਕਰਨਾ ਸੀ। ਸਮਾਗਮ ਦੌਰਾਨ ਵਿਦਿਆਰਥੀਆਂ ਨੂੰ ਬੂਟੇ ਲਗਾ ਕੇ ਵਾਤਾਵਰਨ ਨੂੰ ਹਰਿਆ-ਭਰਿਆ ਰੱਖਣ ਲਈ ਸਾਰਥਿਕ ਸੰਦੇਸ਼ ਦਿੱਤਾ ਗਿਆ। ਇਸ ਦੌਰਾਨ ਰਚਨਾਤਮਿਕ ਪੋਸਟਰ ਮੇਕਿੰਗ ਮੁਕਾਬਲੇ ਵੀ ਕਰਵਾਏ ਗਏ, ਜਿਨ੍ਹਾਂ ਰਾਹੀਂ ਵਿਦਿਆਰਥੀਆਂ ਨੇ ਪ੍ਰਦੂਸ਼ਣ ਰੋਕਣ, ਰੀਸਾਈਕਲਿੰਗ ਤੇ ਪਲਾਸਟਿਕ ਮੁਕਤ ਜੀਵਨਸ਼ੈਲੀ ਵੱਲ ਧਿਆਨ ਖਿੱਚਿਆ। ਪ੍ਰਿੰਸੀਪਲ ਅਜੇ ਕੁਮਾਰ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਹਰਪਾਲ ਕੌਰ, ਮੀਨਾ ਕੁਮਾਰੀ, ਅਸ਼ਵਨੀ ਕੁਮਾਰ, ਅੰਜੂ ਰਾਣੀ, ਸਨੇਹ ਲਤਾ ਤੇ ਹੋਰ ਅਧਿਆਪਕ ਹਾਜ਼ਰ ਸਨ।

## ਕੈਥੋਲਿਕ ਇਸਾਈ ਧਰਮ ਗੁਰੂ ਪੌਪ ਫਰਾਂਸਿਸ ਦੀ ਮੌਤ ਨੂੰ ਲੈ ਕੇ ਜ਼ਿਲ੍ਹਾ ਪੱਧਰ 'ਤੇ ਸੇਂਟ ਫਰਾਂਸਿਸ ਚਰਚ ਗੁਰਦਾਸਪੁਰ ਵਿਖੇ ਸੰਗਤਾਂ ਵੱਲੋਂ ਨਿੱਘੀ ਸ਼ਰਧਾਂਜਲੀ



ਗੁਰਦਾਸਪੁਰ, 27 ਅਪ੍ਰੈਲ (ਸੰਧੂ/ਬਸਰਾ): ਕੈਥੋਲਿਕ ਇਸਾਈ ਧਰਮ ਗੁਰੂ ਪੌਪ ਫਰਾਂਸਿਸ ਦਾ 88 ਸਾਲ ਦੀ ਉਮਰ 'ਚ ਦੇਹਾਂਤ ਹੋ ਜਾਣ ਨਾਲ ਜਿੱਥੇ ਦੇਸ਼ ਦੁਨੀਆਂ ਵਿੱਚ ਸੋਗ ਦੀ ਲਹਿਰ ਪਾਈ ਜਾ ਰਹੀ ਹੈ, ਉੱਥੇ ਹੀ ਪੰਜਾਬ ਭਰ ਦੇ ਸਮੂਹ ਕੈਥੋਲਿਕ ਪਰਿਵਾਰਾਂ ਤੇ ਸਮੂਹ ਇਸਾਈ ਭਾਈਚਾਰੇ ਵਿੱਚ ਭਾਰੀ ਸੋਗ ਦੀ ਲਹਿਰ ਹੈ। ਜਿਸ ਨੂੰ ਲੈ ਕੇ ਅੱਜ ਡਾਇਓਸਿਸ ਆਫ਼ ਜਲੰਧਰ ਦੇ ਬਿਸ਼ਪ ਅਗਨੈਲੋ ਰੂਫਿਕੀਓ ਗਰੇਸ਼ੀਸ ਦੇ ਦਿਸ਼ਾ ਨਿਰਦੇਸ਼ਾਂ 'ਤੇ ਅੱਜ ਸੇਂਟ ਫਰਾਂਸਿਸ ਕੈਥੋਲਿਕ ਚਰਚ ਗੁਰਦਾਸਪੁਰ ਵਿਖੇ ਜ਼ਿਲ੍ਹਾ ਪੱਧਰ 'ਤੇ ਮਰਹੂਮ ਪੌਪ ਪਾਪਾ ਫਰਾਂਸਿਸ ਨੂੰ ਸ਼ਰਧਾਂਜਲੀ ਅਰਪਿਤ ਕਰਨ ਲਈ ਇੱਕ ਵਿਸ਼ੇਸ਼ ਸਮਾਗਮ ਫਾਦਰ ਜੋਨ ਜੋਰਜ, ਫਾਦਰ ਜੋਸ ਪਡਿਆਟੀ ਤੇ ਫਾਦਰ ਵਿਲੀਅਮ ਸਹੋਤਾ ਦੀ ਰਹਿਨੁਮਈ ਹੇਠ ਕਰਵਾਇਆ ਗਿਆ, ਜਿਸ ਵਿੱਚ ਜ਼ਿਲ੍ਹੇ ਭਰ ਦੀਆਂ ਸੰਗਤਾਂ ਨੇ ਵੱਧ ਚੜ੍ਹ ਕੇ ਸ਼ਮੂਲੀਅਤ ਕੀਤੀ। ਇਸ ਦੌਰਾਨ ਪਾਕ ਮਾਸ ਦੀ ਕੁਰਬਾਨੀ ਅਦਾ ਕਰਨ ਉਪਰੰਤ ਪਾਪਾ ਪੌਪ ਫਰਾਂਸਿਸ ਨੂੰ ਫਾਦਰ ਸਾਹਿਬਾਨਾਂ ਤੇ ਹਾਜ਼ਰ ਸੰਗਤਾਂ ਵੱਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਤੇ ਉਨ੍ਹਾਂ ਦੁਆਰਾ ਪ੍ਰਭੂ ਯਿਸੂ ਮਸੀਹ ਦੀ ਮਹਿਮਾ ਉਸਤਤ ਤੇ ਵਡਿਆਈ ਲਈ ਤੇ ਦੇਸ਼ ਦੁਨੀਆਂ ਦੇ ਭਲੇ ਲਈ ਕੀਤੇ ਕਾਰਜਾਂ ਨੂੰ ਯਾਦ ਕੀਤਾ ਗਿਆ। ਇਸ ਮੌਕੇ 'ਤੇ ਧਾਰੀਵਾਲ ਪੈਰਿਸ ਦੇ ਪੈਰਿਸ ਪ੍ਰੀਸਟ ਤੇ ਧਾਰੀਵਾਲ ਡੀਨਰੀ ਦੇ ਡੀਨ ਫਾਦਰ ਜੋਸ ਪਡਿਆਟੀ, ਰੈਵ. ਫਾਦਰ ਵਿਲੀਅਮ ਸਹੋਤਾ, ਫਾਦਰ ਜੋਨ ਜੋਰਜ ਪੈਰਿਸ ਪਰੀਸਟ ਸੇਂਟ ਫਰਾਂਸਿਸ ਕੈਥੋਲਿਕ ਚਰਚ ਗੁਰਦਾਸਪੁਰ ਆਦਿ ਹਾਜ਼ਰ ਹੋ ਕੇ ਸਾਰੇ ਫਾਦਰ ਸਾਹਿਬਾਨਾਂ ਨੇ ਸੰਤ ਪਾਪਾ ਪੌਪ ਫਰਾਂਸਿਸ ਦੇ ਦੇਹਾਂਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਲੇਟੀ ਕਮਿਸ਼ਨ ਦੇ ਮੈਂਬਰ ਰਕੇਸ਼ ਵਿਲੀਅਮ ਧਾਰੀਵਾਲ, ਫਾਦਰ ਮੈਥਿਊ ਪਾਲਾ ਡਾਇਰੈਕਟਰ ਸੈਂਟ ਫਰਾਂਸਿਸ ਹੋਮ ਪਠਾਨਕੋਟ, ਲੇਟੀ ਕਮਿਸ਼ਨ ਦੇ ਸਾਬਕਾ ਡਾਇਰੈਕਟਰ ਸਮਾਊਨ ਸੰਧੂ, ਸ਼ਾਂਤੀ ਭਵਨ ਪਿੰਗਲਵਾੜਾ ਦੇ ਇੰਚਾਰਜ ਫਾਦਰ ਮਾਰਟਿਨ, ਸੈਂਟ ਫਰਾਸਿੰਸ ਕੈਥੋਲਿਕ ਚਰਚ ਬਟਾਲਾ ਦੇ ਇੰਚਾਰਜ ਫਾਦਰ ਜੋਸਫ ਲਾਕਰਾ, ਦਿਆਲਗੜ੍ਹ ਪੈਰਿਸ ਦੇ ਇੰਚਾਰਜ ਫਾਦਰ ਪਾਲ ਬੁਰੀਆ ਆਦਿ ਹਾਜ਼ਰ ਸਨ।

## ਸਿਲੇਖਵਾਰ ਇਸ਼ਤਿਹਾਰ/Classified Advertisements


**(U/o 5 Rule 20 CPC)**
**In the Court of Ms. Rajwinder Kaur-II Judicial Magistrate - Ist Class, Ludhiana**
CNR No:- PBLD03-088838-2023
Next Date:- 13-05-2025
Manpreet Kaur
Versus
Charanjit Singh
Notice to: Charanjit Singh S/o Balwinder Singh First Address: Village Bonkar Dogra PS Ladhowal Distt. Ludhiana Second Address: HNo. 9373 St No. 7 Joshi Nagar Haibowal Kalan Ludhiana.
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on 13.05.2025 at 10:00 A.M.
For details logon to https://highcourtchd.gov.in/?trs=district_notice&district=Ludhiana
Dated this day of 05.04.2025
**Sd/- Judicial Magistrate - Ist Class, Ludhiana**

**(U/o 5 Rule 20 CPC)**
**In the Court of Ms. Karandeep Kaur Additional Civil Judge (Senior Division), Jagraon**
CNR No. PBLDB0-000035-2025
Next Date: 17.05.2025
Harpreet Kaur
Versus
General Public
Notice to: General Public
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on 17.05.2025 at 10:00 A.M.
For details logon to https://highcourtchd.gov.in/?mod=district_notice&district=ludhianacourt
Dated, this day of 27-03-2025
**Sd/- Additional Civil Judge (Senior Division), Jagraon**

**(U/o 5 Rule 20 CPC)**
**In the Court of Ms. Rinky Agnihotri Civil Judge (Junior Division), Ludhiana**
CNR No:- PBLD02-003449-2024
Next Date:- 19-05-2025
State Bank of India
Versus
Baljit Kaur
Notice to: Baljit Kaur:- W/o Charanjit Singh R/o HNo. 125, VPO Ghawaddi, Distt. Ldh 141206
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 19.05.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 23-04-2025
**Sd/- Civil Judge (Junior Division), Ludhiana**

**(U/o 5 Rule 20 CPC)**
**In the Court of Ms. Radhika Puri Additional Civil Judge (Senior Division), Ludhiana**
CNR No. PBLD02-005536-2024
Next Date: 09.05.2025
Daljit Kaur Grewal
Versus
General Public
Notice to: Paramjeet Kaur Spouse:- Sukhdeep Singh HNo. 711-D, Gyan Singh Road, Guru Nanak Colony, Dhandari Kalan, Ludhiana
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 09.05.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 22-04-2025
**Sd/- Additional Civil Judge (Senior Division), Ludhiana**

**(U/o 5 Rule 20 CPC)**
**In the Court of Ms. Sonali Singh Additional Civil Judge (Senior Division), Barnala**
CNR No. PBBR02-000353-2025
Next Date: 29.05.2025
Bindu Devi
Versus
General Public
Notice to: General Public:- Barnala
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 29.05.2025 at 10:00 A.M.
For details logon to https://highcourtchd.gov.in/?trs=district_notice&district=Barnala
Dated this day of 11-03-2025
**Sd/- Additional Civil Judge (Senior Division), Barnala**

**In the Court of Ms. Karandeep Kaur Sub Divisional Judicial Magistrate Jagraon**
CNR No. PBLDB1-004788-2024
Next Date: 01.07.2025
Ivneet Kaur
Versus
Jasjot Singh
Notice to: Jasjot Singh:- S/o Jatinder Singh R/o H.No. 726 Phase -10, Sec 64 SAS Nagar Mohali
In above titled case the accused could not be served. It is ordered that accused should appear in person or through counsel on 01.07.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 17-04-2025
**Sd/- Sub Divisional Judicial Magistrate Jagraon**

**(U/o 5 Rule 20 CPC)**
**In the Court of Hon'ble Sanjeeta Additional Principal Judge Family Court, Amritsar**
CNR No. PBAS01-018681-2022
Next Date: 29.05.2025
Yadwinder Singh Son of Balwinder Singh R/o Village Gill Kaler, Tehsil and District Tarn Taran At Present R/o Village Meeran Kot Kalan, Tehsil and District Amritsar
Versus
Gurpreet Kaur
Notice to: Gurpreet Kaur wife of Yadwinder Singh D/o Gajjan Singh R/o. Village Sheron, tehsil And Distt. Tarn Taran
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 29.05.2025 at 10:00 A.M.
For details logon to https://highcourtchd.gov.in/?trs=district_notice&district=Amritsar
Dated this day of 26-03-2025
**Sd/- Additional Principal Judge Family Court, Amritsar**

**(U/o 5 Rule 20 CPC)**
**In the Court of Hon'ble Garima Gupta Civil Judge (Junior Division), Amritsar**
CNR No:- PBAS02-000191-2023
Next Date:- 11-07-2025
CS/135/2023 Recovery
M/s Rahul Khanna (HUF) Through its Karta Rahul Khanna S/o Sunil Khanna Having Address At H/o1596/XI Gali Chanaderbhan, Khoo Bombay Wala, Amritsar Through Special Power of Attorney Holder Ankur Khanna S/o Sunil Khanna R/o 48 Medical Enclave Amritsar
Versus
M/s Kamla Silks
Notice to: 1. M/s Kamla Silks Through its Prop. Smt Anita Devi having Address At 40, Shastri Market, 2nd Floor, Amritsar 2. Anita Devi Prop. of M/s Kamla Silks, Having Address At 40, Shastri Market, 2nd Floor, Amritsar.
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on 11.07.2025 at 10:00 A.M.
For details logon to https://highcourtchd.gov.in/?trs=district_notice&district=Amritsar
Dated this day of 25.03.2025
**Sd/- Civil Judge (Junior Division), Amritsar**

**(U/o 5 Rule 20 CPC)**
**In the Court of Ms. Karandeep Kaur Additional Civil Judge (Senior Division), Jagraon**
CNR No. PBLDB0-000466-2022
Next Date: 17.05.2025
IDBI Bank Limited
Versus
Manjit Singh
Notice to: 2 Hari Singh S/o Jarnail Singh R/o Vill. Rasulpur (Mallah), Tehsil Jagraon Distt. Ludhiana
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on 17.05.2025 at 10:00 A.M.
For details logon to https://highcourtchd.gov.in/?mod=district_notice&district=ludianacourt
Dated, this day of 01-04-2025
**Sd/- Additional Civil Judge (Senior Division), Jagraon**

### Change of Name

I, Pawan Kumar S/o Shankar Dass R/o St No-5, Near Shivam Hospital, Santokh Nagar, Hoshiarpur, have changed my name to pawan Kumar Malhan. Concerned Note.

I, Neeshi alias Nishi W/o Chander Mohan Village Ajjowal Distt. Hoshiarpur have changed my name to Nishi Sharma. Concerned Note.

ਬਾ-ਅਦਾਲਤ ਮਾਨਯੋਗ ਸ੍ਰੀ ਨੀਰਜ ਕੁਮਾਰ ਸ਼ਰਮਾ, ਸਹਾਇਕ ਕੁਲੈਕਟਰ ਦਰਜਾ ਦੋਇਮ, ਸੀਤੋਗੁੰਨੋ
(1) ਰਿੰਕਲ ਕੁਮਾਰ ਪੁੱਤਰ ਸ੍ਰੀ ਰਾਜ ਕੁਮਾਰ ਪੁੱਤਰ ਸ੍ਰੀ ਬੀਰਬਲ ਵਾਸੀ ਪਿੰਡ ਹਿੰਮਤਪੁਰਾ ਤਹਿਸੀਲ ਅਬੋਹਰ।
......ਫਰੀਕਅੱਵਲ......
ਬਨਾਮ
(1) ਪਿਰਥੀ ਸਿੰਘ ਪੁੱਤਰ ਹਾਕਮ ਸਿੰਘ ਪੁੱਤਰ ਨਿਧਾਨ ਸਿੰਘ 2) ਰਾਮੂ ਰਾਮ ਪੁੱਤਰ ਭੂਲਾ ਰਾਮ ਪੁੱਤਰ ਮਰਸਨ ਰਾਮ 3) ਅਮਿਤ ਕੁਮਾਰ ਪੁੱਤਰ ਕੁਲਦੀਪ ਕੁਮਾਰ ਪੁੱਤਰ ਬਨਵਾਰੀ ਲਾਲ 4) ਹਰਸ਼ ਜ਼ਿਲਨੋਈ ਪੁੱਤਰ ਰਾਮ ਕਮਲ ਪੁੱਤਰ ਬਨਵਾਰੀ ਲਾਲ 5) ਤਾਰਾ ਸਿੰਘ ਪੁੱਤਰ ਸੁੰਦਰ ਸਿੰਘ 6) ਮੀਤੇ ਪੁੱਤਰ ਸਮੂਰਨ ਸਿੰਘ ਪੁੱਤਰ ਸੁੰਦਰ ਸਿੰਘ 7) ਮੀਤੇ 8) ਪੂਰੋ 9) ਭੋਲੋ 10) ਗੋਰੇ ਪੁਤਰੀਆਨ ਵਾ 11) ਸਾਧਾ ਸਿੰਘ ਪੁੱਤਰ ਸਮੂਰਨ ਸਿੰਘ ਪੁੱਤਰ ਸੁੰਦਰ ਸਿੰਘ 12) ਕਰਤਾਰ ਸਿੰਘ ਪੁੱਤਰ ਨਥੂ ਸਿੰਘ ਪੁੱਤਰ ਚੇਤਾ ਸਿੰਘ ਵਾਸੀਆਨ ਪਿੰਡ ਹਿੰਮਤਪੁਰਾ ਤਹਿਸੀਲ ਅਬੋਹਰ ਜ਼ਿਲ੍ਹਾ ਫਾਜ਼ਿਲਕਾ।
ਦਾਵਾ : ਦਰੁਸਤੀ ਗਿਰਦਾਵਰੀ ਪਿੰਡ ਹਿੰਮਤਪੁਰਾ।
ਫਰੀਕਅੱਵਲ ਵਿਨੋਦ ਕੁਮਾਰ ਨੇ ਅਰਜ਼ੀ ਤਕਦਾਜੀ ਮੁਰਬਾ ਨੰ.78, ਕਿਲਾ ਨੰ: 25/7 ਮਿਨ (0-4), 25/7ਮਿਨ ਪਦਾਕ (0-4), 25/8(0-8), 24/9(0-8) 25/1(1-3), 25/3(0-8), 25/4(0-8), 25/5(0-8), 25/6(0-6), 24/5 ਮਿਨ (0-8), 24/6ਮਿਨ (0-6), 24/7 ਮਿਨ (0-6), 24/8(0-6), 81//5/5 ਮਿਨ (0-4), 5/4ਮਿਨ (0-4) 78//24/3(0-8), 25/8/2 (0-8), 81//4/2(1-8), 4/3(1-16)/4/1(0-0), 4/6(0-12), 5/3(0-16), 78//25/8/3(0-19), 81//5/5 (0-16),5/6(0-16), 78//25/8/5(0-19) ਰਕਬਾ ਪਿੰਡ ਹਿੰਮਤਪੁਰਾ ਬਾਬਤ ਫਸਲਾਤ ਸਾਉਣੀ 2021 ਸਬੰਧੀ ਦਰੁਸਤੀ ਗਿਰਦਾਵਰੀ ਦਾ ਦਾਅਵਾ ਦਾਇਰ ਕੀਤਾ ਹੈ। ਇਸ ਸਬੰਧੀ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕਿਸੇ ਧਿਰ/ਵਿਅਕਤੀ ਨੂੰ ਉਕਤ ਗਿਰਦਾਵਰੀ ਸਬੰਧੀ ਇਤਰਾਜ ਹੈ ਤਾਂ ਨਿਮਨ ਹਸਤਾਖਰ ਦੀ ਅਦਾਲਤ ਵਿਚ ਮਿਤੀ 05/05/2025 ਨੂੰ ਅਸਾਲਤਨ/ਵਕਾਲਤਨ ਹਾਜ਼ਰ ਹੋਕੇ ਆਪਣੀ ਚਾਰਾਜੋਈ ਕਰ ਸਕਦਾ ਹੈ। ਹਾਜ਼ਰ ਨਾ ਆਉਣ ਦੀ ਸੂਰਤ ਵਿਚ ਅਗਲੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।
ਸਹੀ/- ਸਹਾਇਕ ਕੁਲੈਕਟਰ ਦਰਜਾ ਦੋਇਮ ਸੀਤੋਗੁੰਨੋ


# ਭਰਤੀ ਕਮੇਟੀ ਦੇ ਆਗੂਆਂ ਦਾ ਦੋਸ਼,11 ਹਜ਼ਾਰ ਰੁਪਏ ਜਮ੍ਹਾਂ ਕਰਵਾਉਣ ਦੇ ਬਾਵਜੂਦ ਮੀਟਿੰਗ ਹਾਲ ਦੇ ਗੇਟ ਨੂੰ ਲਗਾਇਆ ਤਾਲਾ

ਫ਼ਤਹਿਗੜ੍ਹ ਸਾਹਿਬ, 27 ਅਪ੍ਰੈਲ: (ਚ.ਨ.ਸ) ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ 'ਤੇ ਭਰਤੀ ਕਮੇਟੀ ਦੇ ਮੈਂਬਰਾਂ ਜਥੇਦਾਰ ਇਕਬਾਲ ਝੂੰਦਾਂ ਅਤੇ ਸੰਤਾ ਸਿੰਘ ਉਮੈਦਪੁਰ ਦੀ ਅਗਵਾਈ ਹੇਠ ਇੱਥੇ ਰੱਖੀ ਗਈ ਮੀਟਿੰਗ ਲਈ ਜਦੋਂ ਆਗੂ ਗੁਰਦੁਆਰਾ ਫਤਹਿਗੜ੍ਹ ਸਾਹਿਬ ਦੇ ਗਿਆਨੀ ਗੁਰਮੁਖ ਸਿੰਘ ਯਾਦਗਾਰੀ ਮੀਟਿੰਗ ਹਾਲ ਵਿਖੇ ਪਹੁੰਚੇ ਤਾਂ ਗੇਟ ਨੂੰ ਤਾਲਾ ਤੇ ਗੇਟ ਦੇ ਅੱਗੇ ਟਰੈਕਟਰ ਖੜ੍ਹਾ ਮਿਲਿਆ। ਜਦੋਂ ਸਾਬਕਾ ਐਮਪੀ ਪ੍ਰੇਮ ਸਿੰਘ ਚੰਦੂਮਾਜਰਾ,ਅਕਾਲੀ ਆਗੂਆਂ ਅਮਰਿੰਦਰ ਸਿੰਘ ਲਿਬੜਾ, ਕਰਨੈਲ ਸਿੰਘ ਪੰਜੋਲੀ,ਕਰਨੈਲ ਸਿੰਘ ਪੀਰਮੁਹੰਮਦ ਤੇ ਕਈ ਹੋਰ ਆਗੂਆਂ ਨੇ ਪ੍ਰਬੰਧਕੀ ਕੰਪਲੈਕਸ ਵਾਲੇ ਪਾਸਿਉਂ ਹਾਲ ਵਿੱਚ ਜਾਣ ਦੀ ਕੋਸ਼ਿਸ਼ ਕੀਤੀ ਤਾਂ ਉਧਰ ਵੀ ਦਰਵਾਜਾ ਬੰਦ ਮਿਲਿਆ ਜਿਸ ਕਰਕੇ ਸਤਵਿੰਦਰ ਸਿੰਘ ਟੌਹੜਾ ਅਤੇ ਸ਼੍ਰੋਮਣੀ ਕਮੇਟੀ ਦੇ ਇਕ ਅਧਿਕਾਰੀ ਦੀ ਆਪਸ ਵਿੱਚ ਬਹਿਸਬਾਜ਼ੀ ਵੀ ਹੋਈ। ਇਸ ਘਟਨਾ 'ਤੇ ਰੋਸ ਪ੍ਰਗਟਾਉਂਦਿਆਂ ਆਗੂਆਂ ਨੇ ਕਿਹਾ ਕਿ ਹਾਲ ਵਿੱਚ ਮੀਟਿੰਗ ਲਈ ਉਹ ਪਹਿਲਾਂ ਹੀ 11 ਹਜ਼ਾਰ ਰੁਪਏ ਜਮ੍ਹਾਂ ਕਰਵਾ ਚੁੱਕੇ ਹਨ। ਫਿਰ ਵੀ ਉਨ੍ਹਾਂ ਨੂੰ ਰੋਕ ਦਿੱਤਾ ਗਿਆ। ਇਸ ਹਾਲ ਵਿੱਚ ਵੱਖ-ਵੱਖ ਜਥੇਬੰਦੀਆਂ ਮੀਟਿੰਗ ਕਰਦੀਆਂ,ਕਦੇ ਕਿਸੇ ਨੂੰ ਨਹੀਂ ਰੋਕਿਆ ਗਿਆ ਪਰ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਗਈ 5 ਮੈਂਬਰੀ ਕਮੇਟੀ ਨੂੰ ਇਸ ਤਰੀਕੇ ਨਾਲ ਮੀਟਿੰਗ ਕਰਨ ਤੋਂ ਰੋਕਣਾ ਸਖ਼ਤ ਨਿੰਦਣਯੋਗ ਹੈ। ਇਸ ਪਿੱਛੋਂ ਕਾਨਫਰੰਸ ਹਾਲ ਵਿੱਚ ਕੀਤੀ ਜਾਣ ਵਾਲੀ ਇਹ ਮੀਟਿੰਗ ਗੁਰਦੁਆਰਾ ਸਾਹਿਬ ਦੀ ਸਰਾਂ ਵਿੱਚ ਕਰਨੀ ਪਈ ਜੋ ਵੱਡੀ ਗਿਣਤੀ 'ਚ ਵਰਕਰਾਂ ਦੀ ਸ਼ਮੂਲੀਅਤ ਨਾਲ ਇਕ ਵਿਸ਼ਾਲ ਮੀਟਿੰਗ ਦਾ ਰੂਪ ਧਾਰਨ ਕਰ ਗਈ। ਤਾਲਾ ਲਗਾਉਣ ਦੀ ਘਟਨਾ ਦੇ ਰੋਸ ਵਜੋਂ ਅਤੇ ਕਾਬਜ ਲੋਕਾਂ ਨੂੰ ਜਵਾਬ ਦੇਣ ਲਈ ਵਰਕਰਾਂ ਨੇ 10 ਮਈ ਨੂੰ ਪੰਜ ਮੈਂਬਰੀ ਭਰਤੀ ਕਮੇਟੀ ਦੀ ਅਗਵਾਈ ਹੇਠ ਫਤਹਿਗੜ੍ਹ ਸਾਹਿਬ ਵਿਖੇ ਵੱਡੀ ਮੀਟਿੰਗ ਕਰਨ ਦਾ ਐਲਾਨ ਕੀਤਾ। ਅਮਰਿੰਦਰ ਸਿੰਘ ਲਿਬੜਾ ਨੇ 10 ਮਈ ਦੀ ਮੀਟਿੰਗ ਲਈ 40 ਬੱਸਾਂ ਦੇ ਪ੍ਰਬੰਧ ਦਾ ਐਲਾਨ ਕਰਦਿਆਂ ਕਿਹਾ ਕਿ ਪੁਨਰ ਸੁਰਜੀਤੀ ਦੀ ਉੱਠੀ ਅਵਾਜ਼ ਨੂੰ ਤਾਲਾ ਮਾਰ ਕੇ ਦਬਾਇਆ ਨਹੀਂ ਜਾ ਸਕਦਾ। ਇਸ ਮੌਕੇ ਤਿੰਨ ਮਤਿਆਂ ਨੂੰ ਹਾਜ਼ਰ ਵਰਕਰਾਂ ਨੇ ਹੱਥ ਖੜ੍ਹੇ ਕਰ ਕੇ ਪ੍ਰਵਾਨਗੀ ਦਿੱਤੀ। ਪਹਿਲੇ ਮਤੇ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾ ਕਰਵਾਉਣ ਦੀ ਮੰਗ ਕੀਤੀ ਗਈ। ਦੂਜੇ ਮਤੇ ਰਾਹੀਂ ਸ਼੍ਰੋਮਣੀ ਕਮੇਟੀ ਵੱਲੋਂ ਮੀਟਿੰਗ ਹਾਲ ਨੂੰ ਤਾਲੇ ਲਗਾਉਣ ਦੀ ਨਿੰਦਾ ਕੀਤੀ ਗਈ। ਤੀਜੇ ਮਤੇ ਰਾਹੀਂ 35-35 ਸਾਲਾਂ ਤੋਂ ਜੇਲ੍ਹਾਂ ਵਿੱਚ ਬੰਦ ਸਿੱਖ ਸਿਆਸੀ ਕੈਦੀਆਂ ਦੀ ਰਿਹਾਈ ਦੀ ਮੰਗ ਕੀਤੀ ਗਈ। ਜਥੇਦਾਰ ਇਕਬਾਲ ਸਿੰਘ ਝੂੰਦਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਪਿੱਠ ਕਰੀ ਖੜ੍ਹੇ ਧੜੇ ਨੇ ਅੱਜ ਪੰਜ ਮੈਂਬਰੀ ਭਰਤੀ ਕਮੇਟੀ ਨੂੰ ਮਿਲ ਰਹੇ ਹੁੰਗਾਰੇ ਤੋਂ ਘਬਰਾ ਕੇ ਗੈਰ ਇਖਲਾਕੀ ਅਤੇ ਬੇਹੱਦ ਸੋੜੀ ਸੋਚ ਦੀ ਉਦਾਹਰਣ ਪੇਸ਼ ਕੀਤੀ ਹੈ। ਸੰਤਾ ਸਿੰਘ ਉਮੈਦਪੁਰ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਅੱਜ ਵਾਪਰੀ ਘਟਨਾ ਤੇ ਸਖਤ ਨੋਟਿਸ ਲੈਣ ਦੀ ਬੇਨਤੀ ਵੀ ਕੀਤੀ । ਉਨ੍ਹਾਂ ਕਿਹਾ ਕਿ ਅੱਜ ਦੀ ਘਟਨਾ ਨੇ ਸਿੱਖ ਸੰਗਤ ਦੇ ਦਿਲ ਤੇ ਡੂੰਘੀ ਸੱਟ ਮਾਰੀ ਹੈ। ਜੱਥੇਦਾਰ ਉਮੈਦਪੁਰੀ ਨੇ ਕਿਹਾ ਕਿ ਅੱਜ ਲੋਕ ਆਪ ਮੁਹਾਰੇ ਭਰਤੀ ਦੀਆਂ ਕਾਪੀਆਂ ਲਿਜਾ ਰਹੇ ਹਨ। ਸਿਰਫ ਮਿਸਡ ਕਾਲ ਤੇ ਹੀ ਹਜ਼ਾਰਾ ਕਾਪੀਆਂ ਵੰਡੀਆਂ ਜਾ ਚੁੱਕੀਆਂ ਹਨ। ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਘਟਨਾ ਨੇ ਪ੍ਰਬੰਧਾਂ ਤੋਂ ਬਹੁਤ ਵੱਡੇ ਸਵਾਲ ਖੜੇ ਕੀਤੇ ਹਨ।

# ਪੰਥ ਵਿਰੋਧੀ ਸ਼ਕਤੀਆਂ ਸ਼੍ਰੋਮਣੀ ਅਕਾਲੀ ਦਲ ਨੂੰ ਭੰਡ ਕੇ ਕਮਜ਼ੋਰ ਕਰਨ ਦੀਆਂ ਨਾਕਾਮ ਕੋਸ਼ਿਸ਼ਾਂ ਕਰ ਰਹੀਆਂ ਹਨ : ਮਨਮੋਹਨ ਮੁਕਾਰੋਂਪੁਰ



ਫਤਿਹਗੜ੍ਹ ਸਾਹਿਬ, 27 ਅਪ੍ਰੈਲ (ਹਰਪ੍ਰੀਤ ਕੌਰ ਟਿਵਾਣਾ):ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਸ਼ਹਿਰੀ ਦੇ ਪ੍ਰਧਾਨ ਜਥੇਦਾਰ ਮਨਮੋਹਨ ਸਿੰਘ ਮੁਕਾਰੋਂਪੁਰ ਦਾ ਬਸੀ ਪਠਾਨਾ ਵਿਖੇ ਯੂਥ ਅਕਾਲੀ ਦਲ ਦੇ ਆਗੂਆਂ ਅਤੇ ਕੌਂਸਲਰ ਮਨਪ੍ਰੀਤ ਸਿੰਘ ਹੈਪੀ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ 'ਤੇ ਪ੍ਰਧਾਨ ਜਥੇਦਾਰ ਮਨਮੋਹਨ ਸਿੰਘ ਮੁਕਾਰੋਂਪੁਰ ਨੇ ਹਲਕਾ ਬਸੀ ਪਠਾਣਾ ਦੇ ਯੂਥ ਆਗੂਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਯੂਥ ਅਕਾਲੀ ਦਲ, ਸ਼੍ਰੋਮਣੀ ਅਕਾਲੀ ਦਲ ਦੀ ਰੀੜ ਦੀ ਹੱਡੀ ਹੈ ਅਤੇ ਇਨ੍ਹਾਂ ਵੱਲੋਂ ਅਕਾਲੀ ਦਲ ਨੂੰ ਮਜ਼ਬੂਤ ਕਰਨ ਲਈ ਵਿਸ਼ੇਸ਼ ਯੋਗਦਾਨ ਪਾਇਆ ਜਾ ਰਿਹਾ ਹੈ। ਜਥੇਦਾਰ ਮੁਕਾਰੋਂਪੁਰ ਨੇ ਕਿਹਾ ਕਿ ਉਹ ਭਾਵੇਂ ਕੁਝ ਸਮੇਂ ਲਈ ਵਿਦੇਸ਼ੀ ਦੌਰੇ 'ਤੇ ਜਾ ਰਹੇ ਹਨ ਪ੍ਰੰਤੂ ਜਿਵੇਂ ਹੀ ਬਲਾਕ ਸੰਮਤੀ ਤੇ ਜ਼ਿਲ੍ਹਾ ਪਰਿਸ਼ਦ ਦੀਆਂ ਚੋਣਾਂ ਦਾ ਐਲਾਨ ਕੀਤਾ ਹੋਵੇਗਾ, ਉਹ ਤੁਰੰਤ ਪਾਰਟੀ ਦੀ ਸੇਵਾ ਲਈ ਮੁੜ ਹਾਜ਼ਰ ਹੋਣਗੇ ਤੇ ਪਾਰਟੀ ਵੱਲੋਂ ਐਲਾਨੇ ਗਏ ਉਮੀਦਵਾਰਾਂ ਦੇ ਹੱਕ ਕਿੱਥੇ ਡੱਟਵਾਂ ਪ੍ਰਚਾਰ ਕਰਕੇ ਜਿਤਾਉਣ ਵਿੱਚ ਵਿਸ਼ੇਸ਼ ਰੋਲ ਅਦਾ ਕਰਨਗੇ । ਉਨ੍ਹਾਂ ਕਿਹਾ ਕਿ ਭਾਵੇਂ ਪੰਥ ਵਿਰੋਧੀ ਸ਼ਕਤੀਆਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਨੂੰ ਕਮਜ਼ੋਰ ਕਰਨ ਲਈ ਨਾਕਾਮ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਪਰੰਤੂ ਫਿਰ ਵੀ ਜਿੰਨਾ ਸ਼੍ਰੋਮਣੀ ਅਕਾਲੀ ਦਲ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਸ਼੍ਰੋਮਣੀ ਅਕਾਲੀ ਦਲ ਉਨਾ ਹੀ ਮਜ਼ਬੂਤ ਹੋ ਕੇ ਉਭਰ ਰਿਹਾ ਹੈ। ਮੁਕਾਰੋਂਪੁਰ ਨੇ ਕਿਹਾ ਕਿ ਜਿਨ੍ਹਾਂ ਆਗੂਆਂ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਸੱਤਾ ਦੇ ਕੇ ਰੱਖੀ ਅਤੇ ਕੁਰਸੀਆਂ ਅਤੇ ਵਜ਼ੀਰੀਆਂ ਨਾਲ ਨਿਵਾਜਿਆ ਉਹੀ ਲੋਕ ਅੱਜ ਸ਼੍ਰੋਮਣੀ ਅਕਾਲੀ ਦਲ ਨੂੰ ਭੰਡਣ ਅਤੇ ਕਮਜ਼ੋਰ ਕਰਨ ਵਿੱਚ ਲੱਗੇ ਹੋਏ ਹਨ । ਉਹਨਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਹੀ ਸ਼੍ਰੋਮਣੀ ਅਕਾਲੀ ਦਲ ਨੂੰ ਚਲਾਉਣ ਅਤੇ ਮਜ਼ਬੂਤ ਕਰਨ ਲਈ ਸਮਰੱਥ ਨੇਤਾ ਹਨ। ਉਹਨਾਂ ਤੋਂ ਬਿਨਾਂ ਸ਼੍ਰੋਮਣੀ ਅਕਾਲੀ ਦਲ ਨੂੰ ਨਹੀਂ ਚਲਾਇਆ ਜਾ ਸਕਦਾ ਇਸ ਲਈ ਸੁਖਬੀਰ ਸਿੰਘ ਬਾਦਲ ਨੂੰ ਦੁਬਾਰਾ ਫਿਰ ਪਾਰਟੀ ਆਗੂਆਂ ਵੱਲੋਂ ਚੁਣ ਕੇ ਅੱਗੇ ਲਿਆਂਦਾ ਗਿਆ ਹੈ। ਇਸ ਮੌਕੇ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਪੰਥਕ ਕਵੀ ਹਰਨੇਕ ਸਿੰਘ ਬਡਾਲੀ ਅਤੇ ਵੱਡੀ ਗਿਣਤੀ ਵਿੱਚ ਯੂਥ ਅਕਾਲੀ ਦਲ ਦੇ ਆਗੂ ਤੇ ਨੌਜਵਾਨ ਵੀ ਹਾਜ਼ਰ ਸਨ।

# ਵਿਧਾਇਕ ਜੀਵਨਜੋਤ ਕੌਰ ਨੇ ਹੁਸੈਨਪੁਰ ਚੌਕ ਤੋਂ ਸਫਾਈ ਮੁਹਿੰਮ ਦਾ ਕੀਤਾ ਅਗਾਜ਼, ਗੁਰੂ ਨਗਰੀ ਦੀ ਸਫਾਈ ਲਈ ਮੁਹਿੰਮ ਲਗਾਤਾਰ ਜਾਰੀ ਰਹੇਗੀ



ਅੰਮ੍ਰਿਤਸਰ, 27 ਅਪ੍ਰੈਲ ( ਬਬਲੂ ਮਹਾਜਨ): ਅੰਮ੍ਰਿਤਸਰ ਪੂਰਬੀ ਦੇ ਵਿਧਾਇਕਾ ਡਾਕਟਰ ਜੀਵਨ ਜੋਤ ਕੌਰ ਨੇ ਅੱਜ ਬੱਸ ਸਟੈਂਡ ਨੇੜੇ ਹੁਸੈਨਪੁਰ ਚੌਕ ਤੋਂ ਸਫਾਈ ਮੁਹਿੰਮ ਦੀ ਸ਼ੁਰੂਆਤ ਕੀਤੀ। ਵਿਧਾਇਕਾ ਨੇ ਕਿਹਾ ਕਿ ਇਹ ਸਫਾਈ ਮੁਹਿੰਮ ਹੁਣ ਲਗਾਤਾਰ ਜਾਰੀ ਰਹੇਗੀ ਅਤੇ ਗੁਰੂ ਨਗਰੀ ਦੀਆਂ ਸੜਕਾਂ ਨੂੰ ਸਾਫ ਕਰਕੇ ਹੀ ਹਟਾਂਗੇ। ਉਨ੍ਹਾਂ ਕਿਹਾ ਕਿ ਅੱਜ ਦੀ ਸਫਾਈ ਮੁਹਿੰਮ ਵਿੱਚ ਕੌਂਸਲਰਾਂ, ਨਗਰ ਨਿਗਮ ਦੇ ਅਧਿਕਾਰੀਆਂ, ਸਫਾਈ ਕਰਮਚਾਰੀਆਂ ਅਤੇ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਨੇ ਪੂਰੇ ਜੋਸ਼ ਨਾਲ ਹਿੱਸਾ ਲਿਆ। ਉਨ੍ਹਾਂ ਕਿਹਾ ਕਿ ਸਫਾਈ ਵਿਵਸਥਾ ਵਿੱਚ ਲੋਕਾਂ ਦਾ ਸਹਿਯੋਗ ਵੀ ਬਹੁਤ ਜ਼ਰੂਰੀ ਹੈ ਅਤੇ ਲੋਕਾਂ ਦੇ ਸਾਥ ਤੋਂ ਬਿਨਾਂ ਸ਼ਹਿਰ ਦੀ ਸਫਾਈ ਰੱਖਣੀ ਅਸੰਭਵ ਹੈ। ਉਨ੍ਹਾਂ ਕਿਹਾ ਕਿ ਗੁਰੂ ਨਗਰੀ ਅੰਮ੍ਰਿਤਸਰ ਦੀ ਸਫ਼ਾਈ ਵਿਵਸਥਾ ਨੂੰ ਪਹਿਲਾਂ ਨਾਲੋਂ ਬਿਹਤਰ ਬਣਾਇਆ ਗਿਆ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਇਸਨੂੰ ਹੋਰ ਵੀ ਬਿਹਤਰ ਬਣਾਇਆ ਜਾਵੇਗਾ।

ਉਹਨਾਂ ਕਿਹਾ ਕਿ ਜੇ ਇੰਦੌਰ ਸ਼ਹਿਰ ਭਾਰਤ ਦਾ ਸਭ ਤੋਂ ਸਾਫ ਸ਼ਹਿਰ ਹੋ ਸਕਦਾ ਹੈ ਤਾਂ ਅੰਮ੍ਰਿਤਸਰ ਕਿਉਂ ਨਹੀਂ। ਉਹਨਾਂ ਕਿਹਾ ਕਿ ਇਹ ਇਕੱਲੀ ਕਾਰਪੋਰੇਸ਼ਨ ਜਾਂ ਨਗਰ ਸੁਧਾਰ ਟਰੱਸਟ ਦਾ ਕੰਮ ਨਹੀਂ , ਇਸ ਵਿੱਚ ਸ਼ਹਿਰ ਵਿੱਚ ਰਹਿਣ ਵਾਲੇ ਅਤੇ ਸ਼ਹਿਰ ਵਿੱਚ ਆਉਣ ਵਾਲੇ ਹਰ ਬਾਸ਼ਿੰਦੇ ਦਾ ਸਾਥ ਚਾਹੀਦਾ ਹੈ ਤਾਂ ਹੀ ਸ਼ਹਿਰ ਦੀਆਂ ਸੜਕਾਂ ਸਾਫ ਸੁਥਰੀਆਂ ਰਹਿ ਸਕਦੀਆਂ ਹਨ।

# ਪਰਜਾਪਤ ਵੈਲਫੇਅਰ ਐਸੋਸੀਏਸ਼ਨ ਦੀਪ ਪੰਜਾਬ ਪੱਧਰ ਦੀ ਮੀਟਿੰਗ ਰਹੀ ਸਫਲ਼

ਅੰਮ੍ਰਿਤਸਰ, 27 ਅਪ੍ਰੈਲ (ਬਬਲੂ ਮਹਾਜਨ) ਪਰਜਾਪਤ ਬਰਾਦਰੀ ਇਤਿਹਾਸਕ ਤੌਰ ਤੇ ਹਮੇਸ਼ਾ ਹਿੰਮਤ ਮਿਹਨਤ ਤੇ ਸਮਰਪਣ ਲਈ ਜਾਣੀ ਜਾਂਦੀ ਹੈ। ਅੱਜ ਪਰਜਾਪਤ ਵੈਲਫੇਅਰ ਐਸੋਸੀਏਸ਼ਨ ਦੇ ਵੱਲੋਂ ਅੰਮ੍ਰਿਤਸਰ ਦੇ ਪ੍ਰੈੱਸ ਕਲੱਬ ਵਿਖੇ ਪੰਜਾਬ ਪੱਧਰ ਦੀ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੇ ਵਿੱਚ ਪੰਜਾਬ ਭਰ ਤੋਂ ਵੱਖ-ਵੱਖ ਜ਼ਿਲਿਆਂ ਤੋਂ ਵੱਡੀ ਗਿਣਤੀ ਵਿੱਚ ਪਰਜਾਪਤ ਬਰਾਦਰੀ ਦੇ ਮੈਂਬਰਾਂ ਨੇ ਭਾਗ ਲਿਆ। ਇਸ ਮੀਟਿੰਗ ਦਾ ਮੁੱਖ ਮਕਸਦ ਪਰਜਾਪਤ ਸਮਾਜ ਦੀ ਏਕਤਾ ਵਿਕਾਸ ਅਤੇ ਭਵਿੱਖ ਰਣਨੀਤੀ ਉੱਤੇ ਚਰਚਾ ਕਰਨ ਨੂੰ ਲੈ ਕੇ ਸੀ। ਇਸ ਮੀਟਿੰਗ ਦੀ ਸ਼ੁਰੂਆਤ ਸੀਨੀਅਰ ਜਰਨਲ ਸਕੱਤਰ ਪੰਜਾਬ ਡਾਕਟਰ ਬਲਬੀਰ ਸਿੰਘ ਲਹਿਰੀ ਵੱਲੋਂ ਕੀਤੀ ਗਈ। ਇਸ ਮੌਕੇ ਤੇ ਉਨਾਂ ਨੇ ਪੰਜਾਬ ਭਰ ਤੋਂ ਪਹੁੰਚੇ ਮੈਂਬਰਾਂ ਦਾ ਸਵਾਗਤ ਕੀਤਾ। ਉਹਨਾਂ ਦੇ ਵੱਲੋਂ ਹਰ ਮੈਂਬਰ ਨੂੰ ਇੱਕ ਦੂਜੇ ਦੇ ਰੂਬਰੂ ਕਰਵਾਇਆ ਗਿਆ। ਇਸ ਮੌਕੇ ਤੇ ਮੁੱਖ ਮਹਿਮਾਨ ਦੇ ਤੌਰ ਤੇ ਅਮਰਜੀਤ ਸਿੰਘ ਨਿੱਝਰ ਚੇਅਰਮੈਨ ਪਰਜਾਪਤ ਵੈਲਫੇਅਰ ਐਸੋਸੀਏਸ਼ਨ ਪੰਜਾਬ ਵੱਲੋਂ ਸੰਬੋਧਨ ਕੀਤਾ ਗਿਆ ਉਹਨਾਂ ਨੇ ਕਿਹਾ ਕਿ ਪਰਜਾਪਤ ਬਰਾਦਰੀ ਇਤਿਹਾਸਕ ਤੌਰ ਤੇ ਹਮੇਸ਼ਾ ਹੀ ਹਿੰਮਤ ਮਿਹਨਤ ਤੇ ਸਮਰਪਣ ਲਈ ਜਾਣੀ ਜਾਂਦੀ ਹੈ ਉਹਨਾਂ ਨੇ ਕਿਹਾ ਕਿ ਸਮੇਂ ਦੀ ਲੋੜ ਹੈ ਕਿ ਅਸੀਂ ਸਿੱਖਿਆ ਅਤੇ ਸਰਕਾਰੀ ਨੌਕਰੀਆਂ ਵਿੱਚ ਹਿੱਸੇਦਾਰੀ। ਇਸ ਮੌਕੇ ਤੇ ਵੱਖ-ਵੱਖ ਬੁਲਾਰਿਆਂ ਦੇ ਵੱਲੋਂ ਸਮਾਜ ਦੇ



ਆਪਣੀ ਨੌਜਵਾਨ ਪੀੜੀ ਅਤੇ ਆਪਣੇ ਸਮਾਜ ਨੂੰ ਇੱਕਜੁੱਟ ਕਰੀਏ। ਇਸ ਮੌਕੇ ਤੇ ਅਸ਼ੋਕ ਮਨੀਲਾ ਪੰਜਾਬ ਪ੍ਰਧਾਨ ਪਰਜਾਪਤ ਵੈਲਫੇਅਰ ਐਸੋਸੀਏਸ਼ਨ ਨੇ ਕਿਹਾ ਕਿ ਸਾਨੂੰ ਆਪਣੇ ਸਮਾਜ ਨੂੰ ਅੱਗੇ ਲੈ ਕੇ ਜਾਣ ਲਈ ਇੱਕਜੁੱਟ ਹੋਣ ਦੀ ਲੋੜ ਹੈ। ਉਹਨਾਂ ਨੇ ਕਿਹਾ ਕਿ ਆਉਣ ਵਾਲੇ ਸਮੇਂ ਦੇ ਵਿੱਚ ਅਸੀਂ ਆਪਣੇ ਸਮਾਜ ਦੇ ਲੋਕਾਂ ਨੂੰ ਜਾਗਰੂਕ ਕਰਾਂਗੇ। ਇਸ ਮੀਟਿੰਗ ਦੇ ਵਿੱਚ ਸਮਾਜ ਦੇ ਵੱਡੇ ਮਸਲਿਆਂ ਉੱਤੇ ਵੀ ਗੰਭੀਰ ਚਰਚਾ ਕੀਤੀ ਗਈ ਜਿਵੇਂ ਕਿ ਬੇਰੋਜ਼ਗਾਰੀ ਪ੍ਰਤੀ ਆਪਣੀਆਂ ਭਾਵਨਾਵਾਂ ਅਤੇ ਚਰਚਾਵਾਂ ਕੀਤੀਆਂ।

ਇਸ ਮੌਕੇ ਤੇ ਅੰਮ੍ਰਿਤਸਰ ਤੋਂ ਸੁਖਪਾਲ ਸਿੰਘ ਨੂੰ ਜ਼ਿਲਾ ਪ੍ਰਧਾਨ ਅੰਮ੍ਰਿਤਸਰ ਅਤੇ ਰਘਬੀਰ ਸਿੰਘ ਜੀ ਨੂੰ ਵਾਈਸ ਪ੍ਰਧਾਨ ਜਿਲ?ਾ ਅੰਮ੍ਰਿਤਸਰ ਅਤੇ ਮੰਗਲ ਸਿੰਘ ਜੀ ਨੂੰ ਜਨਰਲ ਸਕੱਤਰ ਪੰਜਾਬ ਲਗਾਇਆ ਗਿਆ। ਅੰਤ ਦੇ ਸਮਾਪਨ ਕਰਕੇ ਸਾਰੇ ਆਏ ਹੋਏ ਮੈਂਬਰਾਂ ਤੇ ਮਹਿਮਾਨਾਂ ਦਾ ਦਿਲੋਂ ਧੰਨਵਾਦ ਕੀਤਾ ਗਿਆ। ਸਾਰਿਆਂ ਨੇ ਕਿਹਾ ਕਿ ਪਰਜਾਪਤ ਬਰਾਦਰੀ ਦੀ ਅੱਗੇ ਵਧਣ ਲਈ ਅਤੇ ਇੱਕਜੁੱਟ ਰਹਿਣ ਦੇ ਲਈ ਅਤੇ ਸਮਾਜ ਵਿੱਚ ਨਵੀਨਤਾ ਲਿਆਉਣ ਲਈ ਹਮੇਸ਼ਾ ਯਤਨਸ਼ੀਲ ਰਹਿਣਗੇ। ਇਹ ਮੀਟਿੰਗ ਸਿਰਫ ਨਾ ਇੱਕ ਪੰਜਾਬ ਪੱਧਰ ਦੀ ਮੀਟਿੰਗ ਰਹਿ ਕੇ ਸਗੋਂ ਪਰਜਾਪਤ ਬਰਾਦਰੀ ਦੀਆਂ ਨਵੀਆਂ ਉਮੀਦਾਂ ਅਤੇ ਇਰਾਦਿਆਂ ਦੀ ਪ੍ਰਤੀਕ ਸਾਬਤ ਹੋਈ।

ਇਸ ਮੌਕੇ ਤੇ ਅਮਰਜੀਤ ਸਿੰਘ ਨਿਜਰ ਚੇਅਰਮੈਨ ਅਸ਼ੋਕ ਮਨੀਲਾ ਪੰਜਾਬ ਪ੍ਰਧਾਨ ਰਜੀਵ ਕੁਮਾਰ ਸੀਨੀਅਰ ਵਾਈਸ ਪ੍ਰਧਾਨ ਪੰਜਾਬ ਵਿਨੋਦ ਕੁਮਾਰ ਵਾਈਸ ਪ੍ਰਧਾਨ ਪੰਜਾਬ ਡਾਕਟਰ ਬਲਬੀਰ ਸਿੰਘ ਲਹਿਰੀ ਸੀਨੀਅਰ ਜਨਰਲ ਸਕੱਤਰ ਪੰਜਾਬ ਮੰਗਲ ਸਿੰਘ ਜਨਰਲ ਸਕੱਤਰ ਪੰਜਾਬ ਸੁਖਪਾਲ ਸਿੰਘ ਜ਼ਿਲ੍ਹਾ ਪ੍ਰਧਾਨ ਅੰਮ੍ਰਿਤਸਰ ਰਘਬੀਰ ਸਿੰਘ ਜ਼ਿਲ੍ਹਾ ਵਾਈਸ ਪ੍ਰਧਾਨ ਅੰਮ੍ਰਿਤਸਰ ਬਲਜੀਤ ਸਿੰਘ ਪ੍ਰਧਾਨ ਜਿਲਾ ਗੁਰਦਾਸਪੁਰ ਅਤੇ ਅਰਜਨ ਸਿੰਘ ਪਰਵਾਨਾ ਗੁਲਜਾਰ ਸਿੰਘ ਨਰੇਸ਼ ਕੁਮਾਰ ਐਡਵੋਕੇਟ ਰੋਹਿਤ ਕੁਮਾਰ ਪ੍ਰਦੀਪ ਪਰਜਾਪਤੀ ਪਾਰਸ ਕੁਮਾਰ ਸਰਵਣ ਸਿੰਘ ਮਸਾ ਸਿੰਘ ਰਣਜੀਤ ਰਮਣ ਬਲਵਿੰਦਰ ਸਿੰਘ ਸ਼ਰਨਜੀਤ ਸਿੰਘ ਜੋਰਾਵਰ ਸਿੰਘ ਹਰਪ੍ਰੀਤ ਸਿੰਘ ਹਰਪਾਲ ਨਵਾਂ ਸ਼ਹਿਰ ਅਤੇ ਗੁਰਪ੍ਰੀਤ ਸਿੰਘ ਡੱਬ ਮੌਜੂਦ ਸਨ।

# ਬਟਾਲਾ ਡਿਗਰੀ ਕਾਲਜ, ਬੁੱਲੋਵਾਲ ਦਾ ਬੀ.ਏ. ਸਮੈਸਟਰ ਤੀਜਾ ਦਾ ਨਤੀਜਾ ਸ਼ਾਨਦਾਰ ਰਿਹਾ

ਬਟਾਲਾ, 27 ਅਪ੍ਰੈਲ (ਸੁਖਦੇਵ ਸਿੰਘ ਰੰਧਾਵਾ ਬਲਵੀਰ ਸੋਹਲ)- ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਐਲਾਨੇ ਗਏ ਬੀ.ਏ. ਸਮੈਸਟਰ ਤੀਜਾ ਦੇ ਨਤੀਜੇ 'ਚ ਬਟਾਲਾ ਡਿਗਰੀ ਕਾਲਜ, ਬੁੱਲੋਵਾਲ ਦਾ ਨਤੀਜਾ ਸ਼ਾਨਦਾਰ ਰਿਹਾ। ਕਾਲਜ ਦੇ ਚੇਅਰਮੈਨ ਸ: ਬਿਕਰਮਜੀਤ ਸਿੰਘ ਬਾਠ ਨੇ ਦੱਸਿਆ ਕਿ ਕਾਲਜ ਦੇ ਸਾਰੇ ਵਿਦਿਆਰਥੀ ਪਹਿਲੇ ਦਰਜੇ ਵਿੱਚ ਪਾਸ ਹੋਏ ਹਨ। ਉਨ੍ਹਾਂ ਦੱਸਿਆ ਕਿ ਬੀ.ਏ. ਸਮੈਸਟਰ ਤੀਜਾ ਵਿੱਚ ਰਜਨੀਸ਼ ਕੌਰ ਨੇ 8.19 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਕਾਲਜ ਦਾ ਨਾਂਅ ਰੌਸ਼ਨ ਕੀਤਾ ਹੈ । ਇਸੇ ਤਰ੍ਹਾਂ ਰਾਜਵਿੰਦਰ ਕੌਰ ਨੇ 7.86 ਅੰਕ ਪ੍ਰਾਪਤ ਕਰਕੇ ਦੂਜਾ ਅਤੇ ਨਵਨੀਤ ਕੌਰ ਨੇ 7.76 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਿਲ ਕਰਕੇ ਕਾਲਜ ਦਾ ਮਾਣ ਵਧਾਇਆ । ਇਸ ਤੋਂ ਇਲਾਵਾ ਮਨਪ੍ਰੀਤ ਕੌਰ ਨੇ 7.57 ਅੰਕ ਪ੍ਰਾਪਤ ਕਰਕੇ ਚੌਥਾ, ਹਰਕਮਲਪ੍ਰੀਤ ਸਿੰਘ ਨੇ 6.81 ਅੰਕ ਪ੍ਰਾਪਤ ਕਰਕੇ ਪੰਜਵਾਂ ਅਤੇ ਪੂਜਾ ਤੇ ਕੋਮਲ ਰਾਣੀ ਨੇ 6.48 ਅੰਕ ਪ੍ਰਾਪਤ ਕਰਕੇ ਛੇਵਾਂ ਸਥਾਨ ਹਾਸਿਲ ਕੀਤਾ। ਇਸ ਮੌਕੇ 'ਤੇ ਕਾਲਜ ਚੇਅਰਮੈਨ ਸ: ਬਿਕਰਮਜੀਤ ਸਿੰਘ ਬਾਠ ਨੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੰਦੇ ਹੋਏ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਕਿਹਾ ਕਿ ਕਾਲਜ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਮਾਨਤਾ ਪ੍ਰਾਪਤ ਕੋਰਸ ਬੀ.ਏ., ਬੀ.ਐਸ.ਸੀ. (ਇਕਨਾਮਿਕਸ), ਬੀ. ਸੀ. ਏ., ਡਿਪਲੋਮਾ ਇੰਨ ਕੰਪਿਊਟਰ ਐਪਲੀਕੇਸ਼ਨਜ਼, ਡਿਪਲੋਮਾ ਇੰਨ ਕਾਮਮੇਟੋਲੋਜੀ ਦਾ ਦਾਖ਼ਲਾ ਚੱਲ ਰਿਹਾ ਹੈ । ਕਾਲਜ ਵਿੱਚ ਦਾਖਲਾ ਲੈਣ ਲਈ ਵਿਦਿਆਰਥੀਆਂ ਅੰਦਰ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ । ਉਨ੍ਹਾਂ ਕਿਹਾ ਕਿ ਕਾਲਜ ਕੈਂਪਸ ਵਿੱਚ ਵਿਦਿਆਰਥੀਆਂ ਦੀ ਸਹੂਲਤ ਲਈ ਮਲਟੀਮੀਡੀਆ ਡਿਜੀਟਲ ਲਾਇਬ੍ਰੇਰੀ, ਟੈਕਨਾਲੋਜੀ ਲੈਬ, ਮੈਥ ਲੈਬ, ਸਾਇੰਸ ਲੈਬਾਂ, ਸਾਇਕੋਲੋਜੀ ਲੈਬ, ਮਿਊਜਿਕ ਰੂਮ, ਆਰਟ ਰੂਮ, ਖੁੱਲੇ ਹਵਾਦਾਰ ਕਮਰੇ, ਆਧੁਨਿਕ ਕੰਪਿਊਟਰ ਲੈਬ ਅਤੇ ਨਾਲ ਹੀ ਵਾਈ-ਫਾਈ ਤੇ ਇੰਟਰਨੈਟ ਦੀਆਂ ਸਹੂਲਤਾਂ ਵੀ ਮੌਜੂਦ ਹਨ । ਕਾਲਜ ਵਿੱਚ ਵਿਦਿਆਰਥੀਆਂ ਨੂੰ ਅਧਿਆਪਕਾਂ ਦੁਆਰਾ ਆਧੁਨਿਕ ਤਕਨੀਕਾਂ ਰਾਹੀਂ ਸਿੱਖਿਆ ਦੇਣ ਦੇ ਨਾਲ-ਨਾਲ ਜੀਵਨਜਾਂਚ ਦਾ ਢੰਗ ਵੀ ਸਿਖਾਇਆ ਜਾਂਦਾ ਹੈ । ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ, ਵਾਈਸ ਪ੍ਰਿੰਸੀਪਲ ਪ੍ਰੋ: ਰਾਜਬੀਰ ਕੌਰ, ਕੋਆਰਡੀਨੇਟਰ ਧਿਆਨ ਸਿੰਘ, ਪ੍ਰੋ: ਸੁਖਜੀਤ ਕੌਰ, ਪ੍ਰੋ: ਗੁਰਪਿੰਦਰ ਕੌਰ, ਪ੍ਰੋ: ਪਰਦੀਪ ਕੌਰ, ਪ੍ਰੋ: ਗੁਰਵਿੰਦਰ ਕੌਰ, ਪ੍ਰੋ: ਗੁਰਪ੍ਰੀਤ ਕੌਰ, ਪ੍ਰੋ: ਮੀਨੂੰ ਚਾਵਲਾ, ਪ੍ਰੋ: ਪ੍ਰਭਜੀਤ ਕੌਰ, ਮੈਡਮ ਪਰਮਜੀਤ ਕੌਰ, ਮਿਸਟਰ ਅਮਨ ਸ਼ਰਮਾ ਅਤੇ ਮਿਸਟਰ ਹਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਭਗਤਾਂ ਵਾਲਾ ਦਾਨਾ ਮੰਡੀ ਵਿੱਚੋਂ ਦੋ ਦਿਨਾਂ ਦੇ ਅੰਦਰ-ਅੰਦਰ ਲ਼ਿਫਟਿੰਗ ਕਰਾਉਣ ਦੀ ਧਾਲੀਵਾਲ ਨੇ ਕੀਤੀ ਹਦਾਇਤ, ਮੰਡੀ ਵਿੱਚ ਦੋ ਹੋਰ ਵੱਡੇ ਸ਼ੈਡ ਲਗਾਏ ਜਾਣਗੇ : ਧਾਲੀਵਾਲ

ਅੰਮ੍ਰਿਤਸਰ, 27 ਅਪ੍ਰੈਲ (ਬਬਲੂ ਮਹਾਜਨ): ਕੈਬਨਿਟ ਮੰਤਰੀ ਸ ਕੁਲਦੀਪ ਸਿੰਘ ਧਾਲੀਵਾਲ ਅੱਜ ਅੰਮ੍ਰਿਤਸਰ ਦੀ ਵੱਡੀ ਦਾਣਾ ਮੰਡੀ ਭਗਤਾਂ ਵਾਲਾ ਅਤੇ ਰਾਜਾਸਾਂਸੀ ਵਿਖੇ ਕਣਕ ਦੀ ਖਰੀਦ ਦਾ ਜਾਇਜ਼ਾ ਲੈਣ ਲਈ ਵਿਸ਼ੇਸ਼ ਤੌਰ 'ਤੇ ਪੁੱਜੇ। ਉਹਨਾਂ ਨੇ ਇਸ ਮੌਕੇ ਖਰੀਦ ਦਾ ਜਾਇਜ਼ਾ ਲਿਆ ਅਤੇ ਲਿਫਟਿੰਗ ਵਿੱਚ ਹੋ ਰਹੀ ਢਿੱਲ ਨੂੰ ਗੰਭੀਰਤਾ ਨਾਲ ਲੈਂਦੇ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਦੋ ਦਿਨਾਂ ਦੇ ਅੰਦਰ ਅੰਦਰ ਕਣਕ ਦੀ ਲਿਫਟਿੰਗ ਯਕੀਨੀ ਬਣਾਉਣ। ਉਹਨਾਂ ਕਿਹਾ ਕਿ ਕਣਕ ਦਾ ਸੀਜਨ ਥੋੜ੍ਹੇ ਦਿਨਾਂ ਦਾ ਹੁੰਦਾ ਹੈ, ਕਈ ਵਾਰ ਜਦ ਲਿਫਟਿੰਗ ਨਹੀਂ ਹੁੰਦੀ ਤਾਂ ਆੜ੍ਹਤੀਏ ਵਪਾਰੀਆਂ ਨੂੰ ਮਾਲ ਚੁਕਾ ਦਿੰਦੇ ਹਨ। ਇਹੀ ਕੁਝ ਭਗਤਾਂ ਵਾਲਾ ਦਾਨਾ ਮੰਡੀ ਵਿੱਚ ਹੋ ਰਿਹਾ ਹੈ। ਇੱਥੇ ਸਰਕਾਰੀ ਖਰੀਦ ਦੇ ਮੁਕਾਬਲੇ ਪ੍ਰਾਈਵੇਟ ਖਰੀਦ ਲਗਾਤਾਰ ਵੱਧ ਰਹੀ ਹੈ, ਪਰ ਸਾਡੀ ਕੋਸ਼ਿਸ਼ ਹੈ ਕਿ ਪ੍ਰਾਈਵੇਟ ਏਜੰਸੀਆਂ ਦੇ ਨਾਲ ਨਾਲ ਸਰਕਾਰੀ ਖਰੀਦ ਵੀ ਕੀਤੀ ਜਾਵੇ, ਉਹ ਤਾਂ ਹੀ ਸੰਭਵ ਹੈ ਜੇਕਰ ਲਿਫਟਿੰਗ ਨਾਲੋ ਨਾਲ ਯਕੀਨੀ ਬਣਾਈ ਜਾਵੇਗੀ । ਉਹਨਾਂ ਨੇ ਟੈਂਡਰਾਂ ਦੀਆਂ ਸ਼ਰਤਾਂ ਨਾ ਪੂਰੀ ਕਰਨ ਵਾਲੇ ਟੈਂਡਰਕਾਰ ਨੂੰ ਬਲੈਕ ਲਿਸਟ ਕਰਨ ਦੀ ਹਦਾਇਤ ਵੀ ਕੀਤੀ ।

ਭਗਤਾਂ ਵਾਲਾ ਦਾਨਾ ਮੰਡੀ ਵਿੱਚ ਖੁੱਲ੍ਹੇ ਵਿੱਚ ਪਈ ਕਣਕ ਦਾ ਨੋਟਿਸ ਲੈਂਦੇ ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਸੀਜਨ ਤੋਂ ਬਾਅਦ ਮੰਡੀ ਵਿੱਚ ਦੋ ਵੱਡੇ ਸ਼ੈਡ ਬਣਾਏ ਜਾਣਗੇ ਤਾਂ ਜੋ ਫਸਲ ਮੀਂਹ ਕਣੀ ਦੇ ਵਿੱਚ ਖਰਾਬ ਨਾ ਹੋਵੇ। ਉਹਨਾਂ ਕਿਹਾ ਕਿ ਮੰਡੀਆਂ ਵਿੱਚ ਅਜਿਹੇ ਪ੍ਰਬੰਧ ਯਕੀਨੀ ਬਣਾਏ ਜਾਣਗੇ ਜੋ ਕਿ ਕਿਸਾਨਾਂ, ਮਜ਼ਦੂਰਾਂ ਅਤੇ ਆੜਤੀਆਂ ਨੂੰ ਲੋੜੀਂਦੇ ਹਨ। ਇਸ ਤੋਂ ਬਾਅਦ ਉਹਨਾਂ ਰਾਜਾਸਾਂਸੀ ਦਾਨਾ ਮੰਡੀ ਦਾ ਵੀ ਜਾਇਜ਼ਾ ਲਿਆ ਅਤੇ ਚੱਲ ਰਹੀ ਖਰੀਦ ਉੱਤੇ ਤਸੱਲੀ ਪ੍ਰਗਟਾਉਂਦਿਆਂ ਲਿਫਟਿੰਗ ਵਿੱਚ ਤੇਜ਼ੀ ਲਿਆਉਣ ਦੀ ਹਦਾਇਤ ਕੀਤੀ। ਇਸ ਮੌਕੇ ਜ਼ਿਲ੍ਹਾ ਮੰਡੀ ਅਫਸਰ ਸ. ਅਮਨਦੀਪ ਸਿੰਘ , ਜਿਲਾ ਖੁਰਾਕ ਅਧਿਕਾਰੀ ਸ ਅਮਨਜੀਤ ਸਿੰਘ ਸੰਧੂ ਅਤੇ ਵੱਖ ਵੱਖ



ਖਰੀਦ ਏਜੰਸੀਆਂ ਦੇ ਅਧਿਕਾਰੀ ਵੀ ਉਹਨਾਂ ਦੇ ਨਾਲ ਸਨ।

# ਅਪਥੈਲਮਿਕ ਆਫਿਸਰ ਐਸੋਸੀਏਸ਼ਨ ਦੀ ਚੋਣ ਵਿੱਚ ਡਾ. ਹਰਨਰਾਇਣ ਸਿੰਘ ਸੂਬਾ ਪ੍ਰਧਾਨ ਚੁਣੇ ਗਏ

ਫਤਿਹਗੜ੍ਹ ਸਾਹਿਬ, 27 ਅਪ੍ਰੈਲ (ਹਰਪ੍ਰੀਤ ਕੌਰ ਟਿਵਾਣਾ) : ਅਪਥੈਲਮਿਕ ਆਫਿਸਰ ਐਸੋਸੀਏਸ਼ਨ



ਦਾ ਪੁਨਰਗਠਨ ਕਰਦਿਆਂ ਹੋਇਆਂ ਡਾ. ਹਰਨਰਾਇਣ ਸਿੰਘ ਸੂਬਾ ਪ੍ਰਧਾਨ ਚੁਣੇ ਗਏ, ਜਦੋਂਕਿ ਬਾਕੀ ਅਹੁਦੇਦਾਰਾਂ ਵਿੱਚ ਚੇਅਰਮੈਨ ਡਾ. ਹਰਪਾਲ ਸਿੰਘ, ਜਰਨਲ ਸਕੱਤਰ ਡਾ. ਰੋਹਿਤ ਸ਼ਰਮਾ, ਡਾ.ਕੁਨਾਲ ਥਰੇਜਾ, ਖਜਾਨਚੀ ਡਾ. ਅਵਤਾਰ ਸਿੰਘ, ਮੀਤ ਪ੍ਰਧਾਨ ਡਾ. ਪ੍ਰਦੀਪ ਸਿੰਘ, ਪ੍ਰੈਸ ਸਕੱਤਰ ਡਾ. ਸੋਨਮ, ਡਾ. ਸੰਜੇ ਮੈਨਨ, ਸਲਾਹਕਾਰ ਡਾ. ਜਰਨੈਲ ਸਿੰਘ, ਡਾ.ਪਰਮਿੰਦਰ ਸਿੰਘ, ਡਾ. ਮੋਹਨਜੀਤ ਸਿੰਘ, ਡਾ. ਅਮਨਜੋਤ ਕੌਰ, ਸੂਬਾ ਮੈਂਬਰ ਡਾ. ਸਵਾਨੀ ਸ਼ਰਮਾ, ਡਾ. ਕੁਲਦੀਪ ਕੌਰ, ਡਾ. ਅਰਸ਼ਦੀਪ ਸਿੰਘ, ਡਾ. ਰਪਿੰਦਰ ਸਿੰਘ, ਡਾ.ਮਨਸੁੱਖ ਸਿੰਘ, ਡਾ. ਪੁਨੀਤ ਸ਼ਰਮਾ, ਡਾ. ਸਰਬਜੀਤ ਕੁਮਾਰ ਦੀ ਚੋਣ ਕੀਤੀ ਗਈ।

ਇਸ ਮੌਕੇ ਡਾਕਟਰ ਹਰਪਾਲ ਸਿੰਘ, ਡਾਕਟਰ ਮੋਹਨਜੀਤ ਸਿੰਘ, ਡਾਕਟਰ ਜਰਨੈਲ ਸਿੰਘ ਤੇ ਡਾਕਟਰ ਪਰਮਿੰਦਰ ਸਿੰਘ ਦੇਖ ਰੇਖ ਵਿੱਚ ਨਵੀਂ ਐਸੋਸੀਏਸ਼ਨ ਦੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ ।

ਇਸ ਮੀਟਿੰਗ ਵਿੱਚ ਰਣਦੀਪ ਸਿੰਘ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਸ਼ੇਸ਼ ਤੌਰ 'ਤੇ ਪਹੁੰਚੇ।

ਇਸ ਮੌਕੇ ਨਵੀਂ ਚੁਣੀ ਅਪਥੈਲਮਿਕ ਐਸੋਸੀਏਸ਼ਨ ਟੀਮ ਨੇ ਕੇਡਰ ਨੂੰ ਵਿਸ਼ਵਾਸ ਦਿਵਾਇਆ ਕਿ ਕੇਡਰ ਦੀ ਭਲਾਈ ਲਈ ਦਿਨ ਰਾਤ ਇੱਕ ਕਰਕੇ ਮਿਹਨਤ ਕੀਤੀ ਜਾਵੇਗੀ ਤੇ ਕੇਡਰ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਨੂੰ ਪ੍ਰਵਾਨ ਕਰਵਾਉਣ ਲਈ ਸਰਕਾਰ ਨੂੰ ਮੈਮੋਰੰਡਮ ਦਿੱਤੇ ਜਾਣਗੇ।


### ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਦੀ ਜ਼ਿੰਮੇਵਾਰੀ ਸਾਡੀ ਨਹੀਂ ਹੋਵੇਗੀ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।
-ਇਸ਼ਤਿਹਾਰ ਮੈਨੇਜਰ



### ਡਾਇਰੈਕਟੋਰੇਟ ਪੰਜਾਬ ਸਟੇਟ ਲਾਟਰੀਜ਼

ਡਰਾਅ ਸਮਾਂ : ਸ਼ਾਮ 06:00 ਵਜੇ ਤੋਂ — ਡਰਾਅ ਮਿਤੀ : 27.04.2025
ਪੰਜਾਬ ਸਟੇਟ ਡੀਅਰ 10 ਆਇਰਨ ਐਤਵਾਰ ਹਫ਼ਤਾਵਾਰੀ ਲਾਟਰੀ ਦਾ ਨਤੀਜਾ
**ਮੁੱਲ ਰੁਪਏ 10/- ਪ੍ਰਤੀ ਟਿਕਟ**

ਪਹਿਲੇ ਇਨਾਮ ਦੀ ਰਾਸ਼ੀ (10) ਰੁਪਏ 10,000/-, ਸਾਰੀਆਂ ਲੜੀਆਂ ਲਈ ਸਾਂਝੀ (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ.500/-, ਕੁੱਲ ਇਨਾਮੀ ਰਾਸ਼ੀ ਰੁ. 10,500/- ਹਰੇਕ)
**8645**

ਦੂਜੇ ਇਨਾਮ ਦੀ ਰਾਸ਼ੀ (10) ਰੁਪਏ 2,000/-, ਸਾਰੀਆਂ ਲੜੀਆਂ ਲਈ ਸਾਂਝੀ (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ.200/-, ਕੁੱਲ ਇਨਾਮੀ ਰਾਸ਼ੀ ਰੁ. 2200/- ਹਰੇਕ)
**5135**

ਤੀਜੇ ਇਨਾਮ ਦੀ ਰਾਸ਼ੀ (100) ਰੁਪਏ 500/-, ਸਾਰੀਆਂ ਲੜੀਆਂ ਲਈ ਸਾਂਝੀ (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ.50/-, ਕੁੱਲ ਇਨਾਮੀ ਰਾਸ਼ੀ ਰੁ. 550/- ਹਰੇਕ)

| | | | | | | | | | |
|---|---|---|---|---|---|---|---|---|---|
| 0402 | 0447 | 0528 | 0959 | 1884 | 1998 | 2551 | 6136 | 8401 | 8824 |

ਚੌਥੇ ਇਨਾਮ ਦੀ ਰਾਸ਼ੀ (100) ਰੁਪਏ 200/-, ਸਾਰੀਆਂ ਲੜੀਆਂ ਲਈ ਸਾਂਝੀ (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ.20/-, ਕੁੱਲ ਇਨਾਮੀ ਰਾਸ਼ੀ ਰੁ. 220/- ਹਰੇਕ)

| | | | | | | | | | |
|---|---|---|---|---|---|---|---|---|---|
| 1484 | 2539 | 4084 | 4273 | 4304 | 5238 | 6260 | 8285 | 9212 | 9995 |

ਪੰਜਵੇਂ ਇਨਾਮ ਦੀ ਰਾਸ਼ੀ (2000) ਰੁਪਏ 100/-, ਸਾਰੀਆਂ ਲੜੀਆਂ ਲਈ ਸਾਂਝੀ (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ.10/-, ਕੁੱਲ ਇਨਾਮੀ ਰਾਸ਼ੀ ਰੁ. 110/- ਹਰੇਕ)

| | | | | | | | | | |
|---|---|---|---|---|---|---|---|---|---|
| 0003 | 0073 | 0083 | 0140 | 0273 | 0324 | 0370 | 0392 | 0468 | 0508 |
| 0567 | 0598 | 0631 | 0732 | 0947 | 0948 | 0983 | 1054 | 1178 | 1187 |
| 1205 | 1250 | 1305 | 1400 | 1541 | 1558 | 1594 | 1598 | 1601 | 1720 |
| 1725 | 1749 | 1780 | 1802 | 1808 | 1825 | 1924 | 1932 | 1934 | 1950 |
| 1966 | 2032 | 2056 | 2074 | 2207 | 2211 | 2326 | 2502 | 2543 | 2620 |
| 2740 | 2774 | 2939 | 3014 | 3038 | 3053 | 3065 | 3165 | 3174 | 3203 |
| 3260 | 3362 | 3391 | 3402 | 3572 | 3597 | 3647 | 3659 | 3708 | 3729 |
| 3759 | 3768 | 3770 | 3775 | 3779 | 3891 | 3924 | 3968 | 3995 | 4011 |
| 4014 | 4054 | 4113 | 4207 | 4411 | 4442 | 4472 | 4474 | 4506 | 4541 |
| 4649 | 4656 | 4723 | 4740 | 4744 | 4755 | 4766 | 4795 | 4916 | 4979 |
| 5006 | 5044 | 5190 | 5294 | 5308 | 5319 | 5321 | 5374 | 5391 | 5486 |
| 5501 | 5545 | 5570 | 5605 | 5613 | 5618 | 5639 | 5934 | 5973 | 6070 |
| 6225 | 6317 | 6327 | 6494 | 6563 | 6593 | 6648 | 6668 | 6709 | 6749 |
| 6785 | 6825 | 6965 | 7033 | 7093 | 7139 | 7178 | 7225 | 7250 | 7298 |
| 7337 | 7464 | 7474 | 7575 | 7631 | 7686 | 7735 | 7786 | 7788 | 7872 |
| 7976 | 8053 | 8062 | 8077 | 8139 | 8212 | 8229 | 8334 | 8342 | 8385 |
| 8480 | 8493 | 8524 | 8551 | 8750 | 8815 | 8816 | 8830 | 8844 | 8869 |
| 8886 | 8900 | 8920 | 8961 | 8977 | 8981 | 8996 | 8999 | 9031 | 9094 |
| 9102 | 9126 | 9138 | 9245 | 9276 | 9281 | 9331 | 9394 | 9397 | 9400 |
| 9432 | 9470 | 9602 | 9643 | 9673 | 9729 | 9750 | 9793 | 9853 | 9895 |

ਜਾਰੀ ਕਰਤਾ ਡਾਇਰੈਕਟੋਰੇਟ ਪੰਜਾਬ ਸਟੇਟ ਲਾਟਰੀਜ਼
ਕਿਰਪਾ ਕਰਕੇ ਅੰਤਿਮ ਨਤੀਜਾ ਅਧਿਕਾਰਤ ਗਜ਼ਟ ਅਧਿਸੂਚਨਾ ਤੋਂ ਪੜਤਾਲ ਲਓ
RO. No. PR-Advt. No. 26/11/187/2023/43623/Dated CHD 4.17.2025



### ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-1)
ਦੂਜੀ ਮੰਜ਼ਿਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ

ਮਾਮਲਾ ਨੰ. : ਓਏ/231/2021
ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਧੀਨ ਸੰਮਨ
ਈਐਕਸਐਚ ਨੰ. : 26340
ਪੰਜਾਬ ਨੈਸ਼ਨਲ ਬੈਂਕ (ਓਰੀਐਂਟਲ ਬੈਂਕ ਆਫ ਕਾਮਰਸ)
ਬਨਾਮ
ਪਰਸ਼ੋਤਮ ਸਿੰਘ
ਵੱਲ,
1) ਪਰਸ਼ੋਤਮ ਸਿੰਘ ਸਪੁੱਤਰੀ/ਸੁਪਤਨੀ/ਸਪੁੱਤਰ/ਹੋਰ-ਸਪੁੱਤਰ ਸ੍ਰੀ ਗੁਰਦਿਆਲ ਸਿੰਘ ਵਾਸੀ ਮਕਾਨ ਨੰ. 126, ਪਿੰਡ ਹਕੀਮਪੁਰ, ਤਹਿਸੀਲ ਅਤੇ ਜ਼ਿਲ੍ਹਾ ਗੁਰਦਾਸਪੁਰ, ਗੁਰਦਾਸਪੁਰ, ਪੰਜਾਬ।
2) ਹਰਵਿੰਦਰ ਕੌਰ ਸੁਪਤਨੀ ਸ੍ਰੀ ਪਰਸ਼ੋਤਮ ਸਿੰਘ ਵਾਸੀ ਮਕਾਨ ਨੰ. 126, ਪਿੰਡ ਹਕੀਮਪੁਰ, ਤਹਿਸੀਲ ਅਤੇ ਜ਼ਿਲ੍ਹਾ ਗੁਰਦਾਸਪੁਰ, ਗੁਰਦਾਸਪੁਰ, ਪੰਜਾਬ।
ਸੰਮਨ
ਜਿਥੇ ਕਿ, ਓ.ਏ./231/2021, 17.01.2025 ਨੂੰ ਮਾਨਯੋਗ ਪ੍ਰਧਾਨਗੀ ਅਧਿਕਾਰੀ/ਰਜਿਸਟਰਾਰ ਕੋਲ ਸੂਚੀਬੱਧ ਸੀ।
ਜਿਥੇ ਕਿ, ਇਸ ਮਾਨਯੋਗ ਟ੍ਰਿਬਿਊਨਲ ਵੱਲੋਂ ਰੁ. 25,26,686/- ਦੇ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਖਿਲਾਫ ਦਾਇਰ (ਓ. ਏ.) ਕਾਨੂੰਨ ਦੀ ਧਾਰਾ 19 (4) ਦੇ ਅਧੀਨ ਦਰਸਾਈ ਅਰਜ਼ੀ 'ਤੇ ਸੰਮਨ/ਸੂਚਨਾ ਜਾਰੀ ਕੀਤੀ ਜਾ ਰਹੀ ਹੈ। (ਦਸਤਾਵੇਜ਼ਾਂ ਆਦਿ ਦੇ ਉਤਾਰੇ ਸਮੇਤ ਅਰਜ਼ੀ ਨੱਥੀ)।
ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੀ ਨਿਰੰਤਰਤਾ ਵਿਚ ਤੁਹਾਨੂੰ, ਡਿਫੈਂਡੈਂਟਸ ਨੂੰ ਨਿਮਨ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ :-
(1) ਸੰਮਨ ਦੀ ਤਾਮੀਲ ਤੋਂ ਤੀਹ ਦਿਨਾਂ ਦੇ ਅੰਦਰ ਕਾਰਨ ਦੱਸਣਾ ਕਿ ਬਿਨੈ ਕੀਤੀ ਰਾਹਤ ਕਿਉਂ ਪ੍ਰਵਾਨ ਨਾ ਕੀਤੀ ਜਾਵੇ;
(2) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਸੰਪੱਤੀਆਂ ਅਤੇ ਅਸਾਸਿਆਂ ਨਾਲੋਂ ਹੋਰ ਸੰਪੱਤੀਆਂ ਜਾਂ ਅਸਾਸਿਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ;
(3) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਖੁਲਾਸਾ ਕੀਤੀਆਂ, ਲੰਬਿਤ ਸੁਣਵਾਈ ਵਾਲੀਆਂ ਸੁਰੱਖਿਅਤ ਸੰਪੱਤੀਆਂ ਜਾਂ ਅਜਿਹੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਸੌਦੇਬਾਜ਼ੀ ਜਾਂ ਨਿਪਟਾਰਾ ਕਰਨ ਅਤੇ ਸੰਪੱਤੀਆਂ ਨੂੰ ਜੋੜਨ ਲਈ ਅਰਜ਼ੀ ਦਾ ਨਿਪਟਾਰਾ ਕਰਨ ਤੋਂ ਰੋਕ ਲਗਾਈ ਜਾਂਦੀ ਹੈ;
(4) ਤੁਸੀਂ ਟ੍ਰਿਬਿਊਨਲ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਤਹਿਤ ਦਰਸਾਏ ਜਾਂ ਨਿਪਟਾਰਾ ਕੀਤੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਅਤੇ/ਜਾਂ ਅਸਾਸੇ ਜਿਨ੍ਹਾਂ ਉਪਰ ਸੁਰੱਖਿਆ ਵਿਆਜ ਦਾ ਨਿਰਮਾਣ ਕੀਤਾ ਗਿਆ ਹੈ, ਵਿਚੋਂ ਕਿਸੇ ਦਾ ਵੀ ਵਪਾਰ ਦੇ ਸਧਾਰਨ ਢੰਗ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।
(5) ਤੁਸੀਂ ਵਪਾਰ ਦੇ ਸਧਾਰਨ ਢੰਗ ਵਿਚ ਸੁਰੱਖਿਅਤ ਅਸਾਸਿਆਂ ਜਾਂ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਵਿਕਰੀ ਵਸੂਲੀ ਦੇ ਲਈ ਲੇਖਾ ਰੱਖਣ ਲਈ ਜੁਆਬਦੇਹ ਹੋ ਅਤੇ ਅਜਿਹੀ ਵਿਕਰੀ ਵਸੂਲੀ ਨੂੰ ਬੈਂਕ ਜਾਂ ਅਜਿਹੇ ਅਸਾਸਿਆਂ ਉਪਰ ਸੁਰੱਖਿਆ ਵਿਆਜ ਦੀਆਂ ਧਾਰਕ ਵਿੱਤੀ ਸੰਸਥਾਵਾਂ ਕੋਲ ਰੱਖੇ ਖਾਤੇ ਵਿਚ ਜਮ੍ਹਾਂ ਕਰਵਾਓਗੇ।
ਤੁਹਾਨੂੰ ਇਹ ਵੀ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਬਿਨੈਕਾਰ ਨੂੰ ਲਿਖਤੀ ਬਿਆਨ ਉਤਾਰੇ ਸਮੇਤ ਦਰਜ ਕਰਵਾਓ ਅਤੇ 01.05.2025 ਨੂੰ ਸਵੇਰੇ 10.30 ਵਜੇ ਸਹਾਇਕ ਰਜਿਸਟਰਾਰ ਕੋਲ ਪੇਸ਼ ਹੋਵੋ, ਜਿਸ ਤੋਂ ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਅਤੇ ਫੈਸਲਾ ਤੁਹਾਡੀ ਗੈਰ ਹਾਜ਼ਰੀ ਵਿਚ ਲੈ ਲਿਆ ਜਾਵੇਗਾ।
ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਮਿਤੀ 22.01.2025 ਨੂੰ ਜਾਰੀ।
ਸੰਮਨ ਜਾਰੀ ਕਰਨ ਲਈ ਅਧਿਕਾਰਤ ਅਧਿਕਾਰੀ ਦੇ ਹਸਤਾਖਰ

# ਮਨੀਪੁਰ 'ਚ ਹਿੰਸਾ ਰੋਕਣ ਲਈ ਕੋਸ਼ਿਸ਼ਾਂ ਜਾਰੀ

ਸੁਰੱਖਿਆ ਬਲਾਂ ਨੇ ਪਿਛਲੇ ਦਿਨੀ ਮਨੀਪੁਰ ਦੇ ਤਿੰਨ ਜ਼ਿਲ੍ਹਿਆਂ ਵਿਚੋਂ ਜਬਰਨ ਵਸੂਲੀ ਦੇ ਮਾਮਲੇ 'ਚ ਪਾਬੰਦੀਸ਼ੁਦਾ ਸੰਗਠਨ ਦੇ ਦੋ ਮੈਂਬਰਾਂ ਸਮੇਤ ਤਿੰਨ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਦੱਸਿਆ ਕਿ ਪਾਬੰਦੀਸ਼ੁਦਾ ਕਾਂਗਲੀਪਾਕ ਕਮਿਊਨਿਸਟ ਪਾਰਟੀ (ਕੇਸੀਪੀ) ਦੇ ਇਕ ਮੈਂਬਰ ਨੂੰ ਇੰਫਾਲ ਪੱਛਮ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਕਾਂਗਪੋਕਪੀ ਤੋਂ ਗ੍ਰਿਫ਼ਤਾਰ ਵਿਅਕਤੀ 'ਤੇ ਟਰੱਕ ਡਰਾਈਵਰਾਂ ਤੋਂ ਜਬਰੀ ਵਸੂਲੀ ਕਰਨ ਦਾ ਇਲਜ਼ਾਮ ਹੈ। ਇਸ ਦੌਰਾਨ ਇੰਫਾਲ ਪੱਛਮੀ ਜ਼ਿਲ੍ਹੇ ਵਿਚ ਕੁਝ ਬਦਮਾਸ਼ਾਂ ਨੇ ਅਨਾਥ ਆਸ਼ਰਮ 'ਤੇ ਵੀ ਹਮਲਾ ਕੀਤਾ। ਪਿਛਲੇ ਦਿਨੀ ਮਨੀਪੁਰ 'ਚ ਸ਼ਾਂਤੀ ਕਾਇਮ ਕਰਨ ਦੀਆਂ ਯੋਜਨਾਵਾਂ ਤਹਿਤ ਕੇਂਦਰ ਸਰਕਾਰ ਦੀ ਪਹਿਲ 'ਤੇ ਨਵੀ ਦਿੱਲੀ ਵਿਚ ਮੈਤੇਈ ਅਤੇ ਕੁਕੀ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ ਗਈ। ਗ੍ਰਹਿ ਮੰਤਰਾਲੇ ਵੱਲੋਂ ਕਰਵਾਈ ਗਈ ਕਰੀਬ ਪੰਜ ਘੰਟੇ ਚੱਲੀ ਇਸ ਬੈਠਕ ਵਿਚ ਕੇਂਦਰ ਸਰਕਾਰ ਦੇ ਵਾਰਤਾਕਾਰ ਏਕੇ ਮਿਸ਼ਰ ਸਣੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ। ਮਿਸ਼ਰ ਇਸ ਤੋਂ ਪਹਿਲਾਂ ਮਨੀਪੁਰ 'ਚ ਦੋਵਾਂ ਫ਼ਿਰਕਿਆਂ ਦੇ ਨੁਮਾਇੰਦਿਆਂ ਨਾਲ ਵੱਖ-ਵੱਖ ਬੈਠਕ ਕਰ ਚੁੱਕੇ ਹਨ। ਬੈਠਕ ਵਿਚ ਸੂਬੇ ਵਿਚ ਅਮਨ-ਕਾਨੂੰਨ ਦੀ ਸਥਿਤੀ ਕਾਇਮ ਕਰਨ ਦੇ ਨਾਲ-ਨਾਲ ਦੋਵਾਂ ਫ਼ਿਰਕਿਆਂ ਵਿਚ ਭਰੋਸਾ ਤੇ ਸਹਿਯੋਗ ਵਧਾਉਣ 'ਤੇ ਵੀ ਜ਼ੋਰ ਦਿੱਤਾ ਗਿਆ। ਪਹਿਲੀ ਵਾਰ ਗੱਲਬਾਤ ਵਿਚ ਦੋਵਾਂ ਧਿਰਾਂ ਨੇ ਆਪੋ-ਆਪਣੇ ਮੁੱਦੇ ਇਕ ਦੂਜੇ ਦੇ ਸਾਹਮਣੇ ਰੱਖੇ। ਕੁਕੀਆਂ ਵੱਲੋਂ ਮੁੱਖ ਤੌਰ 'ਤੇ ਵੱਖ ਸੂਬੇ ਦੀ ਮੰਗ ਤੇ ਕੁਕੀ ਬਹੁ ਗਿਣਤੀ ਵਾਲੇ ਇਲਾਕਿਆਂ ਵਿਚ ਮੈਤੇਈ ਲੋਕਾਂ ਦੀ ਆਵਾਜਾਈ 'ਤੇ ਰੋਕ ਵਰਗੀਆਂ ਮੰਗਾਂ ਰੱਖੀਆਂ ਗਈਆਂ। ਓਧਰ ਮੈਤੇਈ ਫ਼ਿਰਕੇ ਨੇ ਮਨੀਪੁਰ ਦੀ ਏਕਤਾ ਤੇ ਅਖੰਡਤਾ ਨੂੰ ਬਰਕਰਾਰ ਰੱਖਣਾ, ਮਿਆਂਮਾਰ ਤੋਂ ਘੁਸਪੈਠ ਰੋਕਣਾ ਅਤੇ ਘੁਸਪੈਠੀਆਂ ਦੀ ਪਛਾਣ ਲਈ ਨੈਸ਼ਨਲ ਪਾਪੂਲੇਸ਼ਨ ਰਜਿਸਟਰ ਬਣਾਉਣ 'ਤੇ ਜ਼ੋਰ ਦਿੱਤਾ। ਮੀਟਿੰਗ ਵਿਚ ਛੇ ਮੈਂਬਰੀ ਮੈਤੇਈ ਵਫ਼ਦ 'ਆਲ ਮਨੀਪੁਰ ਯੂਨਾਈਟਿਡ ਕਲੱਬਜ਼ ਆਰਗੇਨਾਈਜ਼ੇਸ਼ਨ' ਅਤੇ 'ਫੈਡਰਲ ਆਫ ਸਿਵਲ ਸੁਸਾਇਟੀ ਆਰਗੇਨਾਈਜ਼ੇਸ਼ਨ' ਦੇ ਨੁਮਾਇੰਦੇ ਸ਼ਾਮਲ ਸਨ। ਮਨੀਪੁਰ ਵਿਚ ਰਾਸ਼ਟਰਪਤੀ ਰਾਜ (13 ਫਰਵਰੀ ਤੋਂ) ਲਾਗੂ ਹੈ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਮੁਤਾਬਕ ਰਾਸ਼ਟਰਪਤੀ ਰਾਜ ਜਾਰੀ ਰਹੇਗਾ। ਗ੍ਰਹਿ ਮੰਤਰਾਲੇ ਵੱਲੋਂ ਉੱਜੜੇ ਲੋਕਾਂ ਦੇ ਮੁੜ ਵਸੇਬੇ ਲਈ 217 ਕਰੋੜ ਦੀ ਸਹਾਇਤਾ ਰਾਸ਼ੀ ਦਿੱਤੀ ਗਈ ਹੈ। ਤਕਰੀਬਨ 60 ਹਜ਼ਾਰ ਤੋਂ ਵੱਧ ਉੱਜੜੇ ਲੋਕ 260 ਰਾਹਤ ਕੈਂਪਾਂ ਵਿਚ ਰਹਿੰਦੇ ਹਨ, ਜਿਨ੍ਹਾਂ ਦੀ ਹਾਲਤ ਬਦ ਤੋਂ ਬਦਤਰ ਹੈ। ਕੈਂਪਾਂ ਵਿਚ ਨਾ ਭੋਜਨ, ਨਾ ਦਵਾਈਆਂ ਅਤੇ ਨਾ ਹੀ ਇਲਾਜ ਦਾ ਉਚਿਤ ਇੰਤਜ਼ਾਮ ਹੈ। ਮਨੀਪੁਰ ਵਿਚ ਇਕ ਦਿਨ ਦੋ ਕਬਾਇਲੀ ਭਾਈਚਾਰਿਆਂ ਵਿਚਾਲੇ ਉਦੋਂ ਤਣਾਅ ਪੈਦਾ ਹੋ ਗਿਆ ਜਦੋਂ ਜ਼ਮੀਨੀ ਵਿਵਾਦ ਨੂੰ ਲੈ ਕੇ ਸ਼ੱਕੀ ਕੁਕੀ ਅੱਤਵਾਦੀਆਂ ਨੇ ਇਕ ਪਿੰਡ ਦੇ ਪ੍ਰਧਾਨ 'ਤੇ ਹਮਲਾ ਕਰ ਦਿੱਤਾ।

> **ਮਨੀਪੁਰ ਵਿਚ ਰਾਸ਼ਟਰਪਤੀ ਰਾਜ (13 ਫਰਵਰੀ ਤੋਂ) ਲਾਗੂ ਹੈ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਮੁਤਾਬਕ ਰਾਸ਼ਟਰਪਤੀ ਰਾਜ ਜਾਰੀ ਰਹੇਗਾ। ਗ੍ਰਹਿ ਮੰਤਰਾਲੇ ਵੱਲੋਂ ਉੱਜੜੇ ਲੋਕਾਂ ਦੇ ਮੁੜ ਵਸੇਬੇ ਲਈ 217 ਕਰੋੜ ਦੀ ਸਹਾਇਤਾ ਰਾਸ਼ੀ ਦਿੱਤੀ ਗਈ ਹੈ।**

ਚੁਰਾਚਾਂਦਪੁਰ ਜ਼ਿਲ੍ਹੇ ਜ਼ੋਮੀ ਤੇ ਹਮਾਰ ਕਬੀਲੇ ਦੇ ਵਾਸੀਆਂ ਦਰਮਿਆਨ ਹਾਲੇ ਵੀ ਤਣਾਅ ਬਣਿਆ ਹੋਇਆ ਹੈ। ਇਸ ਤੋਂ ਇਲਾਵਾ ਸਕੂਲਾਂ



ਤੇ ਦਫ਼ਤਰਾਂ ਵਿਚ ਹਾਜ਼ਰੀ ਘੱਟ ਰਹੀ। ਦੂਜੇ ਪਾਸੇ ਸੁਰੱਖਿਆ ਬਲਾਂ ਨੇ ਮਨੀਪੁਰ ਦੇ ਕਰਫਿਊ ਵਾਲੇ ਚੁਰਾਚਾਂਦਪੁਰ ਜ਼ਿਲ੍ਹੇ ਵਿਚ ਗਸ਼ਤ ਕੀਤੀ ਅਤੇ ਫਲੈਗ ਮਾਰਚ ਕੀਤਾ। ਜ਼ੋਮੀ ਤੇ ਹਮਾਰ ਕਬੀਲਿਆਂ ਵਿਚਾਲੇ ਝੜਪਾਂ ਵਿਚ ਹਮਾਰ ਭਾਈਚਾਰੇ ਦੇ ਇਕ ਵਿਅਕਤੀ ਲਾਲਰੋਪੂਈ ਪਖਮਾਤੇ ਦੀ ਮੌਤ ਹੋ ਗਈ ਜਦਕਿ ਕਈ ਜਣੇ ਜ਼ਖ਼ਮੀ ਹੋ ਗਏ ਸਨ। ਇਲਾਕੇ 'ਚ ਤਣਾਅ ਵਧ ਗਿਆ। ਚੁਰਾਚਾਂਦਪੁਰ ਜ਼ਿਲ੍ਹੇ ਵਿਚ ਇਕ ਵਿਦਿਆਰਥੀ ਜਥੇਬੰਦੀ ਵੱਲੋਂ ਬੰਦ ਦਾ ਸੱਦਾ ਦਿੱਤਾ ਗਿਆ ਸੀ। ਓਧਰ ਪਾਬੰਦੀਸ਼ੁਦਾ ਸਗੰਠਨਾਂ ਨਾਲ ਸਬੰਧਤ ਤਿੰਨ ਦਹਿਸ਼ਤਗਰਦਾਂ ਨੂੰ ਅਸਲੇ ਸਣੇ ਕਾਬੂ ਕੀਤਾ ਗਿਆ ਹੈ। 30 ਮਾਰਚ ਨੂੰ ਮਨੀਪੁਰ ਵਿਚ ਕਾਨੂੰਨ ਵਿਵਸਥਾ ਦੀ ਸਥਿਤੀ ਦੇ ਮੱਦੇਨਜ਼ਰ 5 ਜ਼ਿਲ੍ਹਿਆਂ ਦੇ 13 ਪੁਲਿਸ ਸਟੇਸ਼ਨਾਂ ਦੇ ਅਧਿਕਾਰ ਖੇਤਰ ਨੂੰ ਛੱਡ ਕੇ ਪੂਰੇ ਸੂਬੇ ਵਿਚ ਹਥਿਆਰਬੰਦ ਬਲ ਵਿਸ਼ੇਸ਼ ਸ਼ਕਤੀਆਂ ਐਕਟ (ਅਫਸਪਾ) ਦੀ ਮਿਆਦ ਵਿਚ ਵਾਧਾ ਕੀਤਾ ਗਿਆ ਹੈ। ਅਫਸਪਾ ਅਸ਼ਾਂਤ ਖੇਤਰਾਂ ਵਿਚ ਹਥਿਆਰਬੰਦ ਬਲਾਂ ਨੂੰ ਸ਼ਕਤੀਆਂ ਦਿੰਦਾ ਹੈ। ਓਧਰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਸਰਕਾਰ ਸਥਾਈ ਸ਼ਾਂਤੀ ਦੀ ਸਥਿਤੀ ਸਥਾਪਤ ਕਰਨ ਲਈ ਮੈਤੇਈ ਅਤੇ ਕੁਕੀ ਭਾਈਚਾਰੇ ਨਾਲ ਚਰਚਾ ਕਰ ਰਹੀ ਹੈ। ਉੱਤਰ ਪੂਰਬੀ ਰਾਜ ਮਨੀਪੁਰ ਵਿਚ ਨਸਲੀ ਹਿੰਸਾ ਦੀ ਸ਼ੁਰੂਆਤ 3 ਮਈ 2023 ਤੋਂ ਮੈਤੇਈ ਤੇ ਕੁਕੀ ਭਾਈਚਾਰਿਆਂ ਦਰਮਿਆਨ ਟਕਰਾਅ ਕਾਰਨ ਹੋਈ ਸੀ। ਅੱਜ ਤੱਕ ਇਸ ਜਾਤੀ ਹਿੰਸਾ ਵਿਚ 250 ਤੋਂ ਵੱਧ ਜਾਨਾਂ ਜਾ ਚੁੱਕੀਆਂ

**ਮੁਖ਼ਤਾਰ ਗਿੱਲ**
**98140 82217**

ਹਨ। ਤਕਰੀਬਨ 60 ਹਜ਼ਾਰ ਲੋਕ ਬੇਘਰ ਹੋਏ ਹਨ ਅਤੇ ਸ਼ਰਨਾਰਥੀ/ਰਾਹਤ ਕੈਂਪਾਂ ਵਿਚ ਰਹਿ ਰਹੇ ਹਨ। ਇਸ ਤੋਂ ਇਲਾਵਾ 4786 ਘਰ ਅਤੇ 386 ਧਾਰਮਿਕ ਸਥਾਨ ਫੂਕੇ ਗਏ। ਤਿੰਨ ਮੰਤਰੀਆਂ ਅਤੇ 6 ਵਿਧਾਇਕਾਂ ਦੇ ਘਰ ਸਾੜੇ ਗਏ। ਇਸ ਸਬੰਧੀ 6745 ਲੋਕ ਜੇਲ੍ਹ ਵਿਚ ਬੰਦ ਹਨ। ਯਾਦ ਰਹੇ ਸਰਬ ਉੱਚ ਅਦਾਲਤ ਨੇ 27 ਮਾਰਚ 2023 ਨੂੰ ਮੈਤੇਈ ਫ਼ਿਰਕੇ ਨੂੰ ਅਨੁਸੂਚਿਤ ਜਨਜਾਤੀ ਦੀ ਸੂਚੀ ਵਿਚ ਸ਼ਾਮਲ ਕਰਨ ਲਈ ਵਿਚਾਰ ਕਰਨ ਲਈ ਕਿਹਾ ਸੀ (ਪਿਛਲੇ ਸਾਲ 21 ਮਾਰਚ ਨੂੰ ਸੁਪਰੀਮ ਕੋਰਟ ਦੇ ਹੁਕਮ ਨੂੰ ਹਟਾਉਣ ਲਈ ਕਿਹਾ ਸੀ)। ਸਰਬ ਉੱਚ ਅਦਾਲਤ ਦੇ ਇਸ ਵਿਚਾਰ ਕਰਨ ਵਾਲੇ ਹੁਕਮ ਨੂੰ ਰਾਜ ਵਿਚ ਨਸਲੀ ਸੰਘਰਸ਼ ਉਕਸਾਉਣ ਵਾਲਾ ਮੰਨਿਆ ਗਿਆ ਸੀ। ਮੈਤੇਈ ਅਤੇ ਕੁਕੀ ਭਾਈਚਾਰੇ ਦੀ ਹਿੰਸਕ ਅੱਗ ਵਿਚ ਆਮ ਲੋਕ ਝੁਲਸ ਰਹੇ ਹਨ। ਮਹਿਲਾਵਾਂ ਦੀ ਦੁਰਗਤੀ ਹੋ ਰਹੀ ਹੈ। ਕਾਂਗਪੋਕਪੀ ਜ਼ਿਲ੍ਹੇ 'ਚ ਪੁਲਿਸ ਦੋ ਕੁਕੀ ਔਰਤਾਂ ਨੂੰ, ਜੋ ਥਾਣੇ ਵਿਚ ਸ਼ਰਨ ਮੰਗਣ ਗਈਆਂ ਸਨ, ਨੂੰ ਸਰਕਾਰੀ ਜਿਪਸੀ ਵਿਚ ਬਿਠਾ ਕੇ ਲਿਆਈ ਅਤੇ 1000 ਦੇ ਕਰੀਬ ਮੈਤੇਈ ਦੰਗਾਕਾਰੀਆਂ ਦੇ ਹਜੂਮ ਹਵਾਲੇ ਕਰ ਦਿੱਤਾ। ਚਾਰ ਮਈ ਨੂੰ ਦੋਵਾਂ ਔਰਤਾਂ ਨੂੰ ਨਿਰਵਸਤਰ ਕਰ ਕੇ ਘੁਮਾਇਆ ਗਿਆ। ਇਨ੍ਹਾਂ ਵਿਚੋਂ ਇਕ ਕਾਰਗਿਲ ਜੰਗ ਲੜਨ ਵਾਲੇ ਸਾਬਕਾ ਫ਼ੌਜੀ ਦੀ ਪਤਨੀ ਸੀ। ਇਸ ਸ਼ਰਮਨਾਕ ਕਾਰੇ ਦੀ ਵੀਡੀਓ ਜੁਲਾਈ ਵਿਚ ਵਾਇਰਲ ਹੋਈ ਤਾਂ ਸਿਆਸੀ ਘਮਸਾਨ ਮਚਿਆ ਰਿਹਾ। ਜਸਟਿਸ ਬੀਆਰ ਗਵਈ, ਜਸਟਿਸ ਸੂਰਿਆ ਕਾਂਤ, ਜਸਟਿਸ ਵਿਕਰਮਨਾਥ, ਜਸਟਿਸ ਐੱਮਐੱਮ ਸੁੰਦਰੇਸ਼, ਜਸਟਿਸ ਕੇਵੀ ਵਿਸ਼ਵਨਾਥਨ, ਜਸਟਿਸ ਕੋਟੀਸ਼ਵਰ ਸਿੰਘ 'ਤੇ ਆਧਾਰਿਤ ਸੁਪਰੀਮ ਕੋਰਟ ਦੀ ਛੇ ਮੈਂਬਰੀ ਟੀਮ ਨਸਲੀ ਹਿੰਸਾ ਕਰਕੇ ਵਿਗੜੀ ਸਥਿਤੀ ਦਾ ਜਾਇਜ਼ਾ ਲੈਣ ਲਈ ਸੂਬੇ ਦਾ ਦੌਰਾ ਕਰਨ ਗਈ ਸੀ। ਉਸ ਟੀਮ ਵਿਚ ਸ਼ਾਮਲ ਮੈਤੇਈ ਭਾਈਚਾਰੇ ਨਾਲ ਸਬੰਧਤ ਉਥੋਂ ਦੀ ਹਾਈ ਕੋਰਟ ਦੇ ਜੱਜ ਸਾਹਿਬ ਨੂੰ ਦੁੱਖ ਹੋਇਆ ਕਿ ਉਹ ਕੁਕੀ ਬਹੁ ਗਿਣਤੀ ਇਲਾਕੇ 'ਚ ਨਹੀ ਜਾ ਸਕਦੇ। ਇਸ ਦੌਰਾਨ ਮਨੀਪੁਰ 'ਚ ਮੈਤੇਈ, ਕੁਕੀ ਭਾਈਚਾਰੇ ਵਿਚ ਨਫ਼ਰਤ ਫੈਲਾਉਣ ਲਈ ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਆਈਐੱਸਆਈ ਦੀ ਸਾਜ਼ਿਸ਼ ਬੇਨਕਾਬ ਹੋ ਗਈ ਹੈ। ਇਕ ਸੋਸ਼ਲ ਮੀਡੀਆ ਅਕਾਊਂਟ ਰਾਹੀ ਉਹ ਕੁਕੀ ਤੇ ਮੈਤੇਈ ਭਾਈਚਾਰੇ ਨੂੰ ਇਕ-ਦੂਸਰੇ ਖ਼ਿਲਾਫ਼ ਉਕਸਾ ਰਿਹਾ ਸੀ। ਮਨੀਪੁਰ ਵਿਚ ਜਾਤੀ ਸੰਘਰਸ਼ ਨੂੰ ਦੋ ਸਾਲ ਹੋ ਰਹੇ ਹਨ ਪਰ ਅੱਜ ਵੀ ਉਥੇ ਸਥਿਤੀ ਵਿਚ ਸੁਧਾਰ ਨਹੀ ਹੋਇਆ ਹੈ। ਹਾਲਾਂਕਿ ਸਰਕਾਰ ਵਾਰ-ਵਾਰ ਦਾਅਵਾ ਕਰਦੀ ਹੈ ਕਿ ਉਥੇ ਜਲਦੀ ਹੀ ਹਾਲਾਤ ਆਮ ਵਰਗੇ ਹੋ ਜਾਣਗੇ ਪਰ ਇਸ ਦਾ ਕੋਈ ਸੰਕੇਤ ਨਹੀ ਦਿਸਦਾ। ਪਿਛਲੇ ਦਿਨੀ ਪੂਰਬੀ ਜ਼ਿਲ੍ਹੇ ਇੰਫਾਲ 'ਚ ਫਿਰ ਦੋ ਦਹਿਸ਼ਤੀ ਗੁਟਾਂ ਵਿਚਾਲੇ ਝੜਪ ਹੋ ਗਈ ਜਿਸ ਕਾਰਨ ਮਾਹੌਲ ਤਣਾਅਪੂਰਨ ਹੋ ਗਿਆ। ਸਿਖਰਲੀ ਅਦਾਲਤ ਨੇ ਨਿਗਰਾਨ ਕਮੇਟੀਆਂ ਕਾਇਮ ਕਰ ਦਿੱਤੀਆਂ ਸਨ ਪਰ ਉਨ੍ਹਾਂ ਦਾ ਵੀ ਬਹੁਤ ਸਮਾਂ ਬੀਤ ਜਾਣ ਦੇ ਬਾਵਜੂਦ ਕੋਈ ਸਾਰਥਕ ਨਤੀਜਾ ਸਾਹਮਣੇ ਨਹੀ ਆ ਸਕਿਆ। ਆਖ਼ਰਕਾਰ ਇਕ ਨਾਟਕੀ ਘਟਨਾਕ੍ਰਮ 'ਚ ਉਥੋਂ ਦੇ ਮੁੱਖ ਮੰਤਰੀ ਐੱਨ ਬੀਰੇਨ ਸਿੰਘ ਨੂੰ ਅਸਤੀਫ਼ਾ ਦੇਣਾ ਪਿਆ। ਉਨ੍ਹਾਂ ਦੀ ਥਾਂ ਕਮਾਨ ਕਿਸੇ ਹੋਰ ਨੂੰ ਸੌਂਪਣ ਦੀ ਥਾਂ 'ਤੇ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ। ਮੰਨਿਆ ਜਾ ਰਿਹਾ ਸੀ ਕਿ ਕਮਾਨ ਕੇਂਦਰ ਕੋਲ ਜਾਣ ਤੋਂ ਬਾਅਦ ਕੁਝ ਸਖ਼ਤੀ ਹੋਵੇਗੀ ਅਤੇ ਨਸਲੀ ਹਿੰਸਾ 'ਤੇ ਕਾਬੂ ਪਾਇਆ ਜਾ ਸਕੇਗਾ ਪਰ ਇਹ ਉਮੀਦ ਵੀ ਪੂਰੀ ਨਾ ਹੋਈ। ਮੌਕਾ ਮਿਲਣ 'ਤੇ ਇਹ ਦੋਵਾਂ ਫ਼ਿਰਕਿਆਂ ਦੇ ਦਹਿਸ਼ਤੀ ਗੁਟ ਆਪੋ-ਆਪਣੀ ਰਣਨੀਤੀ ਦੇ ਤਹਿਤ ਹਿੰਸਕ ਹਮਲੇ ਕਰ ਦਿੰਦੇ ਹਨ। ਉਨ੍ਹਾਂ ਨੇ ਭਾਰੀ ਮਾਤਰਾ ਵਿਚ ਆਧੁਨਿਕ ਹਥਿਆਰ ਤੇ ਸਾਜ਼ੋ-ਸਾਮਾਨ ਇਕੱਠਾ ਕੀਤਾ ਹੋਇਆ ਹੈ। ਭੂਗੋਲਿਕ ਰੂਪ 'ਚ ਮਨੀਪੁਰ ਦੀ ਬਨਾਵਟ ਥੋੜ੍ਹੀ ਪੇਚੀਦਾ ਜ਼ਰੂਰ ਮੰਨੀ ਜਾ ਸਕਦੀ ਹੈ ਪਰ ਦਹਿਸ਼ਤਗਰਦ ਗੁਟਾਂ 'ਤੇ ਨਜ਼ਰ ਰੱਖਣਾ ਮੁਸ਼ਕਲ ਨਹੀ ਮੰਨਿਆ ਜਾ ਸਕਦਾ। ਸਰਬ ਉੱਚ ਅਦਾਲਤ ਦੇ ਜਸਟਿਸ ਬੀਆਰ ਗਵਈ ਨੇ ਕਿਹਾ ਕਿ ਮਨੀਪੁਰ ਦੀਆਂ ਸਮੱਸਿਆਵਾਂ ਸੰਵਿਧਾਨਕ ਤਰੀਕੇ ਨਾਲ ਹੱਲ ਕੀਤੀਆਂ ਜਾ ਸਕਦੀਆਂ ਹਨ। ਕੌਣ ਚਾਹੇਗਾ ਉਸ ਦੀ ਧਰਤੀ ਮਾਂ ਲਹੂ-ਲੁਹਾਣ ਹੋਵੇ? ਉਥੇ ਅਬਲਾ ਤੇ ਨਿਰਦੋਸ਼ ਧੀਆਂ-ਭੈਣਾਂ ਤੇ ਮਾਵਾਂ ਦੀ ਇੱਜ਼ਤ-ਆਬਰੂ ਸਰੇਬਾਜ਼ਾਰ ਨਿਲਾਮ ਹੋਵੇ? ਸੱਚਾਈ ਤਾਂ ਇਹ ਹੈ ਕਿ ਉਥੇ ਕੋਈ ਵੀ ਸੰਘਰਸ਼ ਨਹੀ ਚਾਹੁੰਦਾ। ਹਰ ਕੋਈ ਸ਼ਾਂਤੀ ਚਾਹੁੰਦਾ ਹੈ। ਹੁਣ ਕੇਂਦਰ ਸਰਕਾਰ ਵੱਲੋਂ ਮੈਤੇਈ ਤੇ ਕੁਕੀ ਭਾਈਚਾਰੇ ਦੇ ਨੁਮਾਇੰਦਿਆਂ ਨਾਲ ਮੀਟਿੰਗਾਂ ਦਾ ਦੌਰ ਸ਼ੁਰੂ ਕੀਤਾ ਗਿਆ ਹੈ। ਇਨ੍ਹਾਂ ਤੋਂ ਕੋਈ ਹੱਲ ਨਿਕਲਣ ਦੀ ਸੰਭਾਵਨਾ ਹੈ, ਜਿਸ ਨਾਲ ਮਨੀਪੁਰ ਵਿਚ ਸਥਾਈ ਸ਼ਾਂਤੀ ਬਹਾਲ ਹੋ ਸਕੇ।

# "ਅਲੋਪ ਹੋ ਰਹੀਆਂ ਭਾਸ਼ਾਵਾਂ: ਸੱਭਿਆਚਾਰਕ ਵਿਰਾਸਤ ਲਈ ਖ਼ਤਰਾ"




ਭਾਸ਼ਾ ਸਿਰਫ਼ ਸੰਚਾਰ ਦਾ ਮਾਧਿਅਮ ਨਹੀ ਹੈ, ਸਗੋਂ ਇਹ ਸਾਡੀ ਸੱਭਿਆਚਾਰਕ ਵਿਰਾਸਤ, ਪਰੰਪਰਾ ਅਤੇ ਪਛਾਣ ਦੀ ਆਤਮਾ ਹੈ। ਇਹ ਕਿਸੇ ਭਾਈਚਾਰੇ ਦੇ ਵਿਚਾਰਾਂ, ਇਤਿਹਾਸ ਅਤੇ ਵਾਤਾਵਰਣ ਦਾ ਪ੍ਰਤੀਬਿੰਬ ਹੈ। ਪੰਜਾਬ ਵਿੱਚ, ਜਨਮ ਦੇਣ ਵਾਲੀ ਮਾਂ ਵਾਂਗ ਮਾਂ ਬੋਲੀ ਨੂੰ 'ਮਾਂ' ਦਾ ਦਰਜਾ ਦਿੱਤਾ ਗਿਆ ਹੈ, ਜੋ ਕਿ ਸਾਡੇ ਜੀਵਨ ਦਾ ਅਨਿੱਖੜਵਾਂ ਅੰਗ ਹੈ। ਪਰ ਅੱਜ, ਬਹੁਤ ਸਾਰੀਆਂ ਭਾਸ਼ਾਵਾਂ ਦੀ ਵਿਰਾਸਤ ਤੇਜ਼ੀ ਨਾਲ ਖ਼ਤਰੇ ਵਿੱਚ ਹੈ ਅਤੇ ਚਿੰਤਾ ਦਾ ਵਿਸ਼ਾ ਹੈ। ਇਸ ਸੰਬੰਧ ਵਿੱਚ, ਕੁਝ ਲੇਖਕਾਂ ਦੇ ਸ਼ਬਦ - "ਆਪਣੀ ਮਾਸੀ ਨੂੰ ਪਿਆਰ ਕਰੋ, ਪਰ ਆਪਣੀ ਮਾਂ ਦੀ ਕੀਮਤ 'ਤੇ ਨਹੀ" - ਡੂੰਘੇ ਅਰਥ ਰੱਖਦੇ ਹਨ। ਇਸਦਾ ਸਿੱਧਾ ਮਤਲਬ ਇਹ ਹੈ ਕਿ ਸਾਨੂੰ ਤਰੱਕੀ ਕਰਨੀ ਚਾਹੀਦੀ ਹੈ, ਨਵੀਆਂ ਭਾਸ਼ਾਵਾਂ ਅਤੇ ਹੁਨਰ ਸਿੱਖਣੇ ਚਾਹੀਦੇ ਹਨ, ਪਰ ਆਪਣੀਆਂ ਜੜ੍ਹਾਂ ਅਤੇ ਮਾਤ ਭਾਸ਼ਾ ਨੂੰ ਨਹੀ ਭੁੱਲਣਾ ਚਾਹੀਦਾ। ਸੰਯੁਕਤ ਰਾਸ਼ਟਰ ਸੰਗਠਨ ਯੂਨੈਸਕੋ ਦੀ ਤਾਜ਼ਾ ਰਿਪੋਰਟ ਦੇ ਅਨੁਸਾਰ, ਦੁਨੀਆ ਦੀਆਂ ਲਗਭਗ 7,000 ਭਾਸ਼ਾਵਾਂ ਵਿੱਚੋਂ ਹਰ ਸਾਲ ਨੌਂ ਭਾਸ਼ਾਵਾਂ ਅਲੋਪ ਹੋ ਰਹੀਆਂ ਹਨ। 2019 ਤੋਂ ਇਹ ਦਰ ਚਿੰਤਾਜਨਕ ਤੌਰ 'ਤੇ ਵਧੀ ਹੈ ਅਤੇ ਹੁਣ ਹਰ 40 ਦਿਨਾਂ ਵਿੱਚ ਇੱਕ ਭਾਸ਼ਾ ਅਲੋਪ ਹੋ ਰਹੀ ਹੈ। ਜੇਕਰ ਇਹ ਰੁਝਾਨ ਜਾਰੀ ਰਿਹਾ ਤਾਂ ਇਸ ਸਦੀ ਦੇ ਅੰਤ ਤੱਕ ਲਗਭਗ ਅੱਧੀਆਂ ਭਾਸ਼ਾਵਾਂ ਅਲੋਪ ਹੋ ਜਾਣਗੀਆਂ। ਇਸ ਨਾਲ ਨਾ ਸਿਰਫ਼ ਭਾਸ਼ਾਈ ਨੁਕਸਾਨ ਹੋਵੇਗਾ ਸਗੋਂ ਮਨੁੱਖਤਾ ਦੀ ਵਿਭਿੰਨਤਾ ਨੂੰ ਵੀ ਸੀਮਤ ਕਰ ਦੇਵੇਗਾ। ਭਾਰਤ, ਜੋ ਕਿ ਭਾਸ਼ਾਈ ਵਿਭਿੰਨਤਾ ਦਾ ਕੇਂਦਰ ਹੈ, ਵਿੱਚ ਵੀ ਬਹੁਤ ਸਾਰੀਆਂ ਭਾਸ਼ਾਵਾਂ ਅਲੋਪ ਹੋਣ ਦੇ ਕੰਢੇ ਹਨ:

- ਕਰਨਾਟਕ ਦੀ ਕੋਰਾਗਾ ਭਾਸ਼ਾ ਸਿਰਫ਼ 16,000 ਲੋਕਾਂ ਦੁਆਰਾ ਬੋਲੀ ਜਾਂਦੀ ਹੈ।
- ਹਿਮਾਚਲ ਪ੍ਰਦੇਸ਼ ਦੀ ਸਿਰਮੌਰੀ ਜਿਸ ਨੂੰ ਸਿਰਫ਼ 31,000 ਬੋਲਣ ਵਾਲੇ ਬਚੇ ਹਨ।
- ਛੱਤੀਸਗੜ੍ਹ ਦੀ ਪਰਜੀ: ਸਿਰਫ਼ 50,000 ਲੋਕਾਂ ਦੁਆਰਾ ਬੋਲੀ ਜਾਂਦੀ ਹੈ।
- ਦੱਖਣੀ ਭਾਰਤ ਦੀ ਟੋਡਾ ਭਾਸ਼ਾ ਵੀ ਗੰਭੀਰ ਖ਼ਤਰੇ ਦਾ ਸਾਹਮਣਾ ਕਰ ਰਹੀ ਹੈ।

ਭਾਸ਼ਾਵਾਂ ਦੇ ਅਲੋਪ ਹੋਣ ਦੇ ਮੁੱਖ ਕਾਰਨ ਮਾਤ ਭਾਸ਼ਾ ਤੋਂ ਦੂਰੀ ਹੈ ਅਤੇ ਆਧੁਨਿਕਤਾ ਦੀ ਦੌੜ ਵਿੱਚ, ਮਾਪੇ ਬੱਚਿਆਂ ਨਾਲ ਉਨ੍ਹਾਂ ਦੀ ਮਾਤ ਭਾਸ਼ਾ ਵਿੱਚ ਗੱਲਬਾਤ ਨਹੀ ਕਰਦੇ। ਸਕੂਲਾਂ ਅਤੇ ਕੰਮ ਵਾਲੀਆਂ ਥਾਵਾਂ 'ਤੇ ਵੀ ਖੇਤਰੀ ਭਾਸ਼ਾਵਾਂ ਨੂੰ ਬਣਦਾ ਮਹੱਤਵ ਨਹੀ ਮਿਲਦਾ। ਅੰਗਰੇਜ਼ੀ ਅਤੇ ਹਿੰਦੀ ਵਰਗੀਆਂ ਭਾਸ਼ਾਵਾਂ ਦੀ ਵਧਦੀ ਲੋਕਪ੍ਰਿਅਤਾ ਅਤੇ ਪ੍ਰਭਾਵ ਕਾਰਨ, ਖੇਤਰੀ ਭਾਸ਼ਾਵਾਂ ਹਾਸ਼ੀਏ 'ਤੇ ਧੱਕ ਦਿੱਤੀਆਂ ਗਈਆਂ ਹਨ। ਬਹੁਤ ਸਾਰੇ ਭਾਈਚਾਰੇ ਆਪਣੀ ਭਾਸ਼ਾਈ ਵਿਰਾਸਤ ਨੂੰ ਸੰਭਾਲਣ ਵਿੱਚ ਅਸਮਰੱਥ ਹਨ। ਪੰਜਾਬੀ ਅਤੇ ਹਿੰਦੀ ਭਾਸ਼ਾਵਾਂ ਦੇ ਅਲੋਪ ਹੋਣ ਦਾ ਖ਼ਤਰਾ ਨਹੀ ਹੈ। ਹਿੰਦੀ ਦੁਨੀਆ ਦੀ ਤੀਜੀ ਸਭ ਤੋਂ

> **ਮਾਸੀ ਦਾ ਸਤਿਕਾਰ ਕਰੋ, ਪਰ ਆਪਣੀ ਮਾਂ ਦੀ ਕੀਮਤ 'ਤੇ ਨਹੀਂ**

ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ, ਜਦੋਂ ਕਿ ਪੰਜਾਬੀ ਨਾ ਸਿਰਫ਼ ਭਾਰਤ ਵਿੱਚ ਸਗੋਂ ਪਾਕਿਸਤਾਨ, ਕੈਨੇਡਾ, ਇੰਗਲੈਂਡ ਅਤੇ ਅਮਰੀਕਾ ਵਿੱਚ ਵੀ ਵਿਆਪਕ ਤੌਰ 'ਤੇ ਬੋਲੀ ਜਾਂਦੀ ਹੈ। ਇੰਨਾ ਹੀ



**ਮੋਹਿਤ ਸਿੰਗਲਾ**
**+91 90412 95900**

ਨਹੀ, ਪਾਕਿਸਤਾਨ ਵਿੱਚ ਪੰਜਾਬੀ ਮੁੱਖ ਭਾਸ਼ਾ ਦੇ ਤੌਰ ਤੇ ਬੋਲੀ ਜਾਣ ਵਾਲੀ ਬੋਲੀ ਹੈ। ਪੰਜਾਬ ਦੇ ਧਾਰਮਿਕ ਗ੍ਰੰਥਾਂ ਅਤੇ ਸਾਹਿਤ ਵਿੱਚ ਪੰਜਾਬੀ ਦਾ ਜ਼ਿਕਰ ਇਸਦੀ ਸੱਭਿਆਚਾਰਕ ਮਹੱਤਤਾ ਨੂੰ ਦਰਸਾਉਂਦਾ ਹੈ। ਪੰਜਾਬੀ ਦੇ ਸੂਚਨਾ ਬੋਰਡ ਪੰਜਾਬ ਤੋਂ ਬਾਹਰ ਕਈ ਸੂਬਿਆਂ ਅਤੇ ਵਿਦੇਸ਼ਾਂ ਵਿੱਚ ਦੇਖੇ ਜਾ ਸਕਦੇ ਹਨ। ਭਾਸ਼ਾਵਾਂ ਨੂੰ ਬਚਾਉਣ ਦੇ ਯਤਨਾਂ ਵਿੱਚ ਡਿਜੀਟਲ ਮਾਧਿਅਮ ਦੀ ਵਰਤੋਂ ਕੀਤੀ ਜਾ ਸਕਦੀ ਹੈ। ਉਦਾਹਰਣ ਵਜੋਂ, ਨਾਈਜੀਰੀਆ ਤੋਂ ਟੋਚੀ ਪ੍ਰੀਸ਼ੀਅਸ ਨੇ "ਵਿਕੀਟਿੰਗ" ਔਨਲਾਈਨ ਟੂਲ ਦੀ ਵਰਤੋਂ ਕਰਕੇ ਆਪਣੀ ਭਾਸ਼ਾ ਇਗਬੋ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਭਾਰਤ ਵਿੱਚ ਅੰਗਿਕਾ ਭਾਸ਼ਾ ਲਈ ਇੱਕ ਵੀਡੀਓ ਦਾ ਇਸਤੇਮਾਲ ਕਰਕੇ ਰਿਕਾਰਡਿੰਗ ਅਤੇ ਟ੍ਰਾਂਸਕ੍ਰਿਪਸ਼ਨ ਦੀ ਵਰਤੋਂ ਕੀਤੀ ਗਈ ਸੀ। ਮਿਆਂਮਾਰ ਤੋਂ ਆਏ ਰੋਹਿੰਗਿਆ ਸ਼ਰਨਾਰਥੀ ਕਿਤਾਬਾਂ ਰਾਹੀ ਅਤੇ ਸਿੱਖਿਆ ਸਮੱਗਰੀ ਤਿਆਰ ਕਰਕੇ ਹਨੀਫ਼ੀ ਭਾਸ਼ਾ ਨੂੰ ਸੁਰੱਖਿਅਤ ਰੱਖ ਰਹੇ ਹਨ। ਸਥਾਨਕ ਅਤੇ ਵਿਸ਼ਵ ਪੱਧਰ 'ਤੇ ਜਾਗਰੂਕਤਾ ਵਧਾਉਣ ਵਿੱਚ ਚੀਨ ਨੇ ਮੈਂਡਰਿਨ ਭਾਸ਼ਾ ਨੂੰ ਸੁਰੱਖਿਅਤ ਰੱਖਣ ਲਈ ਰਾਸ਼ਟਰੀ ਮੁਹਿੰਮਾਂ ਸ਼ੁਰੂ ਕੀਤੀਆਂ ਹਨ। ਨਾਈਜੀਰੀਆ ਨੇ ਭਾਸ਼ਾਵਾਂ ਨੂੰ ਉਨ੍ਹਾਂ ਦੇ ਮੌਖਿਕ ਰੂਪ ਵਿੱਚ ਸੁਰੱਖਿਅਤ ਰੱਖਣ ਲਈ ਰਿਕਾਰਡਿੰਗ ਦਾ ਸਹਾਰਾ ਵੀ ਲਿਆ ਹੈ।

ਇਸ ਤੋਂ ਬਿਨਾਂ ਭਾਸ਼ਾਵਾਂ ਨੂੰ ਬਚਾਉਣ ਲਈ ਸਿੱਖਿਆ ਵਿੱਚ ਖੇਤਰੀ ਭਾਸ਼ਾਵਾਂ ਨੂੰ ਸ਼ਾਮਲ ਕਰਨਾ ਸਕੂਲਾਂ ਵਿੱਚ ਮਾਤ ਭਾਸ਼ਾ ਨੂੰ ਪਾਠਕ੍ਰਮ ਦਾ ਹਿੱਸਾ ਬਣਾਉਣਾ ਜ਼ਰੂਰੀ ਹੈ।ਵੱਡੇ ਤੋਂ ਛੋਟੇ ਪੱਧਰ ਤੇ ਸਰਕਾਰੀ ਕੰਮਾਂ ਵਾਲੇ ਪੱਤਰਾਂ ਨੂੰ ਖੇਤਰੀ ਭਾਸ਼ਾ ਵਿੱਚ ਲਾਗੂ ਕਰਨਾ ਲਾਜ਼ਮੀ ਹੋਵੇ।ਮਾਪਿਆਂ ਨੂੰ ਆਪਣੇ ਬੱਚਿਆਂ ਨਾਲ ਮਾਤ ਭਾਸ਼ਾ ਵਿੱਚ ਗੱਲਬਾਤ ਕਰਨ ਨੂੰ ਤਰਜੀਹ ਦੇਣੀ ਚਾਹੀਦੀ ਹੈ। ਡਿਜੀਟਲ ਤਕਨਾਲੋਜੀ ਦੇ ਤਹਿਤ ਆਨਲਾਈਨ ਪਲੇਟਫਾਰਮਾਂ 'ਤੇ ਭਾਸ਼ਾਵਾਂ ਨੂੰ ਸੁਰੱਖਿਅਤ ਰੱਖਣ ਲਈ ਯਤਨ ਕੀਤੇ ਜਾਣੇ ਚਾਹੀਦੇ ਹਨ ਅਤੇ ਸਮੂਹਿਕ ਯਤਨਾਂ ਵਿੱਚ ਸਰਕਾਰ, ਸਥਾਨਕ ਭਾਈਚਾਰਿਆਂ ਅਤੇ ਸੱਭਿਆਚਾਰਕ ਸੰਗਠਨਾਂ ਨੂੰ ਭਾਸ਼ਾਵਾਂ ਨੂੰ ਸੁਰੱਖਿਅਤ ਰੱਖਣ ਲਈ ਠੋਸ ਕਦਮ ਚੁੱਕਣੇ ਪੈਣਗੇ। ਭਾਸ਼ਾਵਾਂ ਦੇ ਅਲੋਪ ਹੋਣ ਦਾ ਮਤਲਬ ਸਿਰਫ਼ ਸੰਚਾਰ ਦੇ ਸਾਧਨ ਦਾ ਨੁਕਸਾਨ ਹੀ ਨਹੀ ਹੈ, ਸਗੋਂ ਇਸਦਾ ਮਤਲਬ ਸਾਡੀ ਸੰਸਕ੍ਰਿਤੀ, ਪਰੰਪਰਾ ਅਤੇ ਪਛਾਣ ਦਾ ਵੀ ਅੰਤ ਹੈ। ਸਾਨੂੰ ਇਹ ਸਮਝਣਾ ਪਵੇਗਾ ਕਿ ਹਰ ਭਾਸ਼ਾ ਇੱਕ ਕੀਮਤੀ ਵਿਰਾਸਤ ਹੈ, ਜਿਸਨੂੰ ਬਚਾਉਣਾ ਸਾਡੀ ਜ਼ਿੰਮੇਵਾਰੀ ਹੈ। ਮਾਂ-ਬੋਲੀ ਨੂੰ ਬਚਾਉਣ ਲਈ ਸਮੂਹਿਕ ਅਤੇ ਠੋਸ ਯਤਨਾਂ ਦੀ ਲੋੜ ਹੈ।

# ਅਟਾਰੀ ਚੈੱਕ ਪੋਸਟ ਬੰਦ ਹੋਣ ਨਾਲ ਭਾਰਤ ਜਾਂ ਪਾਕਿਸਤਾਨ, ਕਿਸ ਨੂੰ ਜ਼ਿਆਦਾ ਨੁਕਸਾਨ ਹੋਵੇਗਾ?

**ਜੁਗਲ ਪਰੋਹਤ**

ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ 23 ਅਪ੍ਰੈਲ ਨੂੰ ਭਾਰਤੀ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਇੱਕ ਪ੍ਰੈਸ ਕਾਨਫ਼ਰੰਸ ਕੀਤੀ। ਇਸ ਵਿੱਚ ਉਨ੍ਹਾਂ ਨੇ ਹਮਲੇ ਤੋਂ ਬਾਅਦ ਸਰਕਾਰ ਵੱਲੋਂ ਲਏ ਗਏ ਪੰਜ ਅਹਿਮ ਫ਼ੈਸਲਿਆਂ ਬਾਰੇ ਜਾਣਕਾਰੀ ਦਿੱਤੀ। ਉਸ ਸੂਚੀ ਵਿੱਚ ਦੂਜੇ ਨੰਬਰ 'ਤੇ ਇੱਕ ਅਹਿਮ ਐਲਾਨ ਸੀ। ਉਹ ਸੀ ਪੰਜਾਬ ਦੀ 'ਅਟਾਰੀ ਇੰਟੈਗ੍ਰੇਟਿਡ ਚੈੱਕ ਪੋਸਟ' ਨੂੰ ਫ਼ੌਰੀ ਤੌਰ 'ਤੇ ਬੰਦ ਕਰਨ ਦਾ ਐਲਾਨ। ਇਹ ਫ਼ੈਸਲੇ ਸਰਕਾਰ ਦੀ 'ਕੈਬਨਿਟ ਕਮੇਟੀ ਆਨ ਸਕਿਓਰਿਟੀ' ਜਿਸਨੂੰ ਸੀਸੀਐੱਸ ਵੀ ਕਿਹਾ ਜਾਂਦਾ ਹੈ, ਦੀ ਮੀਟਿੰਗ ਵਿੱਚ ਲਏ ਗਏ। ਇਸ ਮੀਟਿੰਗ ਦੀ ਪ੍ਰਧਾਨਗੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੀਤੀ। ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੌਰਾਨ 26 ਲੋਕ ਮਾਰੇ ਗਏ ਸਨ। ਸੀਸੀਐੱਸ ਦੇ ਫ਼ੈਸਲਿਆਂ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਜਿਹੜੇ ਲੋਕ ਆਪਣੇ ਜਾਇਜ਼ ਦਸਤਾਵੇਜ਼ਾਂ ਨਾਲ ਅਟਾਰੀ ਚੈੱਕ ਪੋਸਟ ਰਾਹੀ ਭਾਰਤ ਵਿੱਚ ਦਾਖ਼ਲ ਹੋਏ ਸਨ, ਉਨ੍ਹਾਂ ਨੂੰ 1 ਮਈ ਤੋਂ ਪਹਿਲਾਂ ਪਾਕਿਸਤਾਨ ਵਾਪਸ ਜਾਣਾ ਪਵੇਗਾ। ਦੇਖਿਆ ਜਾਵੇ ਤਾਂ ਸਰਕਾਰ ਨੇ ਇਸ ਸਮੇ ਦੌਰਾਨ ਪਾਕਿਸਤਾਨ ਦਾ ਨਾਮ ਨਹੀ ਲਿਆ। ਹਾਲਾਂਕਿ, ਸਰਕਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਉਨ੍ਹਾਂ ਦੇ ਮੁਲਾਂਕਣ ਵਿੱਚ ਪਹਿਲਗਾਮ ਹਮਲੇ ਦੇ 'ਸਰਹੱਦ ਪਾਰ' ਨਾਲ ਸਬੰਧ ਜੁੜੇ ਹੋਏ ਸਨ।

## ਅਟਾਰੀ ਇੰਟੀਗ੍ਰੇਟਿਡ ਚੈੱਕ ਪੋਸਟ ਰਾਹੀਂ ਵਪਾਰ

ਇਸ ਤੋਂ ਬਾਅਦ ਪਾਕਿਸਤਾਨ ਸਰਕਾਰ ਨੇ ਵੀ ਇੱਕ ਮੀਟਿੰਗ ਕੀਤੀ। ਉਸਨੇ, ਆਪਣੇ ਵੱਲੋਂ, ਕਾਰੋਬਾਰ ਨੂੰ ਪੂਰੀ ਤਰ੍ਹਾਂ ਬੰਦ ਕਰਨ ਦਾ ਐਲਾਨ ਕੀਤਾ। ਨਾਲ ਹੀ ਇਹ ਵੀ ਕਿਹਾ ਗਿਆ ਸੀ ਕਿ ਤੀਜੇ ਦੇਸ਼ਾਂ ਰਾਹੀ ਵੀ ਭਾਰਤ ਨਾਲ ਕਿਸੇ ਵੀ ਤਰ੍ਹਾਂ ਦਾ ਵਪਾਰ ਨਹੀ ਕੀਤਾ ਜਾਵੇਗਾ। ਦੋਵਾਂ ਦੇਸ਼ਾਂ ਵਿਚਕਾਰ ਵਪਾਰਕ ਸਥਿਤੀ ਕੀ ਹੈ? ਕੌਣ ਕਿਸ ਨੂੰ ਕੀ ਵੇਚ ਰਿਹਾ ਹੈ, ਅਤੇ ਕਿਸ ਤਰੀਕੇ ਨਾਲ ਵਪਾਰ ਹੋ ਰਿਹਾ ਹੈ? ਦੋਵਾਂ ਸਰਕਾਰਾਂ ਦੇ ਫ਼ੈਸਲਿਆਂ ਨਾਲ ਕੀ ਫ਼ਰਕ ਪਵੇਗਾ? ਇਸ ਰਿਪੋਰਟ ਵਿੱਚ ਇਸ ਬਾਰੇ ਗੱਲ ਕਰਾਂਗੇ। ਇਸ ਚੈੱਕ ਪੋਸਟ ਨੂੰ 'ਅਟਾਰੀ ਲੈਂਡ ਪੋਰਟ' ਵੀ ਕਿਹਾ ਜਾਂਦਾ ਹੈ। ਇਹ ਭਾਰਤ ਦਾ ਪਹਿਲਾ 'ਜ਼ਮੀਨ ਬੰਦਰਗਾਹ' ਹੈ। ਇਹ ਅੰਮ੍ਰਿਤਸਰ ਤੋਂ ਮਹਿਜ਼ 28 ਕਿਲੋਮੀਟਰ ਦੂਰ ਹੈ। ਇਹ ਬੰਦਰਗਾਹ ਭਾਰਤ ਦਾ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਨਾਲ ਜ਼ਮੀਨੀ ਰਸਤੇ ਰਾਹੀ ਵਪਾਰ ਦਾ ਇੱਕੋ ਇੱਕ ਸਾਧਨ ਹੈ।

## ਅਫ਼ਗਾਨਿਸਤਾਨ ਤੋਂ ਆਉਣ ਵਾਲੇ ਸਾਮਾਨ ਨੂੰ ਲੈ ਕੇ ਅਨਿਸ਼ਚਿਤਤਾ

ਜੇਕਰ ਅਸੀ ਸਰਕਾਰੀ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਸਾਲ 2023-24 ਵਿੱਚ ਅਟਾਰੀ ਤੋਂ ਤਕਰੀਬਨ 3,886 ਕਰੋੜ ਰੁਪਏ ਦਾ ਵਪਾਰ ਹੋਇਆ ਸੀ। ਨਾਲ ਹੀ, 71 ਹਜ਼ਾਰ 563 ਲੋਕਾਂ ਨੇ ਇਸ ਜ਼ਰੀਏ ਦੋਵਾਂ ਦੇਸ਼ਾਂ ਦੀ ਸਰਹੱਦ ਪਾਰ ਕੀਤੀ। ਇਹ ਅੰਕੜਾ 2017-18 ਵਿੱਚ ਵੱਧ ਸੀ। ਉਸ ਸਮੇਂ ਦੌਰਾਨ, ਤਕਰੀਬਨ 4,148 ਕਰੋੜ ਰੁਪਏ ਦਾ ਵਪਾਰ ਹੋਇਆ ਅਤੇ 80,314 ਲੋਕਾਂ ਨੇ ਇਸ ਰਸਤੇ ਦੀ ਵਰਤੋਂ ਕਰਕੇ ਸਰਹੱਦ ਪਾਰ ਕੀਤੀ। ਦੋਵਾਂ ਸਰਕਾਰਾਂ ਦੇ ਫ਼ੈਸਲਿਆਂ ਕਾਰਨ, ਸਾਮਾਨ ਅਤੇ ਲੋਕਾਂ ਦੀ ਆਵਾਜਾਈ ਦੋਵੇਂ ਰੁਕ ਜਾਣਗੀਆਂ। ਤਾਂ ਕੀ ਅਫ਼ਗਾਨਿਸਤਾਨ ਤੋਂ ਆਉਣ ਵਾਲਾ ਸਾਮਾਨ ਕਿਸੇ ਹੋਰ ਤਰੀਕੇ ਨਾਲ ਭਾਰਤ ਲਿਆਂਦਾ ਜਾਵੇਗਾ? ਇਸ ਬਾਰੇ ਅਜੇ ਵੀ ਅਨਿਸ਼ਚਿਤਤਾ ਹੈ। ਸਾਲ 2021 ਵਿੱਚ, ਤਾਲਿਬਾਨ ਨੇ ਅਫ਼ਗਾਨਿਸਤਾਨ ਵਿੱਚ ਸੱਤਾ 'ਤੇ ਕਬਜ਼ਾ ਕਰ ਲਿਆ ਸੀ। ਇਸ ਤੋਂ ਪਹਿਲਾਂ ਵੀ, ਭਾਰਤ ਅਤੇ ਅਫ਼ਗਾਨਿਸਤਾਨ ਵਿਚਕਾਰ ਵਪਾਰ ਨੂੰ ਉਤਸ਼ਾਹਿਤ ਕਰਨ ਲਈ ਹਵਾਈ ਰਸਤੇ ਮਾਲ ਦੀ ਆਵਾਜਾਈ ਦੀ ਸਹੂਲਤ ਸ਼ੁਰੂ ਕੀਤੀ ਗਈ ਸੀ। ਸਾਲ 2023 ਵਿੱਚ, ਵਿਦੇਸ਼ ਮੰਤਰੀ ਡਾਕਟਰ ਐੱਸ ਜੈਸ਼ੰਕਰ ਨੇ ਕਿਹਾ ਸੀ ਕਿ ਭਾਰਤ ਅਤੇ ਅਫ਼ਗਾਨਿਸਤਾਨ ਵਿਚਕਾਰ ਵਪਾਰ ਜਾਰੀ ਹੈ। ਈਰਾਨ ਵਿੱਚ ਸਥਿਤ ਚਾਬਹਾਰ ਬੰਦਰਗਾਹ ਦੀ ਵੀ ਇਸ ਵਿੱਚ ਭੂਮਿਕਾ ਹੈ। ਪਹਿਲਗਾਮ ਹਮਲੇ ਦੇ ਮੱਦੇਨਜ਼ਰ ਭਾਰਤ ਅਤੇ ਪਾਕਿਸਤਾਨ ਸਰਕਾਰਾਂ ਦੇ ਇਸ ਫ਼ੈਸਲੇ ਦੇ ਪ੍ਰਭਾਵ ਨੂੰ ਸਮਝਣ ਲਈ, ਪੰਜਾਬ ਦੇ ਕੁਝ ਵਪਾਰੀਆਂ ਨਾਲ ਗੱਲ ਕੀਤੀ।




## ਅੰਕੜੇ ਕੀ ਕਹਿੰਦੇ ਹਨ?

ਜੇਕਰ ਅਸੀ ਇਸ ਸਾਲ ਦੇ ਭਾਰਤ ਸਰਕਾਰ ਦੇ ਅਧਿਕਾਰਤ ਅੰਕੜਿਆਂ 'ਤੇ ਨਜ਼ਰ ਮਾਰੀਏ, ਤਾਂ ਹੁਣ ਤੱਕ ਭਾਰਤ ਨੇ ਪਾਕਿਸਤਾਨ ਨੂੰ 3,833 ਕਰੋੜ ਰੁਪਏ ਤੋਂ ਵੱਧ ਮੁੱਲ ਦਾ ਸਮਾਨ ਦਾ ਬਰਾਮਦ ਕੀਤਾ ਜਾ ਚੁੱਕਿਆ ਹੈ। ਦਰਾਮਦ ਕੁਝ ਵੀ ਨਹੀ ਕੀਤਾ ਗਿਆ। ਆਯਾਤ ਨੇ ਕੁਝ ਨਹੀ ਕੀਤਾ। ਇਨ੍ਹਾਂ ਅੰਕੜਿਆਂ ਮੁਤਾਬਕ, ਭਾਰਤ ਪਾਕਿਸਤਾਨ ਨੂੰ ਦਵਾਈਆਂ, ਖੰਡ ਅਤੇ ਆਟੋ ਪਾਰਟਸ ਵਰਗੀਆਂ ਚੀਜ਼ਾਂ ਬਰਾਮਦ ਕਰਦਾ ਹੈ। ਸਾਲ 2023-24 ਵਿੱਚ, ਭਾਰਤ ਨੇ ਪਾਕਿਸਤਾਨ ਨੂੰ 10,096 ਕਰੋੜ ਰੁਪਏ ਦਾ ਸਾਮਾਨ ਬਰਾਮਦ ਕੀਤਾ ਅਤੇ 25 ਕਰੋੜ ਰੁਪਏ ਦਾ ਸਾਮਾਨ ਦਰਾਮਦ ਕੀਤਾ। 2018-19 ਅਤੇ 2020-21 ਦਰਮਿਆਨ ਵਪਾਰ ਵਿੱਚ ਲਗਾਤਾਰ ਗਿਰਾਵਟ ਤੋਂ ਬਾਅਦ, ਪਿਛਲੇ ਕੁਝ ਸਾਲਾਂ ਵਿੱਚ ਦੋਵਾਂ ਦੇਸ਼ਾਂ ਵਿਚਕਾਰ ਵਪਾਰ ਵਿੱਚ ਵਾਧਾ ਹੋਇਆ ਹੈ। ਇਸ ਦੇ ਬਾਵਜੂਦ, ਹੁਣ ਅਫ਼ਗਾਨਿਸਤਾਨ ਤੋਂ ਇਲਾਵਾ, ਜੇਕਰ ਭਾਰਤ ਦਾ ਦੱਖਣੀ ਏਸ਼ੀਆ ਦੇ ਕਿਸੇ ਵੀ ਦੇਸ਼ ਨਾਲ ਸਭ ਤੋਂ ਘੱਟ ਵਪਾਰ ਹੈ, ਤਾਂ ਉਹ ਪਾਕਿਸਤਾਨ ਹੀ ਹੈ। ਫ਼ਰਵਰੀ 2024 ਵਿੱਚ, ਕੇਂਦਰੀ ਮੰਤਰੀ ਪਿਊਸ਼ ਗੋਇਲ ਨੇ ਲੋਕ ਸਭਾ ਵਿੱਚ ਇੱਕ ਬਿਆਨ ਦਿੱਤਾ। ਇਸ ਵਿੱਚ ਗੋਇਲ ਨੇ ਕਿਹਾ ਸੀ, "ਅਗਸਤ 2019 ਵਿੱਚ, ਪਾਕਿਸਤਾਨ ਨੇ ਭਾਰਤ ਨਾਲ ਦੁਵੱਲੇ ਸਬੰਧਾਂ ਨੂੰ ਘਟਾਉਣ ਲਈ ਕਈ ਕਦਮ ਚੁੱਕੇ ਅਤੇ ਇਨ੍ਹਾਂ ਵਿੱਚੋਂ ਇੱਕ ਭਾਰਤ ਨਾਲ ਵਪਾਰ ਨੂੰ ਮੁਅੱਤਲ ਕਰਨਾ ਸੀ।" "ਹਾਲਾਂਕਿ, ਬਾਅਦ ਵਿੱਚ, ਉਨ੍ਹਾਂ ਦੇ ਵਣਜ ਮੰਤਰਾਲੇ ਦੁਆਰਾ ਸਿਰਫ਼ ਮੈਡੀਕਲ ਉਤਪਾਦਾਂ ਨੂੰ ਬਰਾਮਦ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ।" "ਉਨ੍ਹਾਂ ਨੇ ਕਿਸੇ ਖ਼ਾਸ ਰਸਤੇ ਦਾ ਜ਼ਿਕਰ ਨਹੀ ਕੀਤਾ ਹੈ ਪਰ ਆਮ ਤੌਰ 'ਤੇ ਅਟਾਰੀ-ਵਾਹਗਾ ਸਰਹੱਦ ਅਤੇ ਕਰਾਚੀ ਬੰਦਰਗਾਹ ਭਾਰਤ ਅਤੇ ਪਾਕਿਸਤਾਨ ਵਿਚਕਾਰ ਦੋ ਪ੍ਰਮੁੱਖ ਵਪਾਰਕ ਰਸਤੇ ਹਨ। ਦੁਵੱਲੇ ਵਪਾਰ ਨੂੰ ਮੁੜ ਸ਼ੁਰੂ ਕਰਨਾ ਪਾਕਿਸਤਾਨ ਸਰਕਾਰ ਦੀ ਜ਼ਿੰਮੇਵਾਰੀ ਹੈ।"

## ਮਾਹਰ ਕੀ ਮੰਨਦੇ ਹਨ ?

ਅਨਿਲ ਕੁਮਾਰ ਬਾਂਬਾ 'ਲੈਂਡ ਪੋਰਟ ਅਥਾਰਟੀ ਆਫ਼ ਇੰਡੀਆ' ਦੇ ਚੇਅਰਮੈਨ ਰਹਿ ਚੁੱਕੇ ਹਨ। ਉਨ੍ਹਾਂ ਦੱਸਿਆ, "ਪਾਕਿਸਤਾਨ ਵੈਸੇ ਵੀ ਭਾਰਤ ਤੋਂ ਬਹੁਤ ਘੱਟ ਚੀਜ਼ਾਂ ਖਰੀਦਦਾ ਸੀ। ਅਟਾਰੀ ਤੋਂ ਪਾਕਿਸਤਾਨ ਜਾਣ ਵਾਲਾ ਸਾਮਾਨ ਤਾਜ਼ੀਆਂ ਸਬਜ਼ੀਆਂ, ਫ਼ਲ, ਕੱਪੜੇ ਆਦਿ ਸੀ। ਉਨ੍ਹਾਂ ਦੀ ਕੀਮਤ ਜ਼ਿਆਦਾ ਨਹੀ ਸੀ।" "ਅਸੀ ਕਈ ਵਾਰ ਉਨ੍ਹਾਂ ਤੋਂ ਪੱਥਰ ਅਤੇ ਸੀਮਿੰਟ ਖਰੀਦਦੇ ਸੀ।" ਉਹ ਕਹਿੰਦੇ ਹਨ, "ਦਵਾਈਆਂ ਅਤੇ ਉੱਚ-ਮੁੱਲ ਵਾਲੀਆਂ ਚੀਜ਼ਾਂ ਨੂੰ ਸਮੁੰਦਰੀ ਰਸਤੇ ਰਾਹੀ ਲਿਜਾਇਆ ਜਾਂਦਾ ਸੀ। ਬਹੁਤ ਸਾਰਾ ਸਾਮਾਨ ਭਾਰਤ ਤੋਂ ਦੁਬਈ ਅਤੇ ਫਿਰ ਉੱਥੋਂ ਪਾਕਿਸਤਾਨ ਜਾਂਦਾ ਸੀ।" "ਮੈਨੂੰ ਲੱਗਦਾ ਹੈ ਕਿ ਅਟਾਰੀ ਤੋਂ ਇਲਾਵਾ ਹੋਰ ਚੈਨਲ ਸ਼ਾਇਦ ਖੁੱਲ੍ਹੇ ਰਹਿਣਗੇ ਕਿਉਂਕਿ ਉਨ੍ਹਾਂ ਦੀ ਜ਼ਰੂਰਤ ਸਾਡੇ ਨਾਲੋਂ ਜ਼ਿਆਦਾ ਹੈ।" "ਅਟਾਰੀ ਦੇ ਬੰਦ ਹੋਣ ਨਾਲ ਪਾਕਿਸਤਾਨ ਦੇ ਆਮ ਨਾਗਰਿਕਾਂ 'ਤੇ ਖ਼ਾਸ ਤੌਰ 'ਤੇ ਅਸਰ ਪਵੇਗਾ। ਇੱਕ ਹੋਰ ਗੱਲ ਹੈ। ਆਮ ਤੌਰ 'ਤੇ, ਜਦੋਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਿੱਧੀਆਂ ਉਡਾਣਾਂ ਨਹੀ ਹੁੰਦੀਆਂ ਸਨ, ਤਾਂ ਹਜ਼ਾਰਾਂ ਲੋਕ ਅਟਾਰੀ ਤੋਂ ਪੈਦਲ ਸਰਹੱਦ ਪਾਰ ਕਰਦੇ ਸਨ।" "ਉਸ ਚੈੱਕ ਪੋਸਟ ਦੇ ਬੰਦ ਹੋਣ ਦਾ ਮਤਲਬ ਹੈ ਕਿ ਸਾਮਾਨ ਅਤੇ ਲੋਕਾਂ ਦੋਵਾਂ ਲਈ ਇੱਕ ਦੂਜੇ ਦੇ ਦੇਸ਼ ਜਾਣਾ ਮਹਿੰਗਾ ਹੋ ਜਾਵੇਗਾ। ਇੰਨਾ ਹੀ ਨਹੀ, ਇਸ ਵਿੱਚ ਪਹਿਲਾਂ ਨਾਲੋਂ ਸਮਾਂ ਵੀ ਜ਼ਿਆਦਾ ਲੱਗੇਗਾ।" ਵਪਾਰ ਮਾਹਰ ਅਜੇ ਸ਼੍ਰੀਵਾਸਤਵ ਨੇ ਸਾਨੂੰ ਦੱਸਿਆ, "ਸਰਕਾਰੀ ਚੈਨਲਾਂ ਵਿੱਚ ਰੁਕਾਵਟ ਦੇ ਕਾਰਨ, ਭਾਰਤ ਅਤੇ ਪਾਕਿਸਤਾਨ ਵਿਚਕਾਰ ਅੰਦਾਜ਼ਨ 85,000 ਕਰੋੜ ਰੁਪਏ ਦਾ ਵਪਾਰ ਸੰਯੁਕਤ ਅਰਬ ਅਮੀਰਾਤ (ਯੂਏਈ) ਜਾਂ ਸਿੰਗਾਪੁਰ ਰਾਹੀ ਮੁੜ ਬਰਾਮਦ ਹੋ ਰਿਹਾ ਹੈ।"

"ਕਿਹਾ ਜਾਂਦਾ ਹੈ ਕਿ ਪਾਕਿਸਤਾਨ ਇਸ ਰਸਤੇ ਰਾਹੀ ਭਾਰਤ ਤੋਂ ਬਹੁਤ ਸਾਰੇ ਉਤਪਾਦ ਬਰਾਮਦ ਕਰਦਾ ਹੈ।" "ਦੂਜੇ ਪਾਸੇ, ਭਾਰਤ ਨੂੰ ਪਾਕਿਸਤਾਨ ਤੋਂ ਹਿਮਾਲੀਅਨ ਗੁਲਾਬੀ ਨਮਕ, ਖਜੂਰ, ਖੁਰਮਾਨੀ ਅਤੇ ਬਦਾਮ ਵੀ ਮਿਲਦੇ ਹਨ। ਇਹ ਇੱਥੇ ਤੀਜੇ ਦੇਸ਼ਾਂ ਰਾਹੀ ਆਉਂਦੇ ਹਨ। ਸਰਹੱਦ ਬੰਦ ਹੋਣ ਨਾਲ ਰਸਮੀ ਵਪਾਰ ਰੁਕ ਜਾਂਦਾ ਹੈ, ਪਰ ਮੰਗ ਨਹੀ ਰੁਕਦੀ।"

# ਵਿਸ਼ਵ ਗਣਿਤ ਵਿਚ ਭਾਰਤ ਦੀ ਸ਼ਾਨ ਸੀ - ਸ੍ਰੀਨਿਵਾਸ ਰਾਮਾਨੁਜਨ

**ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ**
**97816-46008**

ਕਿਸੇ ਵਿਦਵਾਨ ਦਾ ਕਥਨ ਹੈ,"ਕੁਝ ਲੋਕ ਪੜ੍ਹ ਲਿਖ ਕੇ ਬੁੱਧੀਮਾਨ ਬਣਦੇ ਹਨ ਤੇ ਕੁਝ ਜਨਮ ਤੋਂ ਹੀ ਬੁੱਧੀਮਾਨ ਹੁੰਦੇ ਹਨ ਤੇ ਜੋ ਜਨਮ ਤੋਂ ਹੀ ਬੁੱਧੀਮਾਨ ਹੁੰਦੇ ਹਨ ਉਨ੍ਹਾ ਦਾ ਲੋਹਾ ਸਾਰੇ ਸੰਸਾਰ ਨੂੰ ਮੰਨਣਾ ਹੀ ਪੈਂਦਾ ਹੈ। "ਭਾਰਤ ਦੀ ਇਸ ਮਹਾਨ ਭੂਮੀ 'ਤੇ 'ਆਰੀਆ ਭੱਟ', 'ਭਾਸਕਰ', 'ਬ੍ਰਹਮਗੁਪਤ', 'ਗਣੇਸ਼ ਪ੍ਰਸਾਦ', 'ਨੀਲਕੰਠ ਸੋਮਿਆ', 'ਵਰਾਹਮੀਰ', 'ਪ੍ਰਸ਼ਾਂਤ ਚੰਦਰਾ', 'ਹਰੀਸ਼ ਚੰਦਰਾ', 'ਰਾਜ ਚੰਦਰ ਬੋਸ', 'ਐਸ.ਐਨ.ਰਾਏ', 'ਸੀ.ਆਰ.ਰਾਓ' ਅਤੇ 'ਸੁਬਰਾਮਨੀਅਮ ਚੰਦਰਸ਼ੇਖਰ' ਆਦਿ ਜਿਹੇ ਅਨੇਕਾਂ ਵਿਦਵਾਨ ਗਣਿਤ ਵਿਗਿਆਨੀਆਂ ਤੇ ਗਣਿਤ ਸ਼ਾਸ਼ਤਰੀਆਂ ਨੇ ਜਨਮ ਲਿਆ ਹੈ ਤੇ ਅਜਿਹੀ ਹੀ ਇਕ ਮਹਾਨ ਗਣਿਤਕ ਹਸਤੀ ਦਾ ਨਾਂ ਸੀ 'ਸ੍ਰੀਨਿਵਾਸ ਰਾਮਾਨੁਜਨ'। ਸ੍ਰੀਨਿਵਾਸ ਰਾਮਾਨੁਜਨ ਦਾ ਜਨਮ ਇਕ ਗ਼ਰੀਬ ਪਰਿਵਾਰ ਵਿਚ 22 ਦਸਬੰਰ,1887 ਨੂੰ ਹੋਇਆ ਸੀ। ਪਿੰਡ ਕੁੰਭਕੋਣਮ ਵਿਖੇ ਵੱਸਦੇ ਉਸਦੇ ਪਿਤਾ ਸ੍ਰੀ ਕੇ.ਸ੍ਰੀਨਿਵਾਸ ਇਅੰਗਰ ਸਾੜੀਆਂ ਦੀ ਇੱਕ ਦੁਕਾਨ 'ਤੇ ਮੁਨੀਮ ਭਾਵ ਕਲਰਕ ਵਜੋਂ ਕੰਮ ਕਰਦੇ ਸਨ ਤੇ ਮਾਂ ਕੋਮਲਾ ਇੰਅਗਰ ਇਕ ਧਾਰਮਿਕ ਖ਼ਿਆਲਾਂ ਵਾਲੀ ਘਰੇਲੂ ਔਰਤ ਸੀ। ਬੜੀ ਹੈਰਾਨੀ ਦੀ ਗੱਲ ਸੀ ਕਿ ਮਾਪੇ ਸ੍ਰੀਨਿਵਾਸ ਰਾਮਾਨੁਜਨ ਨੂੰ ਪੜ੍ਹਾਉਣਾ ਚਾਹੁੰਦੇ ਸਨ ਪਰ ਉਹ ਸਕੂਲ ਨਹੀ ਜਾਣਾ ਚਾਹੁੰਦਾ ਸੀ। ਉਸਨੂੰ ਉਸਦੇ ਨਾਨਕੇ ਪਿੰਡ ਕਾਂਚੀਪੁਰਮ ਵਿਖੇ ਵੀ ਪੜ੍ਹਨੇ ਪਾਇਆ ਗਿਆ ਤੇ ਆਪਣੇ ਜੱਦੀ ਪਿੰਡ ਦੇ ਸਕੂਲ ਵੀ ਭੇਜਿਆ ਗਿਆ ਪਰ ਉਹ ਭੱਜ ਕੇ ਘਰ ਆ ਜਾਂਦਾ ਸੀ।ਹੋਰ ਤਾਂ ਹੋਰ ਮਾਪਿਆਂ ਨੂੰ ਪਿੰਡ ਦੇ ਹੀ ਇੱਕ ਪੁਲੀਸ ਕਾਂਸਟੇਬਲ ਨੂੰ ਬੇਨਤੀ ਕਰਨੀ ਪਈ ਕਿ ਉਹ ਸ੍ਰੀਨਿਵਾਸ 'ਤੇ ਨਿਗ੍ਹਾ ਰੱਖੇ ਤਾਂ ਜੋ ਉਹ ਸਕੂਲੋਂ ਨਾ ਭੱਜੇ। ਸ੍ਰੀਨਿਵਾਸ ਰਾਮਾਨੁਜਨ ਦਾ ਦਿਮਾਗ਼ ਬਹੁਤ ਤੇਜ਼ ਸੀ। ਸੰਨ 1897 ਵਿਚ ਕੇਵਲ ਦਸ ਸਾਲ ਦੀ ਉਮਰ ਵਿਚ ਉਸਨੇ ਪ੍ਰਾਇਮਰੀ ਜਮਾਤ ਦੀ ਸਲਾਨਾ ਪ੍ਰੀਖਿਆ ਪੂਰੇ ਜ਼ਿਲੇ 'ਚੋਂ ਅੱਵਲ ਰਹਿ ਕੇ ਪਾਸ ਕੀਤੀ ਸੀ।ਪ੍ਰਾਇਮਰੀ ਸਕੂਲ ਤੋਂ ਬਾਅਦ 'ਟਾਊਨ ਹਾਇਰ ਸੈਕੰਡਰੀ ਸਕੂਲ' ਵਿਚ ਦਾਖ਼ਲ ਹੋਣ ਪਿੱਛੋਂ ਸ੍ਰੀਨਿਵਾਸ ਦਾ ਪਹਿਲੀ ਵਾਰ ਗਣਿਤ ਨਾਲ ਵਾਹ ਪੈ ਗਿਆ। ਕੇਵਲ ਗਿਆਰ੍ਹਾਂ ਸਾਲ ਦੀ ਉਮਰ ਤੋਂ ਹੀ ਉਸਨੇ ਗਣਿਤ ਵਿੱਚ ਆਪਣੀ ਅਦਭੁੱਤ ਪ੍ਰਤਿਭਾ ਦਾ ਸਬੂਤ ਦੇਣਾ ਸ਼ੁਰੂ ਕਰ ਦਿੱਤਾ। ਚੌਦ੍ਹਾਂ ਸਾਲ ਦੀ ਉਮਰ ਵਿਚ ਉਸਨੂੰ ਨਾ ਕੇਵਲ ਮੈਰਿਟ ਸਰਟੀਫਿਕੇਟ ਨਾਲ ਸਨਮਾਨਿਤ ਕੀਤਾ ਗਿਆ ਸਗੋਂ ਉਸਨੇ ਆਪਣੀਆਂ ਹੀ ਥਿਊਰਮਾਂ ਭਾਵ ਪ੍ਰਮੇਯਕਾਵਾਂ ਸਿਰਜ ਕੇ ਸਭ ਨੂੰ ਹੈਰਾਨ ਕਰ ਦਿੱਤਾ। ਸੰਨ 1903 ਵਿਚ ਉਸਦੇ ਹੱਥ ਮਹਾਨ ਗਣਿਤ ਵਿਗਿਆਨੀ ਜੀ.ਐਸ.ਕਾਰ ਦੀ ਰਚੀ ਪੁਸਤਕ 'ਏ ਸਿਨਾਪਸਿਜ਼ ਆਫ ਐਲੀਮੈਂਟਰੀ ਰਿਜ਼ਲਟਸ ਇਨ ਪਿਓਰ ਐਂਡ ਅਪਲਾਈਡ ਮੈਥੇਮੈਟਿਕਸ' ਲੱਗ ਗਈ।ਇਸ ਪੁਸਤਕ ਨੇ ਤਾਂ ਉਸਦੇ

> **ਗਣਿਤ ਵਿਚ ਬੇਅੰਤ ਰੁਚੀ ਰੱਖਣ ਵਾਲੇ ਸ੍ਰੀਨਿਵਾਸ ਨੇ ਇਕਾਂਤ ਵਿਚ ਰਹਿ ਕੇ ਕਈ ਥਿਊਰਮਾਂ ਦੀ ਰਚਨਾ ਕਰ ਦਿੱਤੀ ਤੇ ਕਈ ਗਣਿਤ ਸ਼ਾਸ਼ਤਰੀਆਂ ਨਾਲ ਉਨ੍ਹਾਂ ਬਾਰੇ ਚਰਚਾ ਕੀਤੀ ਪਰ ਕਿਸੇ ਨੇ ਵੀ ਉਸਦੀਆਂ ਖੋਜਾਂ ਤੇ ਕਾਢਾਂ ਵਿਚ ਦਿਲਚਸਪੀ ਨਾ ਵਿਖਾਈ ਪਰ ਫਿਰ ਵੀ ਉਸਨੇ ਹੌਸਲਾ ਨਾ ਛੱਡਿਆ ਤੇ ਆਪਣੀ ਧੁੰਨ ਵਿਚ ਆਪਣਾ ਕਾਰਜ ਕਰਦਾ ਰਿਹਾ।**




ਅੰਦਰ ਜਿਵੇਂ ਗਿਆਨ ਦਾ ਚਸ਼ਮਾ ਛੇੜ ਦਿੱਤਾ ਹੋਵੇ। ਉਸਨੇ ਗਣਿਤ ਦੀਆਂ ਔਖੀਆਂ ਪਹੇਲੀਆਂ ਨੂੰ ਹੱਲ ਕਰਨ ਦੇ ਨਾਲ-ਨਾਲ ਆਪਣੀਆਂ ਥਿਊਰਮਾਂ ਦਾ ਨਿਰਮਾਣ ਕਰਨਾ ਜਾਰੀ ਰੱਖਿਆ। ਸੰਨ 1904 ਵਿਚ ਉਸਨੂੰ 'ਕੇ.ਰੰਗਨਾਥ ਰਾਓ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ ਸੀ।ਉਦੋਂ ਉਸਦੀ ਉਮਰ ਕੇਵਲ 17 ਸਾਲ ਸੀ। ਗਣਿਤ ਵਿਚ ਬੇਅੰਤ ਰੁਚੀ ਰੱਖਣ ਵਾਲੇ ਸ੍ਰੀਨਿਵਾਸ ਨੇ ਇਕਾਂਤ ਵਿਚ ਰਹਿ ਕੇ ਕਈ ਥਿਊਰਮਾਂ ਦੀ ਰਚਨਾ ਕਰ ਦਿੱਤੀ ਤੇ ਕਈ ਗਣਿਤ ਸ਼ਾਸ਼ਤਰੀਆਂ ਨਾਲ ਉਨ੍ਹਾ ਬਾਰੇ ਚਰਚਾ ਕੀਤੀ ਪਰ ਕਿਸੇ ਨੇ ਵੀ ਉਸਦੀਆਂ ਖੋਜਾਂ ਤੇ ਕਾਢਾਂ ਵਿਚ ਦਿਲਚਸਪੀ ਨਾ ਵਿਖਾਈ ਪਰ ਫਿਰ ਵੀ ਉਸਨੇ ਹੌਸਲਾ ਨਾ ਛੱਡਿਆ ਤੇ ਆਪਣੀ ਧੁਨ ਵਿਚ ਆਪਣਾ ਕਾਰਜ ਕਰਦਾ ਰਿਹਾ। ਇਕ ਦਿਨ ਉਸਨੇ ਆਪਣੀਆਂ ਥਿਊਰਮਾਂ ਨੂੰ ਕਾਗ਼ਜ਼ 'ਤੇ ਉਤਾਰ ਕੇ ਦੁਨੀਆ ਦੇ ਪ੍ਰਸਿੱਧ ਗਣਿਤ ਵਿਦਵਾਨ ਜੀ.ਐਚ.ਹਾਰਡੀ ਨੂੰ ਯੂਨੀਵਰਸਿਟੀ ਆਫ਼ ਕੈਂਬਰਿਜ ਵਿਖੇ ਭੇਜ ਦਿੱਤੀਆਂ।ਉਸਦੀਆਂ ਰਚੀਆਂ ਥਿਊਰਮਾਂ ਵੇਖ ਕੇ ਹਾਰਡੀ ਤੇ ਉਸਦੇ ਸਾਥੀ ਦੰਗ ਰਹਿ ਗਏ। ਹਾਰਡੀ ਨੇ ਖ਼ੁਦ ਕਿਰਾਇਆ ਖ਼ਰਚ ਕੇ ਸ੍ਰੀਨਿਵਾਸ ਨੂੰ ਇੰਗਲੈਂਡ ਸੱਦ ਲਿਆ। ਉੱਥੇ ਸ੍ਰੀਨਿਵਾਸ ਨੇ ਆਪ ਸਿਰਜੀਆਂ 3900 ਤੋਂ ਵੱਧ ਗਣਿਤਕ ਰਚਨਾਵਾਂ ਪੇਸ਼ ਕੀਤੀਆਂ ਜਿਨ੍ਹਾ ਨੂੰ ਤੱਕ ਕੇ ਹਾਰਡੀ ਨੇ ਭਰੀ ਸਭਾ ਵਿੱਚ ਆਖ਼ ਦਿੱਤਾ ਸੀ ,"ਸ੍ਰੀਨਿਵਾਸ ਦੀਆਂ ਥਿਊਰਮਾਂ ਇਸ ਕਦਰ ਹੈਰਾਨੀਜਨਕ ਹਨ ਕਿ ਮੈਂ ਤੇ ਮੇਰੇ ਸਾਥੀ ਅਚੰਭਿਤ ਹਾਂ। "ਸੰਨ 1916 ਵਿਚ ਸ੍ਰੀਨਿਵਾਸ ਨੇ ਕੈਂਬਰਿਜ ਦੇ ਟ੍ਰਿਨਟੀ ਕਾਲਜ ਤੋਂ ਬੀ.ਐਸ.ਸੀ.ਦੀ ਡਿਗਰੀ ਹਾਸਿਲ ਕਰਕੇ ਭਾਰਤ ਦਾ ਨਾਂ ਰੌਸ਼ਨ ਕਰ ਦਿੱਤਾ ਸੀ। ਉਸਨੇ 'ਹਾਈਲੀ ਕੰਪੋਜ਼ਿਟ ਨੰਬਰ' ਵਿਸ਼ੇ 'ਤੇ ਆਪਣਾ ਥੀਸਿਜ਼ ਪੇਸ਼ ਕੀਤਾ ਸੀ। ਉਸਨੂੰ ਰਾਇਲ ਸੁਸਾਇਟੀ ਦਾ 'ਸਭ ਤੋਂ ਛੋਟੀ ਉਮਰ ਦਾ ਫੈਲੋ' ਹੋਣ ਦਾ ਸਭ ਤੋਂ ਪਹਿਲਾ ਮਾਣ ਵੀ ਦਿੱਤਾ ਗਿਆ ਸੀ। ਸੰਨ 1919 ਵਿਚ ਵਿਦੇਸ਼ ਵਿਚ ਹੀ ਤਬੀਅਤ ਖ਼ਰਾਬ ਹੋਣ ਪਿੱਛੋਂ ਸੰਨ 1920 ਵਿਚ ਉਹ ਭਾਰਤ ਪਰਤ ਆਇਆ ਸੀ। 26 ਅਪ੍ਰੈਲ, 1920 ਨੂੰ ਕੇਵਲ 33 ਵਰ੍ਹਿਆਂ ਦੀ ਨਿੱਕੀ ਜਿਹੀ ਉਮਰ ਵਿੱਚ ਯੁਗਾਂ ਦਾ ਕੰਮ ਮੁਕਾ ਜਾਣ ਵਾਲੇ ਮਹਾਨ ਗਣਿਤ ਵਿਗਿਆਨੀ ਤੇ ਭਾਰਤ ਦੇ ਮਾਣ ਸ੍ਰੀਨਿਵਾਸ ਰਾਮਾਨੁਜਨ ਦਾ ਸੰਖੇਪ ਜਿਹੀ ਬਿਮਾਰੀ ਤੋਂ ਬਾਅਦ ਅਚਨਚੇਤ ਦੇਹਾਂਤ ਹੋ ਗਿਆ ਸੀ। ਗਣਿਤ ਦੇ ਗਿਆਨ ਦਾ ਅਥਾਹ ਤੇ ਅਨਮੋਲ ਖ਼ਜ਼ਾਨਾ ਆਪਣੇ ਅੰਦਰ ਸਾਂਭੀ ਬੈਠੇ ਸ੍ਰੀਨਿਵਾਸ ਰਾਮਾਨੁਜਨ ਨੇ ਆਪਣੀ ਵਿਦਵਤਾ 'ਤੇ ਕਦੀ ਹੰਕਾਰ ਨਹੀ ਕੀਤਾ ਸੀ ਤੇ ਆਪਣੇ ਗਿਆਨ ਨੂੰ ਸਦਾ ਪਰਮਾਤਮਾ ਦੀ ਦੇਣ ਦੱਸਿਆ ਸੀ। ਉਸਦੀ ਮੌਤ ਤੋਂ ਕਈ ਸਾਲ ਬਾਅਦ ਸੰਨ 1976 ਵਿਚ ਉਸਦੇ ਸਮਾਨ ਵਿੱਚੋਂ ਇਕ ਪੁਸਤਕ ਮਿਲੀ ਸੀ ਜਿਸ ਵਿਚ ਉਸਦੇ ਜੀਵਨ ਦੇ ਅੰਤਿਮ ਦਿਨਾਂ ਵਿਚ ਕੀਤੀਆਂ ਕਈ ਹੈਰਾਨੀਜਨਕ ਖੋਜਾਂ ਦਰਜ ਸਨ। ਇਸ ਪੁਸਤਕ ਨੂੰ 'ਦਿ ਲੋਸਟ ਨੋਟਬੁੱਕ' ਦਾ ਨਾਂ ਦਿੱਤਾ ਗਿਆ ਸੀ। ਸੀ। 22 ਦਸੰਬਰ, 2012 ਨੂੰ ਉਸ ਵਕਤ ਦੇ ਭਾਰਤੀ ਪ੍ਰਧਾਨ ਮੰਤਰੀ ਸ੍ਰੀ ਮਨਮੋਹਨ ਸਿੰਘ ਨੇ ਮਦਰਾਸ ਯੂਨੀਵਰਸਿਟੀ ਵਿਖੇ ਸ੍ਰੀ ਰਾਮਾਨੁਜਨ ਦੇ ਮਨਾਏ ਗਏ 125ਵੇਂ ਜਨਮ ਦਿਵਸ ਮੌਕੇ ਹਰ ਸਾਲ 'ਕੌਮੀ ਗਣਿਤ ਦਿਵਸ' ਮਨਾਉਣ ਦਾ ਐਲਾਨ ਕੀਤਾ ਸੀ।

# ਗੁਣਾਂ ਦੀ ਗੁਥਲੀ "ਵਿਹੜੇ ਵਾਲਾ ਨਿੰਮ੍ਹ"

**ਹਰੀ ਸਿੰਘ ਚਮਕ**
**93178-31521**

ਜਿਵੇਂ ਨਿੰਮ੍ਹ ਦੇ ਪੱਤੇ ਖਾਣ ਨੂੰ ਭਾਵੇਂ ਕੌੜੇ ਲਗਦੇ ਨੇ, ਪਰ ਇਸ ਦੀ ਕੁੜੱਤਣ ਵਿਚ ਛੁਪੇ ਗੁਣ ਇਸ ਨੂੰ ਮਾਣਣ ਵਾਲਾ ਹੀ ਦੱਸ ਸਕਦਾ ਹੈ। ਇਸੇ ਤਰ੍ਹਾਂ 96 ਪੰਨਿਆਂ ਵਾਲੀ ਹੱਥਲੀ ਪੁਸਤਕ 'ਵਿਹੜੇ ਵਾਲਾ ਨਿੰਮ੍ਹ' ਕੁਲਵਿੰਦਰ ਕੁਮਾਰ ਬਹਾਦਰਗੜ੍ਹ ਦਾ ਮਿੰਨੀ ਕਹਾਣੀ ਸੰਗ੍ਰਹਿ ਵੀ ਸਮਾਜਿਕ ਕੁੜੱਤਣ, ਇਸ ਦੀ ਅਧੋਗਤੀ, ਖ਼ੁਦਗਰਜ਼ੀ, ਰਿਸ਼ਤਿਆਂ ਦੀ ਟੁੱਟਭੱਜ, ਦਿਖਾਵੇ ਦੀ ਭੁੱਖ ਅਤੇ ਪਰਿਵਾਰਿਕ ਅਸਾਵੇਂਪਣ ਦੀ ਕੌੜੇ ਮਿੱਠੇ ਤਜਰਬਿਆਂ ਦੀ ਤਸਵੀਰ ਪੇਸ਼ ਕਰਦਾ ਹੈ। ਸਾਹਿਤਯ ਕਲਸ਼ ਪਬਲੀਕੇਸ਼ਨ ਵੱਲੋਂ ਛਾਪੀ ਇਸ ਪੁਸਤਕ ਵਿੱਚ ਕੁੱਲ 83 ਮਿੰਨੀ ਕਹਾਣੀਆਂ ਵੱਖ ਵੱਖ ਵਿਸ਼ਿਆਂ ਨੂੰ ਦਰਸਾਉਂਦੀਆਂ ਸ਼ਾਮਿਲ ਕੀਤੀਆਂ ਗਈਆਂ ਹਨ। ਦਿਲਕਸ਼ ਗੈਟਅਪ ਵਾਲੀ 250/- ਕੀਮਤ ਦੀ ਇਸ ਪੁਤਸਕ ਵਿੱਚ ਸ਼ਾਮਲ ਮਿੰਨੀ ਕਹਾਣੀਆਂ ਇਸ ਦੇ ਨਾਂ ਨੂੰ ਪੂਰਨ ਤੌਰ 'ਤੇ ਉਜਾਗਰ ਕਰਦੀਆਂ ਹਨ। ਕੁਲਵਿੰਦਰ ਕੁਮਾਰ ਦੀ ਆਪਣੀ ਭਾਵੇਂ ਇਹ ਪਹਿਲੀ ਪੁਸਤਕ ਹੈ, ਪ੍ਰੰਤੂ ਇ ਸਦਾ ਲਿਖਣ ਤਜਰਬਾ ਬਚਪਨ ਤੋਂ ਹੈ। ਕਈ ਸਾਂਝੇ ਕਾਵਿ ਤੇ ਕਹਾਣੀ ਸੰਗ੍ਰਿਹਾਂ ਵਿੱਚ ਅਤੇ ਸਹਿ ਸੰਪਾਦਕ ਦੇ ਤੌਰ 'ਤੇ ਕੁਲਵਿੰਦਰ ਕੁਮਾਰ ਦੀ ਸ਼ਮੂਲੀਅਤ ਉਸ ਦੀ ਕਾਬਲੀਅਤਦੀ ਹਾਮੀ ਭਰਦੀ ਹੈ। ਲੇਖਕ ਕੁਲਵਿੰਦਰ ਕੁਮਾਰ ਸਰਕਾਰੀ




ਕਾੱਨਟ੍ਰੈਕਟਰ ਅਤੇ ਬਿਲਡਰ ਹੋਣ ਦੇ ਨਾਤੇ ਜਿੱਥੇ ਸਰਕਾਰੀ ਇਮਾਰਤਸਾਜ਼ੀ ਦੇ ਰੁਜ਼ਗਾਰ ਨਾਲ ਜੁੜਿਆ ਹੋਇਆ ਹੈ, ਉੱਥੇ ਮਾਂ-ਬੋਲੀ ਪੰਜਾਬੀ ਦੇ ਮਹਿਲ ਉਸਾਰਨ ਵਿਚ ਪੂਰੀ ਲਗਨ ਨਾਲ ਇਸ ਨੂੰ ਭਰਪੂਰ ਬੁਲੰਦੀ ਦੇਣ ਵਿਚ ਆਪਣਾ ਭਰਵਾਂ ਯੋਗਦਾਨ ਪਾ ਰਿਹਾ ਹੈ। ਇਸ ਦੀ ਲੇਖਣੀ ਨੂੰ ਮਿਲਿਆ ਨਿੱਗਰ ਹੁੰਗਾਰਾ ਇਸ ਦੇ ਉੱਜਲੇ ਭਵਿੱਖ ਦੀ ਹਾਮੀ ਭਰਦਾ ਹੈ। ਇਸ ਦੇ ਪਲੇਠੇ ਮਿੰਨੀ ਕਹਾਣੀ-ਸੰਗ੍ਰਿਹ 'ਵਿਹੜੇ ਵਾਲਾ ਨਿੰਮ੍ਹ' ਦਾ ਪਾਠਕਾਂ ਦੀ ਕਚਹਿਰੀ ਵਿਚ ਭਰਪੂਰ ਸਵਾਗਤ ਕਰਦੇ ਹੋਏ ਉਮੀਦ ਕੀਤੀ ਜਾਂਦੀ ਹੈ ਕਿ ਲੇਖਕ ਦੀ ਅਗਲੀ ਪੁਸਤਕ ਵੀ ਜਲਦੀ ਹੀ ਸਾਹਿਤ ਸੰਸਾਰ ਦੀ ਸ਼ੋਭਾ ਬਣੇਗੀ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਜਾਗਰੂਕਤਾ ਰੈਲੀ ਅਤੇ ਫੁੱਟਬਾਲ ਮੈਚ ਕਰਵਾਇਆ



ਨਵਾਂਸ਼ਹਿਰ, 27 ਅਪ੍ਰੈਲ (ਸੁਖਦੇਵ ਸਿੰਘ ਉੜਾਪੜ) : ਡਿਪਟੀ ਕਮਿਸ਼ਨਰ, ਸ਼ਹੀਦ ਭਗਤ ਸਿੰਘ ਨਗਰ ਅੰਕੁਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਖੇਡ ਅਫ਼ਸਰ ਵੰਦਨਾ ਚੌਹਾਨ ਦੀਆਂ ਹਦਾਇਤਾਂ ਅਨੁਸਾਰ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਸ਼ਹੀਦ ਭਗਤ ਸਿੰਘ ਨਗਰ ਦੇ ਸਹਿਯੋਗ ਨਾਲ ਫੁੱਟਬਾਲ ਕੋਚ ਗੁਰਪ੍ਰੀਤ ਸਿੰਘ ਦੀ ਅਗਵਾਈ ਵਿਚ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪਿੰਡ ਨੰਗਲ ਜੱਟਾਂ ਵਿਖੇ ਜਾਗਰੂਕਤਾ ਕੈਂਪ ਲਗਾਇਆ ਗਿਆ ਅਤੇ ਰੈਲੀ ਕੱਢੀ ਗਈ। ਕੋਚ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਜਾਗਰੂਕਤਾ ਕੈਂਪ ਤਹਿਤ ਨੌਜਵਾਨਾਂ ਨੂੰ ਗਰਾਊਂਡਾਂ ਨਾਲ ਜੋੜਨ ਅਤੇ ਨਸ਼ਿਆਂ ਤੋਂ ਦੂਰ ਰੱਖਣ ਲਈ ਫੁੱਟਬਾਲ ਸ਼ੋਅ ਮੈਚ ਕਰਵਾਇਆ ਗਿਆ। ਨੰਗਲ ਜੱਟਾਂ ਫੁੱਟਬਾਲ ਕਲੱਬ ਰੈੱਡ ਅਤੇ ਨੰਗਲ ਜੱਟਾਂ ਫੁੱਟਬਾਲ ਕਲੱਬ ਬਲਿਊ ਵਿਚਕਾਰ ਹੋਇਆ। ਇਹ ਮੈਚ 2-2 ਗੋਲਾਂ ਨਾਲ ਬਰਾਬਰ ਰਿਹਾ। ਇਸ ਮੌਕੇ ਦੋਵਾਂ ਟੀਮਾਂ ਦੇ ਖਿਡਾਰੀਆਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ।

ਜ਼ਿਲ੍ਹਾ ਖੇਡ ਅਫ਼ਸਰ ਵੰਦਨਾ ਚੌਹਾਨ ਨੇ ਇਸ ਦੌਰਾਨ ਕਿਹਾ ਕਿ ਜ਼ਿਲ੍ਹਾ ਖੇਡ ਵਿਭਾਗ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਹਰ ਸੰਭਵ ਯਤਨ ਕਰੇਗਾ ਅਤੇ ਨਸ਼ਿਆਂ ਖ਼ਿਲਾਫ਼ ਅਜਿਹੇ ਜਾਗਰੂਕਤਾ ਕੈਂਪ ਤੇ ਫੁੱਟਬਾਲ ਮੈਚ ਕਰਵਾਉਂਦਾ ਰਹੇਗਾ। ਉਨ੍ਹਾਂ ਕਿਹਾ ਕਿ ਇਸ ਨਾਲ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹਾ ਨਸ਼ਾ ਮੁਕਤ ਹੋਵੇਗਾ ਅਤੇ ਸਾਡੇ ਸ਼ਹੀਦਾਂ ਦੇ ਸੁਪਨੇ ਸਾਕਾਰ ਹੋਣਗੇ। ਇਸ ਮੌਕੇ ਅਵਤਾਰ ਸਿੰਘ, ਹਰਨੇਕ ਸਿੰਘ, ਨਵਜੋਤ ਭੱਟੀ, ਨਰੇਸ਼ ਬੈਂਸ, ਹਰਦੀਪ ਸਿੰਘ, ਕੁਲਦੀਪ ਸਿੰਘ, ਬਲਵੰਤ ਰਾਮ, ਅਮਨਵੀਰ ਸਿੰਘ, ਜਸਕਰਨ ਸਿੰਘ ਹਾਜ਼ਰ ਸਨ।

# ਫ਼ਿਰੋਜ਼ਪੁਰ ਦੇ ਨਸ਼ਾ ਛੁਡਾਊ ਕੇਂਦਰਾਂ ਵਿੱਚ 485 ਬਿਸਤਰਿਆਂ ਦਾ ਕੀਤਾ ਪ੍ਰਬੰਧ : ਡਾ. ਬਲਬੀਰ ਸਿੰਘ

ਫਿਰੋਜ਼ਪੁਰ, 27 ਅਪ੍ਰੈਲ (ਤਿਵਾੜੀ): ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖ਼ਾਤਮੇ ਲਈ ਸ਼ੁਰੂ ਕੀਤੀ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪੂਰੇ ਸੂਬੇ ਵਿੱਚ ਜਿੱਥੇ ਨਸ਼ਾ ਤਸਕਰਾਂ ਨੂੰ ਕਾਬੂ ਕਰਕੇ ਵੱਡੇ ਪੱਧਰ 'ਤੇ ਨਸ਼ਿਆਂ ਦੀ ਬਰਾਮਦਗੀ ਕੀਤੀ ਗਈ ਹੈ, ਉੱਥੇ ਹੀ ਸੂਬਾ ਸਰਕਾਰ ਵੱਲੋਂ ਨਸ਼ਿਆਂ ਤੋਂ ਪੀੜਤ ਲੋਕਾਂ ਦੇ ਇਲਾਜ ਲਈ ਨਸ਼ਾ ਛੁਡਾਊ ਕੇਂਦਰਾਂ ਵਿੱਚ ਵੱਡੇ ਪੱਧਰ 'ਤੇ ਪ੍ਰਬੰਧ ਕੀਤੇ ਗਏ ਹਨ। ਇਹ ਪ੍ਰਗਟਾਵਾ ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ, ਮੈਡੀਕਲ ਸਿੱਖਿਆ ਅਤੇ ਖੋਜ ਅਤੇ ਚੋਣ ਮੰਤਰੀ ਡਾ. ਬਲਬੀਰ ਸਿੰਘ ਨੇ ਡੀ.ਸੀ ਦਫਤਰ ਵਿਖੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਰਿਵਿਊ ਮੀਟਿੰਗ ਕਰਨ ਮੌਕੇ ਕੀਤਾ। ਇਸ ਮੌਕੇ ਵਿਧਾਇਕ ਫਿਰੋਜ਼ਪੁਰ ਸ਼ਹਿਰੀ ਸ. ਰਣਬੀਰ ਸਿੰਘ ਭੁੱਲਰ, ਵਿਧਾਇਕ ਫਿਰੋਜ਼ਪੁਰ ਦਿਹਾਤੀ ਸ਼੍ਰੀ ਰਜਨੀਸ਼ ਕੁਮਾਰ ਦਹੀਯਾ, ਵਿਧਾਇਕ ਗੁਰੂਹਰਸਹਾਏ ਸ੍ਰੀ ਫੌਜਾ ਸਿੰਘ ਸਰਾਰੀ, ਵਿਧਾਇਕ ਜ਼ੀਰਾ ਸ਼੍ਰੀ ਨਰੇਸ਼ ਕਟਾਰੀਆ, ਡਿਪਟੀ ਕਮਿਸ਼ਨਰ ਫਿਰੋਜ਼ਪੁਰ ਸ਼੍ਰੀਮਤੀ ਦੀਪਸ਼ਿਖਾ ਸ਼ਰਮਾ ਅਤੇ ਐਸਐਸਪੀ ਭੁਪਿੰਦਰ ਸਿੰਘ ਸਿੱਧੂ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਜਿੱਥੇ ਪੂਰੇ ਸੂਬੇ ਵਿੱਚ ਨਸ਼ਾ ਛੁਡਾਊ ਕੇਂਦਰਾਂ ਵਿੱਚ 5 ਹਜ਼ਾਰ ਵਾਧੂ ਬਿਸਤਰਿਆਂ ਦਾ ਪ੍ਰਬੰਧ ਕੀਤਾ ਗਿਆ ਹੈ, ਉੱਥੇ ਹੀ ਜ਼ਿਲ੍ਹਾ ਫਿਰੋਜ਼ਪੁਰ ਦੇ ਨਸ਼ਾ ਛੁਡਾਊ ਕੇਂਦਰਾਂ ਵਿੱਚ 485 ਬਿਸਤਰਿਆਂ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਇਸ ਨਾਲ ਨਸ਼ਿਆਂ ਤੋਂ ਪੀੜਤ ਲੋਕਾਂ ਨੂੰ ਇਲਾਜ ਲਈ ਵੱਡੀ ਸਹੂਲਤ ਮਿਲੇਗੀ। ਸਿਹਤ ਮੰਤਰੀ ਨੇ ਦੱਸਿਆ ਕਿ ਨਸ਼ੇ ਛੱਡਣ ਵਾਲੇ ਵਿਅਕਤੀਆਂ ਨੂੰ ਮੁੜ ਤੋਂ ਮੁੱਖ ਧਾਰਾ ਵਿੱਚ ਸ਼ਾਮਲ ਕਰਕੇ ਬਿਹਤਰ ਜ਼ਿੰਦਗੀ ਜਿਊਣ ਦਾ ਮੌਕਾ ਪ੍ਰਦਾਨ ਕਰਨ ਲਈ ਨਸ਼ਾ ਛੁਡਾਊ ਕੇਂਦਰਾਂ ਵਿੱਚ ਸਕਿੱਲ ਡਿਵੈਲਪਮੈਂਟ ਕੋਰਸ ਵੀ ਸ਼ੁਰੂ ਕਰਵਾਏ ਜਾ ਰਹੇ ਹਨ ਅਤੇ ਨਸ਼ਾ ਛੁਡਾਊ ਕੇਂਦਰਾਂ ਵਿੱਚ ਦਾਖਲ ਮਰੀਜ਼ਾਂ ਲਈ ਯੋਗਾ ਕਲਾਸਾਂ ਤੋਂ ਇਲਾਵਾ ਖੇਡ ਗਤੀਵਿਧੀਆਂ ਵੀ ਕਰਵਾਈਆਂ ਜਾਣਗੀਆਂ। ਉਨ੍ਹਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ ਸਮਾਜ ਵਿੱਚ ਨਸ਼ਿਆਂ ਦੇ ਵੱਧ ਰਹੇ ਰੁਝਾਨ ਨੂੰ ਰੋਕਣ ਲਈ ਸਕੂਲਾਂ ਦੇ ਪੱਧਰ ਤੋਂ ਹੀ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਲਈ ਜਾਗਰੂਕਤਾ ਗਤੀਵਿਧੀਆਂ ਹੋਰ ਤੇਜ਼ ਕੀਤੀਆਂ ਜਾਣ। ਉਨ੍ਹਾਂ ਦੱਸਿਆ ਕਿ ਪੇਂਡੂ ਖੇਤਰ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਲਾਹਨਤ ਤੋਂ ਦੂਰ ਰੱਖਣ ਲਈ ਪੰਜਾਬ ਸਰਕਾਰ ਵੱਲੋਂ ਪਿੰਡਾਂ ਵਿੱਚ ਖੇਡ ਮੈਦਾਨ, ਜਿਮ ਤੇ ਪਾਰਕ ਬਣਾਏ ਜਾ ਰਹੇ ਹਨ ਤਾਂ ਜੋ ਨੌਜਵਾਨ ਖੇਡਾਂ ਵੱਲ ਪ੍ਰੇਰਿਤ ਹੋ ਕੇ ਆਪਣੇ ਦੇਸ਼ ਦਾ ਨਾਮ ਰੌਸ਼ਨ ਕਰਨ ਅਤੇ ਨਸ਼ੇ ਦੀ ਭੈੜੀ ਅਲਾਮਤ ਤੋਂ ਦੂਰੀ ਬਣਾਈ ਰੱਖਣ। ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਨੇ ਸਥਾਨਕ ਸਰਕਾਰਾਂ ਵਿਭਾਗ, ਸਿਹਤ ਵਿਭਾਗ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਅਧਿਕਾਰੀਆਂ ਨੂੰ ਵੀ ਆਦੇਸ਼ ਦਿੰਦਿਆਂ ਕਿ ਮੱਛਰਾਂ ਤੇ ਗੰਦੇ ਪਾਣੀ ਨਾਲ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਲਈ ਤੁਰੰਤ ਗਤੀਵਿਧੀਆਂ ਸ਼ੁਰੂ ਕੀਤੀਆਂ ਜਾਣ।

# ਦਲਬੀਰ ਸਿੰਘ ਟੌਂਗ ਵੱਲੋਂ ਲਾਇਬ੍ਰੇਰੀ ਦਾ ਉਦਘਾਟਨ



ਚੌਂਕ ਮਹਿਤਾ, 27 ਅਪ੍ਰੈਲ (ਬਲਜਿੰਦਰ ਸਿੰਘ ਰੰਧਾਵਾ) : ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਬੁਤਾਲਾ ਦੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਵਿਖੇ ਲਗਭਗ 30 ਲੱਖ ਰੁਪਏ ਦੇ ਵਿਕਾਸ ਕਾਰਜ ਕੀਤੇ ਸਪੁਰਦ। ਸੂਬੇ ਵਿੱਚ ਚੱਲ ਰਹੀ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਦੇ ਹਿੱਸੇ ਵਜੋਂ ਵਿਧਾਇਕ ਬਾਬਾ ਬਕਾਲਾ ਸਾਹਿਬ ਸ. ਦਲਬੀਰ ਸਿੰਘ ਟੌਂਗ ਨੇ ਅੱਜ ਹਲਕੇ ਬਾਬਾ ਬਕਾਲਾ ਸਾਹਿਬ ਦੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਵਿੱਚ ਲਗਭਗ 10 ਲੱਖ ਰੁਪਏ ਨਾਲ ਬਣੀ ਸਕੂਲ ਦੀ ਆਧੁਨਿਕ ਲਾਇਬਰੇਰੀ ਅਤੇ 17 ਲੱਖ ਨਾਲ ਬਣੀ ਸਕੂਲ ਦੀ ਚਾਰਦੀਵਾਰੀ ਦਾ ਉਦਘਾਟਨ ਕੀਤਾ, ਜਿਸਦਾ ਉਦੇਸ਼ ਸਥਾਨਕ ਵਿਦਿਆਰਥੀਆਂ ਲਈ ਵਿਦਿਅਕ ਸਹੂਲਤਾਂ ਦਾ ਪੱਧਰ ਉੱਚਾ ਚੁੱਕਣਾ ਹੈ। ਵਿਦਿਆਰਥੀਆਂ ਅਤੇ ਮਾਪਿਆਂ ਨਾਲ ਗੱਲਬਾਤ ਕਰਦੇ ਹੋਏ ਵਿਧਾਇਕ ਟੌਂਗ ਨੇ ਉਨ੍ਹਾਂ ਦੇ ਸਕੂਲਾਂ ਵਿੱਚ ਅੱਪਗ੍ਰੇਡ ਕੀਤੇ ਗਏ ਅਤਿ-ਆਧੁਨਿਕ ਬੁਨਿਆਦੀ ਢਾਂਚੇ 'ਤੇ ਖੁਸ਼ੀ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ, ਰੰਗਲਾ ਪੰਜਾਬ ਦੇ ਮੁੱਖ ਥੰਮ੍ਹਾਂ-ਸਿਹਤ ਤੇ ਸਿੱਖਿਆ ਨੂੰ ਤਰਜੀਹ ਦੇ ਕੇ ਰਾਜ ਨੂੰ ਬੇਹਤਰੀਨ ਰਾਜ ਬਣਾਉਣ ਲਈ ਵਚਨਬੱਧ ਹੈ। ਨਸ਼ਾ ਮੁਕਤ ਪੰਜਾਬ ਬਣਾਉਣ ਦੇ ਉਦੇਸ਼ ਨੂੰ ਸਫ਼ਲ ਕਰਨ ਲਈ ਸਾਰਿਆਂ ਨੂੰ ਇਸ ਮੁਹਿੰਮ ਤਹਿਤ ਸਹਿਯੋਗ ਦੇਣ ਦਾ ਭਰੋਸਾ ਮੰਗਿਆ। ਪ੍ਰਮੁੱਖ ਹਾਜ਼ਰੀਨ ਵਿੱਚ ਵੱਖ ਵੱਖ ਸਕੂਲਾਂ ਦੇ ਮੁਖੀਆਂ ਤੋਂ ਇਲਾਵਾ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ , ਪਿੰਡਾਂ ਦੇ ਪੰਚ-ਸਰਪੰਚ, ਕਮੇਟੀ ਪ੍ਰਧਾਨ, ਐਮ ਸੀਜ਼, ਪਾਰਟੀ ਦੇ ਬਲਾਕ ਪ੍ਰਧਾਨ ਤੇ ਸਮੁੱਚੀ ਟੀਮ ਸ਼ਾਮਲ ਸਨ। ਇਸ ਮੌਕੇ ਸਕੂਲ ਇੰਚਾਰਜ ਸ. ਅਵਤਾਰ ਸਿੰਘ ਅਤੇ ਸਕੂਲ ਸਟਾਫ ਲੈਕਚਰਾਰ ਹਰਮਿੰਦਰ ਸਿੰਘ , ਰਵਿੰਦਰ ਕੌਰ, ਤਲਵਿੰਦਰਬੀਰ ਜਤਿੰਦਰਬੀਰ ਸਿੰਘ, ਸੁਖਰਾਜ ਸਿੰਘ, ਅਮਨਜੋਤ ਕੌਰ , ਸੋਨਾ ਰਾਣੀ , ਸੰਤ ਰਾਮ ਸਿੰਘ, ਪਮਿੰਦਰ ਕੌਰ , ਸਰਬਜੀਤ ਕੌਰ, ਅਮਨਦੀਪ ਕੌਰ , ਮਾਨਸੀ, ਸੁਖਵਿੰਦਰ ਕੌਰ, ਕੁਸਮ ਰਾਣੀ, ਨਿਸ਼ੀਮਾ ਲਖਸ਼ਰ, ਗਗਨਦੀਪ ਕੌਰ ਜਗਪ੍ਰੀਤ ਸਿੰਘ, ਜਸਵਿੰਦਰ ਸਿੰਘ ਅਤੇ ਨਰੇਸ਼ ਕੁਮਾਰ ਹਾਜ਼ਰ ਸਨ।

# ਜਾਤੀ ਸੂਚਕ ਸ਼ਬਦ ਬੋਲਣ ਵਾਲੇ 6 ਵਿਅਕਤੀਆਂ ਖਿਲਾਫ ਮਾਮਲਾ ਦਰਜ

ਸ੍ਰੀ ਕੀਰਤਪੁਰ ਸਾਹਿਬ 27 ਅਪ੍ਰੈਲ (ਬੀ ਐਸ ਰਾਣਾ) ਪਿੰਡ ਹਰਦੋ ਨਿਮੋਹ ਦੇ ਇਕ ਵਸਨੀਕ ਵੱਲੋਂ ਆਪਣੇ ਹੀ ਪਿੰਡ ਦੇ 6 ਵਿਅਕਤੀਆਂ ਦੇ ਖਿਲਾਫ ਜਾਤੀ ਸੂਚਕ ਸ਼ਬਦ ਬੋਲਣ ਸਬੰਧੀ ਕੀਤੀ ਸ਼ਿਕਾਇਤ ਦੀ ਜਾਂਚ ਕਰਨ ਤੋਂ ਬਾਅਦ ਥਾਣਾ ਸ੍ਰੀ ਕੀਰਤਪੁਰ ਸਾਹਿਬ ਵਿਖੇ 6 ਵਿਅਕਤੀਆਂ ਦੇ ਖਿਲਾਫ ਐਸਸੀ ਐਸਟੀ ਐਕਟ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਥਾਣਾ ਸ੍ਰੀ ਕੀਰਤਪੁਰ ਸਾਹਿਬ ਦੇ ਐਸਐਚਓ ਇਸਪੈਕਟਰ ਜਤਿਨ ਕਪੂਰ ਨੇ ਦੱਸਿਆ ਕਿ ਥਾਣਾ ਸ੍ਰੀ ਕੀਰਤਪੁਰ ਸਾਹਿਬ ਅਧੀਨ ਆਉਂਦੇ ਪਿੰਡ ਹਰਦੋ ਨਿਮੋਹ ਦੇ ਵਸਨੀਕ ਪਾਲ ਸਿੰਘ ਪੁੱਤਰ ਮਨਸਾ ਰਾਮ ਨੇ ਆਪਣੇ ਹੀ ਪਿੰਡ ਦੇ ਵਸਨੀਕ ਸੁਬੇਗ ਸਿੰਘ, ਬਲਵੀਰ ਸਿੰਘ,ਗੁਰਦੇਵ ਸਿੰਘ, ਅਮਰੀਕ ਸਿੰਘ, ਮਹਿੰਦਰ ਸਿੰਘ ਅਤੇ ਜੁਝਾਰ ਸਿੰਘ ਦੇ ਖਿਲਾਫ ਜ਼ਿਲ੍ਹਾ ਪੁਲਿਸ ਮੁਖੀ ਰੂਪਨਗਰ ਨੂੰ 22 ਅਪ੍ਰੈਲ ਲਿਖਤੀ ਸ਼ਿਕਾਇਤ ਕੀਤੀ ਸੀ, ਜਿਸ ਦੀ ਜਾਂਚ ਤੋਂ ਬਾਅਦ ਇਹਨਾਂ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਥਾਣਾ ਮੁਖੀ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਪਾਲ ਸਿੰਘ ਵੱਲੋਂ ਉੱਚ ਅਧਿਕਾਰੀਆਂ ਨੂੰ ਆਪਣੇ ਪਿੰਡ ਦੇ ਵਿਅਕਤੀਆਂ ਖਿਲਾਫ ਫਰਵਰੀ 2025 ਨੂੰ ਜਾਤੀ ਸੂਚਕ ਸ਼ਬਦ ਬੋਲਣ ਸਬੰਧੀ ਇੱਕ ਲਿਖਤੀ ਸ਼ਿਕਾਇਤ ਕੀਤੀ ਸੀ, ਜੋ ਕਿ 28 ਫਰਵਰੀ ਨੂੰ ਜਾਂਚ ਲਈ ਡੀਐਸਪੀ ਸ੍ਰੀ ਅਨੰਦਪੁਰ ਸਾਹਿਬ ਪਾਸ ਆਈ ਸੀ। ਜਿਸ 'ਤੇ ਦੋਵਾਂ ਧਿਰਾਂ ਨੂੰ ਦਰਖਾਸਤ ਦੀ ਪੜਤਾਲ ਵਿੱਚ ਸ਼ਾਮਿਲ ਕਰਕੇ ਦੋਵੇਂ ਧਿਰਾਂ ਦੇ ਬਿਆਨ ਲੈ ਕੇ ਰਿਪੋਰਟ ਤਿਆਰ ਕਰਕੇ ਯੋਗ ਕਾਰਵਾਈ ਲਈ ਜ਼ਿਲ੍ਹਾ ਪੁਲਿਸ ਮੁਖੀ ਨੂੰ ਭੇਜੀ ਗਈ ਸੀ। ਉਨ੍ਹਾਂ ਦੱਸਿਆ ਕਿ ਮਾਨਯੋਗ ਐਸ.ਐਸ.ਪੀ. ਸਾਹਿਬ ਵੱਲੋਂ ਇਸ ਕੇਸ ਬਾਰੇ ਡੀ.ਏ. ਲੀਗਲ ਨੂੰ ਰਾਏ ਲਈ ਲਿਖਿਆ ਸੀ। ਦਰਖਾਸਤ ਕਰਤਾ ਅਨੁਸਾਰ ਜੇਕਰ ਉਸਨੂੰ ਜਾਤੀ ਸੂਚਕ ਸ਼ਬਦ ਗੁਰਦੇਵ ਸਿੰਘ ਨੇ ਫੋਨ 'ਤੇ ਕਹੇ ਹਨ ਤਾਂ ਜੁਰਮ ਧਾਰਾ 3(1)(ਐਸ) ਐਸਸੀ /ਐਸਟੀ ਐਕਟ 1989 ਨਹੀਂ ਬਣਦਾ ਹੈ। ਡੀਡੀਏ ਲੀਗਲ ਦੀ ਰਿਪੋਰਟ ਅਨੁਸਾਰ ਉਤਰਵਾਦੀ ਗੁਰਦੇਵ ਸਿੰਘ ਉਕਤ ਖਿਲਾਫ ਮਿਤੀ 14 ਅਪ੍ਰੈਲ ਨੂੰ ਅ/ਧ 126/170 ਬੀਐਨਐਸਐਸ ਥਾਣਾ ਕੀਰਤਪੁਰ ਸਾਹਿਬ ਤਹਿਤ ਕਲੰਦਰਾ ਤਿਆਰ ਕਰਕੇ ਮਾਨਯੋਗ ਅਦਾਲਤ ਐਸਡੀਐਮ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ ਸੀ। ਪਰ ਇਸ ਤੋਂ ਬਾਅਦ ਸ਼ਿਕਾਇਤ ਕਰਤਾ ਪਾਲ ਸਿੰਘ ਵੱਲੋਂ ਇਸ ਕੇਸ ਸਬੰਧੀ ਦੁਬਾਰਾ ਸ਼ਿਕਾਇਤ ਕੀਤੀ ਗਈ ਅਤੇ ਉਸ ਨੇ ਪਿੰਡ ਦੇ 6 ਵਿਅਕਤੀਆਂ ਉੱਪਰ ਜਨਤਕ ਸਥਾਨ ਅਤੇ ਲੋਕਾਂ ਸਾਹਮਣੇ ਉਸ ਨੂੰ ਜਾਤੀ ਸੂਚਕ ਸ਼ਬਦ ਬੋਲਣ ਸਬੰਧੀ ਸ਼ਿਕਾਇਤ ਕੀਤੀ ਅਤੇ ਮੌਕੇ ਦੇ ਗਵਾਹ ਵੀ ਦਿੱਤੇ, ਜਿਸ ਤੋਂ ਬਾਅਦ ਮਾਮਲੇ ਦੀ ਪੜਤਾਲ ਕੀਤੀ ਗਈ ਤੇ ਉਕਤ ਵਿਅਕਤੀਆਂ ਖਿਲਾਫ ਧਾਰਾ 3(1)ਐਸਸੀ /ਐਸਟੀ ਐਕਟ 126(2),351(2) ਦੇ ਤਹਿਤ ਮੁਕਦਮਾ ਦਰਜ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਇਸ ਕੇਸ ਵਿੱਚ ਉਕਤ 6 ਵਿਅਕਤੀਆਂ ਦੀ ਗ੍ਰਿਫਤਾਰੀ ਬਾਕੀ ਹੈ।

# ਹਿਊਮਨਸ ਰਾਈਟਸ ਸੁਰਕਸ਼ਾ ਸੁਸਾਇਟੀ ਨੇ 28 ਸੈਲਾਨੀਆਂ ਲਈ 2 ਮਿੰਟ ਦਾ ਮੋਨ ਰੱਖਕੇ ਸ਼ਰਧਾਂਜਲੀ ਦਿੱਤੀ



ਧਾਰੀਵਾਲ 27 ਅਪ੍ਰੈਲ (ਅਸ਼ੋਕ ਕੁਮਾਰ) : ਹਿਊਮਨਸ ਰਾਈਟਸ ਸੁਰਕਸ਼ਾ ਸੁਸਾਇਟੀ ਦੀ ਅਹਿਮ ਬੈਠਕ ਜ਼ਿਲ੍ਹਾ ਦਫਤਰ ਧਾਰੀਵਾਲ ਵਿਖੇ ਜ਼ਿਲ੍ਹਾ ਚੇਅਰਮੈਨ ਗੁਰਦਾਸਪੁਰ ਹਰਪ੍ਰੀਤ ਸਿੰਘ ਨਾਗੀ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਸੰਸਥਾ ਦੇ ਪੰਜਾਬ ਪ੍ਰਧਾਨ ਇੰਜੀਨੀਅਰ ਜਤਿੰਦਰ ਪਾਲ ਸਿੰਘ ਜੇਪੀ ਆਪਣੇ ਨਾਲ ਪੰਜਾਬ ਵਾਈਸ ਪ੍ਰਧਾਨ ਸੁਖਦੇਵ ਸਿੰਘ ਦੇ ਨਾਲ ਉਚੇਚੇ ਤੌਰ 'ਤੇ ਪਹੁੰਚੇ। ਇਸ ਮੀਟਿੰਗ ਵਿੱਚ ਸਭ ਤੋਂ ਪਹਿਲਾਂ ਪਹਿਲਗਾਮ ਵਿੱਚ ਮਾਰੇ ਗਏ 28 ਸੈਲਾਨੀਆਂ ਨੂੰ ਸ਼ਰਧਾਂਜਲੀ ਦਿੰਦੇ ਹੋਏ ਦੋ ਮਿੰਟ ਦਾ ਮੌਨ ਧਾਰਿਆ ਗਿਆ, ਉਸ ਤੋਂ ਬਾਅਦ ਸੰਸਥਾ ਦੇ ਵਿਸਥਾਰ ਲਈ ਅਤੇ ਸਮਾਜ ਸੇਵੀ ਕੰਮਾਂ ਲਈ ਵਿਸਥਾਰ ਪੂਰਵਕ ਚਰਚਾ ਕੀਤੀ ਗਈ। ਇਸ ਮੌਕੇ ਪੰਜਾਬ ਪ੍ਰਧਾਨ ਇੰਜੀਨੀਅਰ ਜੇ ਪੀ ਸਿੰਘ ਪੰਜਾਬ, ਮੀਤ ਪ੍ਰਧਾਨ ਸੁਖਦੇਵ ਸਿੰਘ, ਜ਼ਿਲ੍ਹਾ ਚੇਅਰਮੈਨ ਹਰਪ੍ਰੀਤ ਸਿੰਘ ਨਾਗੀ, ਗੁਰਦੇਵ ਸਿੰਘ ਅਰੋੜਾ, ਜ਼ਿਲ੍ਹਾ ਜਨਰਲ ਸਕੱਤਰ ਹਰਭਜਨ ਸਿੰਘ ਰਣੀਆ, ਖਜ਼ਾਨਚੀ ਗੁਰਮੇਜ ਸਿੰਘ, ਸਤੀਸ਼ ਕੁਮਾਰ, ਅਸ਼ੋਕ ਕੁਮਾਰ, ਸਿਟੀ ਯੂਥ ਪ੍ਰਧਾਨ ਪ੍ਰਦੀਪ ਸਿਆਲ, ਜਤਿੰਦਰ ਕੁਮਾਰ, ਗੁਰਮੁਖ ਸਿੰਘ, ਪ੍ਰੇਮ ਆਦਿ ਤੋਂ ਇਲਾਵਾ ਹੋਰ ਹਾਜ਼ਰ ਸਨ।

# ਸੇਫ ਪੰਜਾਬ ਹੈਲਪਲਾਈਨ ਤੋਂ ਪ੍ਰਾਪਤ ਹੋਈ ਸ਼ਿਕਾਇਤ ਤੋਂ ਬਾਅਦ ਦੋ ਵਿਅਕਤੀਆਂ ਖਿਲਾਫ ਮੁਕੱਦਮਾ ਦਰਜ

ਸ਼੍ਰੀ ਕੀਰਤਪੁਰ ਸਾਹਿਬ 27 ਅਪ੍ਰੈਲ (ਬੀ ਐਸ ਰਾਣਾ) : ਪੰਜਾਬ ਵਿੱਚੋਂ ਨਸ਼ਿਆਂ ਦਾ ਖਾਤਮਾ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਨਸ਼ਿਆਂ ਸਬੰਧੀ ਸ਼ਿਕਾਇਤ ਦਰਜ ਕਰਾਉਣ ਲਈ ਜਾਰੀ ਕੀਤੀ ਗਈ ਸੇਫ ਪੰਜਾਬ ਹੈਲਪਲਾਈਨ 'ਤੇ ਕਿਸੇ ਵੱਲੋਂ ਦੋ ਵਿਅਕਤੀਆਂ ਦੇ ਖਿਲਾਫ ਨਸ਼ਾ ਕਰਨ ਸਬੰਧੀ ਸ਼ਿਕਾਇਤ ਦਰਜ ਕਰਵਾਈ ਗਈ ਸੀ, ਇਸ ਸ਼ਿਕਾਇਤ ਉੱਤੇ ਕਾਰਵਾਈ ਕਰਦੇ ਹੋਏ ਜ਼ਿਲ੍ਹਾ ਪੁਲਿਸ ਮੁਖੀ ਰੂਪਨਗਰ ਗੁਲਨੀਤ ਸਿੰਘ ਖੁਰਾਣਾ ਆਈ.ਪੀ.ਐੱਸ.ਦੇ ਦਿਸ਼ਾ-ਨਿਰਦੇਸ਼ਾਂ ਹੇਠ ਥਾਣਾ ਸ੍ਰੀ ਕੀਰਤਪੁਰ ਸਾਹਿਬ ਦੀ ਪੁਲਿਸ ਵੱਲੋਂ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਹਨਾਂ ਦੇ ਖਿਲਾਫ 27-61-85 ਐਨਡੀਪੀਐਸ ਐਕਟ ਦੇ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਥਾਣਾ ਸ੍ਰੀ ਕੀਰਤਪੁਰ ਸਾਹਿਬ ਦੇ ਐਸਐਚਓ ਇੰਸਪੈਕਟਰ ਜਤਿਨ ਕਪੂਰ ਨੇ ਦੱਸਿਆ ਕਿ ਪੰਜਾਬ ਸੇਫ ਹੈਲਪਲਾਈਨ ਉੱਤੇ ਮਹਿਬੂਬ ਅਲੀ ਪੁੱਤਰ ਅਬਦੁਲ ਹਮੀਦ ਵਾਸੀ ਪਿੰਡ ਭਰਤਗੜ ਅਤੇ ਰਜਿੰਦਰ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਪਿੰਡ ਪ੍ਰਿਥੀਪੁਰ ਬੁੰਗਾ ਥਾਣਾ ਸ੍ਰੀ ਕੀਰਤਪੁਰ ਸਾਹਿਬ ਦੇ ਖਿਲਾਫ ਨਸ਼ਾ ਕਰਨ ਸਬੰਧੀ ਸ਼ਿਕਾਇਤ ਮੌਸੂਲ ਹੋਈ ਸੀ। ਜਿਸ ਤੋਂ ਬਾਅਦ ਸਾਡੀ ਪੁਲਿਸ ਪਾਰਟੀ ਵੱਲੋਂ ਇਹਨਾਂ ਦੀ ਭਾਲ ਸ਼ੁਰੂ ਕੀਤੀ ਗਈ ਤਾਂ ਗਸ਼ਤ ਦੌਰਾਨ ਮੁੱਖਬਰ ਖਾਸ ਨੇ ਭਰਤਗੜ੍ਹ ਪੁਲਿਸ ਚੌਂਕੀ ਦੇ ਇੰਚਾਰਜ ਏਐਸਆਈ ਸੁਖਵਿੰਦਰ ਸਿੰਘ ਨੂੰ ਇਤਲਾਹ ਦਿੱਤੀ ਕਿ ਦੋਵੇਂ ਵਿਅਕਤੀ ਨਹਿਰ ਦੀ ਪਟੜੀ ਨੇੜੇ ਭਰਤਗੜ੍ਹ ਨਸ਼ਾ ਕਰ ਰਹੇ ਹਨ, ਜਿਸ ਤੋਂ ਬਾਅਦ ਪੁਲਿਸ ਪਾਰਟੀ ਵੱਲੋਂ ਦੋਵਾਂ ਨੂੰ ਮੌਕੇ ਉੱਪਰ ਜਾ ਕੇ ਕਾਬੂ ਕਰ ਲਿਆ ਗਿਆ ਹੈ। ਉਹਨਾਂ ਦੱਸਿਆ ਕਿ ਕਾਬੂ ਕੀਤੇ ਗਏ ਵਿਅਕਤੀਆਂ ਤੋਂ ਨਸ਼ਾ ਕਰਨ ਲਈ ਵਰਤਿਆ ਗਿਆ ਫਾਊਲ ਪੇਪਰ, ਨੋਟ ਅਤੇ ਲਾਈਟਰ ਬਰਾਮਦ ਹੋਇਆ ਹੈ। ਉਹਨਾਂ ਨੇ ਦੱਸਿਆ ਕਿ ਰੋਪੜ ਵਿਖੇ ਡੋਪ ਟੈਸਟ ਕਰਵਾਉਣ ਲਈ ਕਿੱਟਾਂ ਨਾ ਹੋਣ ਕਾਰਨ ਪੁਲਿਸ ਪਾਰਟੀ ਨੂੰ ਦੋਵੇਂ ਵਿਅਕਤੀਆਂ ਦਾ ਮੋਹਾਲੀ ਲਿਜਾ ਕੇ ਡੋਪ ਟੈਸਟ ਕਰਵਾਉਣਾ ਪਿਆ। ਉਹਨਾਂ ਦੱਸਿਆ ਕਿ ਇਹਨਾਂ ਦੋਵਾਂ ਨੂੰ ਹੁਣ ਮਾਣਯੋਗ ਅਦਾਲਤ ਵਿੱਚ ਪੇਸ਼ ਕਰਨ ਲਈ ਲਿਜਾਇਆ ਜਾ ਰਿਹਾ ਹੈ। ਜਿੱਥੇ ਮਾਨਯੋਗ ਜੱਜ ਸਾਹਿਬ ਤੋਂ ਇਹਨਾਂ ਦਾ ਪੁਲਿਸ ਰਿਮਾਂਡ ਮੰਗਿਆ ਜਾਵੇਗਾ।

# ਵਰਲਡ ਮਲੇਰੀਆ ਦਿਵਸ 'ਤੇ ਰੈਲੀ ਕੱਢੀ

ਭੋਗਪੁਰ 27 ਅਪ੍ਰੈਲ (ਜੰਡੀਰ ਸੈਣੀ) : ਕਾਲਾ ਬੱਕਰਾ 'ਚ ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਅਤੇ ਸਿਵਲ ਸਰਜਨ ਜਲੰਧਰ ਡਾਕਟਰ ਗੁਰਮੀਤ ਲਾਲ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਰਲਡ ਮਲੇਰੀਆ ਦਿਵਸ ਮਨਾਇਆ



ਗਿਆ, ਜਿਸਦੇ ਸਬੰਧ ਵਿੱਚ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੂੰ ਨਾਲ ਲੈਕੇ ਰੈਲੀ ਦਾ ਆਯੋਜਨ ਕੀਤਾ ਗਿਆ। ਇਸ ਰੈਲੀ ਕੱਢਣ ਦਾ ਮੰਤਵ ਲੋਕਾਂ ਨੂੰ ਮਲੇਰੀਆ ਬੁਖਾਰ ਤੋਂ ਬਚਣ ਲਈ ਜਾਗਰੂਕ ਕਰਨਾ ਹੈ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਲੋਕਾਂ ਨੂੰ ਮਲੇਰੀਆ ਬੁਖਾਰ ਦੇ ਪ੍ਰਕੋਪ ਤੋਂ ਬਚਾਇਆ ਜਾ ਸਕੇ। ਰੈਲੀ ਦੌਰਾਨ ਸਕੂਲ ਪ੍ਰਿੰਸੀਪਲ/ਸਟਾਫ ਤੇ ਪੁਲਿਸ ਪ੍ਰਸ਼ਾਸਨ ਵੀ ਹਾਜ਼ਰ ਸਨ।

# ਸੀ.ਐਮ ਦੀ ਯੋਗਸ਼ਾਲਾ ਨੇ ਨਵਾਂਸ਼ਹਿਰ ਵਾਸੀਆਂ ਦੀ ਬਦਲੀ ਜੀਵਨ ਸ਼ੈਲੀ

ਨਵਾਂਸ਼ਹਿਰ, 27 ਅਪ੍ਰੈਲ (ਸੁਖਦੇਵ ਸਿੰਘ ਉੜਾਪੜ): ਪੰਜਾਬ ਸਰਕਾਰ ਵੱਲੋਂ ਸੀ.ਐਮ ਦੀ ਯੋਗਸ਼ਾਲਾ ਤਹਿਤ ਲਗਾਈਆਂ ਜਾ ਰਹੀਆਂ ਯੋਗ ਕਲਾਸਾਂ ਨਵਾਂਸ਼ਹਿਰ ਵਾਸੀਆਂ ਦੀ ਜੀਵਨ ਸ਼ੈਲੀ ਵਿਚ ਤਬਦੀਲੀ ਲਿਆ ਰਹੀਆਂ ਹਨ। ਯੋਗ ਟ੍ਰੇਨਰ ਈਰਾ ਸੈਣੀ ਨੇ ਦੱਸਿਆ ਕਿ ਸ਼ਹਿਰ ਵਾਸੀ ਰੋਜ਼ਾਨਾ ਯੋਗ ਆਸਣਾਂ, ਪ੍ਰਾਣਿਯਾਮ ਤੇ ਮੈਡੀਟੇਸ਼ਨ ਦੁਆਰਾ ਸਿਹਤ ਵਿਚ ਆ ਰਹੀ ਤਬਦੀਲੀ ਨੂੰ ਮਹਿਸੂਸ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਨਵਾਂਸ਼ਹਿਰ ਸਥਿਤ ਬਾਰਾਂਦਰੀ ਬਾਗ਼ ਵਿਚ ਰੋਜ਼ਾਨਾ ਸਵੇਰੇ 5.30 ਵਜੇ ਤੋਂ 6.30 ਵਜੇ ਤੱਕ ਮੁਫ਼ਤ ਯੋਗ ਕਲਾਸ ਲੱਗਦੀ ਹੈ, ਜਿਸ ਦਾ ਸ਼ਹਿਰ ਦੇ ਬਹੁਤ ਸਾਰੇ ਲੋਕ ਲਾਭ ਲੈ ਰਹੇ ਹਨ। ਉਨ੍ਹਾਂ ਦੱਸਿਆ ਕਿ ਯੋਗ ਕਰਨ ਨਾਲ ਉਨ੍ਹਾਂ ਦੀਆਂ ਕਈ ਤਰ੍ਹਾਂ ਦੀਆਂ ਸਰੀਰਕ ਅਤੇ ਮਾਨਸਿਕ ਸਮੱਸਿਆਵਾਂ ਦੂਰ ਹੋ ਰਹੀਆਂ ਹਨ, ਜਿਸ ਨਾਲ ਉਨ੍ਹਾਂ ਦਾ ਸਰੀਰਕ ਤੇ ਮਾਨਸਿਕ ਪੱਧਰ ਤਾਂ ਉੱਪਰ ਉੱਠ ਹੀ ਰਿਹਾ ਹੈ, ਬਲਕਿ ਇਸ ਦੇ ਨਾਲ-ਨਾਲ ਉਨ੍ਹਾਂ ਦੇ ਆਰਥਿਕ ਪੱਧਰ ਵਿਚ ਵੀ ਸੁਧਾਰ ਆ ਰਿਹਾ ਹੈ। ਕਿਉਂਕਿ ਪਹਿਲਾਂ ਇਹ ਲੋਕ ਸਰੀਰ ਦੀ ਸਾਂਭ-ਸੰਭਾਲ ਲਈ ਕਈ ਤਰ੍ਹਾਂ ਦੀਆਂ ਹੋਰ ਇਲਾਜ ਪ੍ਰਣਾਲੀਆਂ ਦਾ ਸਹਾਰਾ ਲੈ ਰਹੇ ਸਨ, ਜੋ ਕਿ ਮਹਿੰਗੀਆਂ ਸਨ। ਯੋਗ ਕਲਾਸ ਦੇ ਮੈਂਬਰ ਅਸ਼ਵਨੀ ਗੌਤਮ, ਮੋਹਿੰਦਰਪਾਲ ਸਿੰਘ, ਦੀਪਕ ਰਾਣਾ, ਰਾਜੀਵ ਕੁਮਾਰ, ਰਾਜਪਾਲ ਸਿੰਘ, ਈਸ਼ਵਰ ਜਾਂਗੜਾ, ਜੇ.ਪੀ ਬੱਤਰਾ, ਨੀਰਜ ਰਾਣਾ, ਆਰਤੀ, ਰੇਨੂ, ਨੀਰੂ, ਗੁਰਦਿਆਲ ਮਾਨ, ਰਜਨੀਤ ਸੈਣੀ, ਡਾ. ਚੇਤਨਾ,



ਡਾ. ਪਿਆਰੇ ਲਾਲ, ਜੋਗਿੰਦਰ ਰਾਮ, ਦਿਲਜੀਤ ਕੌਸ਼ਲ, ਅਜੇ ਕੁਮਾਰ ਵਿਜੇ, ਗਰਿਮਾ ਜੈਨ, ਬਲਰਾਜ ਸੋਨੀ ਆਦਿ ਰੋਜ਼ਾਨਾ ਯੋਗ ਕਰਕੇ ਲਾਭ ਲੈ ਰਹੇ ਹਨ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕਿ ਉਹ ਇਨ੍ਹਾਂ ਮੁਫ਼ਤ ਯੋਗ ਕਲਾਸਾਂ ਦਾ ਵੱਧ ਤੋਂ ਵੱਧ ਲਾਭ ਲੈਣ।

# ਪੰਜਾਬ ਦੀ ਅਮਨ-ਸ਼ਾਂਤੀ ਲਈ ਕੁਰਬਾਨ ਸਾਬਕਾ ਵਿਧਾਇਕ ਬਲਵੰਤ ਸਿੰਘ ਸਰਹਾਲ ਲੋਕ ਸੇਵਾ ਦੇ ਨਾਇਕਾਂ ਲਈ ਪ੍ਰੇਰਕ : ਜੈ ਕਿਸ਼ਨ ਰੋੜੀ

ਬੰਗਾ, 27 ਅਪ੍ਰੈਲ (ਚ.ਨ.ਸ.) : ਬੰਗਾ ਵਿਧਾਨ ਸਭਾ ਹਲਕੇ ਤੋਂ ਸਾਬਕਾ ਵਿਧਾਇਕ ਰਹੇ ਸ਼ਹੀਦ ਬਲਵੰਤ ਸਿੰਘ ਸਰਹਾਲ ਨੂੰ ਉਹਨਾਂ ਦੀ 33ਵੀਂ ਬਰਸੀ ਦੇ ਮੌਕੇ 'ਤੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਸਿੰਘ ਰੋੜੀ ਅਤੇ ਪੰਜਾਬ ਸਰਕਾਰ ਦੇ ਮੰਤਰੀ ਮਹਿੰਦਰ ਭਗਤ ਸਮੇਤ ਆਮ ਆਦਮੀ ਪਾਰਟੀ ਅਤੇ ਇਲਾਕੇ ਤੋਂ ਜੁੜੇ ਹੋਏ ਸਮਾਜਿਕ ਸੰਗਠਨਾਂ ਦੇ ਲੋਕਾਂ ਨੇ ਸ਼ਰਧਾਂਜਲੀ ਭੇਟ ਕੀਤੀ। ਪੰਜਾਬ ਦੇ ਡਿਪਟੀ ਸਪੀਕਰ ਜੈ ਸਿੰਘ ਰੋੜੀ ਅਤੇ ਕੈਬਨਟ ਮੰਤਰੀ ਪੰਜਾਬ ਮਹਿੰਦਰ ਭਗਤ ਨੇ ਕਿਹਾ ਕਿ ਪੰਜਾਬ ਦੀ ਅਮਨ ਸ਼ਾਂਤੀ ਲਈ 33 ਸਾਲ ਪਹਿਲਾਂ ਦਹਿਸ਼ਤਗਰਦਾਂ ਦੇ ਹੱਥੋਂ ਆਪਣੇ ਜਾਨ ਗਵਾ ਕੇ ਅੱਜ ਦੇ ਰਾਜਨੀਤਿਕ ਲੋਕਾਂ ਲਈ ਮਿਸਾਲ ਬਣੇ ਬਲਵੰਤ ਸਿੰਘ ਸਰਹਾਲ ਪੂਰੇ ਪੰਜਾਬ ਲਈ ਸ਼ਹੀਦ ਹੋਏ ਹਨ। ਉਨ੍ਹਾਂ ਦੀ ਕੁਰਬਾਨੀ ਸਾਡੇ ਲਈ ਪ੍ਰੇਰਨਾ ਸਰੋਤ ਹੈ। ਆਮ ਆਦਮੀ ਪਾਰਟੀ ਦੇ ਸਿਰ ਕੱਢ ਲੀਡਰਾਂ ਨੇ ਕਿਹਾ ਕਿ ਸ਼ਹੀਦ ਬਲਵੰਤ ਸਿੰਘ ਸਰਹਾਲ ਦੇ



ਸਪੁੱਤਰ ਕੁਲਜੀਤ ਸਿੰਘ ਸਰਹਾਲ ਆਮ ਆਦਮੀ ਪਾਰਟੀ ਵਿੱਚ ਵਿਚਰ ਕੇ ਬੰਗਾ ਹਲਕੇ ਦੇ ਇੰਚਾਰਜ ਅਤੇ ਪੰਜਾਬ ਵਾਟਰ ਰਿਸੋਰਸ ਮੈਨੇਜਮੈਂਟ ਡਿਵੈਲਪਮੈਂਟ ਕਾਰਪੋਰੇਸ਼ਨ ਦੇ ਵਾਈਸ ਚੇਅਰਮੈਨ ਵੱਲੋਂ ਲੋਕ ਸੇਵਾ ਵਿੱਚ ਡਟੇ ਹਨ। ਉਹਨਾਂ ਕਿਹਾ ਕਿ ਇਲਾਕੇ ਦੇ ਪੂਰੇ ਲੋਕ ਕੁਲਜੀਤ ਸਿੰਘ ਸਰਹਾਲ ਦੇ ਕਾਰਜਾਂ ਦੀ ਸ਼ਲਾਘਾ ਕਰਦੇ ਹਨ। ਇਹਨਾਂ ਦਾ ਪਰਿਵਾਰ ਪਿਛਲੇ 60 ਸਾਲ ਤੋਂ ਇਲਾਕੇ ਦੇ ਲੋਕਾਂ ਦੀ ਸੇਵਾ ਕਰ ਰਹੇ ਹਨ। ਉਹਨਾਂ ਕਿਹਾ ਕਿ ਸ਼ਹੀਦ ਬਲਵੰਤ ਸਿੰਘ ਸਰਹਾਲ ਨੇ ਡਾਕਟਰ ਭੀਮ ਰਾਓ ਅੰਬੇਡਕਰ ਦੀ ਰਾਜਨੀਤਿਕ ਪਾਰਟੀ ਰਿਪਬਲਿਕ ਪਾਰਟੀ ਆਫ ਇੰਡੀਆ ਤੋਂ ਆਪਣੀ ਰਾਜਨੀਤੀ ਦੀ ਸ਼ੁਰੂਆਤ ਕੀਤੀ ਅਤੇ ਬਾਅਦ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਵਜੋਂ ਬੰਗਾ ਵਿਧਾਨ ਸਭਾ ਹਲਕੇ ਤੋਂ 1985 ਵਿੱਚ ਚੋਣ ਜਿੱਤੀ ਇਸ ਦੇ ਨਾਲ ਹੀ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਵਿੱਚ ਸਮਾਲ ਸਕੇਲ ਇੰਡਸਟਰੀ ਦੇ ਚੇਅਰਮੈਨ ਕੈਬਨਿਟ ਰੈਂਕ ਰਹੇ। ਇਸ ਮੌਕੇ 'ਤੇ ਹਾਜ਼ਰ ਆਗੂਆਂ ਨੇ ਸ਼ਹੀਦ ਸਰਦਾਰ ਬਲਵੰਤ ਸਿੰਘ ਸਰਹਾਲ ਦੀ ਸੋਚ 'ਤੇ ਪਹਿਰਾ ਦੇਣ ਅਤੇ ਉਹਨਾਂ ਦੇ ਮਾਰਗ ਦਰਸ਼ਨ ਨੂੰ ਜੀਵਨ ਵਿੱਚ ਅਪਣਾਉਣ ਦਾ ਸੰਕਲਪ ਲਿਆ। ਇਸ ਮੌਕੇ ਅਮਨ ਮੋਹਿ, ਸੰਤੋਸ਼ ਕਟਾਰੀਆ, ਲਲਿਤ ਮੋਹਨ ਪਾਠਕ, ਸਤਨਾਮ ਸਿੰਘ ਜਲਾਲਪੁਰ, ਸਤਨਾਮ ਸਿੰਘ, ਗਗਨ ਅਗਨੀ, ਬਲਬੀਰ ਸਿੰਘ, ਸਾਗਰ ਅਰੋੜਾ, ਸਤਨਾਮ ਸਿੰਘ, ਅਮਰਦੀਪ ਬੰਗਾ, ਹਰਪ੍ਰੀਤ ਸਿੰਘ, ਰਣਜੀਤ ਸਿੰਘ, ਹਰਜੋਤ ਕੌਰ, ਜਗਜੀਤ ਕੌਰ, ਸਾਗਰ ਅਰੋੜਾ, ਨਰਿਦਰ ਕੁਮਾਰ, ਜਗਜੀਤ ਸਿੰਘ, ਬਲਵੀਰ ਸਿੰਘ, ਬ੍ਰਿਜ ਭੂਸ਼ਨ, ਦਾਰਾ ਸਿੰਘ,ਸੁਰਜੀਤ ਸਿੰਘ,ਪਿਆਰਾ ਸਿੰਘ ਮੋਹਨ ਲਾਲ, ਮੁਲਕ ਰਾਜ, ਸਰਬਜੀਤ ਸਿੰਘ ਤੋਂ ਇਲਾਵਾ ਬੰਗਾਲ ਨਗਰ ਕੌਂਸਲ ਦੇ ਕੌਂਸਲਰ ਪਿੰਡਾਂ ਦੇ ਸਰਪੰਚ ਪੰਚ ਤੋਂ ਇਲਾਵਾ ਸੈਂਕੜੇ ਦੀ ਗਿਣਤੀ ਵਿੱਚ ਲੋਕ ਸ਼ਾਮਲ ਹੋਏ।

# ਸਰਕਾਰੀ ਕਾਲਜ ਗੁਰਦਾਸਪੁਰ ਦੀ ਸਾਲਾਨਾ ਕਾਨਵੋਕੇਸ਼ਨ

ਗੁਰਦਾਸਪੁਰ, 27 ਅਪ੍ਰੈਲ (ਜਗੀਰ ਸਿੰਘ ਮੰਡ) : ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਅੱਜ ਸੈਸ਼ਨ 2022-23, 2023-24 ਦੌਰਾਨ ਪਾਸ ਹੋਏ ਵਿਦਿਆਰਥੀਆਂ ਦਾ ਸਾਲਾਨਾ ਡਿਗਰੀ ਵੰਡ ਸਮਾਰੋਹ ਕਰਵਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਡਾ. ਕਰਮਜੀਤ ਸਿੰਘ, ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਅਤਿ-ਵਿਸ਼ਿਸ਼ਟ ਮਹਿਮਾਨ ਵਜੋਂ ਸ਼੍ਰੀ ਰਮਨ ਬਹਿਲ, ਚੇਅਰਮੈਨ, ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਅਤੇ ਵਿਸ਼ੇਸ਼ ਮਹਿਮਾਨ ਵਜੋਂ ਡਾ. ਨਿਰਮਲ ਜੌੜਾ, ਡਾਇਰੈਕਟਰ, ਯੁਵਕ ਭਲਾਈ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨੇ ਸ਼ਿਰਕਤ ਕੀਤੀ। ਸਭ ਤੋਂ ਪਹਿਲਾਂ ਆਏ ਹੋਏ ਮਹਿਮਾਨਾਂ ਦਾ ਕਾਲਜ ਦੇ ਐਨ.ਸੀ.ਸੀ. ਕੈਡਿਟਾਂ ਵੱਲੋਂ ਗਾਰਡ ਆਫ ਆਨਰ ਦੇ ਕੇ ਸਨਮਾਨ ਕੀਤਾ ਗਿਆ। ਡਿਗਰੀ ਵੰਡ ਸਮਾਰੋਹ ਦੀ ਸ਼ੁਰੂਆਤ ਕਾਲਜ ਦੇ ਵਿਦਿਆਰਥੀਆਂ ਵਲੋਂ ਸ਼ਬਦ ਗਾਇਨ ਨਾਲ ਕੀਤੀ ਗਈ। ਉਪਰੰਤ ਸ਼ਮਾ ਰੌਸ਼ਨ ਦੀ ਰਸਮ ਮੁੱਖ ਮਹਿਮਾਨ ਅਤੇ ਕਾਲਜ ਪ੍ਰਬੰਧਕਾਂ ਵੱਲੋਂ ਕੀਤੀ ਗਈ। ਕਾਲਜ



ਦੇ ਪ੍ਰਿੰਸੀਪਲ ਡਾ. ਅਸ਼ਵਨੀ ਕੁਮਾਰ ਭੱਲਾ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਕਾਲਜ ਦੀ ਸਾਲਾਨਾ ਰਿਪੋਰਟ ਪੜ੍ਹੀ। ਕਾਲਜ ਦੇ ਪ੍ਰਿੰਸੀਪਲ ਨੇ ਮੁੱਖ ਮਹਿਮਾਨ ਪਾਸੋਂ ਡਿਗਰੀ ਵੰਡ ਸਮਾਰੋਹ ਦੀ ਰਸਮੀ ਸ਼ੁਰੂਆਤ ਕਰਨ ਦੀ ਪ੍ਰਵਾਨਗੀ ਲਈ ਅਤੇ ਕਾਲਜ ਦੇ ਵੱਖ ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਰੋਲ ਆਫ ਆਨਰ ਦਿੱਤਾ ਗਿਆ। ਕਾਲਜ ਦੇ ਐਮ.ਏ.(ਇਕਨਾਮਿਕਸ), ਪੀ.ਜੀ.ਡੀ.ਸੀ.ਏ. ਬੀ. ਐਸ.ਸੀ. (ਮੈਡੀਕਲ, ਨਾਨ ਮੈਡੀਕਲ, ਕੰਪਿਊਟਰ ਸਾਇੰਸ ਅਤੇ ਇਕਨਾਮਿਕਸ), ਬੀ.ਕਾਮ, ਬੀ.ਸੀ.ਏ. ਅਤੇ ਬੀ.ਏ. ਦੇ ਵੱਖ ਵੱਖ ਕੋਰਸਾਂ ਦੇ ਕੁੱਲ 450 ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ।

ਇਸ ਮੌਕੇ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਨੇ ਆਪਣੇ ਭਾਸ਼ਣ ਵਿੱਚ ਡਿਗਰੀਆਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ ਅਤੇ ਸਮਾਜ ਵਿੱਚ ਤਰੱਕੀ ਕਰਨ ਲਈ ਪ੍ਰੇਰਿਤ ਕੀਤਾ ਅਤੇ ਕਾਲਜ ਨੂੰ ਨਵੇਂ ਕੋਰਸ ਦੇਣ ਦਾ ਐਲਾਨ ਕੀਤਾ। ਇਸ ਦੌਰਾਨ ਚੇਅਰਮੈਨ ਸ਼੍ਰੀ ਰਮਨ ਬਹਿਲ ਨੇ ਵੀ ਡਿਗਰੀ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਕੂਲੀ ਸਿੱਖਿਆ ਦੇ ਨਾਲ ਉਚੇਰੀ ਸਿੱਖਿਆ ਵੱਲ ਵੀ ਵਿਸ਼ੇਸ਼ ਧਿਆਨ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਨੇ ਪਿਛਲੇ ਤਿੰਨ ਸਾਲਾਂ ਵਿੱਚ 55000 ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਉਨ੍ਹਾਂ ਨੌਜਵਾਨ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਸਖਤ ਮਿਹਨਤ ਕਰਨ ਸਫਲਤਾ ਉਨ੍ਹਾਂ ਦੇ ਕਦਮ ਜ਼ਰੂਰ ਚੁੰਮੇਗੀ। ਇਸ ਮੌਕੇ ਵਿਸ਼ੇਸ਼ ਮਹਿਮਾਨ ਡਾ. ਨਿਰਮਲ ਜੌੜਾ ਨੇ ਵਿਦਿਆਰਥੀਆਂ ਨੂੰ ਸ਼ੁੱਭ ਇੱਛਾਵਾਂ ਦੇ ਨਾਲ-ਨਾਲ ਨੈਤਿਕ ਸਿੱਖਿਆ 'ਤੇ ਜ਼ੋਰ ਦੇਣ ਲਈ ਕਿਹਾ ਤਾਂ ਜੋ ਭਾਈਚਾਰਕ ਸਾਂਝ ਵਾਲਾ ਸਮਾਜ ਸਥਾਪਿਤ ਕੀਤਾ ਜਾ ਸਕੇ। ਡਾ. ਕਰਨਜੀਤ ਸ਼ਰਮਾ, ਰਜਿਸਟਰਾਰ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਸਾਲਾਨਾ ਕਨਵੋਕੇਸ਼ਨ ਦੀ ਸਮਾਪਤੀ ਦੀ ਪ੍ਰਵਾਨਗੀ ਲਈ। ਇਸ ਸਮੇਂ ਵੱਖ ਵੱਖ ਕਾਲਜਾਂ ਅਤੇ ਸਕੂਲਾਂ ਦੇ ਪ੍ਰਿੰਸੀਪਲ, ਸੇਵਾ ਮੁਕਤ ਪ੍ਰੋਫੈਸਰ ਅਤੇ ਹੋਰ ਪੱਤਵੰਤੇ ਮਹਿਮਾਨ ਹਾਜ਼ਰ ਸਨ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਡਾ. ਸੁਰਜੀਤ ਸਿੰਘ ਅਤੇ ਡਾ. ਪਵਨ ਕੁਮਾਰ ਨੇ ਬਾਖੂਬੀ ਨਿਭਾਈ।

# ਵਿਧਾਇਕ ਨਰਿੰਦਰਪਾਲ ਸਿੰਘ ਨੇ ਆੜਤੀਆਂ ਦੀਆਂ ਮੁਸ਼ਕਲਾਂ ਸੁਣੀਆਂ

ਫਾਜ਼ਿਲਕਾ 27 ਅਪ੍ਰੈਲ (ਬਖਸ਼ੀਸ਼ ਸਿੰਘ/ ਜਸਪ੍ਰੀਤ ਸਿੰਘ) : ਫਾਜ਼ਿਲਕਾ ਦੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਨੇ ਸਥਾਨਕ ਮਾਰਕੀਟ ਕਮੇਟੀ ਦਫਤਰ ਵਿਖੇ ਆੜਤੀਆ ਐਸੋਸੀਏਸ਼ਨ ਦੇ ਨੁਮਾਇੰਦਿਆਂ ਨਾਲ ਬੈਠਕ ਕਰਕੇ ਉਹਨਾਂ ਦੀਆਂ ਮੁਸ਼ਕਲਾਂ ਸੁਣੀਆਂ। ਇਸ ਮੌਕੇ ਉਨ੍ਹਾਂ ਨੇ ਆੜਤੀਆ ਐਸੋਸੀਏਸ਼ਨ ਦੇ ਨੁਮਾਇੰਦਿਆਂ ਨੂੰ ਭਰੋਸਾ



ਦਿੱਤਾ ਕਿ ਉਹਨਾਂ ਦੀਆਂ ਸਾਰੀਆਂ ਸਮੱਸਿਆਵਾਂ ਦਾ ਨਿਪਟਾਰਾ ਹੋਵੇਗਾ। ਉਹਨਾਂ ਨੇ ਕਿਹਾ ਕਿ ਕਣਕ ਦੀ ਲਿਫਟਿੰਗ ਤੇਜ਼ ਕਰਨ ਦੀ ਸਖਤ ਹਦਾਇਤ ਕੀਤੀ ਗਈ ਹੈ। ਉਹਨਾਂ ਨੇ ਕਿਹਾ ਕਿ ਏਜੰਸੀਆਂ ਨੂੰ ਪਾਬੰਦ ਕੀਤਾ ਜਾ ਰਿਹਾ ਹੈ ਕਿ ਉਹ ਤੇਜ਼ੀ ਨਾਲ ਲਿਫਟਿੰਗ ਕਰਨ। ਉਹਨਾਂ ਨੇ ਕਿਹਾ ਕਿ ਬੀਤੇ ਇੱਕ ਦਿਨ ਵਿੱਚ ਲਗਭਗ 34 ਹਜ਼ਾਰ ਮੀਟਰਿਕ ਟਨ ਕਣਕ ਦੀ ਲਿਫਟਿੰਗ ਹੋਈ ਹੈ ਜੋ ਕਿ ਆਪਣੇ ਆਪ ਵਿੱਚ ਇੱਕ ਰਿਕਾਰਡ ਹੈ। ਉਹਨਾਂ ਨੇ ਕਿਹਾ ਕਿ ਹੁਣ ਇਸ ਨੂੰ ਹੋਰ ਵਧਾਇਆ ਜਾ ਰਿਹਾ ਹੈ ਅਤੇ ਕਿਉਂ ਜੋ ਹੁਣ ਨਵੀਂ ਕਣਕ ਦੀ ਆਮਦ ਘਟਣ ਲੱਗੀ ਹੈ। ਇਸ ਲਈ ਬਹੁਤ ਜਲਦ ਸਾਰੀ ਕਣਕ ਮੰਡੀਆਂ ਵਿੱਚੋਂ ਚੁੱਕ ਲਈ ਜਾਵੇਗੀ। ਉਹਨਾਂ ਨੇ ਕਿਹਾ ਕਿ ਇਸ ਸਾਰੀ ਪ੍ਰਕ੍ਰਿਆ ਦੌਰਾਨ ਕਿਸਾਨ ਨੂੰ ਕੋਈ ਖੱਜਲ ਖੁਆਰ ਨਹੀਂ ਹੋਣ ਦਿੱਤਾ ਜਾ ਰਿਹਾ ਅਤੇ ਕਿਸਾਨ ਦੀ ਫਸਲ ਨਾਲੋ ਨਾਲ ਵਿਕ ਰਹੀ ਹੈ ਅਤੇ ਨਾਲੋ ਨਾਲ ਹੀ ਕਿਸਾਨਾਂ ਨੂੰ ਅਦਾਇਗੀ ਕੀਤੀ ਜਾ ਰਹੀ ਹੈ। ਉਹਨਾਂ ਨੇ ਕਿਹਾ ਕਿ ਫਸਲ ਦੀ ਤੁਲਾਈ ਹੋ ਜਾਣ ਤੋਂ ਬਾਅਦ ਕਿਸਾਨ ਦਾ ਕੋਈ ਸਰੋਕਾਰ ਨਹੀਂ ਹੁੰਦਾ ਅਤੇ ਉਸਨੂੰ ਅਦਾਇਗੀ ਹੋ ਜਾਂਦੀ ਹੈ। ਖਰੀਦੀ ਗਈ ਕਣਕ ਸਬੰਧਤ ਖਰੀਦ ਏਜੰਸੀ ਦੀ ਹੁੰਦੀ ਹੈ ਅਤੇ ਉਸਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਜਲਦੀ ਤੋਂ ਜਲਦੀ ਲਿਫਟਿੰਗ ਕਰੇ। ਉਨ੍ਹਾਂ ਨੇ ਕਿਹਾ ਕਿ ਅਨਲੋਡਿੰਗ ਵਾਲੀ ਥਾਂ 'ਤੇ ਲੇਬਰ ਦੀ ਕਮੀ ਦੀ ਸ਼ਿਕਾਇਤ ਮਿਲੀ ਸੀ ਜਿਸ ਨੂੰ ਦੂਰ ਕਰਨ ਦੀ ਸਖਤ ਹਦਾਇਤ ਕਰ ਦਿੱਤੀ ਗਈ ਹੈ। ਉਹਨਾਂ ਨੇ ਕਿਹਾ ਕਿ ਇਸ ਲਈ ਕਿਸੇ ਵੀ ਆੜਤੀਏ ਨੂੰ ਪਰੇਸ਼ਾਨ ਨਹੀਂ ਹੋਣ ਦਿੱਤਾ ਜਾਵੇਗਾ।

# ਸਿਹਤ ਵਿਭਾਗ ਨੇ ਵਿਸ਼ਵ ਹੋਮਿਓਪੈਥੀ ਦਿਵਸ ਮਨਾਇਆ

ਕੋਟ ਈਸੇ ਖਾਂ, 27 ਅਪ੍ਰੈਲ (ਗਾਂਧੀ/ ਗੁਰਦੇਵ ਖੁਰਾਣਾ): ਸਿਹਤ ਵਿਭਾਗ ਪੰਜਾਬ ਵੱਲੋਂ ਵਿਸ਼ਵ ਹੋਮਿਓਪੈਥੀ ਡੇ ਮਨਾਇਆ ਗਿਆ। ਜਿਸ ਵਿੱਚ ਪੰਜਾਬ ਭਰ ਦੇ ਹੋਮਿਓਪੈਥੀ ਡਾਕਟਰਾਂ ਨੇ ਸ਼ਿਰਕਤ ਕੀਤੀ। ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਬੈਸਟ ਡਾਕਟਰਾਂ ਨੂੰ ਐਵਾਰਡ ਦੇ ਕੇ ਸਨਮਾਨਿਤ ਕੀਤਾ



ਗਿਆ। ਇਸ ਲੜੀ ਦੇ ਤਹਿਤ ਸੀਐਚਸੀ ਕੋਟ ਈਸੇ ਖਾਂ ਦੇ ਡਾਕਟਰ ਰਣਜੀਤ ਥਿੰਦ ਨੂੰ ਬੈਸਟ ਓਪੀਡੀ ਐਵਾਰਡ ਨਾਲ ਨਿਵਾਜਿਆ ਗਿਆ। ਡਾ. ਰਣਜੀਤ ਥਿੰਦ ਨੇ ਦੱਸਿਆ ਕਿ ਪਿਛਲੇ 14 ਸਾਲ ਤੋਂ ਸੀ ਐਚ ਸੀ ਕੋਟ ਈਸੇ ਖਾਂ ਵਿਖੇ ਮਰੀਜ਼ਾਂ ਦੀ ਹੋਮਿਓਪੈਥੀ ਦਵਾਈ ਦੁਆਰਾ ਮਰੀਜ਼ਾਂ ਦਾ ਇਲਾਜ ਕੀਤਾ ਜਾ ਰਿਹਾ ਹੈ। ਉਹਨਾਂ ਅੱਗੇ ਦੱਸਿਆ ਗਿਆ ਕਿ ਐਸੀ ਕੋਈ ਬਿਮਾਰੀ ਨਹੀਂ, ਜਿਸ ਦਾ ਇਲਾਜ ਹੋਮਿਓਪੈਥੀ ਦੁਆਰਾ ਨਹੀਂ ਕੀਤਾ ਜਾ ਸਕਦਾ। ਗੰਭੀਰ ਤੋਂ ਗੰਭੀਰ ਬਿਮਾਰੀ ਦਾ ਇਲਾਜ ਹੋਮਿਓਪੈਥੀ ਦੁਆਰਾ ਕੀਤਾ ਜਾ ਸਕਦਾ ਹੈ। ਇਸ ਮੌਕੇ ਡਾਕਟਰ ਰਣਜੀਤ ਥਿੰਦ ਵੱਲੋਂ ਇਸ ਸਨਮਾਨ ਦੇ ਸਬੰਧ 'ਚ ਉੱਚ-ਅਧਿਕਾਰੀਆਂ ਦਾ ਧੰਨਵਾਦ ਕੀਤਾ ਗਿਆ।

# ਵਿਸ਼ਵ ਮਲੇਰੀਆ ਦਿਵਸ ਮਨਾਇਆ

ਫਤਿਹਗੜ੍ਹ ਚੂੜੀਆਂ, 27 ਅਪ੍ਰੈਲ (ਰਾਜਨ ਸ਼ਰਮਾ): ਸਿਵਲ ਸਰਜਨ ਗੁਰਦਾਸਪੁਰ ਡਾਕਟਰ ਪ੍ਰਭਜੋਤ ਕੌਰ ਕਲਸੀ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾਕਟਰ ਗੁਰਪ੍ਰੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਐਸ ਐਮ ਓ ਫਤਿਹਗੜ੍ਹ ਚੂੜੀਆਂ ਡਾਕਟਰ ਲਖਵਿੰਦਰ ਸਿੰਘ ਦੀ ਅਗਵਾਈ ਹੇਠ ਸੀ ਐਚ ਸੀ ਵਿਖੇ ਅਤੇ ਬਲਾਕ ਦੇ ਸਕੂਲਾਂ ਵਿੱਚ ਵਿਸ਼ਵ ਮਲੇਰੀਆ




ਦਿਵਸ ਮਨਾਇਆ ਗਿਆ। ਮੁੜ ਨਿਵੇਸ਼ ਕਰੋ, ਮੁੜ ਸੋਚੋ, ਮੁੜ ਜਗਾਓ ਹੈ, ਥੀਮ ਨਾਲ ਮਨਾਇਆ ਗਿਆ। ਇਸ ਮੌਕੇ 'ਤੇ ਜੋਗਾ ਸਿੰਘ ਬੀ ਈ ਈ ਨੇ ਦੱਸਿਆ ਕਿ ਮਲੇਰੀਆ ਬੁਖਾਰ ਮਾਦਾ ਐਨਾਫਲੀਜ਼ ਮੱਛਰ ਦੇ ਕੱਟਣ ਨਾਲ ਫੈਲਦਾ ਹੈ ਅਤੇ ਇਹ ਸਾਫ਼ ਪਾਣੀ ਵਿੱਚ ਪੈਦਾ ਹੁੰਦਾ ਹੈ ਅਤੇ ਇਹ ਮੱਛਰ ਸਵੇਰੇ ਸ਼ਾਮ ਕੱਟਦਾ ਹੈ। ਇਸ ਦੇ ਲੱਛਣ ਤੇਜ਼ ਬੁਖਾਰ, ਸਿਰ ਦਰਦ,ਠੰਡ ਅਤੇ ਕਾਂਬੇ ਨਾਲ ਬੁਖਾਰ, ਸਰੀਰਕ ਕਮਜ਼ੋਰੀ, ਥਕਾਵਟ ਅਤੇ ਪਸੀਨਾ ਆਉਣਾ ਆਦਿ ਹੁੰਦੇ ਹਨ। ਇਸ ਲਈ ਸਾਨੂੰ ਆਪਣੇ ਆਲ਼ੇ ਦੁਆਲ਼ੇ ਦੀ ਸਫਾਈ, ਘਰਾਂ ਦੇ ਨੇੜੇ ਪਏ ਟੋਇਆਂ ਨੂੰ ਮਿੱਟੀ ਨਾਲ ਪੂਰ ਦੇਣਾ ਚਾਹੀਦਾ ਹੈ, ਮਕਾਨ ਦੀਆਂ ਛੱਤਾਂ ਉੱਤੇ ਪਏ ਬੇਕਾਰ ਸਮਾਨ ਜਿਵੇਂ ਟੁੱਟੇ ਭੱਜੇ ਬਰਤਨ, ਗਮਲੇ ਟਾਇਰ ਆਦਿ ਵਿੱਚ ਬਰਸਾਤੀ ਪਾਣੀ ਇਕੱਠਾ ਨਾ ਹੋਣ ਦਿਓ। ਕੂਲਰਾਂ ਅਤੇ ਫਰਿਜ਼ ਦੀਆਂ ਟਰੇਆਂ ਨੂੰ ਹਫਤੇ ਵਿੱਚ ਇੱਕ ਵਾਰ ਜ਼ਰੂਰ ਸਾਫ਼ ਕਰਨਾ ਚਾਹੀਦਾ ਹੈ। ਸਰੀਰ 'ਤੇ ਪੂਰੇ ਕੱਪੜੇ ਪਹਿਨ ਕੇ ਰੱਖਣੇ ਚਾਹੀਦੇ ਹਨ, ਮੱਛਰਦਾਨੀ ਦਾ ਪ੍ਰਯੋਗ, ਅਤੇ ਮੱਛਰ ਭਜਾਉਣ ਵਾਲੀਆਂ ਕਰੀਮਾਂ ਦਾ ਪ੍ਰਯੋਗ ਕਰਨਾ ਚਾਹੀਦਾ ਹੈ। ਛੱਪੜਾਂ ਵਿਚ ਕਾਲੇ ਤੇਲ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਹਰ ਸ਼ੁੱਕਰਵਾਰ ਡਰਾਈ ਡੇ ਮਨਾਇਆ ਜਾਣਾ ਚਾਹੀਦਾ ਹੈ। ਬੁਖਾਰ ਹੋਣ ਦੀ ਸੂਰਤ ਵਿੱਚ ਡਾਕਟਰ ਦੀ ਸਲਾਹ ਅਨੁਸਾਰ ਦਵਾਈ ਲੈਣੀ ਚਾਹੀਦੀ ਹੈ। ਮਲੇਰੀਆ ਬੁਖਾਰ ਦੇ ਟੈਸਟ ਅਤੇ ਦਵਾਈਆਂ ਸਰਕਾਰ ਵੱਲੋਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ। ਇਸ ਮੌਕੇ 'ਤੇ ਆਮ ਜਨਤਾ ਤੇ ਸ਼ਹਿਰ ਨਿਵਾਸੀਆਂ ਨੂੰ ਮਲੇਰੀਆ ਸਬੰਧੀ ਜਾਗਰੂਕ ਕਰਨ ਲਈ ਆਡੀਓ ਕਲਿਪ ਚਲਾਈ ਗਈ। ਇਸ ਮੌਕੇ 'ਤੇ ਦਵਿੰਦਰ ਸਿੰਘ, ਹਰਵਿੰਦਰ ਸਿੰਘ ਹੈਲਥ ਇੰਸਪੈਕਟਰ, ਅਰੁਣ ਕੁਮਾਰ, ਰਜਿੰਦਰ ਸਿੰਘ, ਰਸ਼ਪਾਲ ਸਿੰਘ, ਕਮਲਦੀਪ, ਗੁਰਵਿੰਦਰ ਸਿੰਘ, ਅਮਰਿੰਦਰ ਸਿੰਘ, ਪ੍ਰਗਟ ਸਿੰਘ, ਗੁਰਵਿੰਦਰ ਸਿੰਘ ਹੈਲਥ ਵਰਕਰ,ਐਲ ਐਚ ਵੀ ਰੰਜਨਾ ਸ਼ਰਮਾ, ਏ ਐਨ ਐਮ, ਮਨਜਿੰਦਰ ਕੌਰ,ਸੀ ਐਚ ਓ, ਰਾਜਵਿੰਦਰ ਕੌਰ, ਨਵਦੀਪ ਕੌਰ ਅਧਿਆਪਕਾ ਅਤੇ ਸਕੂਲੀ ਵਿਦਿਆਰਥਣਾਂ ਅਤੇ ਬਹੁਤ ਸਾਰੇ ਲੋਕ ਹਾਜ਼ਰ ਸਨ।


ਰੋਜ਼ਾਨਾ ਚੜ੍ਹਦੀਕਲਾ
# ਸਿਹਤ ਖ਼ਬਰਨਾਮਾ


## ਭਾਰ ਘਟਾਉਣ 'ਚ ਫ਼ਾਇਦੇਮੰਦ ਹੈ ਪੌੜੀਆਂ 'ਤੇ ਚੜ੍ਹਨਾ-ਉਤਰਨਾ

ਅੱਜ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਲੋਕਾਂ ਲਈ ਆਪਣੀ ਸਿਹਤ ਦਾ ਖਿਆਲ ਰੱਖਣਾ ਇੱਕ ਚੁਣੌਤੀ ਬਣ ਗਿਆ ਹੈ। ਲੋਕ ਕਈ ਤਰ੍ਹਾਂ ਦੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਸ਼ੂਗਰ, ਵਧਦਾ ਭਾਰ ਤੇ ਦਿਲ ਦੀਆਂ ਬਿਮਾਰੀਆਂ ਦਾ ਖਤਰਾ ਵਧਦਾ ਜਾ ਰਿਹਾ ਹੈ। ਪਰ ਕੀ ਤੁਸੀਂ ਜਾਣਦੇ ਹੋ ਕਿ ਤੁਹਾਡੇ ਘਰ ਵਿੱਚ ਮੌਜੂਦ ਪੌੜੀਆਂ ਵੀ ਇਨ੍ਹਾਂ ਸਭ ਤੋਂ ਛੁਟਕਾਰਾ ਪਾਉਣ ਵਿੱਚ ਤੁਹਾਡੀ ਮਦਦ ਕਰ ਸਕਦੀਆਂ ਹਨ। ਹਾਂ, ਹਰ ਘਰ ਵਿੱਚ ਪੌੜੀਆਂ ਹਨ। ਇਹ ਤੁਹਾਨੂੰ ਸਿਹਤਮੰਦ ਰੱਖਣ 'ਚ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ।



**ਭਾਰ ਘਟਾਉਣ 'ਚ ਫ਼ਾਇਦੇਮੰਦ;** ਪੌੜੀਆਂ ਚੜ੍ਹਨ ਵੇਲੇ ਸਾਡੇ ਸਰੀਰ ਦੀਆਂ ਮਾਸਪੇਸ਼ੀਆਂ ਸਰਗਰਮ ਹੋ ਜਾਂਦੀਆਂ ਹਨ। ਇਸ ਨਾਲ ਕੈਲੋਰੀ ਤੇਜ਼ੀ ਨਾਲ ਬਰਨ ਹੁੰਦੀ ਹੈ। ਜੇਕਰ ਤੁਸੀਂ ਭਾਰ ਘਟਾਉਣ ਦੀ ਕੋਸ਼ਿਸ਼ ਕਰ ਰਹੇ ਹੋ ਤਾਂ ਤੁਹਾਨੂੰ ਰੋਜ਼ਾਨਾ ਪੌੜੀਆਂ ਚੜ੍ਹਨੀਆਂ ਚਾਹੀਦੀਆਂ ਹਨ। ਉੱਪਰ ਅਤੇ ਹੇਠਾਂ ਪੌੜੀਆਂ ਚੜ੍ਹਨ ਨਾਲ ਭਾਰ ਘਟਾਉਣ ਵਿੱਚ ਬਹੁਤ ਮਦਦ ਮਿਲ ਸਕਦੀ ਹੈ। ਇਹ ਐਰੋਬਿਕ ਕਸਰਤ ਵਰਗੇ ਲਾਭ ਪ੍ਰਦਾਨ ਕਰਦਾ ਹੈ।

**ਦਿਲ ਦੀ ਸਿਹਤ ਨੂੰ ਸੁਧਾਰਦਾ ਹੈ;** ਪੌੜੀਆਂ ਚੜ੍ਹਨ ਨਾਲ ਦਿਲ ਦੀਆਂ ਮਾਸਪੇਸ਼ੀਆਂ ਮਜ਼ਬੂਤ ਹੁੰਦੀਆਂ ਹਨ। ਇਸ ਨਾਲ ਬਲੱਡ ਸਰਕੁਲੇਸ਼ਨ ਵੀ ਬਿਹਤਰ ਹੁੰਦਾ ਹੈ। ਜੇਕਰ ਤੁਸੀਂ ਪੌੜੀਆਂ ਚੜ੍ਹਦੇ ਹੋ ਤਾਂ ਹਾਈ ਬਲੱਡ ਪ੍ਰੈਸ਼ਰ, ਹਾਰਟ ਅਟੈਕ ਅਤੇ ਸਟ੍ਰੋਕ ਵਰਗੀਆਂ ਬਿਮਾਰੀਆਂ ਦਾ ਖਤਰਾ ਘੱਟ ਹੋ ਜਾਂਦਾ ਹੈ। ਦਿਲ ਦੇ ਰੋਗੀਆਂ ਨੂੰ ਹਲਕੀ ਸਰੀਰਕ ਗਤੀਵਿਧੀਆਂ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਅਜਿਹੀ ਸਥਿਤੀ ਵਿੱਚ, ਪੌੜੀਆਂ ਇੱਕ ਬਿਹਤਰ ਆਪਸ਼ਨ ਹੋ ਸਕਦੀਆਂ ਹਨ।

**ਹੱਡੀਆਂ ਨੂੰ ਤਾਕਤ ਮਿਲਦੀ ਹੈ:** ਪੌੜੀਆਂ ਚੜ੍ਹਦੇ ਸਮੇਂ ਸਾਡੀਆਂ ਲੱਤਾਂ ਅਤੇ ਪੱਟਾਂ ਦੀਆਂ ਮਾਸਪੇਸ਼ੀਆਂ ਸਰਗਰਮ ਹੋ ਜਾਂਦੀਆਂ ਹਨ। ਇਸ ਨਾਲ ਉਨ੍ਹਾਂ ਨੂੰ ਤਾਕਤ ਮਿਲਦੀ ਹੈ। ਸੰਤੁਲਨ ਵੀ ਸੁਧਰਦਾ ਹੈ। ਪੌੜੀਆਂ ਚੜ੍ਹਨ ਨਾਲ ਗੋਡਿਆਂ ਦੇ ਦਰਦ ਤੋਂ ਰਾਹਤ ਮਿਲਦੀ ਹੈ। ਇਸ ਲਈ, ਰੋਜ਼ਾਨਾ ਪੌੜੀਆਂ ਚੜ੍ਹਨਾ ਤੁਹਾਡੀਆਂ ਲੱਤਾਂ ਲਈ ਬਹੁਤ ਵਧੀਆ ਕਸਰਤ ਹੈ।

**ਮਾਨਸਿਕ ਸਿਹਤ ਵਿੱਚ ਸੁਧਾਰ:** ਪੌੜੀਆਂ ਚੜ੍ਹਨਾ ਇੱਕ ਤਰ੍ਹਾਂ ਦੀ ਸਰੀਰਕ ਕਸਰਤ ਹੈ। ਇਸ ਨਾਲ ਦਿਮਾਗ 'ਚ ਖੁਸ਼ੀ ਦੇ ਹਾਰਮੋਨ ਨਿਕਲਦੇ ਹਨ। ਤੁਸੀਂ ਦੇਖੋਗੇ ਕਿ ਜਦੋਂ ਤੁਸੀਂ ਪੌੜੀਆਂ ਚੜ੍ਹਦੇ ਹੋ ਤਾਂ ਤੁਹਾਡਾ ਮੂਡ ਚੰਗਾ ਹੋ ਜਾਂਦਾ ਹੈ। ਇਹ ਤੁਹਾਡੀ ਮਾਨਸਿਕ ਸਿਹਤ ਲਈ ਫਾਇਦੇਮੰਦ ਹੈ। ਇਸ ਨਾਲ ਤਣਾਅ ਘੱਟ ਕਰਨ ਚ ਮਦਦ ਮਿਲਦੀ ਹੈ।

# ਪਟਿਆਲਾ ਵਿਖੇ ਬਿਊਟੀਫੁੱਲ ਹੋਮਜ਼ ਸਟੋਰ ਲਾਂਚ, ਏਸ਼ੀਅਨ ਪੇਂਟਸ ਦੇ ਪ੍ਰਬੰਧ ਨਿਰਦੇਸ਼ਕ ਤੇ ਸੀਈਓ ਅਮਿਤ ਸਿੰਗਲਾ ਵੱਲੋਂ ਮਹਿਮਾਨਾਂ ਨੂੰ ਜੀ ਆਇਆਂ

## 'ਪਦਮ ਸ਼੍ਰੀ' ਡਾ. ਜਗਜੀਤ ਸਿੰਘ ਦਰਦੀ ਤੇ ਬੀਬਾ ਜੈਇੰਦਰ ਕੌਰ ਵੱਲੋਂ ਸ਼ਿਰਕਤ

ਪਟਿਆਲਾ, 27 ਅਪ੍ਰੈਲ (ਅਮਰਜੀਤ ਸਿੰਘ): ਭਾਰਤ ਦੇ ਸਭ ਤੋਂ ਭਰੋਸੇਮੰਦ ਪੇਂਟਸ ਤੇ ਹੋਮ ਡੇਕੋਰ ਬ੍ਰਾਂਡ, ਏਸ਼ੀਅਨ ਪੇਂਟਸ ਨੇ ਪੰਜਾਬ ਦੇ ਇਤਿਹਾਸਕ ਸ਼ਹਿਰ ਪਟਿਆਲਾ 'ਚ ਆਪਣਾ ਪਹਿਲਾ ਬਿਊਟੀਫੁੱਲ ਹੋਮਸ ਸਟੋਰ ਲਾਂਚ ਕੀਤਾ ਹੈ। ਘਲੋੜੀ ਗੇਟ ਸਨੌਰੀ ਅੱਡਾ ਪਟਿਆਲਾ 'ਚ ਸਥਿਤ 9700 ਵਰਗ ਫੁੱਟ 'ਚ ਫੈਲਿਆ ਇਹ ਚਾਰ ਮੰਜ਼ਿਲਾ ਸਟੋਰ ਬ੍ਰਾਂਡ ਦੀ ਫੁੱਲ ਸਰਵਿਸ, ਲਗਜ਼ਰੀ ਹੋਮ ਇੰਟੀਰੀਅਰ ਅਨੁਭਵ ਨੂੰ ਪੰਜਾਬ ਦੇ ਸ਼ਾਹੀ ਸ਼ਹਿਰ ਦੇ ਦਿਲ ਤੱਕ ਲੈ ਜਾਣ ਦੇ ਲਈ ਡਿਜ਼ਾਇਨ ਕੀਤਾ ਗਿਆ ਹੈ। ਸਟੋਰ ਨੂੰ ਇਸ ਤਰ੍ਹਾਂ ਤਿਆਰ ਕੀਤਾ ਗਿਆ ਹੈ ਤਾਂ ਕਿ ਗ੍ਰਾਹਕਾਂ ਨੂੰ ਸੰਪੂਰਣ ਘਰੇਲੂ ਸਜਾਵਟ ਸਾਲਿਊਸ਼ਨ ਮਿਲ ਸਕੇ ਤੇ ਉਨ੍ਹਾਂ ਨੂੰ ਸਹਿਜਤਾ ਦੇ ਨਾਲ ਪ੍ਰੇਰਣਾ ਲੈ ਕੇ ਸੰਚਾਲਨ ਤੱਕ ਦਾ ਅਨੁਭਵ ਬਿਨਾਂ ਰੁਕਾਵਟ ਦੇ ਮਿਲ ਸਕੇ। ਇਸ ਮੌਕੇ ਅਦਾਰਾ ਚੜ੍ਹਦੀਕਲਾ ਦੇ ਚੇਅਰਮੈਨ 'ਪਦਮ ਸ਼੍ਰੀ' ਡਾ. ਜਗਜੀਤ ਸਿੰਘ ਦਰਦੀ, ਸਰਦਾਰਨੀ ਜਸਵਿੰਦਰ ਕੌਰ ਦਰਦੀ, ਚੜ੍ਹਦੀਕਲਾ ਟਾਇਮ ਟੀਵੀ ਦੇ ਸੀਈਓ ਡਾ. ਇੰਦਰਪ੍ਰੀਤ ਕੌਰ ਦਰਦੀ, ਚੜ੍ਹਦੀਕਲਾ ਟਾਇਮ ਟੀਵੀ ਦੇ ਡਾਇਰੈਕਟਰ ਸ੍ਰ. ਹਰਪ੍ਰੀਤ ਸਿੰਘ ਦਰਦੀ, ਮੇਅਰ ਕੁੰਦਨ ਗੋਗੀਆ ਬੀਜੇਪੀ ਆਗੂ ਬੀਬਾ ਜੈਇੰਦਰ ਕੌਰ ਨੇ ਸ਼ਿਰਕਤ ਕੀਤੀ।



ਇਸ ਮੌਕੇ ਏਸ਼ੀਅਨ ਪੇਂਟਸ ਦੇ ਪ੍ਰਬੰਧ ਨਿਰਦੇਸ਼ਕ ਤੇ ਸੀਈਓ ਅਮਿਤ ਸਿੰਗਲਾ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਨੂੰ ਕਿਹਾ ਤੇ ਸਟੋਰ ਬਾਰੇ ਜਾਣਕਾਰੀ ਦਿੱਤੀ ਇਸ ਮੌਕੇ ਆਏ ਪਤਵੰਤਿਆਂ ਨੇ ਉਨ੍ਹਾਂ ਨੂੰ ਸ਼ੁਭਕਾਮਨਾਂਵਾਂ ਦਿੱਤੀਆਂ। ਚੜ੍ਹਦੀਕਲਾ ਟਾਈਮ ਟੀਵੀ ਨਾਲ ਗੱਲਬਾਤ ਕਰਦੇ ਹੋਏ ਏਸ਼ੀਅਨ ਪੇਂਟਸ ਦੇ ਪ੍ਰਬੰਧ ਨਿਰਦੇਸ਼ਕ ਤੇ ਸੀਈਓ ਅਮਿਤ ਸਿੰਗਲਾ ਤੇ 'ਪਦਮ ਸ਼੍ਰੀ' ਡਾ. ਜਗਜੀਤ ਸਿੰਘ ਦਰਦੀ ਨੇ ਕਿਹਾ ਕਿ ਸਾਲ 1942 'ਚ ਸਥਾਪਨਾ ਦੇ ਬਾਅਦ ਤੋਂ, ਏਸ਼ੀਅਨ ਪੇਂਟਸ ਨੇ ਇੱਕ ਲੰਮਾਂ ਸਫਰ ਤੈਅ ਕਰਦੇ ਹੋਏ ਭਾਰਤ ਦੀ ਮੋਹਰੀ ਤੇ ਏਸ਼ੀਆ ਦੀ ਦੂਜੀ ਸਭ ਤੋਂ ਵੱਡੀ ਪੇਂਟ ਕੰਪਨੀ ਬਣਨ ਦਾ ਸਥਾਨ ਪ੍ਰਾਪਤ ਕੀਤਾ ਹੈ, ਜਿਸਦਾ ਟਰਨਓਵਰ 34,489 ਕਰੋੜ ਰੁਪਏ (345 ਬਿਲੀਅਨ ਰੁਪਏ) ਹੈ।

ਕੰਪਨੀ ਰੰਗ ਤੇ ਡਿਜ਼ਾਇਨ ਦੀਆਂ ਹੱਦਾਂ ਨੂੰ ਪਾਰ ਕਰਦੇ ਹੋਏ ਇਹ ਸਥਾਨਾਂ ਨੂੰ ਉੱਨਤ ਬਣਾਉਂਦੀ ਹੈ ਤੇ ਗ੍ਰਾਹਕਾਂ ਦੀ ਜ਼ਿੰਦਗੀ 'ਚ ਸਕਾਰਾਤਮਕ ਪ੍ਰਭਾਵ ਲਿਆਉਂਦੀ ਹੈ। ਏਸ਼ੀਅਨ ਪੇਂਟਸ 15 ਦੇਸ਼ਾਂ 'ਚ ਕੰਮ ਕਰਦਾ ਹੈ ਤੇ ਸੰਸਾਰ ਭਰ 'ਚ 27 ਪੇਂਟ ਨਿਰਮਾਣ ਇਕਾਈਆਂ ਸੰਚਾਲਿਤ ਕਰਦਾ ਹੈ ਤੇ 60 ਨਾਲੋਂ ਜ਼ਿਆਦਾ ਦੇਸ਼ਾਂ 'ਚ ਉਪਭੋਗਤਾਵਾਂ ਨੂੰ ਸੇਵਾ ਪ੍ਰਦਾਨ ਕਰਦਾ ਹੈ।

ਏਸ਼ੀਅਨ ਪੇਂਟਸ ਹਮੇਸ਼ਾ ਤੋਂ ਹੀ ਪੇਂਟ ਉਦਯੋਗ 'ਚ ਮੋਹਰੀ ਰਿਹਾ ਹੈ ਤੇ ਭਾਰਤ 'ਚ 'ਕਲਰ ਆਈਡੀਆ', 'ਬਿਊਟੀਫੁੱਲ ਹੋਮਸ ਪੇਂਟਿੰਗ ਸਰਵਿਸ', 'ਕਲਰ ਨੈਕਸਟ' ਤੇ 'ਏਸ਼ੀਅਨ ਪੇਂਟਸ ਬਿਊਟੀਫੁੱਲ ਹੋਮਸ ਸਟੋਰਸ' ਜਿਹੀਆਂ ਨਵੀਆਂ ਸੇਵਾਵਾਂ ਪੇਸ਼ ਕਰਦਾ ਰਿਹਾ ਹੈ। ਕੰਪਨੀ ਸਜਾਵਟੀ ਤੇ ਉਦਯੋਗਿਕ ਵਰਤੋਂ ਦੇ ਲਈ ਵਿਭਿੰਨ ਤਰ੍ਹਾਂ ਦੇ ਪੇਂਟਸ ਤੇ ਕੋਟਿੰਗਜ਼ ਬਣਾਉਂਦੀ ਹੈ ਤੇ ਖਾਸ ਪੇਂਟਿੰਗ ਤੇ ਇੰਟੀਰੀਅਰ ਡਿਜ਼ਾਇਨ ਸੇਵਾਵਾਂ ਵੀ ਪ੍ਰਦਾਨ ਕਰਦੀ ਹੈ। ਇਸਦਾ ਡੇਕੋਰੇਟਿਵ ਪੋਰਟਫੋਲਿਓ 'ਸਮਾਰਟਕੇਅਰ' ਵਾਟਰਪਰੂਫਿੰਗ ਰੇਂਜ, ਵੁੱਡ ਫਿਨਿਸ਼ੇਸ ਦੇ ਲਈ ਵੁੱਡਟੇਕ' ਪ੍ਰੋਡਕਟ ਤੇ ਸਾਰੀਆਂ ਸਤਿਹਾਂ ਦੇ ਲਈ ਅਥੇਸਿਵ ਨੂੰ ਵੀ ਸ਼ਾਮਲ ਕਰਦਾ ਹੈ। ਇਸਦੇ ਇਲਾਵਾ, ਏਸ਼ੀਅਨ ਪੇਂਟਸ ਹੋਮ ਡੇਕੋਰ ਉਤਪਾਦਾਂ ਦੀ ਇੱਕ ਵਿਸਤਰਿਤ ਰੇਂਜ ਵੀ ਪੇਸ਼ ਕਰਦੀ ਹੈ ਤੇ ਭਾਰਤ 'ਚ ਇੰਟੀਗ੍ਰੇਟਡ ਡੇਕੋਰ ਸਪੇਸ ਦੀ ਮੋਹਰੀ ਕੰਪਨੀ ਹੈ, ਜਿਹੜੀ ਮਾਡਯੂਲਰ ਕਿਚਨ ਤੇ ਵਾਰਡਰੋਬਸ, ਬਾਥ ਫਿਟਿੰਗਸ ਤੇ ਸੈਨੇਟਰੀਵੇਅਰ, ਡੇਕੋਰੇਟਿਵ ਲਾਈਟਿੰਗਸ, ਯੂ-ਪੀਵੀਸੀ ਖਿੜਕੀ ਤੇ ਦਰਵਾਜ਼ਿਆਂ, ਵਾਲ ਕਵਰਿੰਗਸ, ਫਰਨੀਚਰਸ, ਫਰਨਿਸ਼ਿੰਗਸ, ਰਗਸ ਆਦਿ ਦੀਆਂ ਸੇਵਾਵਾਂ ਪ੍ਰਦਾਨ ਕਰ ਰਹੀਆਂ ਅਸੀਂ ਪਟਿਆਲਾ ਦੇ ਸਮਝਦਾਰ ਘਰ ਦੇ ਮਾਲਕਾਂ ਨੂੰ ਸੰਪੂਰਣ ਘਰ ਸਜਾਵਟ ਸਾਲਿਊਸ਼ਨ ਦੇਣ ਵਾਲਾ ਵਨ ਸਟਾਪ ਮੰਜ਼ਲ ਪ੍ਰਦਾਨ ਕਰਦੇ ਹੋਏ ਬਹੁਤ ਉਤਸ਼ਾਹਿਤ ਹਾਂ ਲੋਕਾਂ ਨੂੰ ਬਿਊਟੀਫੁੱਲ ਹੋਮਸ ਸਟੋਰ ਬਹੁਤ ਪਸੰਦ ਆਇਆ। ਇਸ ਮੌਕੇ ਬੀਬਾ ਜੈਇੰਦਰ ਕੌਰ ਨੇ ਅੱਜ "ਜੈਨਸਨ ਹੋਮਜ਼" ਪਟਿਆਲਾ ਦੇ ਉਦਘਾਟਨ ਸਮਾਰੋਹ 'ਚ ਸਾਥੀਆਂ ਸਮੇਤ ਪੁੱਜ ਕੇ ਸ੍ਰੀ ਪ੍ਰਤੀਕ ਜੈਨ ਤੇ ਉਨ੍ਹਾਂ ਦੇ ਸਾਰੇ ਪਰਿਵਾਰ ਨੂੰ ਬਹੁਤ-ਬਹੁਤ ਸ਼ੁਭਕਾਮਨਾਵਾਂ ਦਿੱਤੀਆਂ।

# ਖ਼ਾਲਸਾਈ ਜਾਹੋ-ਜਲਾਲ ਨਾਲ ਸਜਾਇਆ ਵਿਸ਼ਾਲ ਨਗਰ ਕੀਰਤਨ

ਪਾਰਮਾ, 27 ਅਪ੍ਰੈਲ (ਗੁਰਸ਼ਰਨ ਸਿੰਘ ਸੋਨੀ) : ਧੰਨ ਧੰਨ ਸਾਹਿਬ-ਏ-ਕਮਾਲ, ਸਰਬੰਸਦਾਨੀ, ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ 1699 ਈ: ਦੀ ਵਿਸਾਖੀ ਨੂੰ ਜੋ ਸਾਰੀ ਦੁਨੀਆਂ ਤੋਂ ਨਿਆਰਾ ਪੰਥ ਸਾਜਿਆ।ਉਸ ਪੰਥ ਦੀਆਂ ਗੂੰਜਾਂ ਅੱਜ ਸਾਰੀ ਦੁਨੀਆਂ 'ਚ ਪੈ ਰਹੀਆਂ ਹਨ। ਉੱਤਰੀ ਇਟਲੀ ਦੇ ਪਾਰਮਾ ਸ਼ਹਿਰ ਵਿਖੇ ਸਥਿਤ ਗੁਰਦੁਆਰਾ ਸਿੰਘ ਸਭਾ ਵਿਖੇ ਸਮੂਹ ਇਲਾਕਾ ਨਿਵਾਸੀ ਸੰਗਤਾਂ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਪਰਾਲੇ ਸਦਕਾ ਖਾਲਸੇ ਦੇ ਸਿਰਜਣਾ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਪੂਰੇ ਖ਼ਾਲਸਾਈ ਜਾਹੋਂ ਜਲਾਲ ਨਾਲ ਸਜਾਇਆ ਗਿਆ। ਗੁਰਦੁਆਰਾ ਸਾਹਿਬ ਵਿਖੇ ਸਵੇਰ ਦੇ ਦੀਵਾਨ ਸਜਾਏ ਗਏ ਸਨ। ਜਿਹਨਾਂ ਵਿੱਚ ਭੋਗ ਉਪਰੰਤ ਅਰਦਾਸ ਬੇਨਤੀ ਤੋਂ ਬਾਅਦ ਨਗਰ ਕੀਰਤਨ ਦੀ ਆਰੰਭਤਾ ਪੰਜ ਪਿਆਰੇ ਸਿੰਘ ਸਾਹਿਬਾਨਾਂ ਦੀ ਅਗਵਾਈ ਤੇ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਗੁਰਦੁਆਰਾ ਸਾਹਿਬ ਤੋਂ 12.00 ਵਜੇ ਹੋਈ। ਸ਼ਹਿਰ ਦੀ ਪਰਿਕਰਮਾ ਕਰਦਿਆਂ ਤੇ ਗੁਰੂ ਜਸ ਕਰਦਿਆਂ ਸੰਪੂਰਨਤਾ ਲਗਭਗ 3.00 ਵਜੇ ਗੁਰਦੁਆਰਾ ਸਾਹਿਬ ਵਿਖੇ ਹੀ ਹੋਈ।ਇਸ ਮੌਕੇ ਵੱਖ-ਵੱਖ ਰਾਗੀ, ਢਾਡੀ ਤੇ ਕਵੀਸ਼ਰੀ ਜਥਿਆਂ ਨੇ ਸੰਗਤਾਂ ਨੂੰ ਗੁਰ ਇਤਿਹਾਸ ਸੁਣਾ ਕੇ ਨਿਹਾਲ ਕੀਤਾ। ਨਗਰ ਕੀਰਤਨ ਵਿੱਚ ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਨੇ ਬਹੁਤ ਹੀ ਸ਼ਰਧਾ ਤੇ ਉਤਸ਼ਾਹ ਨਾਲ ਹਾਜ਼ਰੀ ਭਰੀ।



ਇਸ ਮੌਕੇ ਪੁਲਿਸ ਪ੍ਰਸ਼ਾਸਨ ਵੱਲੋਂ ਟ੍ਰੈਫਿਕ ਨੂੰ ਕੰਟਰੋਲ ਕਰਨ ਲਈ ਸੁਚੱਜਾ ਪ੍ਰਬੰਧ ਕੀਤਾ ਗਿਆ ਸੀ। ਸੰਪੂਰਨਤਾ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੇ ਸੁੱਖ ਆਸਣ ਤੋਂ ਬਾਅਦ ਪੰਜ ਪਿਆਰੇ ਸਾਹਿਬਾਨਾਂ ਦੀ ਹਾਜ਼ਰੀ 'ਚ ਅਰਦਾਸ ਬੇਨਤੀ ਕੀਤੀ ਗਈ ਤੇ ਗੁਰੂ ਸਾਹਿਬ ਜੀ ਵੱਲੋਂ ਹੁਕਮਨਾਮਾ ਸਾਹਿਬ ਦੀ ਬਖਸ਼ਿਸ਼ ਹੋਈ। ਉਪਰੰਤ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਸਾਰੀ ਸੰਗਤ ਨੂੰ ਜੀ ਆਇਆਂ ਨੂੰ ਆਖਿਦਿਆਂ ਸਭ ਦਾ ਧੰਨਵਾਦ ਕੀਤਾ ਗਿਆ ਤੇ ਵੱਖ-ਵੱਖ ਗੁਰਦੁਆਰਾ ਸਾਹਿਬਨਾਂ ਦੀਆਂ ਪ੍ਰਬੰਧਕ ਕਮੇਟੀਆਂ, ਪਤਵੰਤੇ ਸੱਜਣਾਂ, ਵੱਖ ਵੱਖ ਸੇਵਾਵਾਂ ਕਰਨ ਵਾਲੇ ਸੇਵਾਦਾਰਾਂ ਤੇ ਵਿਸ਼ੇਸ਼ ਤੌਰ 'ਤੇ ਪ੍ਰੈਸ ਕਲੱਬ ਵੱਲੋਂ ਸ਼ਿਰਕਤ ਕਰਨ ਤੇ ਸਾਰੇ ਪ੍ਰੋਗਰਾਮ ਦੀ ਕਵਰੇਜ ਕਰਨ ਲਈ ਗੁਰੂ ਸਾਹਿਬ ਜੀ ਦੀ ਬਖਸ਼ਿਸ਼ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਦੂਰੋਂ ਨੇੜਿਓ ਆਈਆਂ ਸੰਗਤਾਂ ਲਈ ਗੁਰੂ ਸਾਹਿਬ ਜੀ ਦੇ ਬਖਸ਼ਿਸ਼ ਕੀਤੇ ਹੋਏ ਭੰਡਾਰਿਆਂ 'ਚੋਂ ਅਨੇਕਾਂ ਪ੍ਰਕਾਰ ਦਾ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਦੇਸ਼ ਭਗਤ ਯੂਨੀਵਰਸਿਟੀ ਨੇ ਪਹਿਲਗਾਮ ਪੀੜਤ ਪਰਿਵਾਰਾਂ ਦੀ ਸਹਾਇਤਾ ਲਈ ਸਕਾਲਰਸ਼ਿਪ ਤੇ ਰੁਜ਼ਗਾਰ ਦੇ ਮੌਕੇ ਪ੍ਰਦਾਨ ਕੀਤੇ

ਮੰਡੀ ਗੋਬਿੰਦਗੜ੍ਹ, 27 ਅਪ੍ਰੈਲ (ਅੰਮ੍ਰਿਤਪਾਲ ਸਿੰਘ): ਏਕਤਾ ਤੇ ਹਮਦਰਦੀ ਲਈ ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ ਨੇ ਪਹਿਲਗਾਮ ਅੱਤਵਾਦੀ ਹਮਲੇ ਤੋਂ ਪ੍ਰਭਾਵਿਤ ਪਰਿਵਾਰਾਂ ਦੀ ਸਹਾਇਤਾ ਲਈ ਇੱਕ ਵਿਸ਼ੇਸ਼ ਸਮਾਜਿਕ ਜ਼ਿੰਮੇਵਾਰੀ ਦੀ ਪਹਿਲਕਦਮੀ ਦਾ ਐਲਾਨ ਕੀਤਾ ਹੈ।ਇਸ ਪਹਿਲਕਦਮੀ ਦੇ ਤਹਿਤ, ਯੂਨੀਵਰਸਿਟੀ ਪੀੜਤਾਂ ਦੇ ਯੋਗ ਪਰਿਵਾਰਕ ਮੈਂਬਰਾਂ (ਆਸ਼ਰਿਤਾਂ) ਨੂੰ ਟਿਊਸ਼ਨ ਫੀਸ ਤੇ 100% ਸਕਾਲਰਸ਼ਿਪ ਦੇਵੇਗੀ, ਜਿਸ ਨਾਲ ਉਹ ਯੂਨੀਵਰਸਿਟੀ ਦੁਆਰਾ ਪੇਸ਼ ਕੀਤੇ ਗਏ ਵੱਖ-ਵੱਖ ਪ੍ਰੋਗਰਾਮਾਂ 'ਚ ਸਿੱਖਿਆ ਪ੍ਰਾਪਤ ਕਰ ਸਕਣਗੇ। ਸਕਾਲਰਸ਼ਿਪ ਇੰਜੀਨੀਅਰਿੰਗ, ਪ੍ਰਬੰਧਨ, ਵਣਜ, ਕੰਪਿਊਟਰ ਐਪਲੀਕੇਸ਼ਨਾਂ, ਹੋਟਲ ਪ੍ਰਬੰਧਨ ਤੇ ਮਨੁੱਖਤਾ 'ਚ ਨਿਯਮਤ ਪ੍ਰੋਗਰਾਮਾਂ ਲਈ ਲਾਗੂ ਹੋਵੇਗੀ। ਡੀਬੀਯੂ ਸੈਂਟਰ ਫਾਰ ਔਨਲਾਈਨ ਐਂਡ ਡਿਸਟੈਂਸ ਲਰਨਿੰਗ ਦੁਆਰਾ ਪੇਸ਼ ਕੀਤੇ ਜਾਂਦੇ ਔਨਲਾਈਨ ਪ੍ਰੋਗਰਾਮ ਅਤੇ ਓਪਨ ਐਂਡ ਡਿਸਟੈਂਸ ਲਰਨਿੰਗ ਪ੍ਰੋਗਰਾਮ।



ਇਸ ਤੋਂ ਇਲਾਵਾ, ਵਿਦਿਅਕ ਯੋਗਤਾਵਾਂ ਅਤੇ ਤਜਰਬੇ ਦੇ ਆਧਾਰ ਤੇ, ਬਚੇ ਹੋਏ ਜੀਵਨ ਸਾਥੀ ਜਾਂ ਆਸ਼ਰਿਤ ਪਰਿਵਾਰਕ ਮੈਂਬਰਾਂ ਨੂੰ ਯੂਨੀਵਰਸਿਟੀ ਦੇ ਅੰਦਰ ਢੁਕਵੀਂ ਅਧਿਆਪਨ ਜਾਂ ਪ੍ਰਸ਼ਾਸਕੀ ਭੂਮਿਕਾਵਾਂ ਵਿੱਚ ਤਰਜੀਹੀ ਆਧਾਰ ਤੇ ਰੁਜ਼ਗਾਰ ਦੇ ਮੌਕੇ ਪ੍ਰਦਾਨ ਕੀਤੇ ਜਾਣਗੇ, ਜਿਸ ਨਾਲ ਉਨ੍ਹਾਂ ਨੂੰ ਵਿੱਤੀ ਸੁਰੱਖਿਆ ਪ੍ਰਾਪਤ ਕਰਨ ਅਤੇ ਸਨਮਾਨ ਨਾਲ ਆਪਣੀ ਜ਼ਿੰਦਗੀ ਦੁਬਾਰਾ ਬਣਾਉਣ ਵਿੱਚ ਮਦਦ ਮਿਲੇਗੀ। ਇਸ ਨੇਕ ਪਹਿਲਕਦਮੀ ਤੇ ਬੋਲਦਿਆਂ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਨੇ ਕਿਹਾ, ਦੇਸ਼ ਭਗਤ ਯੂਨੀਵਰਸਿਟੀ ਉਨ੍ਹਾਂ ਲੋਕਾਂ ਨਾਲ ਸਹਾਇਤਾ ਦੇ ਥੰਮ੍ਹ ਵਜੋਂ ਖੜ੍ਹੀ ਹੈ ਜਿਨ੍ਹਾਂ ਨੇ ਅਸਹਿਣਯੋਗ ਨੁਕਸਾਨ ਝੱਲਿਆ ਹੈ। ਬਹੁਤ ਨਿਮਰਤਾ ਅਤੇ ਜ਼ਿੰਮੇਵਾਰੀ ਦੀ ਡੂੰਘੀ ਭਾਵਨਾ ਨਾਲ, ਅਸੀਂ ਇਨ੍ਹਾਂ ਪਰਿਵਾਰਾਂ ਦਾ ਸਨਮਾਨ ਕਰਨ ਅਤੇ ਉਨ੍ਹਾਂ ਦੇ ਭਵਿੱਖ ਨੂੰ ਦੁਬਾਰਾ ਬਣਾਉਣ ਵਿੱਚ ਮਦਦ ਕਰਨ ਲਈ ਸਿੱਖਿਆ ਅਤੇ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਦੇ ਹਾਂ। ਸਮਾਜਿਕ ਭਲਾਈ ਪ੍ਰਤੀ ਸਾਡੀ ਵਚਨਬੱਧਤਾ ਅਟੁੱਟ ਹੈ। ਇਸ ਤੋਂ ਇਲਾਵਾ, ਦੇਸ਼ ਭਗਤ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਡਾ. ਸੰਦੀਪ ਸਿੰਘ ਨੇ ਕਿਹਾ, ਸਮਾਜਿਕ ਜ਼ਿੰਮੇਵਾਰੀ ਸਾਡੇ ਸੰਸਥਾਗਤ ਲੋਕਾਚਾਰ ਦਾ ਮੂਲ ਬਣਦੀ ਹੈ। ਸਿੱਖਿਆ ਤੇ ਰੁਜ਼ਗਾਰ ਰਾਹੀਂ ਪ੍ਰਭਾਵਿਤ ਪਰਿਵਾਰਾਂ ਦੀ ਸਹਾਇਤਾ ਕਰਕੇ, ਅਸੀਂ ਸਿਰਫ਼ ਸਹਾਇਤਾ ਦੀ ਪੇਸ਼ਕਸ਼ ਨਹੀਂ ਕਰ ਰਹੇ ਹਾਂ; ਅਸੀਂ ਉਮੀਦ, ਲਚਕੀਲੇਪਣ ਤੇ ਨਵੀਂ ਸ਼ੁਰੂਆਤ ਵਿੱਚ ਨਿਵੇਸ਼ ਕਰ ਰਹੇ ਹਾਂ। ਦੇਸ਼ ਭਗਤ ਯੂਨੀਵਰਸਿਟੀ ਸਮਾਜ ਵਿੱਚ ਇੱਕ ਅਰਥਪੂਰਨ ਫਰਕ ਲਿਆਉਣ ਲਈ ਵਚਨਬੱਧ ਹੈ। ਯੂਨੀਵਰਸਿਟੀ ਦੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦੇ ਹੋਏ, ਦੇਸ਼ ਭਗਤ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਨੇ ਜ਼ੋਰ ਦਿੱਤਾ ਕਿ ਦੇਸ਼ ਭਗਤ ਯੂਨੀਵਰਸਿਟੀ 'ਚ ਸਿੱਖਿਆ ਤੇ ਸਸ਼ਕਤੀਕਰਨ ਜ਼ਿੰਦਗੀਆਂ ਨੂੰ ਠੀਕ ਕਰਨ ਤੇ ਮੁੜ ਨਿਰਮਾਣ ਲਈ ਸਭ ਤੋਂ ਮਜ਼ਬੂਤ ਸਾਧਨ ਹੈ।

# ਵੈਨਕੂਵਰ 'ਚ ਮੇਲਾ ਮਨਾਉਂਦੀ ਭੀੜ ਨੂੰ ਵਾਹਨ ਨੇ ਕੁਚਲਿਆ, 9 ਮੌਤਾਂ ਤੇ ਦਰਜ਼ਨਾਂ ਜ਼ਖ਼ਮੀ

ਵੈਨਕੂਵਰ, 27 ਅਪ੍ਰੈਲ (ਚ.ਨ.ਸ.): ਫਿਲੀਪੀਨ ਭਾਈਚਾਰੇ ਵੱਲੋਂ ਮਨਾਏ ਜਾ ਰਹੇ ਰਵਾਇਤੀ ਮੇਲੇ ਮੌਕੇ ਇਕੱਤਰ ਸੈਂਕੜੇ ਲੋਕਾਂ ਦੀ ਭੀੜ ਨੂੰ ਇੱਕ ਵਾਹਨ ਨੇ ਟੱਕਰ ਮਾਰੀ ਤੇ ਦੂਰ ਤੱਕ ਕੁਚਲਦਾ ਗਿਆ। ਇਸ ਹਾਦਸੇ 'ਚ 9 ਲੋਕਾਂ ਦੀ ਮੌਤ ਹੋ ਗਈ ਤੇ ਦਰਜਨਾਂ ਜ਼ਖ਼ਮੀ ਦੱਸੇ ਜਾਂਦੇ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ, ਬ੍ਰਿਟਿਸ਼ ਕੋਲੰਬੀਆ ਦੇ ਮੁੱਖ ਮੰਤਰੀ ਡੇਵਿਡ ਐਬੀ ਤੇ ਸ਼ਹਿਰ ਦੇ ਮੇਅਰ ਕੈਨ ਸਿਮ ਨੇ ਇਸ ਮੰਦਭਾਗੀ ਘਟਨਾ 'ਤੇ ਦੁੱਖ ਪ੍ਰਗਟ ਕੀਤਾ ਹੈ। ਘਟਨਾ ਤੋਂ ਬਾਅਦ ਪੁਲੀਸ ਤੇ ਬਚਾਅ ਦਲ ਨੇ ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਇਆ। ਦੱਸਿਆ ਗਿਆ ਹੈ ਕਿ ਘਟਨਾ ਤੋਂ ਦੋ ਘੰਟੇ ਬਾਅਦ ਤੱਕ ਵੀ ਸਾਰੇ ਜ਼ਖ਼ਮੀਆਂ ਨੂੰ ਹਸਪਤਾਲ ਨਹੀਂ ਸੀ ਪਹੁੰਚਾਇਆ ਜਾ ਸਕਿਆ ਤੇ ਨਾ ਹੀ ਮਾਰੇ ਗਏ ਲੋਕਾਂ ਦੀ ਗਿਣਤੀ ਹੋ ਸਕੀ ਸੀ।ਘਟਨਾ ਰਾਤ 8 ਵਜੇ ਵੈਨਕੂਵਰ ਦੇ ਪੂਰਬੀ-ਦੱਖਣੀ ਖੇਤਰ ਦੀ ਫਰੇਜ਼ਰ ਸਟਰੀਟ ਤੇ 41 ਐਵੇਨਿਊ ਕੋਲ ਵਾਪਰੀ। ਫਿਲਪੀਨੇ ਭਾਈਚਾਰੇ ਦੇ ਲੋਕਾਂ ਵਿੱਚ ਉਨ੍ਹਾਂ ਦੀ ਭਾਸ਼ਾ 'ਚ ਇਸ ਤਿਓਹਾਰ ਨੂੰ ਲਾਪੂ ਲਾਪੂ ਦਿਨ ਵਜੋਂ ਜਾਣਿਆ ਜਾਂਦਾ। ਸੱਭਿਅਤਾ ਨਾਲ ਜੁੜਿਆ ਇਹ ਤਿਓਹਾਰ ਕਾਫੀ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ ਤੇ ਲੋਕ ਵੱਡੀ ਗਿਣਤੀ ਵਿੱਚ ਸ਼ਾਮਲ ਹੁੰਦੇ ਹਨ। ਘਟਨਾ ਤੋਂ ਬਾਅਦ ਪੁਲਿਸ ਨੇ ਵਾਹਨ ਦੇ ਡਰਾਈਵਰ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਚਸ਼ਮਦੀਦਾਂ ਅਨੁਸਾਰ ਦੁਖਦਾਈ ਘਟਨਾ ਇੱਕ ਫੂਡ ਟਰੱਕ ਕੋਲ ਵਾਪਰੀ ਜਿੱਥੇ ਵੱਡੀ ਗਿਣਤੀ ਵਿੱਚ ਲੋਕ ਕਤਾਰਾਂ ਬੰਨ੍ਹ ਕੇ ਖਾਣ ਪੀਣ ਦਾ ਸਮਾਨ ਲੈਣ ਲਈ ਖੜ੍ਹੇ ਸਨ। ਉਨ੍ਹਾਂ ਦਾ ਕਹਿਣਾ ਹੈ ਕਿ ਸੜਕ 'ਤੇ ਦੂਰ ਤੱਕ ਡਿੱਗੇ ਹੋਏ ਲੋਕ ਵੇਖੇ ਗਏ, ਜਿਨ੍ਹਾਂ 'ਚੋਂ ਕੁਝ ਜ਼ਖ਼ਮੀ ਤੇ ਕੁਝ ਦੀ ਮੌਤ ਹੋ ਚੁੱਕੀ ਸੀ।ਐਨਡੀਪੀ ਪਾਰਟੀ ਪ੍ਰਧਾਨ ਜਗਮੀਤ ਸਿੰਘ ਮੇਲੇ ਵਿਚ ਕਾਫੀ ਦੇਰ ਤੱਕ ਸ਼ਾਮਲ ਰਹੇ ਤੇ ਘਟਨਾ ਤੋਂ ਥੋੜ੍ਹੀ ਦੇਰ ਪਹਿਲਾਂ ਹੀ ਉੱਥੋਂ ਗਏ ਸਨ। ਉਨ੍ਹਾਂ ਕਿਹਾ ਕਿ ਘਟਨਾ ਬਾਰੇ ਸੁਣ ਕੇ ਉਹ ਸੁੰਨ ਹੋ ਗਏ।ਉਨ੍ਹਾਂ ਮੁਲਜ਼ਮ ਡਰਾਈਵਰ ਬਾਰੇ ਸਿਰਫ਼ ਇੰਨਾ ਹੀ ਦੱਸਿਆ ਹੈ ਕਿ ਵੈਨਕੂਵਰ ਦੇ ਰਹਿਣ ਵਾਲੇ 30 ਸਾਲਾ ਵਿਅਕਤੀ ਦਾ ਕੋਈ ਵੱਡਾ ਅਪਰਾਧਕ ਰਿਕਾਰਡ ਤਾਂ ਨਹੀਂ ਹੈ, ਪਰ ਉਸ ਦੀਆਂ ਕੁਝ ਗਲਤੀਆਂ ਕਾਰਨ ਪੁਲੀਸ ਕੋਲ ਉਸ ਦੀ ਜਾਣਕਾਰੀ ਪਹਿਲਾਂ ਤੋਂ ਮੌਜੂਦ ਹੈ।



# ਭਾਰਤ ਨਾਲ ਵਪਾਰ ਮੁਅੱਤਲ ਹੋਣ ਮਗਰੋਂ ਪਾਕਿਸਤਾਨ 'ਚ ਦਵਾਈਆਂ ਦੀ ਹੋਈ ਕਮੀ

ਇਸਲਾਮਾਬਾਦ, 27 ਅਪ੍ਰੈਲ (ਚ.ਨ.ਸ.) : ਪਾਕਿਸਤਾਨ ਦੇ ਸਿਹਤ ਅਧਿਕਾਰੀਆਂ ਨੇ ਭਾਰਤ ਨਾਲ ਵਪਾਰਕ ਸਬੰਧਾਂ ਨੂੰ ਮੁਅੱਤਲ ਕਰਨ ਦੇ ਜਵਾਬ 'ਚ ਦਵਾਈਆਂ ਦੀ ਸਪਲਾਈ ਨੂੰ ਸੁਰੱਖਿਅਤ ਕਰਨ ਲਈ ਹੰਗਾਮੀ ਪੱਧਰ 'ਤੇ ਤਿਆਰੀਆਂ ਸ਼ੁਰੂ ਕਰ ਦਿਤੀਆਂ ਹਨ।ਪਹਿਲਗਾਮ ਹਮਲੇ ਤੋਂ ਬਾਅਦ ਸਿੰਧੂ ਜਲ ਸਮਝੌਤੇ ਨੂੰ ਮੁਅੱਤਲ ਕਰਨ ਦੇ ਭਾਰਤ ਦੇ ਫੈਸਲੇ ਦੇ ਜਵਾਬ 'ਚ ਇਸਲਾਮਾਬਾਦ ਨੇ ਵੀਰਵਾਰ ਨੂੰ ਨਵੀਂ ਦਿੱਲੀ ਨਾਲ ਸਾਰੇ ਵਪਾਰ ਨੂੰ ਮੁਅੱਤਲ ਕਰ ਦਿਤਾ ਸੀ।ਪਾਕਿ ਟੀ.ਵੀ. ਨਿਊਜ਼ ਨੇ ਦਸਿਆ ਕਿ ਭਾਰਤ ਦੇ ਵਪਾਰ ਨੂੰ ਰੋਕਣ ਨਾਲ ਪਾਕਿਸਤਾਨ ਵਿਚ ਦਵਾਈਆਂ ਨੂੰ ਸੁਰੱਖਿਅਤ ਕਰਨ ਲਈ ਤੁਰਤ ਉਪਾਅ ਸ਼ੁਰੂ ਹੋ ਗਏ ਹਨ ਤੇ ਸਿਹਤ ਅਧਿਕਾਰੀਆਂ ਨੇ ਸਪਲਾਈ ਨੂੰ ਸੁਰੱਖਿਅਤ ਕਰਨ ਲਈ 'ਹੰਗਾਮੀ ਪੱਧਰ' ਦੇ ਉਪਾਅ ਸ਼ੁਰੂ ਕੀਤੇ ਹਨ।ਦਵਾਈਆਂ ਬਾਰੇ ਪਾਕਿਸਤਾਨ ਦੀ ਰੈਗੂਲੇਟਰੀ ਅਥਾਰਟੀ (ਡੀ.ਆਰ.ਏ.ਪੀ.) ਨੇ ਪੁਸ਼ਟੀ ਕੀਤੀ ਹੈ ਕਿ ਹਾਲਾਂਕਿ ਫਾਰਮਾਸਿਊਟੀਕਲ ਸੈਕਟਰ 'ਤੇ ਪਾਬੰਦੀ ਦੇ ਅਸਰ ਬਾਰੇ ਕੋਈ ਰਸਮੀ ਸੂਚਨਾ ਨਹੀਂ ਆਈ ਹੈ, ਪਰ ਹੰਗਾਮੀ ਪੱਧਰ ਦੀਆਂ ਯੋਜਨਾਵਾਂ ਪਹਿਲਾਂ ਹੀ ਲਾਗੂ ਹਨ।ਉਨ੍ਹਾਂ ਕਿਹਾ, "2019 ਦੇ ਸੰਕਟ ਤੋਂ ਬਾਅਦ ਅਸੀਂ ਅਜਿਹੀਆਂ ਸੰਕਟਕਾਲੀਨ ਸਥਿਤੀਆਂ ਲਈ ਤਿਆਰੀ ਸ਼ੁਰੂ ਕਰ ਦਿਤੀ ਸੀ। ਡੀ.ਆਰ.ਏ.ਪੀ. ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਅਸੀਂ ਹੁਣ ਅਪਣੀਆਂ ਦਵਾਈਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਬਦਲਵੇਂ ਤਰੀਕਿਆਂ 'ਤੇ ਸਰਗਰਮੀ ਨਾਲ ਵਿਚਾਰ ਕਰ ਰਹੇ ਹਾਂ।" ਵਰਤਮਾਨ 'ਚ, ਪਾਕਿਸਤਾਨ ਅਪਣੇ ਫਾਰਮਾਸਿਊਟੀਕਲ ਕੱਚੇ ਮਾਲ ਦੇ 30 ਤੋਂ 40 ਲਈ ਭਾਰਤ 'ਤੇ ਨਿਰਭਰ ਕਰਦਾ ਹੈ, ਜਿਸ 'ਚ ਐਕਟਿਵ ਫਾਰਮਾਸਿਊਟੀਕਲ ਸਮੱਗਰੀ (ਏ.ਪੀ.ਆਈ.) ਤੇ ਵੱਖ-ਵੱਖ ਉੱਨਤ ਚਿਕਿਤਸਾ ਉਤਪਾਦ ਸ਼ਾਮਲ ਹਨ।ਇਸ ਸਪਲਾਈ ਚੇਨ ਦੇ ਵੰਡਣ ਨਾਲ, ਡੀ.ਆਰ.ਏ.ਪੀ. ਚੀਨ, ਰੂਸ ਤੇ ਕਈ ਯੂਰਪੀਅਨ ਦੇਸ਼ਾਂ ਤੋਂ ਵਿਕਲਪਕ ਸਰੋਤਾਂ ਦੀ ਭਾਲ ਕਰ ਰਿਹਾ ਹੈ। ਏਜੰਸੀ ਦਾ ਉਦੇਸ਼ ਜ਼ਰੂਰੀ ਡਾਕਟਰੀ ਸਪਲਾਈ ਦੀ ਨਿਰੰਤਰ ਉਪਲਬਧਤਾ ਨੂੰ ਯਕੀਨੀ ਬਣਾਉਣਾ ਹੈ, ਜਿਸ 'ਚ ਰੇਬੀਜ਼ ਰੋਕੂ ਟੀਕੇ, ਸੱਪ ਵਿਰੋਧੀ ਜ਼ਹਿਰ, ਕੈਂਸਰ ਥੈਰੇਪੀ, ਮੋਨੋਕਲੋਨਲ ਐਂਟੀਬਾਡੀਜ਼ ਤੇ ਹੋਰ ਮਹੱਤਵਪੂਰਨ ਜੈਵਿਕ ਉਤਪਾਦ ਸ਼ਾਮਲ ਹਨ। ਹਾਲਾਂਕਿ ਡੀ.ਆਰ.ਏ.ਪੀ. ਦੀ ਤਿਆਰੀ ਕੁੱਝ ਭਰੋਸਾ ਦਿੰਦੀ ਹੈ, ਉਦਯੋਗ ਦੇ ਅੰਦਰੂਨੀ ਤੇ ਸਿਹਤ ਮਾਹਰਾਂ ਨੇ ਚੇਤਾਵਨੀ ਦਿਤੀ ਹੈ ਕਿ ਜੇ ਵਪਾਰ ਮੁਅੱਤਲੀ ਦੇ ਨਤੀਜਿਆਂ ਨਾਲ ਨਜਿੱਠਣ ਲਈ ਤੁਰਤ ਕਾਰਵਾਈ ਨਹੀਂ ਕੀਤੀ ਗਈ ਤਾਂ ਚੁਨੌਤੀ ਪੈਦਾ ਹੋ ਸਕਦੀ ਹੈ। ਪਾਕਿਸਤਾਨ ਅਪਣੇ ਦਵਾਈਆਂ ਬਣਾਉਣ ਦੇ ਕੱਚੇ ਮਾਲ ਦਾ ਲਗਭਗ 30-40 ਭਾਰਤ ਤੋਂ ਆਯਾਤ ਕਰਦਾ ਹੈ।



## ਲਹਿੜੀ ਐਲ ਆਈ ਵੀ ਗੋਲਫ ਮੈਕਸੀਕੋ ਸਿਟੀ ਵਿਖੇ 19ਵੇਂ ਸਥਾਨ 'ਤੇ ਰਿਹਾ



ਮੈਕਸੀਕੋ ਸਿਟੀ, 27 ਅਪ੍ਰੈਲ (ਚ.ਨ.ਸ.): ਭਾਰਤੀ ਗੋਲਫਰ ਅਨਿਰਬਾਨ ਲਹਿੜੀ ਨੇ ਟ੍ਰਿਪਲ ਬੋਗੀ ਕੀਤੀ ਤੇ ਪਾਰ 71 ਦਾ ਕਾਰਡ ਬਣਾਇਆ ਤੇ ਐਲ ਆਈ ਵੀ ਗੋਲਫ ਮੈਕਸੀਕੋ ਸਿਟੀ ਦੇ ਦੂਜੇ ਦੌਰ ਵਿੱਚ ਸਾਂਝੇ 19ਵੇਂ ਸਥਾਨ 'ਤੇ ਰਹੇ। ਲਹਿਰੀ ਨੇ ਛੇ ਬਰਡੀ ਬਣਾਏ ਪਰ ਨਾਲ ਹੀ ਤਿੰਨ ਬੋਗੀ ਤੇ ਇੱਕ ਟ੍ਰਿਪਲ ਬੋਗੀ ਵੀ ਕੀਤੀ। ਉਸਨੇ ਪਾਰ-ਫਾਈਵ 12ਵਾਂ ਹੋਲ ਅੱਠ ਸ਼ਾਟਾਂ 'ਚ ਪੂਰਾ ਕੀਤਾ। ਉਸਨੇ ਇਸ ਤੋਂ ਪਹਿਲਾਂ ਸ਼ੁਰੂਆਤੀ ਦੌਰ ਵਿੱਚ ਤਿੰਨ ਅੰਡਰ-68 ਦਾ ਕਾਰਡ ਬਣਾਇਆ ਸੀ। ਬ੍ਰਾਇਸਨ ਡੀਚੈਂਬਿਊ (63-66) ਨੇ 18ਵੇਂ ਹੋਲ 'ਤੇ ਬਰਡੀ ਕਰਕੇ ਕੈਮਰਨ ਸਮਿਥ (64-66) ਤੇ ਇੱਕ ਸ਼ਾਟ ਦੀ ਲੀਡ ਲੈ ਲਈ।

# ਭਾਰਤ ਇਸਲਾਮਾਬਾਦ 'ਚ ਹੋਣ ਵਾਲੇ ਏਸ਼ੀਅਨ ਵਾਲੀਬਾਲ ਟੂਰਨਾਮੈਂਟ 'ਚੋਂ ਹਟਿਆ

ਲਾਹੌਰ, 27 ਅਪ੍ਰੈਲ (ਚ.ਨ.ਸ.): ਪਾਕਿਸਤਾਨ ਵਾਲੀਬਾਲ ਫੈਡਰੇਸ਼ਨ (ਪੀਵੀਐਫ) ਨੇ ਐਤਵਾਰ ਨੂੰ ਕਿਹਾ ਕਿ ਭਾਰਤ ਨੇ ਅਗਲੇ ਮਹੀਨੇ ਇਸਲਾਮਾਬਾਦ ਵਿੱਚ ਹੋਣ ਵਾਲੀ ਮੱਧ ਏਸ਼ੀਆਈ ਵਾਲੀਬਾਲ ਚੈਂਪੀਅਨਸ਼ਿਪ ਤੋਂ ਆਪਣੀ ਟੀਮ ਹਟਾ ਲਈ ਹੈ। ਪੀਵੀਐਫ ਦੇ ਅਧਿਕਾਰੀ ਅਬਦੁਲ ਅਹਿਦ ਨੇ ਕਿਹਾ ਕਿ ਭਾਰਤ ਨੇ 28 ਮਈ ਨੂੰ ਜਿਨਾਹ ਕੈਂਪਸ ਵਿੱਚ ਸ਼ੁਰੂ ਹੋਣ ਵਾਲੀ ਚੈਂਪੀਅਨਸ਼ਿਪ ਲਈ 22 ਖਿਡਾਰੀਆਂ ਸਮੇਤ 30 ਮੈਂਬਰੀ ਟੀਮ ਭੇਜਣ ਦੀ ਪੁਸ਼ਟੀ ਕੀਤੀ ਸੀ। 22 ਅਪ੍ਰੈਲ ਨੂੰ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ, ਜਿਸ 'ਚ 26 ਸੈਲਾਨੀ ਮਾਰੇ ਗਏ ਸਨ, ਨੇ ਦੋਵਾਂ ਦੇਸ਼ਾਂ ਵਿਚਕਾਰ ਕੂਟਨੀਤਕ ਤਣਾਅ ਵਧਾ ਦਿੱਤਾ ਹੈ। ਅਹਿਦ ਨੇ ਕਿਹਾ, ਭਾਰਤੀ ਵਾਲੀਬਾਲ ਅਧਿਕਾਰੀਆਂ ਨੇ ਖੇਤਰੀ ਸੰਸਥਾ ਨੂੰ ਸੂਚਿਤ ਕੀਤਾ ਹੈ ਕਿ ਉਨ੍ਹਾਂ ਦੀ ਸਰਕਾਰ ਨੇ ਪਹਿਲਗਾਮ ਵਿੱਚ ਵਾਪਰੀ ਘਟਨਾ ਤੋਂ ਬਾਅਦ ਟੂਰਨਾਮੈਂਟ ਲਈ ਉਨ੍ਹਾਂ ਨੂੰ ਜਾਰੀ ਕੀਤਾ ਗਿਆ ਐਨਓਸੀ (ਕੋਈ ਇਤਰਾਜ਼ ਨਹੀਂ ਪੱਤਰ) ਰੱਦ ਕਰ ਦਿੱਤਾ ਹੈ। ਇਹ ਜਾਣ ਕੇ ਨਿਰਾਸ਼ਾ ਹੋਈ ਕਿ ਭਾਰਤ ਚੈਂਪੀਅਨਸ਼ਿਪ ਤੋਂ ਹਟ ਗਿਆ ਹੈ ਤੇ ਉਸਦੀ ਜਗ੍ਹਾ ਅਫਗਾਨਿਸਤਾਨ ਜਾਂ ਸ਼੍ਰੀਲੰਕਾ ਲਵੇਗਾ, ਉਸਨੇ ਕਿਹਾ। ਇਸ ਮੁਕਾਬਲੇ 'ਚ ਈਰਾਨ, ਤੁਰਕਮੇਨਿਸਤਾਨ, ਕਿਰਗਿਸਤਾਨ, ਤਾਜਿਕਸਤਾਨ ਅਤੇ ਉਜ਼ਬੇਕਿਸਤਾਨ ਦੀਆਂ ਟੀਮਾਂ ਹਿੱਸਾ ਲੈਣਗੀਆਂ।



# 14 ਭਾਰਤੀ ਮੁੱਕੇਬਾਜ਼ ਅੰਡਰ-15 ਅਤੇ ਅੰਡਰ-17 ਏਸ਼ੀਅਨ ਚੈਂਪੀਅਨਸ਼ਿਪ ਦੇ ਫਾਈਨਲ ਵਿੱਚ ਪਹੁੰਚੇ

ਅੰਮਾ, 27 ਅਪ੍ਰੈਲ (ਚ.ਨ.ਸ.) : ਭਾਰਤੀ ਮੁੱਕੇਬਾਜ਼ਾਂ ਨੇ ਮੁਕਾਬਲਿਆਂ ਵਿੱਚ ਚੰਗਾ ਪ੍ਰਦਰਸਨ ਕੀਤਾ ਜਿਸ ਸਦਕਾ 14 ਮੁੱਕੇਬਾਜ਼ ਏਸ਼ੀਅਨ ਅੰਡਰ-15 ਅੰਡਰ-17 ਮੁੱਕੇਬਾਜ਼ੀ ਚੈਂਪੀਅਨਸ਼ਿਪ ਦੇ ਫਾਈਨਲ ਵਿੱਚ ਪਹੁੰਚ ਗਏ। ਸੈਮੀਫਾਈਨਲ ਵਿੱਚ ਹਿੱਸਾ ਲੈ ਰਹੀਆਂ 12 ਮਹਿਲਾ ਅੰਡਰ-15 ਮੁੱਕੇਬਾਜ਼ਾਂ ਵਿੱਚੋਂ ਨੌਂ ਨੇ ਸ਼ਨੀਵਾਰ ਨੂੰ ਮੁਕਾਬਲੇ ਦੇ ਅੱਠਵੇਂ ਦਿਨ ਆਪਣੇ-ਆਪਣੇ ਮੁਕਾਬਲੇ ਜਿੱਤ ਕੇ ਅੱਗੇ ਵਧਿਆ।ਕੋਮਲ (30-33 ਕਿਲੋਗ੍ਰਾਮ) ਨਵਿਆ (58 ਕਿਲੋਗ੍ਰਾਮ) ਅਤੇ ਸੁਨੈਨਾ (61 ਕਿਲੋਗ੍ਰਾਮ) ਨੇ ਆਰਐਸਸੀ (ਰੈਫਰੀ ਸਟਾਪਡ ਮੁਕਾਬਲਾ) ਵਿੱਚ ਦਬਦਬਾ ਬਣਾਇਆ ਜਦੋਂ ਕਿ ਖੁਸ਼ੀ ਅਹਲਾਵਤ (35 ਕਿਲੋਗ੍ਰਾਮ) ਤਮੰਨਾ (37 ਕਿਲੋਗ੍ਰਾਮ) ਪ੍ਰਿੰਸੀ (52 ਕਿਲੋਗ੍ਰਾਮ) ਅਤੇ ਤ੍ਰਿਸ਼ਾਨਾ ਮੋਹਿਤੇ (67 ਕਿਲੋਗ੍ਰਾਮ) ਨੇ ਦਬਦਬਾ ਬਣਾਇਆ।ਮਿਲਕੀ ਮੀਨਾਮ (43 ਕਿਲੋਗ੍ਰਾਮ) ਨੇ ਸਖ਼ਤ ਸੰਘਰਸ਼ ਕਰਦਿਆਂ ਆਪਣੇ ਵਿਰੋਧੀ ਨੂੰ 3-2 ਨਾਲ ਹਰਾਇਆ, ਜਿਸ ਨਾਲ ਭਾਰਤ ਦੀਆਂ ਨੌਜਵਾਨ ਮਹਿਲਾ ਮੁੱਕੇਬਾਜ਼ਾਂ ਲਈ ਦਿਨ ਬਹੁਤ ਸਫਲ ਰਿਹਾ।ਸਵੀ (40 ਕਿਲੋਗ੍ਰਾਮ) ਅਤੇ ਵੰਸ਼ਿਕਾ (70+ ਕਿਲੋਗ੍ਰਾਮ) ਨੂੰ ਫਾਈਨਲ ਲਈ ਬਾਈ ਮਿਲੀ ਸੀ।ਪੁਰਸ਼ਾਂ ਦੇ ਅੰਡਰ-15 ਮੁਕਾਬਲੇ ਵਿੱਚ ਸੰਸਕਾਰ ਵਿਨੋਦ (35 ਕਿਲੋਗ੍ਰਾਮ) ਕਿਰਗਿਸਤਾਨ ਦੇ ਆਰਸਨ ਜ਼ੋਰੋਬਾਏਵ ਤੇ ਆਰਐਸਸੀ ਦੀ ਜਿੱਤ ਨਾਲ ਟਾਈਟਲ ਮੁਕਾਬਲੇ ਵਿੱਚ ਜਗ੍ਹਾ ਪੱਕੀ ਕਰਨ ਵਾਲੇ ਪਹਿਲੇ ਖਿਡਾਰੀ ਬਣੇ।ਬਾਅਦ ਵਿੱਚ ਫਾਈਨਲ ਦੌਰ ਵਿੱਚ ਰੁਦਰਾਕਸ਼ ਸਿੰਘ ਖੈਦੇਮ (46 ਕਿਲੋਗ੍ਰਾਮ), ਅਭਿਜੀਤ (61 ਕਿਲੋਗ੍ਰਾਮ) ਅਤੇ ਲਖਸੇ ਫੋਗਾਟ (64 ਕਿਲੋਗ੍ਰਾਮ) ਉਨ੍ਹਾਂ ਨਾਲ ਸ਼ਾਮਲ ਹੋਏ, ਜਿਨ੍ਹਾਂ ਸਾਰਿਆਂ ਨੇ ਅੰਕਾਂ ਨਾਲ ਜਿੱਤ ਪ੍ਰਾਪਤ ਕੀਤੀ। ਭਾਰਤ ਨੇ 43 ਤਗਮੇ ਹਾਸਲ ਕੀਤੇ ਹਨ।



# ਕੈਨੇਡਾ ਦੀ 45ਵੀਂ ਲੋਕ ਸਭਾ ਲਈ ਅੱਜ ਪੈਣਗੀਆਂ ਵੋਟਾਂ

ਵੈਨਕੂਵਰ, 27 ਅਪ੍ਰੈਲ (ਚ.ਨ.ਸ.) : ਕੈਨੇਡਾ ਦੀ 45ਵੀਂ ਲੋਕ ਸਭਾ ਲਈ ਸੋਮਵਾਰ ਨੂੰ ਵੋਟਾਂ ਪੈਣਗੀਆਂ। ਵੋਟਿੰਗ ਖ਼ਤਮ ਹੋਣ ਤੋਂ ਫੌਰੀ ਮਗਰੋਂ ਗਿਣਤੀ ਸ਼ੁਰੂ ਹੋ ਜਾਏਗੀ ਤੇ ਕੁਝ ਘੰਟਿਆਂ ਅੰਦਰ ਕਾਫੀ ਨਤੀਜਿਆਂ ਦਾ ਐਲਾਨ ਹੋ ਜਾਏਗਾ। 29 ਅਪਰੈਲ ਦਾ ਸੂਰਜ ਨਵੀਂ ਸਰਕਾਰ ਦੇ ਨਕਸ਼ਾਂ ਦੇ ਉਭਾਰ ਲੈ ਕੇ ਕੈਨੇਡਿਆਈ ਲੋਕਾਂ ਦੀਆਂ ਬਰੂਹਾਂ ਉੱਤੇ ਦਸਤਕ ਦੇਵੇਗਾ।ਆਪਣੇ ਮਨਾਂ ਵਿੱਚ ਚੰਗੀ ਸਰਕਾਰ ਦੀ ਉਮੀਦ ਦਾ ਦੀਵਾ ਜਗਾ ਚੁੱਕੇ ਵੋਟਰ ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ ਆਪਣੀ ਫੁਰਸਤ ਅਨੁਸਾਰ ਆਪਣੇ ਘਰਾਂ ਨੇੜਲੇ ਵੋਟ ਕੇਂਦਰਾਂ 'ਤੇ ਜਾ ਕੇ ਆਪਣੇ ਵੋਟ ਦੇ ਹੱਕ ਦੀ ਵਰਤੋਂ ਕਰਨਗੇ। ਬੇਸ਼ੱਕ ਚੋਣ ਅਖਾੜੇ ਦੇ ਸ਼ੁਰੂਆਤੀ ਦਿਨਾਂ ਤੋਂ ਹੀ ਸਰਵੇਖਣ ਏਜੰਸੀਆਂ ਸਰਗਰਮ ਸਨ, ਪਰ ਜਿਵੇਂ ਜਿਵੇਂ ਚੋਣਾਂ ਦਾ ਦਿਨ ਨੇੜੇ ਆਉਂਦਾ ਗਿਆ, ਦੋਹਾਂ ਪਾਰਟੀਆਂ ਲਿਬਰਲਜ਼ ਤੇ ਕੰਜ਼ਰਵੇਟਿਵ ਦਰਮਿਆਨ ਮੁਕਾਬਲਾ ਫਸਵਾਂ ਬਣ ਗਿਆ ਹੈ। ਬੇਸ਼ੱਕ ਹਵਾ ਦੀ ਘੁੰਮਣਘੇਰੀ ਵਿੱਚ ਫਸੇ ਵੋਟਰ ਪਸੰਦੀਦਾ ਪਾਰਟੀ ਬਾਰੇ ਮਨ ਬਣਾ ਕੇ ਹੀ ਵੋਟ ਕੇਂਦਰਾਂ 'ਤੇ ਜਾਣਗੇ, ਪਰ ਉਨ੍ਹਾਂ 'ਚੋਂ ਹੀ ਵੋਟਰਾਂ ਦਾ ਇੱਕ ਵਰਗ ਅਜਿਹਾ ਵੀ ਹੈ, ਜੋ ਵੋਟ ਕੇਂਦਰਾਂ 'ਤੇ ਜਾ ਕੇ ਹਵਾ ਦੇ ਵਹਿਣ ਵਿੱਚ ਵਹਿ ਕੇ ਫਸਵੀਂ ਟੱਕਰ ਦੇ ਨਤੀਜੇ ਪ੍ਰਭਾਵਤ ਕਰ ਸਕਣ ਦੇ ਸਮਰੱਥ ਹੈ।ਲੰਘੇ ਹਫਤੇ ਅਗਾਊਂ ਵੋਟਾਂ ਮੌਕੇ ਇਸ ਵਾਰ 26 ਫੀਸਦ ਦਾ ਵਾਧਾ ਦਰਜ ਹੋਇਆ, ਜਿਸ ਨੂੰ ਸਿਆਸੀ ਸੂਝ ਵਾਲੇ ਲੋਕ ਸਰਕਾਰ ਦੇ ਬਦਲਾਅ ਦਾ ਸੰਕੇਤ ਮੰਨ ਰਹੇ ਹਨ। ਇਸ ਤਰ੍ਹਾਂ ਦਾ ਰੁਝਾਨ ਭਾਰਤ ਸਮੇਤ ਕਈ ਦੇਸ਼ਾਂ ਵਿੱਚ ਸਾਬਤ ਵੀ ਹੋ ਚੁੱਕਾ ਹੈ। ਪਰ ਕੁਝ ਹੋਰ ਇਸ ਨੂੰ ਅਮਰੀਕਨ ਰਾਸ਼ਟਰਪਤੀ ਦੇ ਟੈਰਿਫ ਨਾਲ ਸਿੱਝਣ ਦੀ ਯੋਗਤਾ ਵਾਲੇ ਆਗੂ ਦੇ ਹੱਥ ਮਜ਼ਬੂਤ ਕੀਤੇ ਜਾਣ ਦੇ ਉਤਸ਼ਾਹ ਵਜੋਂ ਲੈ ਰਹੇ ਹਨ।



# ਇਟਲੀ ਦੇ ਆਜ਼ਾਦੀ ਦਿਵਸ ਮੌਕੇ ਸਿੱਖ ਫ਼ੌਜੀਆਂ ਨੂੰ ਕੀਤਾ ਯਾਦ ਵਰਲਡ ਸਿੱਖ ਸ਼ਹੀਦ ਮਿਲਟਰੀ ਯਾਦਗਾਰੀ ਕਮੇਟੀ ਇਟਲੀ ਨੇ ਸਮਾਗਮ 'ਚ ਹਾਜ਼ਰੀ ਭਰੀ



ਰੋਮ, 27 ਅਪ੍ਰੈਲ (ਚ.ਨ.ਸ.) : ਇਟਲੀ ਦੇ ਸ਼ਹਿਰ ਲੁਸਾਰਾ ਦੇ ਕਮੂਨੇ ਇਟਲੀ ਦਾ 80ਵਾਂ ਆਜਾਦੀ ਦਿਹਾੜਾ ਮਨਾਇਆ। ਵਰਲਡ ਸਿੱਖ ਸ਼ਹੀਦ ਮਿਲਟਰੀ ਯਾਦਗਾਰੀ ਕਮੇਟੀ (ਰਜਿ) ਇਟਲੀ ਵੱਲੋਂ ਸਮਾਗਮ ਵਿੱਚ ਹਾਜ਼ਰੀ ਭਰੀ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਿਥੀਪਾਲ ਸਿੰਘ ਨੇ ਦੱਸਿਆ ਕਿ 80ਵਾਂ ਆਜ਼ਾਦੀ ਦਿਹਾੜਾ ਮਨਾਉਂਦਿਆ ਲੁਸਾਰਾ 'ਚ ਸਮਾਗਮ ਕਰਵਾਇਆ। ਜੋ ਕਿ ਲੁਸਾਰਾ ਕਮੂਨੇ ਤੋਂ ਕਾਫ਼ਲੇ ਦੇ ਰੂਪ 'ਚ ਆਰੰਭ ਹੋਇਆ। ਜੋ ਸਾਈਕਲਾਂ 'ਤੇ ਜਾ ਕੇ ਕੋਦੀਸਤੋ, ਕਾਸੋਨੀ, ਬਿਲਾਰੋਤਾ ਤੋਂ ਹੁੰਦਾ ਲੁਸਾਰਾ ਪਹੁੰਚਿਆ।ਇਸ ਮੌਕੇ ਲੁਸਾਰਾ ਦੇ ਮੇਅਰ ਅਤੇ ਵਰਲਡ ਸਿਖ ਸ਼ਹੀਦ ਮਿਲਟਰੀ ਯਾਦਗਾਰੀ ਕਮੇਟੀ (ਰਜਿ) ਵੱਲੋਂ ਮਿਲ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਬਾਅਦ ਵਿਚ ਮੇਅਰ ਅਲੀਸਾ ਦਿਤਾ ਸਤੇਲੀ ਨੇ ਆਪਣੇ ਭਾਸ਼ਣ ਆਏ ਲੋਕਾਂ ਨੂੰ ਦੱਸਿਆ ਕਿ ਸਿੱਖਾਂ ਦਾ ਇਟਲੀ ਨੂੰ ਅਜ਼ਾਦ ਕਰਵਾਉਣ 'ਚ ਬਹੁਤ ਵੱਡਾ ਯੋਗਦਾਨ ਹੈ।ਇਹਨਾਂ ਸਾਡੇ ਮੁਲਕ ਨੂੰ ਆਜ਼ਾਦ ਕਰਵਾਉਣ ਲਈ ਆਪਣੀਆ ਜਾਨਾਂ ਵਾਰ ਦਿੱਤੀਆ। ਸਾਨੂੰ ਇਹਨਾਂ ਸਤਿਕਾਰ ਦਾ ਕਰਨਾ ਚਾਹੀਦਾ ਹੈ।ਅਸੀਂ ਸਿੱਖਾਂ ਨਾਲ ਰਲ ਮਿਲ ਕੇ ਚੱਲਣ ਲਈ ਵੱਚਨਬੱਧ ਹਾਂ। ਇਸ ਸਮਾਗਮ ਵਿੱਚ ਸਾਮਲ ਹੋਣ ਵਾਲਿਆਂ ਵਿੱਚ ਲੁਸਾਰਾ ਸ਼ਹਿਰ ਦੀ ਸਾਬਾਕ ਮੇਅਰ ਅੰਦਰੀਆ ਕੌਸਤਾ, ਵਰਲਡ ਸਿਖ ਸ਼ਹੀਦ ਮਿਲਟਰੀ ਯਾਦਗਾਰੀ ਕਮੇਟੀ ਇਟਲੀ ਦੇ ਪ੍ਰਧਾਨ ਪ੍ਰਿਥੀਪਾਲ ਸਿੰਘ ਨੇ ਵੀ ਸ਼ਰਧਾਜਲੀ ਭੇਟ ਕੀਤੀ।ਹੋਰਨਾਂ ਤੋਂ ਇਲਾਵਾ ਲੁਸਾਰਾ ਵਾਸੀ ਹਰਜਿੰਦਰ ਸਿੰਘ, ਮੋਹਣ ਸਿੰਘ, ਗੁਰਮੇਲ ਸਿੰਘ ਭੱਟੀ ਪ੍ਰਧਾਨ ਰਾਜਪੂਤ ਸਭਾ ਇਟਲੀ, ਅੰਮ੍ਰਿਤਪਾਲ ਸਿੰਘ, ਬਹਾਦਰ ਸਿੰਘ, ਸੋਨੀ, ਦਰਸ਼ਨ ਸਿੰਘ ਅਤੇ ਹੋਰ ਇਟਲੀ ਦੇ ਆਜਾਦੀ ਘੁਲਾਟੀਏ ਕਾਰਾਬਨੇਰੀ ਮਿਉਸੀਪਲੇ ਨੇ ਵੀ ਹਿਸਾ ਲਿਆ। ਇੱਥੇ ਇਹ ਵੀ ਦੱਸਣਯੋਗ ਹੈ ਕਿ ਵਰਲਡ ਸਿਖ ਸ਼ਹੀਦ ਮਿਲਟਰੀ ਯਾਦਗਾਰੀ ਕਮੇਟੀ (ਰਜਿ) ਦੁਆਰਾ ਹਰ ਸਾਲ ਦੂਸਰੀ ਸੰਸਾਰ ਯੁੱਧ 'ਚ ਸ਼ਹੀਦ ਹੋਏ ਸਿੱਖ ਫੌਜੀਆਂ ਦੀ ਯਾਦ 'ਚ ਵੱਖ- ਵੱਖ ਸਮਾਗਮ ਇਟਲੀ ਦੇ ਵੱਖ- ਵੱਖ ਸ਼ਹਿਰਾਂ ਵਿੱਚ ਕਰਵਾਉਂਦੀ ਆ ਰਹੀ ਹੈ।

## ਜਨਮ ਦਿਨ ਮੁਬਾਰਕ


ਅਰਾਧਿਆ

# ਭੁਪਿੰਦਰ ਸਿੰਘ ਲਹਿਲ ਬਣੇ ਨਗਰ ਕੌਂਸਲ ਸੰਗਰੂਰ ਦੇ ਪ੍ਰਧਾਨ



ਸੰਗਰੂਰ 27 ਅਪ੍ਰੈਲ (ਹਰਕੰਵਲ ਸਿੰਘ ਹੈਪੀ) ਸਥਾਨਕ ਸੰਗਰੂਰ ਦੇ ਸੁਨਾਮ ਰੋਡ ਵਿਖੇ ਸਥਿੱਤ ਨਗਰ ਕੌਂਸਲ ਦੇ ਦਫ਼ਤਰ ਵਿਖੇ ਨਗਰ ਕੌਂਸਲ ਸੰਗਰੂਰ ਦੀ ਪ੍ਰਧਾਨਗੀ ਨੂੰ ਕੇ ਚੋਣ ਕੀਤੀ ਗਈ ਜਿਸ ਵਿੱਚ ਸਮੂਹ ਵਾਰਡਾਂ ਦੇ ਐਮ.ਸੀ ਸਾਹਿਬਾਨਾਂ ਨੇ ਸ਼ਮੂਲੀਅਤ ਕੀਤੀ। ਇਹ ਚੋਣ ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਅਮਨ ਅਰੋੜਾ ਅਤੇ ਹਲਕਾ ਸੰਗਰੂਰ ਵਿਧਾਇਕ ਨਰਿੰਦਰ ਕੌਰ ਭਰਾਜ ਦੀ ਮੌਜੂਦਗੀ ਵਿੱਚ ਕਰਵਾਈ ਗਈ ਜਿਸ ਵਿੱਚ ਭੁਪਿੰਦਰ ਸਿੰਘ ਲਹਿਲ ਨੂੰ ਪ੍ਰਧਾਨ, ਪ੍ਰੀਤ ਕੌਰ ਨੂੰ ਸੀਨੀਅਰ ਮੀਤ ਪ੍ਰਧਾਨ ਜਦਕਿ ਕ੍ਰਿਸ਼ਨ ਲਾਲ ਵਿੱਕੀ ਨੂੰ ਮੀਤ ਪ੍ਰਧਾਨ ਚੁਣਿਆ ਗਿਆ। ਇਸ ਦੌਰਾਨ ਮੌਕੇ ਤੇ ਮੌਜੂਦ ਆਮ ਆਦਮੀ ਪਾਰਟੀ ਦੇ ਆਗੂਆਂ, ਵਰਕਰਾਂ ਅਤੇ ਜੇਤੂ ਐਮ ਸੀ ਸਾਹਿਬਾਨਾਂ ਨੇ ਚੁਣੇ ਗਏ ਅਹੁਦੇਦਾਰਾਂ ਨੂੰ ਮੁਬਾਰਕਬਾਦ ਦਿੰਦਿਆਂ ਗੱਲ ਵਿੱਚ ਹਾਰ ਪਾ ਕੇ ਉਹਨਾਂ ਦਾ ਮੂੰਹ ਮਿੱਠਾ ਕਰਵਾਇਆ। ਪ੍ਰਧਾਨਗੀ ਦੀ ਚੋਣ ਤੋਂ ਪਹਿਲਾਂ ਸਹੁੰ ਚੁੱਕ ਸਮਾਗਮ ਰੱਖਿਆ ਗਿਆ ਜਿਸ ਵਿੱਚ ਸਮੂਹ ਐਮ.ਸੀ ਸਾਹਿਬਾਨਾਂ ਨੂੰ ਸਹੁੰ ਚੁਕਾਈ ਗਈ।

# ਪ੍ਰੀ-ਏਸ਼ੀਆ ਬੇਸਬਾਲ ਚੈਂਪੀਅਨਸ਼ਿਪ (ਲੜਕੀਆਂ) ਦੀ ਇੰਡੀਆ ਟੀਮ ਭਾਗ ਲੈਣ ਲਈ ਹੋਈ ਥਾਈਲੈਂਡ ਰਵਾਨਾ



ਸੰਗਰੂਰ 27 ਅਪ੍ਰੈਲ (ਹਰਕੰਵਲ ਸਿੰਘ ਹੈਪੀ) ਬੇਸਬਾਲ ਸੀਨੀਅਰ ਲੜਕੀਆਂ ਦੇ 20 ਦਿਨ ਚੱਲੇ ਕੋਚਿੰਗ ਕੈਂਪ ਤੋਂ ਬਾਅਦ ਚੁਣੀ ਗਈ ਟੀਮ ਪ੍ਰੀ-ਏਸ਼ੀਆ ਚੈਂਪੀਅਨਸ਼ਿਪ ਵਿੱਚ ਭਾਗ ਲੈਣ ਲਈ ਇੰਡੀਆ ਦੀ ਟੀਮ ਥਾਈਲੈਂਡ ਲਈ ਰਵਾਨਾ ਹੋ ਗਈ ਹੈ। ਸਪੋਰਟਸ ਅਥਾਰਟੀ ਆਫ ਇੰਡੀਆ ਦੇ ਮਸਤੂਆਣਾ ਸਾਹਿਬ ਸੈਂਟਰ ਵਿਖੇ ਲੱਗੇ ਕੈਂਪ ਬਾਰੇ ਜਾਣਕਾਰੀ ਦਿੰਦਿਆਂ ਬੇਸਬਾਲ ਇੰਡੀਆ ਦੇ ਸਕੱਤਰ ਹਰੀਸ਼ ਕੁਮਾਰ ਭੁਪਾਲ, ਟੀਮ ਕੋਚ ਅਰਵਿੰਦ ਕੁਮਾਰ ਅਤੇ ਕੈਂਪ ਮੈਨੇਜ਼ਰ ਮੰਨੂ ਬਡਰੁੱਖਾਂ ਨੇ ਦੱਸਿਆ ਕਿ ਬੇਸਬਾਲ ਸੀਨੀਅਰ ਲੜਕੀਆਂ ਦਾ ਕੋਚਿੰਗ ਕੈਂਪ 1 ਅਪ੍ਰੈਲ ਤੋਂ 20 ਅਪ੍ਰੈਲ ਤੱਕ ਲਗਾਇਆ ਗਿਆ ਸੀ

ਜਿਸ ਵਿੱਚ ਥਾਈਲੈਂਡ ਚ ਹੋਣ ਵਾਲੀ ਪ੍ਰੀ-ਏਸ਼ੀਆ ਬੇਸਬਾਲ ਚੈਂਪੀਅਨਸ਼ਿਪ ਵਿੱਚ ਭਾਗ ਲੈਣ ਲਈ (ਲੜਕੀਆਂ) ਦੀ ਟੀਮ ਲਈ ਚੋਣ ਕੀਤੀ ਗਈ। ਟੀਮ ਨੂੰ ਰਵਾਨਾ ਕਰਨ ਮੌਕੇ ਅਕਾਲ ਕਾਲਜ ਕੌਂਸਲ ਮਸਤੂਆਣਾ ਸਾਹਿਬ ਦੇ ਸਕੱਤਰ ਜਸਵੰਤ ਸਿੰਘ ਖਹਿਰਾ, ਜ਼ਿਲ੍ਹਾ ਬੇਸਬਾਲ ਐਸੋਸੀਏਸ਼ਨ ਦੇ ਸਕੱਤਰ ਗੁਰਜੰਟ ਸਿੰਘ ਦੁੱਗਾਂ ਅਤੇ ਕੈਂਪ ਮੈਨੇਜ਼ਰ ਮੰਨੂ ਬਡਰੁੱਖਾਂ ਆਦਿ ਸ਼ਾਮਲ ਸਨ। ਉਨ੍ਹਾਂ ਉਮੀਦ ਪ੍ਰਗਟਾਈ ਕਿ ਚੁਣੀ ਗਈ ਟੀਮ ਪ੍ਰੀ-ਏਸ਼ੀਆ ਬੇਸਬਾਲ ਚੈਂਪੀਅਨਸ਼ਿਪ ਵਿੱਚ ਬੇਹਤਰੀਨ ਖੇਡ ਦਾ ਪ੍ਰਦਰਸ਼ਨ ਕਰੇਗੀ।

# ਸਾਡੀ ਸਰਕਾਰ ਬਣਾਉ, ਅਸੀਂ ਲੋਕਾਂ ਦੇ ਜਵਾਨ ਪੁੱਤਰਾਂ ਨੂੰ ਚਿੱਟੇ ਤੋਂ ਬਚਾਕੇ ਦਿਖਾਵਾਂਗੇ : ਅਵਤਾਰ ਸਿੰਘ ਕਰੀਮਪੁਰੀ

ਬਰਨਾਲਾ/ਤਪਾ (ਬਘੇਲ ਸਿੰਘ ਧਾਲੀਵਾਲ/ਭੂਸ਼ਣ ਘੜੈਲਾ):ਪਿੰਡ ਦਰਾਕਾ ਦੀ ਗੁਰੂ ਰਵਿਦਾਸ ਧਰਮਸ਼ਾਲਾ ਵਿਖੇ ਬਹੁਜਨ ਸਮਾਜ ਪਾਰਟੀ ਦਾ ਇੱਕ ਵਿਸ਼ੇਸ਼ ਸਮਾਗਮ ਜ਼ਿਲ੍ਹਾ ਪ੍ਰਧਾਨ ਡਾਕਟਰ ਸਰਬਜੀਤ ਸਿੰਘ ਖੇੜੀ ਦੀ ਪ੍ਰਧਾਨਗੀ ਹੇਠ ਹੋਇਆ। ਸਮਾਗਮ ਨੇ ਕਿਹਾ ਕਿ ਦਲਿਤ ਵਰਗ ਨੂੰ ਪਾਣੀ ਪੀਣ ਦਾ ਅਧਿਕਾਰ ਵੀ ਬਾਬਾ ਸਾਹਿਬ ਅੰਬੇਡਕਰ ਦੇ ਅੰਦੋਲਨ ਦੀ ਬਦੌਲਤ ਮਿਲਿਆ ਹੈ। ਉਹਨਾਂ ਦੀ ਬਦੌਲਤ ਹੀ ਗਾਂਧੀ ਅਤੇ ਕਾਂਗਰਸ ਵਿਰੋਧ ਵਿੱਚ ਦਲਿਤ ਵਰਗ ਨੂੰ ਵੋਟਾਂ ਦਾ ਅਧਿਕਾਰ ਮਿਲਿਆ। ਫਿਰ ਗਾਂਧੀ ਦੇ ਤੋਂ ਆ ਕੇ ਅੰਗਰੇਜ਼ ਰਾਜ ਕਰ ਸਕਦੇ ਹਨ ਅਤੇ ਮੱਧ ਏਸ਼ੀਆ ਤੋਂ ਆ ਕੇ ਆਰੀਆ ਰਾਜ ਕਰ ਸਕਦੇ ਹਨ ਤਾਂ ਅਸੀਂ ਇੱਥੋਂ ਦੇ ਹੋ ਕੇ ਵੀ ਕਿਉਂ ਨਹੀਂ ਰਾਜ ਕਰ ਸਕਦੇ? ਉਹਨਾਂ ਕਿਹਾ ਕਿ 2027 ਵਿੱਚ ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਹੋਣ ਵਾਲੀਆਂ ਹਨ ਅਤੇ



ਵਿੱਚ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਨੇ ਇੱਥੇ ਬਸਪਾ ਆਗੂ ਗੁਰਬਖਸ਼ ਸਿੰਘ ਦਰਾਕਾ ਵੱਲੋਂ ਆਪਣੇ ਮਰਹੂਮ ਪੁੱਤਰ ਨਵਜੋਤ ਸਿੰਘ ਦੀ ਯਾਦ ਵਿੱਚ ਲਗਾਏ ਜਾ ਰਹੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਬੁੱਤ ਦਾ ਉਦਘਾਟਨ ਵੀ ਕੀਤਾ। ਲੋਕਸਭਾ ਇੰਚਾਰਜ ਅਮਰਜੀਤ ਸਿੰਘ ਝਲੂਰ ਇੰਚਾਰਜ ਪਟਿਆਲਾ ਜੋਨ, ਹਰਭਜਨ ਸਿੰਘ ਬਜਹੇੜੀ ਜੋਨ ਇੰਚਾਰਜ ਮੋਹਾਲੀ, ਡਾਕਟਰ ਮੱਖਣ ਸਿੰਘ ਇੰਚਾਰਜ ਲੋਕ ਸਭਾ ਸੰਗਰੂਰ ਆਦਿ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਵੱਡੀ ਗਿਣਤੀ ਵਿੱਚ ਪਹੁੰਚੀਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਅਵਤਾਰ ਸਿੰਘ ਕਰੀਮਪੁਰੀ ਮਰਨ ਵਰਤ ਰੱਖ ਕੇ ਇੱਕ ਵੋਟ ਸਾਥੋਂ ਖੋਹ ਲਈ। ਉਹਨਾਂ ਕਿਹਾ ਕਿ ਪੰਜਾਬ ਵਿੱਚ ਖਾਸ ਕਰਕੇ ਸੰਗਰੂਰ ਇਲਾਕੇ ਵਿੱਚ ਜ਼ਮੀਨ ਪ੍ਰਾਪਤੀ ਕਮੇਟੀਆਂ ਬਣਾਕੇ ਲੰਬੇ ਸਮੇਂ ਤੋਂ ਸੰਘਰਸ਼ ਕੀਤਾ ਜਾ ਰਿਹਾ ਹੈ ਪਰ ਅਜੇ ਤੱਕ ਇਸਦਾ ਕੋਈ ਸਾਰਥਿਕ ਸਿੱਟਾ ਨਹੀਂ ਨਿਕਲਿਆ। ਦੂਜੇ ਪਾਸੇ ਉੱਤਰ ਪ੍ਰਦੇਸ਼ ਵਿੱਚ ਬਹੁਜਨ ਸਮਾਜ ਪਾਰਟੀ ਦੀ ਸਰਕਾਰ ਬਣਾ ਕੇ ਲੱਖਾਂ ਏਕੜ ਜ਼ਮੀਨ ਬੇਜ਼ਮੀਨੇ ਲੋਕਾਂ ਨੂੰ ਮੁਫ਼ਤ ਦੇ ਦਿੱਤੀ। ਪਛੜੀਆਂ ਸ਼੍ਰੇਣੀਆਂ ਨੂੰ 27% ਰਾਖਵਾਂਕਰਨ ਦੇ ਦਿੱਤਾ। ਇਹ ਕੰਮ ਪੰਜਾਬ ਵਿੱਚ ਵੀ ਹੋ ਸਕਦਾ ਹੈ। ਪਰ ਇਸ ਲਈ ਪੰਜਾਬ ਵਿੱਚ ਬਹੁਜਨ ਸਮਾਜ ਪਾਰਟੀ ਦੀ ਸਰਕਾਰ ਬਣਾਉਣੀ ਪਵੇਗੀ। ਉਹਨਾਂ ਸਵਾਲ ਕੀਤਾ ਕਿ ਜੇ ਮੁਗਲ ਕੰਧਾਰ ਤੋਂ ਆ ਕੇ ਰਾਜ ਕਰ ਸਕਦੇ ਹਨ, ਇੰਗਲੈਂਡ ਲੋਕਾਂ ਨੂੰ ਗੁੰਮਰਾਹ ਕਰਨ ਲਈ ਰਵਾਇਤੀ ਪਾਰਟੀਆਂ ਤਿਆਰੀ ਕਰਨ ਲੱਗੀਆਂ ਹਨ। ਉਨ੍ਹਾਂ ਕਿਹਾ ਕਿ ਹੁਣ ਤੱਕ ਰਾਜ ਕਰਨ ਵਾਲੀਆਂ ਪਾਰਟੀਆਂ ਨੇ ਪੰਜਾਬ ਨੂੰ ਕਰਜ਼ਾਈ ਕਰਕੇ ਇੱਥੋਂ ਦੇ ਲੋਕਾਂ ਨੂੰ ਡੂੰਘੀ ਦਲਦਲ ਵਿੱਚ ਸੁੱਟ ਦਿੱਤਾ ਹੈ। ਭਗਵੰਤ ਮਾਨ ਦੀ ਸਰਕਾਰ ਨੇ ਵੀ ਪੰਜਾਬ ਨੂੰ ਰਾਹਤ ਦੇਣ ਦੀ ਬਜਾਏ ਸਗੋਂ ਹੋਰ ਕਰਜ਼ਾਈ ਕੀਤਾ ਹੈ। ਉਹਨਾਂ ਕਿਹਾ ਕਿ ਕੇਵਲ ਬਹੁਜਨ ਸਮਾਜ ਪਾਰਟੀ ਹੀ ਪੰਜਾਬ ਨੂੰ ਤਰੱਕੀ ਦੇ ਰਾਹ 'ਤੇ ਅੱਗੇ ਲਿਜਾ ਸਕਦੀ ਹੈ। ਬਾਬਾ ਸਾਹਿਬ ਅੰਬੇਡਕਰ ਦਾ ਬੁੱਤ ਲਾਉਣ ਦੀ ਤਰੀਫ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਪੰਜਾਬ ਦਾ ਪਹਿਲਾ ਮੌਕਾ ਹੈ ਜਦੋਂ ਕਿਸੇ ਨੇ ਆਪਣੇ ਪੁੱਤਰ ਦੀ ਆਖਰੀ ਯਾਦ ਨੂੰ ਵੀ ਮੂਵਮੈਂਟ ਨੂੰ ਸਮਰਪਿਤ ਕੀਤਾ ਹੈ।

# ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੇ ਵਿਰੋਧ ਵਿੱਚ ਧਨੌਲਾ ਦੀਆਂ ਹਿੰਦੂ ਜਥੇਬੰਦੀਆਂ ਵੱਲੋਂ ਰੋਸ ਮਾਰਚ



ਧਨੌਲਾ, 27 ਅਪ੍ਰੈਲ (ਚਮਕੌਰ ਸਿੰਘ ਗੱਗੀ):ਕਸ਼ਮੀਰ ਦੇ ਪਹਿਲਗਾਮ ਵਿੱਚ ਘੁੰਮਣ ਗਏ ਸੈਲਾਨੀਆਂ ਤੇ ਹੋਏ ਆਤੰਕੀ ਹਮਲੇ ਦੇ ਵਿਰੋਧ ਵਿੱਚ ਧਨੌਲਾ ਦੀਆਂ ਹਿੰਦੂ ਜਥੇਬੰਦੀਆਂ ਵੱਲੋਂ ਰੋਸ ਮਾਰਚ ਕੱਢਿਆ ਅਤੇ ਅੱਤਵਾਦੀਆਂ ਲਈ ਮਿਸਾਲੀ ਸਜਾ ਦੀ ਮੰਗ ਕੀਤੀ। ਧਨੌਲਾ ਦੀਆਂ ਸਮੂਹ ਧਾਰਮਿਕ ਸੰਸਥਾਵਾਂ ਸਮਾਜ ਸੇਵੀ ਅਤੇ ਰਾਜਨੀਤਕ ਜਥੇਬੰਦੀਆਂ ਵੱਲੋਂ ਇਸ ਰੋਸ ਮਾਰਚ ਵਿੱਚ ਸ਼ਮੂਲੀਅਤ ਕੀਤੀ, ਸੀਤਾ ਰਾਮ ਮੰਦਿਰ ਤੋ ਸੁਰੂ ਹੋ ਕੇ ਰੋਸ ਮਾਰਚ ਦੇ ਬੁਲਾਰੇ ਅਗਰਵਾਲ ਸਭਾ ਦੇ ਪ੍ਰਧਾਨ ਅਰਨ ਕੁਮਾਰ ਬਾਂਸਲ, ਵਪਾਰ ਮੰਡਲ ਦੇ ਪ੍ਰਧਾਨ ਰਮਨ ਕੁਮਾਰ ਵਰਮਾ, ਗਊਸ਼ਾਲਾ ਕਮੇਟੀ ਦੇ ਪ੍ਰਧਾਨ ਜੀਵਨ ਕੁਮਾਰ ਬਾਂਸਲ, ਬੀਜੇਪੀ ਆਗੂ ਜਗਤਾਰ ਸਿੰਘ ਤਾਰੀ, ਡਾਕਟਰ ਸ਼ੰਕਰ ਬਾਂਸਲ, ਵਿਜੇ ਕੁਮਾਰ ਬੱਬੂ, ਆਰਐਸਐਸ ਦੇ ਆਗੂ ਰਕੇਸ਼ ਕੁਮਾਰ ਮਿੱਤਲ,ਕਰਿਆਨਾ ਐਸੋਸੀਏਸ਼ਨ ਦੇ ਆਗੂ ਸੋਨੂ ਗਰਗ, ਮਹਾਂਵੀਰ ਬਜਰੰਗ ਦਲ ਦੇ ਆਗੂ ਨੀਲਮਣੀ ਨੇ ਦੱਸਿਆ ਕਿ ਪਹਿਲਗਾਮ ਵਿੱਚ ਹਿੰਦੂ ਪਰਿਵਾਰਾਂ ਨੂੰ ਓਹਨਾਂ ਦਾ ਧਰਮ ਪੁੱਛ ਕੇ ਗੋਲੀਆਂ ਮਾਰਕੇ ਮਾਰਿਆ ਗਿਆ. ਜਿਸ ਨਾਲ ਹਰੇਕ ਭਾਰਤੀ ਦਾ ਹਿਰਦਾ ਵਲੂੰਧਰਿਆ ਗਿਆ। ਉਨਾਂ ਕਿਹਾ ਕਿ ਇਸ ਰੋਸ ਮਾਰਚ ਵਿੱਚ ਸਾਰੇ ਧਰਮਾਂ ਦੇ ਆਗੂਆਂ ਨੇ ਸ਼ਮੂਲੀਅਤ ਕੀਤੀ ਹੈ। ਇਸ ਮੌਕੇ ਸੈਕਟਰੀ ਸਕੱਤਰ ਵਿਜੇ ਕੁਮਾਰ, ਵਿਨੋਦ ਕੁਮਾਰ ਗਰਗ, ਸ੍ਰੀ ਆਦਿ ਸਕਤੀ ਰਾਮ ਲੀਲਾ ਕਲਬ ਦੇ ਪ੍ਰਧਾਨ ਜਤਿੰਦਰ ਸੋਨੂ ਤੇ ਸਮੂਹ ਮੈਂਬਰ, ਅਨਿਲ ਕੁਮਾਰ ਸੇਠੀ ਸਾਰੀਆਂ ਹੀ ਜਗਰਾਤਾ ਮੰਡਲੀਆਂ ਦੇ ਆਗੂ ਤੇ ਮੈਬਰਾਂ ਨੇ ਹੋਏ ਹਮਲੇ ਦੀ ਨਿੰਦਾ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਇਨਾ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾ ਦੇਣੀ ਚਾਹੀਦੀ ਹੈ।

# ਮਾਰਕੀਟ ਕਮੇਟੀ ਚੇਅਰਮੈਨ ਨੂੰ ਮਿਲਕੇ ਮੰਡੀ ਠੀਕਰੀਵਾਲਾ ਸੰਬੰਧੀ ਮੁੱਦੇ ਚੁੱਕੇ

## ਪਰਮਿੰਦਰ ਸਿੰਘ ਭੰਗੂ ਵੱਲੋਂ ਸਮੱਸਿਆਵਾਂ ਹੱਲ ਕਰਨ ਦਾ ਭਰੋਸਾ



ਬਰਨਾਲਾ, 27 ਅਪ੍ਰੈਲ (ਸੁਖਵਿੰਦਰ ਸਿੰਘ ਭੰਡਾਰੀ): ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਜਸਪ੍ਰੀਤ ਹੈਪੀ ਠੀਕਰੀਵਾਲਾ, ਸਰਪੰਚ ਕਿਰਨਜੀਤ ਸਿੰਘ ਠੀਕਰੀਵਾਲਾ ਅਤੇ ਪਾਰਟੀ ਇਕਾਈ ਪ੍ਰਧਾਨ ਜਗਰੂਪ ਸਿੰਘ ਕਾਕਾ ਠੀਕਰੀਵਾਲਾ ਨੇ ਮਾਰਕੀਟ ਕਮੇਟੀ ਬਰਨਾਲਾ ਦੇ ਚੇਅਰਮੈਨ ਪਰਮਿੰਦਰ ਸਿੰਘ ਭੰਗੂ ਨੂੰ ਗੁਲਦਸਤਾ ਭੇਂਟ ਕਰਕੇ ਉਨਾਂ ਨਾਲ ਅਨਾਜ ਮੰਡੀ ਠੀਕਰੀਵਾਲਾ ਸੰਬੰਧੀ ਮੁੱਖ ਮੁੱਦਿਆਂ 'ਤੇ ਗੱਲਬਾਤ ਕੀਤੀ। ਇਸ ਦੌਰਾਨ ਆਗੂਆਂ ਨੇ ਕਿਸਾਨਾਂ, ਮਜ਼ਦੂਰਾਂ ਅਤੇ ਆੜ੍ਹਤੀਆਂ ਨੂੰ ਦਰਪੇਸ਼ ਹੋ ਰਹੀਆਂ ਸਮੱਸਿਆਵਾਂ ਅਤੇ ਹੋਰ ਵੱਖ-ਵੱਖ ਮੰਗਾਂ ਨੂੰ ਚੇਅਰਮੈਨ ਸਾਹਿਬ ਦੇ ਸਾਮਹਣੇ ਰੱਖਿਆ। ਇਸ ਮੌਕੇ ਚੇਅਰਮੈਨ ਪਰਮਿੰਦਰ ਸਿੰਘ ਭੰਗੂ ਨੇ ਗ੍ਰਾਮ ਪੰਚਾਇਤ ਅਤੇ ਪਾਰਟੀ ਵਰਕਰਾਂ ਵੱਲੋਂ ਦਿੱਤੇ ਮਾਨ ਸਨਮਾਨ ਲਈ ਧੰਨਵਾਦ ਪ੍ਰਗਟਾਇਆ ਅਤੇ ਕਿਹਾ ਕਿ ਉਹ ਸਦਾ ਲਈ ਰਿਣੀ ਰਹਿਣਗੇ। ਉਨ੍ਹਾਂ ਨੇ ਇਹ ਵੀ ਯਕੀਨ ਦਵਾਇਆ ਕਿ ਉਠਾਈਆਂ ਗਈਆਂ ਸਮੱਸਿਆਵਾਂ ਅਤੇ ਮੰਗਾਂ ਨੂੰ ਗੰਭੀਰਤਾ ਨਾਲ ਲੈ ਕੇ ਪਹਿਲ ਦੇ ਅਧਾਰ 'ਤੇ ਹੱਲ ਕੀਤਾ ਜਾਵੇਗਾ। ਉਨਾਂ ਵੱਲੋਂ ਪਾਰਟੀ ਆਗੂਆਂ ਅਤੇ ਪਿੰਡ ਵਾਸੀਆਂ ਨਾਲ ਭਰਪੂਰ ਸਹਿਯੋਗ ਅਤੇ ਵਿਸ਼ਵਾਸ ਬਣਾਈ ਰੱਖਣ ਦਾ ਵਚਨ ਵੀ ਦਿੱਤਾ ਗਿਆ।

# ਨਾੜ ਨੂੰ ਅੱਗ ਲੱਗਣ ਕਾਰਣ 7 ਕਿੱਲੇ ਸੜਕੇ ਹੋਏ ਸੁਆਹ

ਧਨੌਲਾ, 27 ਅਪ੍ਰੈਲ (ਚਮਕੌਰ ਸਿੰਘ ਗੱਗੀ)-ਗੁਰਦੁਆਰਾ ਪਾਤਸ਼ਾਹੀ ਨੌਵੀਂ ਧਨੌਲਾ ਦੇ ਨਜਦੀਕ ਅਚਾਨਕ ਅੱਗ ਲੱਗਣ ਕਾਰਨ ਸੱਤ ਕਿੱਲੇ ਨਾੜ ਸੜਕੇ ਸੁਆਹ ਹੋ ਗਿਆ। ਮੌਕੇ ਦੇ ਇਕੱਤਰ ਕੀਤੀ ਜਾਣਕਾਰੀ ਅਨੁਸਾਰ ਅੱਜ ਬਾਅਦ ਦੁਪਹਿਰ 2 ਵਜੇ ਦੇ ਕਰੀਬ ਅਚਾਨਕ ਅੱਗ ਲੱਗਣ ਦਾ ਪਤਾ ਲੱਗ ਗਿਆ ਅਤੇ ਜਦੋਂ ਕਿ ਲੋਕਾਂ ਵੱਲੋਂ ਅੱਗ ਬੁਝਾਉਣ ਦੀ ਲਗਾਤਾਰ ਕੋਸ਼ਿਸ਼ ਕੀਤੀ ਗਈ ਪਰ ਅੱਗ ਅਚਾਨਕ ਇੰਨੀ ਫੈਲ ਗਈ ਤੇ ਕਾਬੂ ਨਾ ਪਾਇਆ ਗਿਆ। ਫਾਇਰ ਬ੍ਰਿਗੇਡ ਦੀ ਗੱਡੀ ਨੂੰ ਬੁਲਾਇਆ ਗਿਆ ਜਿਸਨੇ ਆ ਕੇ ਅੱਗ ਤੇ ਕਾਬੂ ਪਾਇਆ ਪਰ ਉਦੋਂ ਤੱਕ ਸੱਤ ਕਿਲੇ ਦੀ ਨਾੜ ਸੜ ਕੇ ਸੁਆਹ ਹੋ ਗਈ ਸੀ।

# ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਵੱਖ-ਵੱਖ ਗਤੀਵਿਧੀਆਂ ਕਰਵਾਈਆਂ



ਬਰਨਾਲਾ, 27 ਅਪ੍ਰੈਲ (ਤੁਸ਼ਾਰ ਗੋਇਲ)-ਐਸ ਬੀ ਐਸ ਪਬਲਿਕ ਸਕੂਲ, ਸੁਰਜੀਤਪੁਰਾ ਵਿਖੇ ਹਰ ਚੌਥੇ ਸ਼ਨੀਵਾਰ ਨਰਸਰੀ ਕਲਾਸ ਤੋਂ ਦੂਜੀ ਕਲਾਸ ਤੱਕ ਦੇ ਬੱਚਿਆਂ ਦਾ ਬੈਗ ਲੈਸ ਡੇਅ ਮਨਾਇਆ ਜਾਂਦਾ ਹੈ, ਜਿਸ ਤਹਿਤ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਸੀਬੀਐਸਈ ਬੋਰਡ, ਨਵੀ ਦਿੱਲੀ ਦੀਆਂ ਹਦਾਇਤਾਂ ਅਨੁਸਾਰ ਬੱਚਿਆਂ ਦਾ ਐਫਐਲਐਨ (ਫਕਸ਼ੰਨਲ ਲਿਟਰੇਸੀ ਅਤੇ ਨਿਉਮਰੇਸੀ) ਤਹਿਤ ਸਕੂਲ ਕੋਆਰਡੀਨੇਟਰ ਗੁਰਜੀਤ ਕੌਰ ਦੀ ਅਗਵਾਈ ਹੇਠ ਅਧਿਆਪਕ ਹਰਮਨਪ੍ਰੀਤ ਕੌਰ ਵੱਲੋਂ ਕਲਾਸ ਪਹਿਲੀ ਦੇ ਬੱਚਿਆਂ ਦੀ ਚੰਗੀ ਸਿਹਤ ਸੰਬੰਧੀ, ਚੰਗੀ ਬੋਲ ਚਾਲ ਅਤੇ ਕੁਦਰਤ ਨਾਲ ਜੋੜਨ ਸੰਬੰਧੀ ਵਿਸ਼ਿਆਂ ਬਾਰੇ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ। ਬੱਚਿਆਂ ਦੇ ਨਿਰੋਗ ਅਤੇ ਤੰਦਰੁਸਤ ਜੀਵਨ ਲਈ ਯੋਗਾ ਕਰਵਾਇਆ ਗਿਆ ਅਤੇ ਰੱਸਾ ਕਸੀ ਦੇ ਮੁਕਾਬਲੇ ਕਰਵਾਏ ਗਏ। ਕੁਦਰਤ ਨੂੰ ਨੇੜੇ ਤੋ ਜਾਣਨ ਦੇ ਮਕਸਦ ਨਾਲ ਬੱਚਿਆਂ ਦਾ ਨੇਚਰਵੇਅ ਈਕੋ ਕੇਅਰ ਨਰਸਰੀ ਬਰਨਾਲਾ ਦਾ ਦੌਰਾ ਕਰਵਾਇਆ ਗਿਆ, ਜਿੱਥੇ ਬੱਚਿਆਂ ਨੂੰ ਫੁੱਲ, ਫਲ ਅਤੇ ਸਜਾਵਟੀ ਪੌਦਿਆਂ ਬਾਰੇ ਜਾਣਕਾਰੀ ਦਿੱਤੀ ਗਈ। ਨਾਲ-ਨਾਲ ਬੱਸ ਵਿੱਚ ਜਾਂਦੇ ਸਮੇਂ ਬੱਚਿਆਂ ਨੂੰ ਰਾਹ ਵਿੱਚ ਆਉਣ ਵਾਲੇ ਸਾਈਨ ਬੋਰਡ, ਟ੍ਰੈਫਿਕ ਲਾਇਟਾਂ ਅਤੇ ਹੰਪਾਂ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ। ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨ ਅਤੇ ਦੂਸਰਿਆ ਨਾਲ ਸਾਂਝਾ ਕਰਨ ਦੇ ਮਕਸਦ ਨਾਲ ਬੱਚਿਆਂ ਨੇ ਸੁਨੇਹੇ ਕਾਰਡ ਤਿਆਰ ਕੀਤੇ। ਬੱਚਿਆਂ ਨੇ ਸਾਰੀਆਂ ਗਤੀਵਿਧੀਆਂ ਦਾ ਭਰਪੂਰ ਆਨੰਦ ਮਾਣਿਆ।

# ਸੁੰਦਰ ਕਾਂਡ ਪਾਠ ਅੱਜ

ਤਪਾ ਮੰਡੀ, 27 ਅਪ੍ਰੈਲ(ਭੂਸ਼ਨ ਘੜੈਲਾ)-ਸ੍ਰੀ ਪਰਸ਼ੂਰਾਮ ਬ੍ਰਾਹਮਣ ਸਭਾ ਤਪਾ ਵੱਲੋਂ ਭਗਵਾਨ ਵਿਸ਼ਨੂੰ ਦੇ ਛੇਵੇਂ ਸ੍ਰੀ ਅਵਤਾਰ ਸ੍ਰੀ ਪਰਸ਼ੂਰਾਮ ਜੀ ਦੀ ਜਯੰਤੀ ਦੇ ਸਬੰਧ ਵਿੱਚ ਬ੍ਰਹਮਣ ਧਰਮਸ਼ਾਲਾ, ਨੇੜੇ ਬਾਬਾ ਮੱਠ ਵਿਖੇ ਸ੍ਰੀ ਅਖੰਡ ਰਾਮਾਇਣ ਪਾਠ ਆਰੰਭ ਮਿਤੀ 28 ਅਪ੍ਰੈਲ ਸੋਮਵਾਰ ਕੀਤੇ ਜਾਣਗੇ ਅਤੇ ਰਾਤ 8 ਵਜੇ ਤੋਂ 10 ਤੱਕ ਸੁੰਦਰ ਕਾਂਡ ਦਾ ਪਾਠ ਕੀਤਾ ਜਾਵੇਗਾ।ਇਹ ਜਾਣਕਾਰੀ ਬ੍ਰਹਮਣ ਸਭਾ ਦੇ ਮੈਂਬਰਾਂ ਵੱਲੋਂ ਤਪਾ ਸ਼ਹਿਰ ਦੇ ਬਜ਼ਾਰਾਂ ਵਿੱਚ ਕਾਰਡ ਵੰਡਣ ਮੌਕੇ ਪੱਤਰਕਾਰਾਂ ਦੇ ਰੂਬਰੂ ਹੁੰਦਿਆਂ ਦਿੱਤੀ। ਉਨਾਂ ਦੱਸਿਆ ਕਿ ਸੁੰਦਰ ਕਾਂਡ ਦੇ ਪਾਠ ਮਹੰਤ ਗੋਪਾਲ ਦਾਸ ਜੀ ਅੰਦਰਲਾ ਡੇਰਾ ਤਪਾ ਵਾਲੇ ਕਰਨਗੇ। 29 ਅਪ੍ਰੈਲ ਨੂੰ ਸ੍ਰੀ ਰਾਮਾਇਣ ਪਾਠ ਦੇ ਭੋਗ ਪਾਏ ਜਾਣਗੇ। ਭੋਗ ਉਪਰੰਤ ਅਤੁੱਟ ਲੰਗਰ ਵਰਤਾਇਆ ਜਾਵੇਗਾ। ਇਸ ਮੌਕੇ ਪੰਡਿਤ ਸੋਮ ਨਾਥ ਸ਼ਰਮਾ,ਮੇਲਾ ਕਾਲੀਆਂ, ਵਿਜੇ ਸ਼ਰਮਾ,ਨਿੱਕਾ ਪੰਡਿਤ,ਡਿੰਪੀ ਸ਼ਰਮਾ,ਅਜੇ ਕੁਮਾਰ ਗੋਗੀ ਪੰਡਿਤ ਤੋਂ ਹੋਰ ਬ੍ਰਹਮਣ ਭਾਈਚਾਰੇ ਦੇ ਲੋਕ ਵੀ ਹਾਜ਼ਰ ਸਨ।

# ਫਿਰਕੂ ਸਿਆਸੀ ਮਨਸੂਬਿਆਂ ਲਈ ਵਰਤੋਂ ਖਿਲਾਫ ਡੱਟਣ ਦਾ ਸੱਦਾ : ਜਗਮੇਲ ਸਿੰਘ

ਭੁੱਚੋ ਮੰਡੀ ਨਥਾਣਾ 27, ਅਪ੍ਰੈਲ ( ਹਰਬੰਸ ਸਿੰਘ ਭੋਲਾ)ਲੋਕ ਮੋਰਚਾ ਪੰਜਾਬ ਅਤੇ ਇਨਕਲਾਬੀ ਕੇਂਦਰ ਪੰਜਾਬ ਵੱਲੋਂ ਪਹਿਲਗਾਮ ਦੇ ਦਰਦਨਾਕ ਘਟਨਾ ਕਰਮ ਤੇ ਦੁਖ ਦਾ ਇਜ਼ਹਾਰ ਕਰਦਿਆਂ ਇਸਨੂੰ ਸੌੜੇ ਫਿਰਕੂ ਸਿਆਸੀ ਮਨਸੂਬਿਆਂ ਲਈ ਵਰਤਣ ਦੀਆਂ ਕੋਸ਼ਿਸ਼ਾਂ ਖਿਲਾਫ ਲੋਕਾਂ ਨੂੰ ਚੌਕਸ ਕੀਤਾ ਹੈ। ਪੰਜਾਬ ਦੇ ਕੰਵਲਜੀਤ ਖੰਨਾ , ਨਰਾਇਣ ਦੱਤ ਅਤੇ ਲੋਕ ਮੋਰਚਾ ਪੰਜਾਬ ਦੇ ਆਗੂਆਂ ਜਗਮੇਲ ਸਿੰਘ ਅਤੇ ਸ਼ੀਰੀਂ ਨੇ ਕਿਹਾ ਕਿ ਪਹਿਲਗਾਮ ਵਿੱਚ ਵਾਪਰੀ ਕਤਲੇਆਮ ਦੀ ਘਟਨਾ ਬੇਹੱਦ ਮੰਦਭਾਗੀ ਅਤੇ ਨਿੰਦਣਯੋਗ ਹੈ। ਇਸ ਘਟਨਾ ਦੀ ਨਿਰਪੱਖ ਜਾਂਚ ਕਰਾਏ ਜਾਣ ਦੀ ਲੋੜ ਹੈ। ਆਗੂਆਂ ਨੇ ਕਿਹਾ ਕਿ ਸੰਘੀ ਲਾਣੇ ਵੱਲੋਂ ਇਸ ਘਟਨਾ ਤੋਂ ਸਿਆਸੀ ਲਾਹਾ ਖੱਟਣ ਦੀਆਂ ਕਵਾਇਦਾਂ ਸ਼ੁਰੂ ਹੋ ਚੁੱਕੀਆਂ ਹਨ।ਮੁਲਕ ਵਿੱਚ ਪਿਛਲੇ ਲੰਬੇ ਸਮੇਂ ਤੋਂ ਸਿਰਜਿਆ ਜਾ ਰਿਹਾ ਹਿੰਦੂ ਬਿਰਤਾਂਤ ਆ ।ਮੁਸਲਿਮ ਅਤੇ ਕਸ਼ਮੀਰੀ ਭਾਈਚਾਰੇ ਖਿਲਾਫ ਕੂੜ ਪ੍ਰਚਾਰ ਦੀ ਹਨੇਰੀ ਚਲਾਈ ਜਾ ਰਹੀ ਹੈ। ਇਹਨਾਂ ਲੋਕਾਂ ਤੋਂ ਸਮੂਹਿਕ ਬਦਲਾ ਲੈਣ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ। ਵਿਦਿਆਰਥੀਆਂ ਖਿਲਾਫ ਹਮਲਿਆਂ ਦੀਆਂ ਅਨੇਕਾਂ ਘਟਨਾਵਾਂ ਵਾਪਰੀਆਂ ਹਨ। ਇਹਨਾ ਘਟਨਾਵਾਂ ਨੂੰ ਭੜਕਾਉਣ ਦਾ ਮੰਤਵ ਦੇਸ਼ ਦੇ ਫਿਰਕੂ ਧਰੁਵੀਕਰਨ ਨੂੰ ਡੂੰਘਾ ਕਰਨਾ, ਹਿੰਦੂ ਰਾਸ਼ਟਰਵਾਦ ਨੂੰ ਹਵਾ ਦੇਣਾ ਅਤੇ ਇਸ ਰਾਹੀਂ ਵੋਟ ਲਾਹੇ ਬਟੋਰਨਾ ਹੈ। ਇਸ ਘਟਨਾ ਰਾਹੀਂ ਭੜਕਾਏ ਜਾ ਰਹੇ ਅੰਨ੍ਹੇ ਰਾਸ਼ਟਰਵਾਦ ਦੀ ਆੜ ਵਿੱਚ ਅਸਲ ਵਿੱਚ ਮੋਦੀ ਹਕੂਮਤ ਦੀ ਸਾਮਰਾਜ ਭਗਤੀ ਨੂੰ ਛੁਪਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਇਸ ਮੌਕੇ ਜਥੇਬੰਦੀ ਦੇ ਆਗੂਆ ਨੇ ਕਿਹਾ ਕਿ ਦੇਸ਼ ਭਰ ਅੰਦਰ ਕਸ਼ਮੀਰੀ ਅਤੇ ਮੁਸਲਿਮ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ,ਇਸ ਘਟਨਾ ਦੀ ਨਿਰਪੱਖ ਜਾਂਚ ਕਰਵਾਈ ਜਾਵੇ, ਸੁਰੱਖਿਆ ਮਜਬੂਤੀ ਦੇ ਨਾਂ ਹੇਠ ਕਸ਼ਮੀਰ ਅੰਦਰ ਸੁਰੱਖਿਆ ਬਲਾਂ ਦੀ ਸੰਘਣੀ ਤਾਇਨਾਤੀ ਅਤੇ ਅਫਸਪਾ,ਯੂਏਪੀਏ ਵਰਗੇ ਕਾਲੇ ਕਾਨੂੰਨ ਲਾਗੂ ਕਰਨਾ ਬੰਦ ਕੀਤਾ ਜਾਵੇ । ਆਗੂਆਂ ਨੇ ਇਸ ਘਟਨਾ ਦੇ ਪੀੜਤਾਂ ਨਾਲ ਹਮਦਰਦੀ ਸਾਂਝੀ ਕਰਦਿਆਂ ਸਭਨਾ ਲੋਕਾਂ ਨੂੰ ਦੇਸ਼ ਅੰਦਰ ਫ਼ਿਰਕੂ ਭਾਈਚਾਰੇ ਤੇ ਹੋਰਨਾਂ ਲੋਕਾਂ ਦੀ ਸੁਰੱਖਿਆ ਦੀ ਸਮੂਹਿਕ ਜਾਮਨੀ ਕੀਤੀ ਜਾਣੀ ਚਾਹੀਦੀ ਹੈ। ਉਹਨਾਂ ਨੇ ਲੋਕਾਂ ਨੂੰ ਲੋਕ ਦੋਖੀ ਤਾਕਤਾਂ ਦੀਆਂ ਅੰਨ੍ਹੇ ਕੌਮੀ ਜਨੂੰਨ ਅਤੇ ਫਿਰਕੂ ਵੰਡ ਪਾਊ ਕੋਸ਼ਿਸ਼ਾਂ ਖਿਲਾਫ ਡਟਣ ਦਾ ਸੱਦਾ ਦਿੱਤਾ ਹੈ।

# ਜਨਤਕ ਜਥੇਬੰਦੀਆਂ ਨੇ ਰੈਲੀ ਕਰਕੇ ਪਹਿਲਗਾਮ ਦੇ ਕਾਤਲਾਂ ਲਈ ਸਖਤ ਸਜ਼ਾਵਾਂ ਦੀ ਮੰਗ ਕੀਤੀ




ਬਰਨਾਲਾ, 27 ਅਪ੍ਰੈਲ (ਹਿਮਾਂਸ਼ੂ ਗਰਗ): ਜਮਹੂਰੀ ਅਧਿਕਾਰ ਸਭਾ ਬਰਨਾਲਾ ਦੇ ਸੱਦੇ 'ਤੇ ਬਰਨਾਲਾ ਜਿਲੇ ਦੀਆਂ ਸਮੂਹ ਜਨਤਕ ਜਮਹੂਰੀ ਜਥੇਬੰਦੀਆਂ ਨੇ ਸਿਵਲ ਹਸਪਤਾਲ ਬਰਨਾਲਾ ਦੇ ਪਾਰਕ ਨੇੜੇ ਇਕ ਭਰਵੀਂ ਰੈਲੀ ਕਰਕੇ ਪਹਿਲਗਾਮ ਦੀ ਘਟਨਾ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਅਤੇ ਉਪਰੰਤ ਸ਼ਹਿਰ ਵਿਚ ਰੋਸ ਮਾਰਚ ਕਰਕੇ, ਮੌਜੂਦਾ ਉਤੇਜਨਾ ਭਰੇ ਮਾਹੌਲ ਵਿਚ ਭਾਈਚਾਰਕ ਏਕਤਾ ਬਣਾਈ ਰੱਖਣ ਦੀ ਜ਼ਰੂਰਤ 'ਤੇ ਜ਼ੋਰ ਦਿਤਾ। ਸਭਾ ਦੀ ਬਰਨਾਲਾ ਇਕਾਈ ਦੇ ਪ੍ਰਧਾਨ ਸੋਹਣ ਸਿੰਘ ਮਾਝੀ ਕੇ ਕਿਹਾ ਕਿ ਇਹ ਮੰਦਭਾਗੀ ਘਟਨਾ ਲੋਕ-ਦੋਖੀ ਤਾਕਤਾਂ ਦੀ ਸਾਜਿਸ਼ ਹੈ ਜਿਹੜੀਆਂ ਲੋਕਾਂ ਵਿਚ ਫਿਰਕੂ ਵੰਡੀਆਂ ਪਾਉਣੀਆਂ ਚਾਹੁੰਦੀਆਂ ਹਨ। ਰੈਲੀ ਨੂੰ ਡੀਟੀਐਫ ਆਗੂ ਗੁਰਮੀਤ ਸੁਖਪੁਰ, ਬੀਕੇਯੂ ਉਗਰਾਹਾਂ ਦੇ ਬਲੌਰ ਸਿੰਘ ਬਦਰਾ, ਪਸਸਫ ਦੇ ਦਰਸ਼ਨ ਚੀਮਾ,ਇਨਕਲਾਬੀ ਕੇਂਦਰ ਦੇ ਖੁਸ਼ਵਿੰਦਰਪਾਲ, ਤਰਕਸ਼ੀਲ ਆਗੂ ਰਾਜਿੰਦਰ ਭਦੌੜ, ਮਨਰੇਗਾ ਮਸਜ਼ਦੂਰ ਯੂਨੀਅਨ ਦੇ ਜਗਰਾਜ ਰਾਮਾ, ਬੀਕੇਯੂ ਡਕੌਂਦਾ ਦੀ ਆਗੂ ਅਮਰਜੀਤ ਕੌਰ, ਸਾਬਕਾ ਸਿਵਲ ਸਰਜਨ ਡਾਕਟਰ ਜਸਵੀਰ ਔਲਖ ਤੋਂ ਇਲਾਵਾ ਟੀਐਸਯੂ,ਜੈ ਕਿਸਾਨ ਅੰਦੋਲਨ, ਮਜ਼ਦੂਰ ਅਧਿਕਾਰ ਮੰਚ ਤੇ ਮੁਸਲਿਮ ਭਾਈਚਾਰੇ ਦੇ ਆਗੂਆਂ ਨੇ ਸੰਬੋਧਨ ਕੀਤਾ। ਆਗੂਆਂ ਨੇ ਕਿਹਾ ਕਿ ਬੇਦੋਸ਼ੇ ਲੋਕਾਂ ਨੂੰ ਕਤਲ ਕਰਨ ਦੀ ਅਣਮਨੁੱਖੀ ਤੇ ਅਤਿ-ਨਿੰਦਣਯੋਗ ਕਾਰਵਾਈ ਲਈ ਜ਼ਿੰਮੇਵਾਰ ਲੋਕਾਂ ਨੂੰ ਸਖਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ। ਆਗੂਆਂ ਨੇ ਘਟਨਾ ਦੀ ਉਚ ਪਧਰੀ ਤੇ ਨਿਰਪੱਖ ਜਾਂਚ ਕਰਵਾਉਣ ਦੀ ਵੀ ਮੰਗ ਕੀਤੀ। ਕਸ਼ਮੀਰ ਦੇ ਲੋਕਾਂ ਨੇ ਜਿਸ ਪ੍ਰਕਾਰ ਪੀੜਤਾਂ ਦੀ ਮਦਦ ਕੀਤੀ ਅਤੇ ਕਸ਼ਮੀਰ ਵਿਚ ਮੁਕੰਮਲ ਬੰਦ ਕਰਕੇ ਇਸ ਘਿਣਾਉਣੀ ਕਾਰਵਾਈ ਦਾ ਵਿਰੋਧ ਕੀਤਾ, ਉਸ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ। ਪਰ ਇਸ ਘਟਨਾ ਤੋਂ ਬਾਅਦ ਦੇਸ਼ ਵਿਚ ਜੋ ਮਾਹੌਲ ਬਣ ਰਿਹਾ ਹੈ, ਉਹ ਬਹੁਤ ਚਿੰਤਾਜਨਕ ਹੈ। ਇਕਤਰਤਾ ਨੇ ਇਕ ਮਤੇ ਰਾਹੀਂ ਪਹਿਲਗਾਮ ਘਟਨਾ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇਣ ਦੀ ਮੰਗ ਕੀਤੀ ਅਤੇ ਪੰਜਾਬ ਪੁਲਿਸ ਦੁਆਰਾ ਚਾਉਕੇ ਆਦਰਸ਼ ਸਕੂਲ ਦੇ ਧਰਨੇ ਉਪਰ ਅਤੇ ਅੱਜ ਅਖਾੜਾ ਪਿੰਡ ਵਿਚ ਆਪਣੀਆਂ ਮੰਗਾਂ ਦੇ ਹੱਕ ਵਿਚ ਧਰਨਾ ਦੇ ਰਹੇ ਕਿਸਾਨਾਂ, ਔਰਤਾਂ ਤੇ ਬੱਚਿਆਂ ਉਪਰ ਕੀਤੀ ਪੁਲਿਸ ਕਾਰਵਾਈ ਦੀ ਨਿਖੇਧੀ ਕੀਤੀ ਅਤੇ ਗ੍ਰਿਫ਼ਤਾਰ ਕੀਤੇ ਸਾਰੇ ਕਿਸਾਨ ਆਗੂਆਂ ਨੂੰ ਤੁਰੰਤ ਰਿਹਾ ਕਰਨ ਦੀ ਮੰਗ ਕੀਤੀ।

# ਯਾਦਗਾਰੀ ਸਮਾਗਮ, ਪੁਸਤਕ ਲੋਕ ਅਰਪਣ ਅਤੇ ਕਵੀ ਦਰਬਾਰ ਕਰਵਾਇਆ



ਬਰਨਾਲਾ, 27 ਅਪ੍ਰੈਲ (ਸੁਖਵਿੰਦਰ ਸਿੰਘ ਭੰਡਾਰੀ):ਲੇਖਕ ਪਾਠਕ ਸਾਹਿਤ ਸਭਾ ਰਜਿ. ਬਰਨਾਲਾ ਵਲੋਂ ਸ਼ਹੀਦ ਬਿੱਕਰ ਸਿੰਘ ਹੌਲਦਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਆਫ ਐਮੀਨੈਂਸ ਬਰਨਾਲਾ ਵਿਖੇ ਚੌਥਾ ਸਵ. ਸਰਦਾਰਨੀ ਮਨਜੀਤ ਕੌਰ ਅਤੇ ਤ੍ਰਿਲੋਚਨ ਸਿੰਘ ਯਾਦਗਾਰੀ ਸਨਮਾਨ ਸਮਾਗਮ ਕਰਵਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰੈਸ ਸਕੱਤਰ ਮਨਦੀਪ ਕੁਮਾਰ ਨੇ ਦੱਸਿਆ ਕਿ ਸਮਾਗਮ ਦੀ ਪ੍ਰਧਾਨਗੀ ਕਹਾਣੀਕਾਰ ਅਤੇ ਨਾਵਲਕਾਰ ਦਰਸ਼ਨ ਸਿੰਘ ਗੁਰੂ ਨੇ ਕੀਤੀ। ਸ਼੍ਰੋਮਣੀ ਸਾਹਿਤਕਾਰ ਓਮ ਪ੍ਰਕਾਸ਼ ਗਾਸੋ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਸਭਾ ਦੇ ਸੰਸਥਾਪਕ ਅਤੇ ਪ੍ਰਧਾਨ ਤੇਜਿੰਦਰ ਚੰਡਿਹੋਕ ਨੇ ਆਏ ਲੇਖਕਾਂ, ਪਾਠਕਾਂ ਅਤੇ ਸਰੋਤਿਆਂ ਨੂੰ ਜੀ ਆਇਆਂ ਆਖਿਆ। ਇਸ ਵਾਰ ਯਾਦਗਾਰੀ ਸਨਮਾਨ ਮਿਸ ਪੁਨੀਤ ਗੁਪਤਾ ਨੂੰ ਦਿੱਤਾ ਗਿਆ ਅਤੇ ਤਿੰਨ ਪੁਸਤਕਾਂ ਪੁਨੀਤ ਗੁਪਤਾ ਦੀ ਸੰਜੀਵਨੀ ਇਕ ਰੋਲ ਮਾਡਲ, ਲਵਪ੍ਰੀਤ ਸਿੰਘ ਦੀ ਕਾਵਿ ਪੁਸਤਕ ਕਲੀ ਜੋਟਾ ਅਤੇ ਵਕੀਲ ਹਾਕਮ ਸਿੰਘ ਭੁੱਲਰ ਦੀ ਪੁਸਤਕ ਜਿੰਮੇ ਲੱਗਿਆ ਕੰਮ ਲੋਕ ਅਰਪਣ ਕੀਤੀਆਂ ਗਈਆਂ। ਸਨਮਾਨ ਵਿੱਚ ਫੁਲਕਾਰੀ, ਸਨਮਾਨ ਚਿੰਨ, ਪੁਸਤਕਾਂ ਦਾ ਸੈੱਟ ਅਤੇ ਨਗਦ ਰਾਸ਼ੀ ਪ੍ਰਦਾਨ ਕੀਤੀ ਗਈ। ਇਸ ਬਾਰੇ ਬੋਲਦਿਆਂ ਤਰਸੇਮ ਅਤੇ ਡਾਕਟਰ ਸੰਪੂਰਨ ਸਿੰਘ ਟੱਲੇਵਾਲੀਆ ਨੇ ਕਿਹਾ ਕਿ ਇਹ ਇਕ ਉੱਤਮ ਉਪਰਾਲਾ ਹੈ ਕਿ ਆਪਣੇ ਗੁਜਰ ਚੁੱਕੇ ਬਜ਼ੁਰਗਾਂ ਨੂੰ ਯਾਦ ਕੀਤਾ ਜਾਂਦਾ ਹੈ ਜਦੋਂ ਕਿ ਅਜੋਕੇ ਯੁੱਗ ਵਿਚ ਬਿਰਧ ਆਸ਼ਰਮ ਬਹੁਤਾਤ ਵਿੱਚ ਬਣ ਰਹੇ ਹਨ। ਤੇਜਾ ਸਿੰਘ ਤਿਲਕ ਪ੍ਰਧਾਨ ਪੰਜਾਬੀ ਸਾਹਿਤ ਸਭਾ ਨੇ ਯਾਦਗਾਰੀ ਸਮਾਗਮ ਅਤੇ ਪੁਨੀਤ ਗੁਪਤਾ ਦੀ ਪੁਸਤਕ ਬਾਰੇ ਸਾਂਝੇ ਤੌਰ ਤੇ ਵਿਚਾਰ ਰੱਖੇ। ਐਡਵੋਕੇਟ ਹਾਕਮ ਸਿੰਘ ਭੁੱਲਰ ਦੀ ਪੁਸਤਕ ਬਾਰੇ ਐਡਵੋਕੇਟ ਗੁਰਮੀਤ ਸਿੰਘ ਅਤੇ ਡਾਕਟਰ ਸੰਪੂਰਨ ਸਿੰਘ ਟੱਲੇਵਾਲੀਆ ਅਤੇ ਲਵਪ੍ਰੀਤ ਸਿੰਘ ਦੀ ਪੁਸਤਕ ਬਾਰੇ ਗਗਨ ਸੰਧੂ ਨੇ ਜਾਣਕਾਰੀ ਦਿੱਤੀ। ਤਿੰਨਾਂ ਲੇਖਕਾਂ ਦਾ ਸਭਾ ਵਲੋਂ ਸਨਮਾਨ ਵੀ ਕੀਤਾ ਗਿਆ। ਡਾਕਟਰ ਅਮਨਦੀਪ ਸਿੰਘ ਟੱਲੇਵਾਲੀਆ ਨੇ ਮੰਚ ਖੂਬਸੂਰਤੀ ਨਾਲ ਨਿਭਾਉਂਦਿਆਂ ਦੱਸਿਆ ਕਿ ਸਭਾ ਵਲੋਂ ਇਸ ਤੋਂ ਪਹਿਲਾਂ ਚਰਨੀ ਬੇਦਿਲ, ਜਗਰਾਜ ਚੰਦ ਰਾਏਸਰ, ਕੁਲਵੀਰ ਜੋਤੀ ਨੂੰ ਦਿੱਤਾ ਜਾ ਚੁੱਕਾ ਹੈ। ਸਮੇਂ ਮੁਤਾਬਕ ਕਵੀ ਦਰਬਾਰ ਕਰਵਾਇਆ ਗਿਆ ਜਿਸ ਵਿਚ ਕੁਲਵੀਰ ਕੌਰ ਜੋਤੀ, ਰਾਜਿੰਦਰਾ ਕੁਮਾਰੀ, ਪਾਲ ਸਿੰਘ ਲਹਿਰੀ, ਮਾਲਵਿੰਦਰ ਸ਼ਾਇਰ, ਡਾਕਟਰ ਅਨਿਲ ਸ਼ੋਰੀ, ਮਨਦੀਪ ਕੁਮਾਰ, ਡਾਕਟਰ ਉਜਾਗਰ ਸਿੰਘ ਮਾਨ, ਮੈਡਮ ਨਰਿੰਦਰ ਕੌਰ ਸਿੱਧੂ, ਹਾਕਮ ਸਿੰਘ ਰੂੜੇਕੇ, ਅੰਜਨਾ ਮੈਨਨ, ਡਾਕਟਰ ਸੁਰਿੰਦਰ ਭੱਠਲ, ਕਲਾਕਾਰ ਸੰਗਮ ਦੇ ਕੰਵਰਜੀਤ ਭੱਠਲ, ਰਾਮ ਸਰੂਪ ਸ਼ਰਮਾ, ਲਵਪ੍ਰੀਤ ਸਿੰਘ ਭੰਗੂ, ਡਾਕਟਰ ਰਾਮਪਾਲ ਸਿੰਘ, ਰਾਜਿੰਦਰ ਸ਼ੌਂਕੀ, ਆਦਿ ਨੇ ਕਵਿਤਾ ਪਾਠ ਕੀਤਾ। ਇਹਨਾਂ ਤੋ ਇਲਾਵਾ ਸਮਾਗਮ ਵਿੱਚ ਦਰਸ਼ਨ ਚੰਦ, ਗੁਰਮੇਲ ਸਿੰਘ, ਜਸਕਰਨ ਸਿੰਘ, ਪਰਮਜੀਤ ਕੌਰ ਬਠਿੰਡਾ, ਮੇਜਰ ਸਿੰਘ ਗਿੱਲ, ਗਿਆਨੀ ਕਰਮ ਸਿੰਘ ਭੰਡਾਰੀ, ਜਗਸੀਰ ਸਿੰਘ ਸੰਘੇੜਾ, ਹਰਪ੍ਰੀਤ ਸਿੰਘ ਸੰਘੇੜਾ, ਨਵਸੁਰਜੀਤ ਸਿੰਘ, ਕਰਮਿੰਦਰ ਸਿੰਘ, ਹਰਵਿੰਦਰ ਕੌਰ ਧੀਂਗੜ, ਕੁਲਵੰਤ ਸਿੰਘ ਧੀਂਗੜ ਆਦਿ ਹਾਜ਼ਰ ਸਨ। ਦਰਸ਼ਨ ਸਿੰਘ ਗੁਰੂ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ ਕਿ ਸਾਨੂੰ ਹੁਣ ਇਸ਼ਕ ਮੁਹੱਬਤ ਦੀਆਂ ਲਿਖਤਾਂ ਵਿੱਚੋ ਬਾਹਰ ਨਿਕਲ ਕੇ ਜਾਤ ਪਾਤ, ਨਫ਼ਰਤ ਅਤੇ ਅਜੋਕੀਆਂ ਸਮਾਜਿਕ ਪ੍ਰਸਥਿਤੀਆਂ ਬਾਰੇ ਲਿਖਣਾ ਚਾਹੀਦਾ ਹੈ। ਅੰਤ ਵਿਚ ਮਾਲਵਿੰਦਰ ਸ਼ਾਇਰ ਨੇ ਸਭਨਾਂ ਦਾ ਧੰਨਵਾਦ ਕੀਤਾ।

# ਸਿੱਖੀ ਦੇ ਪ੍ਰਚਾਰ ਅਤੇ ਪਸਾਰ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ : ਜਥੇਦਾਰ ਟੇਕ ਸਿੰਘ ਧਨੌਲਾ



ਬਰਨਾਲਾ/ ਧਨੌਲਾ, 27 ਅਪ੍ਰੈਲ (ਬਘੇਲ ਸਿੰਘ ਧਾਲੀਵਾਲ/ ਚਮਕੌਰ ਸਿੰਘ ਗੱਗੀ): ਪਿੰਡ ਪਿੰਡ ਜਾ ਕੇ ਸਿੱਖੀ ਦੇ ਪ੍ਰਚਾਰ ਅਤੇ ਪਸਾਰ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ, ਅਤੇ ਨੌਜਵਾਨੀ ਨੂੰ ਸਿੱਖੀ ਨਾਲ ਜੋੜਨ ਲਈ ਅੰਮ੍ਰਿਤ ਸੰਚਾਰ ਦੀ ਲਹਿਰ ਸ਼ੁਰੂ ਕੀਤੀ ਜਾਵੇਗੀ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸਿੰਘ ਸਾਹਿਬ ਬਾਬਾ ਟੇਕ ਸਿੰਘ ਧਨੌਲਾ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਵੱਲੋਂ ਗੁਰੂਦੁਆਰਾ ਗੁਰੂਸਰ ਪਾਤਿਸ਼ਾਹੀ ਨੌਵੀਂ ਧਨੌਲਾ ਵਿਖੇ ਰੱਖੇ ਧੰਨਵਾਦੀ ਸਮਾਗਮ ਦੌਰਾਨ ਕੀਤਾ ਗਿਆ। ਬਾਬਾ ਟੇਕ ਸਿੰਘ ਧਨੌਲਾ ਵੱਲੋਂ ਤਖਤ ਸ੍ਰੀ ਦਮਦਮਾ ਸਾਹਿਬ ਦੇ। ਬਤੌਰ ਜਥੇਦਾਰ ਵਜੋਂ ਸੇਵਾਵਾਂ ਮਿਲਣ ਤੌ ਬਾਅਦ ਆਪਣੇ ਜੱਦੀ ਅਸਥਾਨ ਗੁਰੂਦੁਆਰਾ ਗੁਰੂਸਰ ਪਾਤਿਸ਼ਾਹੀ ਨੌਵੀਂ ਧਨੌਲਾ ਵਿਖੇ ਪਰਮਾਤਮਾ ਦੇ ਸ਼ੁਕਰਾਨੇ ਲਈ ਪ੍ਰਕਾਸ਼ ਕਰਵਾਏ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ।ਭੋਗ ਉਪਰੰਤ ਇਲਾਕੇ ਦੀਆਂ ਵੱਡੀ ਗਿਣਤੀ ਵਿੱਚ ਪਹੁੰਚੀਆਂ ਸੰਗਤਾਂ ਨੂੰ ਸਬੋਧਨ ਕਰਦਿਆਂ ਸਿੰਘ ਸਾਹਿਬ ਨੇ ਕਿਹਾ ਕਿ ਗੁਰੂ ਸਾਹਿਬ ਜੀ ਦੀ ਅਪਾਰ ਬਖਸ਼ਿਸ਼ ਸਦਕਾ ਇਹ ਸਤਿਕਾਰਿਤ ਪਦਵੀ ਮਿਲੀ ਹੈ,ਇਹ ਉਸ ਅਕਾਲ ਪੁਰਖ ਜੀ ਦੀ ਵਡਿਆਈ ਹੈ। ਉਹਨਾਂ ਕਿਹਾ ਕਿ ਸਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕੁਰਾਹੇ ਪਈ ਸਿੱਖ ਨੌਜਵਾਨੀ ਨੂੰ ਸਿੱਖੀ ਨਾਲ ਜੋੜਨ ਲਈ ਪ੍ਰਚਾਰ ਆਰੰਭ ਕੀਤਾ ਜਾਵੇਗਾ ਅਤੇ ਪਿੰਡ ਪਿੰਡ ਜਾ ਕੇ ਡੇਰਿਆਂ ਵੱਲ ਗਏ ਪਰਿਵਾਰ ਨੂੰ ਵਾਪਿਸ ਸਿੱਖੀ ਨਾਲ ਜੋੜਨ ਲਈ ਵੀ ਯਤਨ ਕੀਤੇ ਜਾਣਗੇ।ਇਸ ਦੌਰਾਨ ਸਿੰਘ ਸਾਹਿਬ ਦਾ ਸਨਮਾਨ ਕਰਨ ਪਹੁੰਚੀਆਂ ਪੰਚਾਇਤਾਂ, ਗੁਰਦੁਆਰਾ ਕਮੇਟੀਆਂ,ਕਲੱਬ ਸਮੇਤ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਅਤੇ ਨੁਮਾਇੰਦਿਆਂ ਨੇ ਕਿਹਾ ਕਿ ਸਿੱਖੀ ਦੇ ਪ੍ਰਚਾਰ ਵਿੱਚ ਉਹ ਸਿੰਘ ਸਾਹਿਬ ਬਾਬਾ ਟੇਕ ਸਿੰਘ ਧਨੌਲਾ ਨੂੰ ਪੂਰਨ ਸਹਿਯੋਗ ਕਰਨਗੇ। ਇਸ ਦੌਰਾਨ ਹਲਕਾ ਭਦੌੜ ਦੇ ਇੰਚਾਰਜ ਸਤਨਾਮ ਸਿੰਘ ਰਾਹੀਂ , ਨੇ ਕਿਹਾ ਕਿ ਬਾਬਾ ਟੇਕ ਸਿੰਘ ਧਨੌਲਾ ਸ੍ਰੋਮਣੀ ਅਕਾਲੀ ਦਲ ਦੇ ਵਫਾਦਾਰ ਸਿਪਾਹੀ ਰਹੇ ਹਨ,ਜਿਨਾਂ ਨੂੰ ਅੱਜ ਕੌਮ ਦੇ ਸਰਬਉਚ ਤਖ਼ਤ ਸ਼੍ਰੀ ਦਮਦਮਾ ਸਹਿਬ ਦੀ ਸੇਵਾ ਮਿਲੀ ਹੈ,ਜਿਸ ਦੀ ਇਲਾਕੇ ਨੂੰ ਬਹੁਤ ਖੁਸੀ ਹੈ। ਇਸਤਰੀ ਵਿੰਗ ਦੇ ਲੀਡਰ ਬੀਬਾ ਬੇਅੰਤ ਕੌਰ ਖਹਿਰਾ ਨੇ ਕਿਹਾ ਕਿ ਬਾਬਾ ਟੇਕ ਸਿੰਘ ਧਨੌਲਾ ਲੰਮੇ ਸਮੇਂ ਤੌਂ ਗੁਰੂ ਘਰ ਸਮੇਤ ਪਾਰਟੀ ਦੀ ਸੇਵਾ ਕਰ ਰਹੇ ਹਨ, ਉਹਨਾਂ ਦੀ ਮਿਹਨਤ ਕਾਰਨ ਓਹਨਾਂ ਨੂੰ ਇੰਨੀ ਵੱਡੀ ਸੇਵਾ ਵਾਲੀ ਜਿੰਮੇਵਾਰੀ ਮਿਲੀ ਹੈ। ਇਸ ਮੌਕੇ ਜਥੇਦਾਰ ਬਾਬਾ ਟੇਕ ਸਿੰਘ ਧਨੌਲਾ ਨੇ ਵੱਖ ਵੱਖ ਪਿੰਡਾਂ ਅਤੇ ਸ਼ਹਿਰਾਂ ਤੋਂ ਆਈਆਂ ਸਮੁੱਚੀਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ ਵਿਧਾਨ ਸਭਾ ਹਲਕਾ ਮਹਿਲਕਲਾਂ ਦੇ ਜਥੇਦਾਰ ਨਾਥ ਸਿੰਘ ਹਮੀਦੀ ਵੱਲੋਂ ਸਟੇਜ ਦੀ ਜਿੰਮੇਵਾਰੀ ਬਾਖੂਬੀ ਨਿਭਾਈ ਗਈ। ਜਿਕਰਯੋਗ ਹੈ ਕਿ ਤਖਤ ਸ੍ਰੀ ਦਮਦਮਾ ਸਾਹਿਬ ਦੇ ਨਵ ਨਿਯੁਕਤ ਜਥੇਦਾਰ ਸਿੰਘ ਸਾਹਿਬ ਬਾਬਾ ਟੇਕ ਸਿੰਘ ਧਨੌਲਾ ਮਾਲਵੇ ਦੀ ਬਹੁਤ ਸਤਿਕਾਰਿਤ ਅਤੇ ਵੱਡੀ ਸੰਸਥਾ ਸੰਤ ਸੇਵਕ ਜਥਾ ਸੰਪਰਦਾਇ ਬੁੰਗਾ ਮਸਤੂਆਣਾ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਵੀ ਮੁਖੀ ਪ੍ਰਧਾਨ ਹਨ। ਅਤੇ ਉਹ ਲੰਮਾ ਸਮਾ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਬਰ ਅਤੇ ਸਭ ਤੋ ਲੰਮਾ ਸਮਾ ਅੰਤਰਿੰਗ ਮੈਂਬਰ ਰਹੇ ਹਨ।ਸਿੰਘ ਸਾਹਿਬ ਮੌਜੂਦਾ ਸਮੇ ਵਿੱਚ ਵੀ ਜਥੇਦਾਰ ਨਿਯੁਕਤ ਹੋਣ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਮਜ਼ਦ ਮੈਂਬਰ ਚੱਲੇ ਆ ਰਹੇ ਸਨ।ਇਸ ਮੌਕੇ ਅੰਤ੍ਰਿੰਗ ਕਮੇਟੀ ਮੈਬਰ ਪਰਮਜੀਤ ਸਿੰਘ ਖਾਲਸਾ, ਪ੍ਰਧਾਨ ਭੋਲਾ ਸਿੰਘ ਵਿਰਕ, ਸੰਜੀਵ ਕੁਮਾਰ ਸੋਰੀ, ਸਤਨਾਮ ਸਿੰਘ ਰਾਹੀ, ਤਰਨਜੀਤ ਸਿੰਘ ਦੁੱਗਲ ਜਰਨੈਲ ਸਿੰਘ ਭੋਤਨਾ, ਜਰਨੈਲ ਸਿੰਘ ਸਰਪੰਚ ਠੁੱਲੀਵਾਲ, ਜਗਮੇਲ ਸਿੰਘ ਜੱਗਾ ਮਾਨ, ਕਿਸਾਨ ਆਗੂ ਨਿਰਮਲ ਸਿੰਘ ਢਿੱਲੋ, ਗੁਰਦੀਪ ਸਿੰਘ ਮਾਨ ਪਰਮਿੰਦਰ ਸਿੰਘ ਭੰਗੂ ਚੇਅਰਮੈਨ ਮਾਰਕੀਟ ਕਮੇਟੀ ਬਰਨਾਲਾ, ਰਾਮ ਤੀਰਥ ਮੰਨਾ ਚੇਅਰਮੈਨ ਨਗਰ ਸੁਧਾਰ ਟਰੱਸਟ ਬਰਨਾਲਾ, ਹਲਕਾ ਇੰਚਾਰਜ ਹਰਿੰਦਰ ਸਿੰਘ ਧਾਲੀਵਾਲ, ਬੇਅੰਤ ਸਿੰਘ ਬਾਠ, ਸੰਤ ਬਾਬਾ ਬੂਟਾ ਸਿੰਘ, ਜਥੇਦਾਰ ਕੌਰ ਸਿੰਘ, ਮੱਖਣ ਸਿੰਘ ਮਹਿਰਮੀਆ, ਇੰਚਾਰਜ ਬੀਬੀ ਬੇਅੰਤ ਕੌਰ, ਬੂਟਾ ਸਿੰਘ ਗੁਰਥੜੀ ਵਾਲੇ, ਬੀਰਇੰਦਰ ਸਿੰਘ ਲੱਕੀ ਭੂਰੇ ਗੁਰਮੀਤ ਸਿੰਘ ਸਰਪੰਚ, ਸੁਖਵਿੰਦਰ ਸਿੰਘ ਸੁੱਖਾ ਹਰਜੀਤ ਸਿੰਘ ਭੱਠਲ, ਬਹਾਦਰ ਸਿੰਘ ਸਾਬਕਾ ਮੈਨੇਜਰ ਐਸ ਜੀ ਪੀਸੀ, ਹਰਦੀਪ ਸਿੰਘ ਸੋਡੀ ਪ੍ਰਧਾਨ ਨਗਰ ਕੌਂਸਲ ਧਨੌਲਾ, ਕਾਕਾ ਸਰਪੰਚ ਭੈਣੀ ਜੱਸਾ, ਕੌਰ ਸਿੰਘ ਮਹਿਤਾ, ਸੀਪਾ ਅਸਪਾਲਾ ਕਲਾਂ ਧੰਨਾ ਸਿੰਘ,ਸਵਰਨ ਸਿੰਘ ਧੌਲਾ, ਗੁਰਦੀਪ ਸਿੰਘ ਸਾਬਕਾ, ਸਰਪੰਚ ਅਤਰ ਸਿੰਘ ਵਾਲਾ, ਅਮਰੀਕ ਸਿੰਘ ਸਰਪੰਚ ਦਰਸ਼ਨ ਸਿੰਘ ਸਰਪੰਚ ਕਾਲੇਕੇ ਸੇਰ ਸਿੰਘ ਸਰਪੰਚ ਕੋਟਦੁਨਾ ਬਾਬਾ ਨਾਮਦੇਵ ਕਮੇਟੀ ਬਰਨਾਲਾ ਬਾਬਾ ਨਾਮਦੇਵ ਕਮੇਟੀ ਧਨੌਲਾ ਵੱਲੋਂ ਬਾਬਾ ਜੀ ਦਾ ਸਨਮਾਨ ਕੀਤਾ ਗਿਆ ਅਖੀਰ ਵਿੱਚ ਬਾਬਾ ਟੇਕ ਸਿੰਘ ਧਨੌਲਾ ਨੇ ਆਈਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

## ਭਗਵਾਨ ਪਰਸ਼ੂਰਾਮ ਜਯੰਤੀ ਧੂਮਧਾਮ ਨਾਲ ਮਨਾਈ ਜਾਵੇਗੀ : ਪ੍ਰਦੀਪ ਮੈਨਨ



ਸੁਨਾਮ ਊਧਮ ਸਿੰਘ ਵਾਲਾ, , 27 ਅਪ੍ਰੈਲ (ਮੋਹਣ ਸ਼ਰਮਾ ਰਾਊਵਰਿੰਦਰ ਮਠਾੜੂ): ਭਗਵਾਨ ਸ੍ਰੀ ਵਿਸ਼ਨੂੰ ਜੀ ਦੇ ਛੇਠੇ ਅਵਤਾਰ ਭਗਵਾਨ ਸ੍ਰੀ ਪਰਸ਼ੂਰਾਮ ਜੀ ਜਯੰਤੀ 30 ਅਪ੍ਰੈਲ ਨੂੰ ਬ੍ਰਾਹਮਣ ਸਭਾ ਸੁਨਾਮ ਅਤੇ ਬ੍ਰਾਹਮਣ ਸਭਾ ਅਬਰਾਓ ਵੱਲੋਂ ਮਨਾਈ ਜਾਵੇਗੀ ਇਸ ਸਬੰਧੀ ਜਾਣਕਾਰੀ ਦਿੰਦਿਆਂ ਬ੍ਰਾਹਮਣ ਸਭਾ ਦੇ ਰਾਸ਼ਟਰੀ ਉਪ ਪ੍ਰਧਾਨ ਪ੍ਰਦੀਪ ਮੈਨਨ ਅਤੇ ਪੰਜਾਬ ਬ੍ਰਾਹਮਣ ਸਭਾ ਮਹਿਲਾ ਵਿੰਗ ਦੀ ਪ੍ਰਧਾਨ ਮੈਡਮ ਗੀਤਾ ਸ਼ਰਮਾ ਨੇ ਦੱਸਿਆ ਕਿ ਭਗਵਾਨ ਪਰਸ਼ੂਰਾਮ ਜਯੰਤੀ ਹਰ ਸਾਲ ਮੰਦਰ ਸ਼੍ਰੀ ਸ਼ਿਵ ਕੁਟੀਆ ਵਿੱਚ ਬ੍ਰਾਹਮਣ ਪਰਿਵਾਰਾਂ ਅਤੇ ਸ਼ਹਿਰ ਨਿਵਾਸੀਆਂ ਦੇ ਸਹਿਯੋਗ ਨਾਲ ਬੜੀ ਧੂਮਧਾਮ ਨਾਲ ਮਨਾਈ ਜਾਂਦੀ ਹੈ। ਇਸ ਸੰਬੰਧ ਵਿੱਚ, ਸ਼੍ਰੀ ਰਾਮਾਇਣ ਜੀ ਦੇ ਪਾਠਾਂ ਦੇ ਭੋਗ ਪਾਏ ਜਾਂਦੇ ਹਨ ਅਤੇ ਹਵਨ-ਯੱਗ ਕੀਤਾ ਜਾਂਦਾ ਹੈ। ਉਨ੍ਹਾਂ ਸ਼ਹਿਰ ਦੇ ਸਾਰੇ ਬ੍ਰਾਹਮਣ ਪਰਿਵਾਰਾਂ ਨੂੰ ਇਸ ਸ਼ੁਭ ਮੌਕੇ 'ਤੇ ਆਪਣੇ ਪਰਿਵਾਰਾਂ ਸਮੇਤ ਪਹੁੰਚ ਕੇ ਭਗਵਾਨ ਸ਼੍ਰੀ ਪਰਸ਼ੂਰਾਮ ਦਾ ਆਸ਼ੀਰਵਾਦ ਲੈਣ ਦੀ ਬੇਨਤੀ ਕੀਤੀ। ਇਸ ਮੌਕੇ ਬ੍ਰਾਹਮਣ ਸਭਾ ਵੱਲੋਂ ਲੰਗਰ ਵਰਤਾਇਆ ਜਾਵੇਗਾ। ਇਸ ਮੌਕੇ ਸੰਦੀਪ ਸ਼ਰਮਾ, ਹਰ ਭਗਵਾਨ ਸ਼ਰਮਾ, ਨੰਦਲਾਲ ਸ਼ਰਮਾ, ਬਿਰਜਲਾਲ ਸ਼ਰਮਾ ਅਤੇ ਵੱਡੀ ਗਿਣਤੀ ਵਿੱਚ ਅਬਰਾਓ ਦੇ ਮੈਂਬਰ ਵੀ ਮੌਜੂਦ ਸਨ।

# ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੇ ਵਜ਼ੀਫੇ ਲਈ 2 ਕਰੋੜ ਦੀ ਰਾਸ਼ੀ ਜਾਰੀ : ਗੜ੍ਹੀ



ਬਠਿੰਡਾ, 27 ਅਪ੍ਰੈਲ (ਇੰਦਰਪਾਲ ਬਾਂਸਲ): ਪੰਜਾਬ ਦੇ ਐਸ.ਸੀ ਕਮਿਸ਼ਨ ਪੰਜਾਬ ਸਰਕਾਰ ਦੇ ਚੇਅਰਮੈਨ ਸ ਜਸਵੀਰ ਸਿੰਘ ਗੜ੍ਹੀ ਵਿਸ਼ੇਸ਼ ਤੌਰ 'ਤੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦਾ 139 ਵਾਂ ਜਨਮ ਦਿਹਾੜੇ ਤੇ ਟੀਚਰ ਹੋਮ ਬਠਿੰਡਾ ਵਿਖੇ ਰੱਖੇ ਪ੍ਰੋਗਰਾਮ ਵਿਚ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਇਸ ਮੌਕੇ ਐਸ. ਸੀ/ ਬੀ.ਸੀ. ਅਧਿਆਪਕ ਯੂਨੀਅਨ ਬਠਿੰਡਾ ਦੇ ਪ੍ਰਧਾਨ ਮਹਿੰਦਰ ਪਾਲ ਦੀ ਅਗਵਾਈ ਵਿੱਚ ਮਾਨਯੋਗ ਚੇਅਰਮੈਨ ਸ ਜਸਵੀਰ ਸਿੰਘ ਗੜ੍ਹੀ ਨੂੰ ਬੁੱਕਾ ਦੇ ਕੇ ਗਰਮ ਜੋਸ਼ੀ ਨਾਲ ਸਵਾਗਤ ਕੀਤਾ ਅਤੇ ਬਠਿੰਡੇ ਜ਼ਿਲ੍ਹੇ ਵਿੱਚ ਐਸ. ਸੀ/ ਬੀ.ਸੀ ਬੱਚਿਆਂ ਅਤੇ ਅਧਿਆਪਕਾਂ ਦੀਆਂ ਮੰਗਾਂ, ਸਮੱਸਿਆਵਾਂ ਸਬੰਧੀ ਮੰਗ ਪੱਤਰ ਦਿੱਤਾ ਜਿਸ ਵਿਚ 1 ਐਸ. ਸੀ /ਬੀ. ਸੀ ਬੱਚਿਆਂ ਨੂੰ ਸਮੇਂ ਸਿਰ ਵਾਜੀਫਾ, ਵਰਦੀ, ਕਿਤਾਬਾਂ ਦਿੱਤੀਆਂ ਜਾਣ 2 ਬਠਿੰਡੇ ਜਿਲ੍ਹੇ ਵਿੱਚ ਖਾਸ ਕਰਕੇ ਬਠਿੰਡੇ ਸ਼ਹਿਰ ਦੇ ਸਕੂਲਾ ਵਿੱਚ ਗਰੀਬ ਅਨੁਸੂਚਿਤ ਬੱਚਿਆਂ ਨੂੰ ਪ੍ਰਿੰਸੀਪਲ, ਹੈਡ ਮਾਸਟਰ ਦੁਆਰਾ ਦਾਖਲਾ ਨਾ ਦੇਣ ਬਾਰੇ 3 ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਬਠਿੰਡਾ ਵਿਖੇ ਬੱਚਿਆਂ ਦੀ ਗਿਣਤੀ ਜ਼ਿਆਦਾ ਹੋਣ ਤੇ ਅਧਿਆਪਕਾ ਦੀ ਭਾਰੀ ਹੈ ਹੋਣ ਕਰਕੇ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੁੰਦਾ ਹੈ ਸ਼ਰੀਰ ਸਿੱਖਿਆ, ਹਿਸਟਰੀ, ਕਾਮਰਸ ਲੈਕਚਰਾਰ ਅਤੇ ਅਧਿਆਪਕ ਭੇਜ ਜਾਣ 4 ਜ਼ਿਲ੍ਹਾ ਸਿੱਖਿਆ ਦਫ਼ਤਰਾਂ ਵਿਚ ਐਸ. ਸੀ ਅਧਿਆਪਕਾ ਦਾ ਰੋਸਟਰ ਰਜਿਸਟਰ ਤਿਆਰ ਕਰਕੇ ਪ੍ਰਮੋਸ਼ਨ ਕਰਨ ਬਾਰੇ ਪੰਜਾਬ ਵਿੱਚ 85 ਵੀ ਸੋਧ ਲਾਗੂ ਕਰਕੇ ਪ੍ਰਿੰਸੀਪਲ, ਹੈਡ ਮਾਸਟਰ, ਲੈਕਚਰਾਰ ਅਤੇ ਹਰ ਤਰ੍ਹਾਂ ਦੀ ਪ੍ਰਮੋਸ਼ਨਾਂ ਜਲਦ ਕੀਤੀਆ ਜਾਣ 5 ਐਸ.ਸੀ / ਬੀ.ਸੀ ਵਿਦਿਆਰਥੀਆਂ ਲਈ ਵਾਜੀਫੇ ਦੀ ਗਰਾਂਟ ਤੁਰੰਤ ਜਾਰੀ ਕੀਤੀ ਜਾਵੇ ਪੰਜਾਬ ਦੇ ਸਕੂਲਾਂ ਵਿਚ ਐਸ. ਸੀ/ ਬੀ.ਸੀ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਤੰਗ ਪ੍ਰੇਸ਼ਾਨ ਕਰਨ ਵਾਲੇ ਪ੍ਰਿੰਸੀਪਲਾਂ 'ਤੇ ਸਖ਼ਤ ਕਾਰਵਾਈ ਕਰਨ ਬਾਰੇ ਮੁੱਖ ਮੰਗਾਂ ਸਨ ਮਾਨਯੋਗ ਸ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਪੰਜਾਬ ਦੇ ਸਕੂਲਾਂ ਵਿਚ ਐਸ.ਸੀ/ਬੀ.ਸੀ ਬੱਚਿਆਂ ਲਈ 2 ਕਰੋੜ ਦੀ ਗਰਾਂਟ ਜਾਰੀ ਕਰ ਦਿੱਤੀ ਹੈ। ਬਠਿੰਡਾ ਸ਼ਹਿਰ ਦੇ ਸਰਕਾਰੀ ਸਕੂਲਾਂ ਵਿੱਚ ਦਾਖਲਾ ਨਾ ਦੇਣ ਵਾਲੇ ਸਕੂਲ ਪ੍ਰਿੰਸੀਪਲ, ਹੈਡ ਮਾਸਟਰ, ਪ੍ਰਾਇਮਰੀ ਹਰ ਟੀਚਰ 'ਤੇ ਹੋਵੇਗੀ ਸਖ਼ਤ ਕਾਰਵਾਈ ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਬਠਿੰਡਾ ਵਿਖੇ ਸਟਾਫ ਦੀ ਘਾਟ ਜਲਦ ਪੂਰੀ ਕੀਤੀ ਜਾਵੇਗੀ ਪੰਜਾਬ ਵਿੱਚ 85 ਸੋਧ ਜਲਦ ਲਾਗੂ ਕਰਕੇ ਜ਼ਿਲ੍ਹਾ ਸਿੱਖਿਆ ਅਫ਼ਸਰ, ਪ੍ਰਿੰਸੀਪਲ, ਹੈਡ ਮਾਸਟਰ, ਲੈਕਚਰਾਰਾ ਦੀਆਂ ਪ੍ਰਮੋਸ਼ਨਾ ਤੁਰੰਤ ਕੀਤੀਆਂ ਜਾਣ ਗੀਆ ਸਰਕਾਰੀ ਪ੍ਰਾਇਮਰੀ ਸਕੂਲ ਪ੍ਰਤਾਪ ਨਗਰ ਬਠਿੰਡਾ ਦੀ ਹੈਡ ਟੀਚਰ ਤੇ ਐਸ ਸੀ ਲੜਕੀ ਨੂੰ ਦਾਖਲਾ ਨਾ ਦੇਣ ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ ਮਾਨਯੋਗ ਸ ਜਸਵੀਰ ਸਿੰਘ ਗੜ੍ਹੀ ਚੇਅਰਮੈਨ ਐਸ.ਸੀ ਕਮਿਸ਼ਨ ਪੰਜਾਬ ਨੇ ਜਲਦ ਮਾਨਯੋਗ ਸਿੱਖਿਆ ਮੰਤਰੀ ਸ ਹਰਜੋਤ ਸਿੰਘ ਬੈਂਸ ਨਾਲ ਐਸ.ਸੀ /ਬੀ.ਸੀ ਅਧਿਆਪਕ ਯੂਨੀਅਨ ਬਠਿੰਡਾ ਦੀ ਮੀਟਿੰਗ ਕਰਵਾਈ ਜਾਵੇਗੀ ਅਤੇ ਜਲਦ ਜ਼ਿਲ੍ਹਾ ਸਿੱਖਿਆ ਅਫ਼ਸਰ, ਡਿਪਟੀ ਜ਼ਿਲ੍ਹਾ ਸਿੱਖਿਆ ਅਫ਼ਸਰ ਲਗਾਏ ਜਾ ਰਹੇ ਹਨ ਅਤੇ ਪ੍ਰਿੰਸੀਪਲਾ ਦੀਆਂ ਪ੍ਰਮੋਸ਼ਨਾ ਬਿਨਾਂ ਦੇਰੀ ਤੇ ਕੀਤੀਆਂ ਜਾ ਰਹੀਆਂ ਹਨ।

## ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਨਤੀਜੇ ਸਾਹਮਣੇ ਆਉਣ ਲੱਗੇ : ਭੋਲਾ ਸਿੰਘ ਢਿੱਲੋਂ



ਬਠਿੰਡਾ, 27 ਅਪ੍ਰੈਲ (ਭੁੱਲਰ) : ਨਸ਼ਿਆਂ ਵਿਰੁੱਧ ਜੋ ਕੰਮ ਕੈਪਟਨ ਅਮਰਿੰਦਰ ਸਿੰਘ ਕਸਮਾਂ ਖਾ ਕੇ ਨਹੀਂ ਪੂਰਾ ਕਰ ਸਕਿਆ ਭਗਵੰਤ ਮਾਨ ਦੀ ਸਰਕਾਰ ਨੇ ਦ੍ਰਿੜ ਇਰਾਦੇ ਨਾਲ ਵਿੱਢੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਰਾਹੀਂ ਕਰ ਦਿਖਾਇਆ ਤੇ ਇਸਦੇ ਹਾਂ ਪੱਖੀ ਨਤੀਜੇ ਵੀ ਹੇਠਲੇ ਪੱਧਰ ਤਕ ਦਿਖਾਈ ਦੇਣ ਲੱਗੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਪਿੰਡ ਕਰਾੜਵਾਲਾ ਦੇ ਨੌਜਵਾਨ ਸਰਪੰਚ ਭੋਲਾ ਸਿੰਘ ਢਿੱਲੋਂ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਦੀ ਦ੍ਰਿੜ ਇੱਛਾ ਹੈ ਕਿ ਪੰਜਾਬ ਵਿਚ ਨਸ਼ਿਆਂ ਦਾ ਖ਼ਾਤਮਾ ਕਰਕੇ ਮੁੜ ਤੋਂ ਰੰਗਲਾ ਪੰਜਾਬ ਬਣਾਇਆ ਜਾਵੇ ਅਤੇ ਨੌਜਵਾਨਾਂ ਵਿਚ ਵਿਦੇਸ਼ ਜਾਣ ਦਾ ਰੁਝਾਨ ਘਟਾਕੇ ਇਥੇ ਢੁੱਕਵਾਂ ਮਾਹੌਲ ਪ੍ਰਦਾਨ ਕੀਤਾ ਜਾਵੇ। ਉਨ੍ਹਾਂ ਅੱਗੇ ਕਿਹਾ ਕਿ ਬਿਨਾਂ ਸਿਫ਼ਾਰਿਸ਼ ਅਤੇ ਬਿਨਾਂ ਪੈਸੇ ਤੋਂ ਦਿੱਤੀਆਂ ਸਰਕਾਰੀ ਨੌਕਰੀਆਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ। ਉਨ੍ਹਾਂ ਹੋਰ ਕਿਹਾ ਕਿ ਸਾਡੇ ਹਲਕਾ ਵਿਧਾਇਕ ਸੁਖਬੀਰ ਸਿੰਘ ਮਾਈਸਰਖਾਨਾ ਨਸ਼ਿਆਂ ਵਿਰੁਧ ਮੁਹਿੰਮ ਵਿਚ ਵਿਸ਼ੇਸ਼ ਦਿਲਚਸਪੀ ਲੈ ਰਹੇ ਹਨ ਅਤੇ ਚਾਹੁੰਦੇ ਹਨ ਕਿ ਉਨ੍ਹਾਂ ਦਾ ਹਲਕਾ ਨਸ਼ਾ ਮੁਕਤ ਹੋ ਕੇ ਪੰਜਾਬ ਵਿਚੋਂ ਪਹਿਲੇ ਨੰਬਰ 'ਤੇ ਆਵੇ। ਉਨ੍ਹਾਂ ਇਸ ਸਬੰਧੀ ਪੰਚਾਇਤਾਂ ਨੂੰ ਨਿੱਜੀ ਤੌਰ 'ਤੇ ਕਿਹਾ ਹੈ ਕਿ ਨਸ਼ਾ ਤਸਕਰ ਦੀ ਕੋਈ ਹਮਾਇਤ ਨਾ ਕੀਤੀ ਜਾਵੇ ਅਤੇ ਨਸ਼ਾ ਤਸਕਰ ਦਾ ਸਮਾਜਿਕ ਬਾਈਕਾਟ ਕੀਤਾ ਜਾਵੇ। ਭੋਲਾ ਸਿੰਘ ਢਿੱਲੋਂ ਨੇ ਅੰਤ ਵਿਚ ਕਿਹਾ ਕਿ ਨਸ਼ਾ ਵਿਰੁਧ ਮੁਹਿੰਮ ਵਿਚ ਸਮੁੱਚੇ ਪਿੰਡ ਵਾਸੀ ਪੰਚਾਇਤ ਦਾ ਸਾਥ ਦੇ ਰਹੇ ਹਨ ਅਤੇ ਚਾਹੁੰਦੇ ਹਨ ਕਿ ਇਸ ਅਲਾਮਤ ਦਾ ਮੁਕੰਮਲ ਤੌਰ 'ਤੇ ਖਾਤਮਾ ਹੋਵੇ ਤਾਂ ਜੋ ਪਿੰਡ ਦੀ ਜਵਾਨਂ ਨੂੰ ਇਸ ਕੋਹੜ ਤੋਂ ਬਚਾਇਆ ਜਾ ਸਕੇ।

# ਯੁੱਧ ਨਸ਼ਿਆਂ ਵਿਰੁੱਧ ਤਹਿਤ ਬਠਿੰਡਾ ਪੁਲਿਸ 'ਚ ਵੱਡਾ ਫੇਰਬਦਲ

ਬਠਿੰਡਾ, 27 ਅਪ੍ਰੈਲ (ਦੀਪਕ ਸ਼ਰਮਾ) :ਪੰਜਾਬ ਦੇ ਡੀਜੀਪੀ ਗੌਰਵ ਯਾਦਵ ਵੱਲੋਂ 31 ਮਈ 2025 ਤੱਕ ਸੂਬੇ 'ਚ ਨਸ਼ਾ ਖਤਮ ਕਰਨ ਦੇ ਦਿੱਤੇ ਹੁਕਮਾਂ ਮਗਰੋਂ, ਬਠਿੰਡਾ ਪੁਲਿਸ ਨੇ ਐਤਵਾਰ ਨੂੰ ਵੱਡੇ ਪੱਧਰ 'ਤੇ ਤਬਾਦਲੇ ਕੀਤੇ ਹਨ। ਐਸਐਸਪੀ ਅਮਨੀਤ ਕੌਂਡਲ ਦੇ ਆਦੇਸ਼ਾਂ 'ਤੇ ਪੀਸੀਆਰ, ਈਓ ਵਿੰਗ ਅਤੇ ਵੱਖ-ਵੱਖ ਪੁਲਿਸ ਚੌਕੀਆਂ 'ਚ ਤੈਨਾਤ ਲਗਭਗ 355 ਪੁਲਿਸ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਬਦਲ ਕੇ ਵੱਖ-ਵੱਖ ਥਾਣਿਆਂ 'ਚ ਭੇਜਿਆ ਗਿਆ ਹੈ, ਤਾਂ ਜ ਥਾਣਿਆਂ ਦੀ ਨਫ਼ਰੀ ਪੂਰੀ ਕਰਕੇ ਨਸ਼ੇ ਵਿਰੁੱਧ ਚੱਲ ਰਹੀ ਲੜਾਈ ਨੂੰ ਹੋਰ ਜ਼ੋਰਦਾਰ ਨਾਲ ਅੱਗੇ ਵਧਾਇਆ ਜਾ ਸਕੇ। ਇਸ ਤਬਾਦਲੇ ਵਿੱਚ ਇੰਸਪੈਕਟਰ ਤੋਂ ਲੈ ਕੇ ਕਾਂਸਟੇਬਲ ਤੱਕ ਦੇ ਕਰਮਚਾਰੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਤਬਾਦਲਿਆਂ ਰਾਹੀਂ ਕਈ ਪੁਲਿਸ ਚੌਕੀਆਂ 'ਚ ਤੈਨਾਤੀ ਨੂੰ ਵੀ ਘਟਾਇਆ ਗਿਆ ਹੈ। ਹਾਲਾਂਕਿ ਪੁਲਿਸ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਇਹ ਰੂਟੀਨ ਦੀ ਕਾਰਵਾਈ ਹੈ, ਪਰ ਜਾਣਕਾਰ ਮਨਦੇ ਹਨ ਕਿ ਇਹ ਤਬਦੀਲੀਆਂ ਨਸ਼ੇ ਖ਼ ?ਲਾਫ਼ ਚੱਲ ਰਹੀ ਆਖਰੀ ਤੇ ਫੈਸਲਾਕੁਨ ਲੜਾਈ ਦਾ ਹਿੱਸਾ ਹਨ। ਪੁਲਿਸ ਨੇ ਆਪਣੀ ਪੂਰੀ ਤਾਕਤ ਨਾਲ ਨਸ਼ਾ ਤਸਕਰਾਂ ਅਤੇ ਨਸ਼ੇ ਦੇ ਗੜ੍ਹਾਂ 'ਚ ਸੈਂਧ ਮਾਰਨ ਦੀ ਯੋਜਨਾ ਬਣਾਈ ਹੈ। ਇਸ ਲਈ ਉਨ੍ਹਾਂ ਥਾਣਿਆਂ 'ਚ ਵਾਧੂ ਫੋਰਸ ਭੇਜੀ ਗਈ ਹੈ ਜਿੱਥੇ ਨਸ਼ੇ ਨਾਲ ਜੁੜੀਆਂ ਸ਼ਿਕਾਇਤਾਂ ਜ਼ਿਆਦਾ ਮਿਲ ਰਹੀਆਂ ਹਨ। ਹਰ ਥਾਣੇ ਨੂੰ ਵੱਖ-ਵੱਖ ਥਾਵਾਂ ਤੋਂ ਆਏ ਕਰਮਚਾਰੀ ਦਿੱਤੇ ਜਾ ਰਹੇ ਹਨ, ਤਾਂ ਜ ਥਾਣਾ ਇੰਚਾਰਜ ਫੋਰਸ ਦੀ ਘਾਟ ਦਾ ਹਵਾਲਾ ਨਾ ਦੇ ਸਕੇ। ਡੀਜੀਪੀ ਪਹਿਲਾਂ ਹੀ ਸਾਫ ਕਰ ਚੁੱਕੇ ਹਨ ਕਿ ਜੇਕਰ ਕੋਈ ਜ਼ਿਲ੍ਹਾ 31 ਮਈ ਤੱਕ ਨਸ਼ਾ ਖਤਮ ਕਰਨ 'ਚ ਅਸਫਲ ਰਹਿੰਦਾ ਹੈ, ਤਾਂ ਉਥੇ ਦੇ ਐਸਐਸਪੀ 'ਤੇ ਕਾਰਵਾਈ ਹੋਣੀ ਪੱਕੀ ਹੈ। ਇਸੇ ਲੜੀ 'ਚ ਸਾਰੇ ਐਸਐਸਪੀ ਨੂੰ ਆਪਣੀ ਆਪਣੀ ਯੋਜਨਾ ਤਿਆਰ ਕਰਕੇ ਅਮਲ ਵਿੱਚ ਲਿਆਉਣ ਦੇ ਹੁਕਮ ਦਿੱਤੇ ਗਏ ਹਨ। ਬਠਿੰਡਾ ਵਿੱਚ ਪੀਸੀਆਰ ਦੀਆਂ ਵਾਹਨ ਟੀਮਾਂ 'ਚ ਤੈਨਾਤ ਕਈ ਦਰਜਨ ਕਰਮਚਾਰੀਆਂ ਨੂੰ ਥਾਣਿਆਂ 'ਚ ਲਗਾਇਆ ਗਿਆ ਹੈ। ਇਸਦੇ ਨਾਲ ਬਸ ਅੱਡਾ ਚੌਕੀ, ਰਿਫਾਇਨਰੀ ਚੌਕੀ, ਬੱਲੂਆਣਾ ਚੌਕੀ ਅਤੇ ਸਿੰਗੋ ਚੌਕੀ ਆਦਿ ਤੋਂ ਵੀ ਕਈ ਕਰਮਚਾਰੀਆਂ ਨੂੰ ਹਟਾ ਕੇ ਥਾਣਿਆਂ 'ਚ ਭੇਜਿਆ ਗਿਆ ਹੈ। ਐਸਐਸਪੀ ਅਮਨੀਤ ਕੌਂਡਲ ਵੱਲੋਂ ਤਬਾਦਲਿਆਂ ਸੰਬੰਧੀ ਪੱਤਰ ਜਾਰੀ ਕਰ ਦਿੱਤੇ ਗਏ ਹਨ ਅਤੇ ਕਰਮਚਾਰੀਆਂ ਨੂੰ ਤੁਰੰਤ ਆਪਣੇ ਨਵੇਂ ਥਾਵਾਂ ਤੇ ਜੁਆਇਨ ਕਰਨ ਦੇ ਹੁਕਮ ਦਿੱਤੇ ਗਏ ਹਨ।

## ਆਂਚਲ ਗਰਗ ਬੀਜੇਪੀ ਦੇ ਮੁੱਖ ਬੁਲਾਰੇ ਨਿਯੁਕਤ



ਭਵਾਨੀਗੜ੍ਹ,27 ਅਪ੍ਰੈਲ (ਅਮਨਦੀਪ ਸਿੰਘ ਮਾਝਾ): ਭਾਰਤੀ ਜਨਤਾ ਪਾਰਟੀ ਦੀ ਇੱਕ ਅਹਿਮ ਮੀਟਿੰਗ ਦੌਰਾਨ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਅਰਵਿੰਦ ਖੰਨਾ ਤੇ ਸੰਗਰੂਰ ਦੇ ਜ਼ਿਲਾ ਪ੍ਰਧਾਨ ਧਰਮਿੰਦਰ ਦੁੱਲਟ ਵੱਲੋਂ ਭਵਾਨੀਗੜ੍ਹ ਤੋਂ ਪਾਰਟੀ ਦੇ ਸੀਨੀਅਰ ਆਗੂ ਆਂਚਲ ਗਰਗ ਨੂੰ ਜ਼ਿਲ੍ਹਾ ਸੰਗਰੂਰ ਦਾ ਮੁੱਖ ਬੁਲਾਰਾ ਨਿਯੁਕਤ ਕੀਤਾ ਗਿਆ। ਨਵ ਨਿਯੁਕਤ ਅਹੁਦੇਦਾਰ ਆਂਚਲ ਗਰਗ ਨੇ ਆਪਣੀ ਨਿਯੁਕਤੀ 'ਤੇ ਪਾਰਟੀ ਹਾਈਕਮਾਂਡ ਤੇ ਸੂਬੇ ਦੇ ਆਗੂ ਅਰਵਿੰਦ ਖੰਨਾ ਸਮੇਤ ਭਾਜਪਾ ਭਵਾਨੀਗੜ੍ਹ ਦੀ ਸਮੁੱਚੀ ਟੀਮ ਤੇ ਪਾਰਟੀ ਵਰਕਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਵੱਲੋਂ ਉਨ੍ਹਾਂ ਨੂੰ ਸੌਂਪੀ ਗਈ ਜ਼ੁੰਮੇਵਾਰੀ ਨੂੰ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਅਰਵਿੰਦ ਖੰਨਾ ਨੇ ਕਿਹਾ ਕਿ ਭਾਜਪਾ ਨੇ ਮਿਹਨਤੀ ਵਰਕਰਾਂ ਦੀ ਹਮੇਸ਼ਾ ਕਦਰ ਕੀਤੀ ਹੈ ਤੇ ਉਨ੍ਹਾਂ ਨੂੰ ਪਾਰਟੀ 'ਚ ਅਹੁਦਾ ਦੇ ਕੇ ਬਣਦਾ ਮਾਨ ਸਨਮਾਨ ਦਿੱਤਾ ਜਾਂਦਾ ਹੈ।

## ਨਿਹੰਗ ਸਿੰਘ ਨੇ ਕਾਰ 'ਤੇ ਲਾਈ ਹੋਈ ਸੀ ਲਾਲ ਬੱਤੀ ਤੇ ਹੂਟਰ, ਟ੍ਰੈਫਿਕ ਪੁਲਿਸ ਨੇ ਕੀਤਾ ਚਾਲਾਨ

ਬਠਿੰਡਾ , 27 ਅਪ੍ਰੈਲ (ਦੀਪਕ ਸ਼ਰਮਾ) : ਲੰਘੇ ਦਿਨ ਹੀ ਸ਼ਹਿਰ ਦੇ ਜੀ.ਟੀ. ਰੋਡ 'ਤੇ ਇੱਕ ਨਿਹੰਗ ਸਿੰਘ ਅਤੇ ਟ$ਰੈਫਿਕ ਪੁਲਿਸ ਕਰਮਚਾਰੀਆਂ ਵਿਚਕਾਰ ਤਕਰਾਰ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਮਾਮਲੇ ਵਿੱਚ ਇੱਕ ਨਿਹੰਗ ਸਿੰਘ ਆਪਣੇ ਪਰਿਵਾਰ ਸਮੇਤ ਕਾਰ 'ਚ ਸਵਾਰ ਹੋ ਕੇ ਰੇਲਵੇ ਸਟੇਸ਼ਨ ਵੱਲ ਜਾ ਰਿਹਾ ਸੀ ਅਤੇ ਉਸਨੇ ਆਪਣੀ ਗੱਡੀ 'ਚ ਹੂਟਰ ਅਤੇ ਲਾਲ ਬੱਤੀ ਲਾਈ ਹੋਈ ਸੀ। ਇਸ ਦੌਰਾਨ ਟ$ਰੈਫਿਕ ਇੰਚਾਰਜ ਅਮਰੀਕ ਸਿੰਘ ਨੇ ਟ$ਰੈਫਿਕ ਕਰਮਚਾਰੀਆਂ ਸਮੇਤ ਗੱਡੀ ਨੂੰ ਰੋਕ ਕੇ, ਨਿਹੰਗ ਸਿੰਘ ਕੋਲੋਂ ਲਾਲ ਬੱਤੀ ਲਾਉਣ ਅਤੇ ਹੂਟਰ ਵਰਤਣ ਦੀ ਮਨਜ਼ੂਰੀ ਵਾਲੇ ਦਸਤਾਵੇਜ਼ ਮੰਗੇ, ਜੋ ਨਿਹੰਗ ਸਿੰਘ ਨਹੀਂ ਦਿਖਾ ਸਕਿਆ। ਇਸ ਤੋਂ ਬਾਅਦ ਪੁਲਿਸ ਨੇ ਗੱਡੀ ਦਾ ਚਾਲਾਨ ਕਰ ਦਿੱਤਾ। ਦੌਰਾਨ ਪੁਲਿਸ ਅਤੇ ਨਿਹੰਗ ਸਿੰਘ ਵਿਚਕਾਰ ਕੁਝ ਬਹਿਸਬਾਜੀ ਵੀ ਹੋਈ। ਉੱਥੇ ਹੀ ਗੱਡੀ 'ਚ ਨਿਹੰਗ ਸਿੰਘ ਨੇ ਬੁੱਢਾ ਦਲ ਦੀ ਤਖਤੀ ਵੀ ਲਾਈ ਹੋਈ ਸੀ। ਟ$ਰੈਫਿਕ ਇੰਚਾਰਜ ਐਸ.ਆਈ. ਅਮਰੀਕ ਸਿੰਘ ਨੇ ਦੱਸਿਆ ਕਿ ਪੁਲਿਸ ਦੇ ਉੱਚ ਅਧਿਕਾਰੀਆਂ ਵੱਲੋਂ ਸਖ਼ਤ ਹਦਾਇਤਾਂ ਮਿਲੀਆਂ ਹਨ ਕਿ ਟ$ਰੈਫਿਕ ਨਿਯਮ ਤੋੜਨ ਵਾਲਿਆਂ ਨੂੰ ਕਿਸੇ ਵੀ ਸਥਿਤੀ 'ਚ ਨਹੀਂ ਛੱਡਿਆ ਜਾਵੇਗਾ। ਇਸੇ ਲਈ ਪੁਲਿਸ ਲਗਾਤਾਰ ਨਾਕਾਬੰਦੀ ਕਰਕੇ ਰੂਟੀਨ ਚੈਕਿੰਗ ਕਰ ਰਹੀ ਹੈ ਇਸ ਦੌਰਾਨ ਪਿਛਲੇ ਕੁਝ ਸਮੇਂ ਵਿੱਚ ਪੁਲਿਸ ਨੇ 118 ਚਾਲਾਨ ਕੀਤੇ ਹਨ, ਜਿਨ੍ਹਾਂ ਵਿੱਚ ਗਲਤ ਨੰਬਰ ਪਲੇਟਾਂ, ਅਧੂਰੇ ਦਸਤਾਵੇਜ਼ ਅਤੇ ਟ$ਰੈਫਿਕ ਨਿਯਮ ਤੋੜਕੇ ਵਾਹਨ ਚਲਾਉਣ ਦੇ ਮਾਮਲੇ ਸ਼ਾਮਲ ਹਨ। ਨਿਹੰਗ ਸਿੰਘ ਨੇ ਗੱਡੀ 'ਚ ਬਿਨਾ ਮਨਜ਼ੂਰੀ ਹੂਟਰ ਅਤੇ ਲਾਲ ਬੱਤੀ ਲਾਈ ਹੋਈ ਸੀ, ਜੋ ਕਿ ਟ$ਰੈਫਿਕ ਨਿਯਮਾਂ ਦੀ ਉਲੰਘਣਾ ਹੈ। ਇਸ ਕਰਕੇ ਉਸਦਾ ਚਾਲਾਨ ਕੱਟਿਆ ਗਿਆ ਹੈ।

## ਪਹਿਲਗਾਮ ਦੇ ਮ੍ਰਿਤਕਾਂ ਦੀ ਯਾਦ 'ਚ ਲੋਕਾਂ ਵੱਲੋਂ ਮੋਮਬੱਤੀਆਂ ਜਗਾਕੇ ਸ਼ਰਧਾਂਜਲੀ ਭੇਟ



ਭਗਤਾ ਭਾਈ ਕਾ, 27 ਅਪਰੈਲ (ਸਵਰਨ ਸਿੰਘ ਭਗਤਾ):ਸੰਤ ਮਹੇਸ਼ ਮੁਨੀ ਜੀ ਗਰਲਜ਼ ਕਾਲਜ ਅਤੇ ਸਕੂਲ,ਐਜੂਕੇਸ਼ਨ ਸੋਸਾਇਟੀ ਦੇ ਚੇਅਰਮੈਨ ਕੇਸ਼ਵ ਗਰਗ ਅਤੇ ਸਮੂਹ ਮੈਂਬਰ ਸਾਹਿਬਾਨ ਕੰਟਰੋਲਰ ਇੰਦਰਪਾਲ ਕੌਰ ਦਿਉਲ, ਸਟਾਫ਼ ਮੈਬਰ ਅਤੇ ਸਮੂਹ ਵਿਦਿਆਰਥੀਆਂ ਵੱਲੋਂ ਕਸ਼ਮੀਰ ਦੇ ਟੂਰਿਸਟ ਪੇਲੈਸ ਪਹਿਲਗਾਮ ਦੇ ਵਿੱਚ ਜੋ ਹਾਦਸਾ ਹੋਇਆ, ਜਿਸ ਵਿੱਚ ਬੇਕਸੂਰ 28 ਲੋਕਾਂ ਦੀ ਮੌਤ ਹੋਈ ਜਿੰਨ੍ਹਾਂ ਵਿੱਚ ਬੱਚੇ ਅਤੇ ਕੁਝ ਨਵੇਂ ਵਿਆਹੇ ਜੋੜੇ ਆਪਣੀ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਦੀਆਂ ਖੁਸ਼ੀਆਂ ਮਨਾਉਣ ਲਈ ਆਏ ਸਨ ਉਨ੍ਹਾਂ ਨੂੰ ਅੱਤਵਾਦੀਆਂ ਵੱਲੋਂ ਢਹਿ ਢੇਰੀ ਕਰ ਦਿੱਤਾ।ਇਸ ਦਿਲ ਕੰਬਾਊ ਹਾਦਸੇ ਦਾ ਸ਼ਿਕਾਰ ਹੋਏ ਲੋਕਾਂ ਦੀ ਆਤਮਾ ਦੀ ਸ਼ਾਂਤੀ ਲਈ ਮੋਮਬੱਤੀਆਂ ਜਗਾਕੇ ਸਰਧਾਂਜਲੀ ਭੇਟ ਕੀਤੀ। ਇਸ ਸੰਸਥਾ ਦੇ ਸਮੂਹ ਮੈਬਰਾਂ ਨੇ ਹਮਲੇ ਦਾ ਸ਼ਿਕਾਰ ਹੋਏ ਸਾਰੇ ਲੋਕਾਂ ਦੀ ਆਤਮਾ ਦੀ ਸ਼ਾਤੀ ਲਈ ਪ੍ਰਮਾਤਮਾ ਅੱਗੇ ਅਰਦਾਸ ਬੇਨਤੀ ਕੀਤੀ। ਇਸ ਮੌਕੇ ਤੇ ਬੋਲਦਿਆਂ ਕੰਟਰੋਲਰ ਇੰਦਰਪਾਲ ਕੌਰ ਦਿਉਲ ਨੇ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਘਟਨਾ ਦੇ ਦੋਸ਼ੀਆਂ ਨੂੰ ਜਲਦ ਤੋਂ ਜਲਦ ਫੜ ਕੇ ਬਣਦੀ ਸਖਤ ਕਰਵਾਈ ਕੀਤੀ ਜਾਵੇ ਤਾਂ ਜੋ ਅੱਗੇ ਤੋਂ ਅਜਿਹੀਆਂ ਘਟਨਾਵਾਂ ਨਾ ਵਾਪਰਨ ਤੇ ਇਸ ਤਰ੍ਹਾਂ ਦੇ ਟੂਰਿਸਟ ਥਾਵਾਂ 'ਤੇ ਸਖਤ ਸੁਰੱਖਿਆ ਦਾ ਧਿਆਨ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਹਜੇ ਤੱਕ ਤਾਂ ਲੋਕਾਂ ਦੇ ਦਿਲਾਂ ਵਿੱਚੋਂ ਪਹਿਲਾਂ ਵਾਲੇ ਪੁਲਵਾਮਾ ਹਮਲੇ ਦਾ ਹੀ ਖੌਫ਼ ਖਤਮ ਨਹੀਂ ਹੋਇਆ ਸੀ ਤੇ ਇੰਨਾ ਵੱਡਾ ਹਾਦਸਾ ਦੁਬਾਰਾ ਹੋ ਗਿਆ। ਇਸ ਮੌਕੇ ਉਨ੍ਹਾਂ ਪ੍ਰਮਾਤਮਾ ਅੱਗੇ ਅਰਜ਼ੋਈ ਕਰਦਿਆਂ ਕਿਹਾ ਕਿ ਹਮਲੇ ਦਾ ਸ਼ਿਕਾਰ ਹੋਏ ਲੋਕਾਂ ਦੀ ਆਤਮਾ ਨੂੰ ਪ੍ਰਮਾਤਮਾ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

## ਚੀਮਾ ਨੇ ਪੰਚਾਇਤਾਂ ਤੇ ਹੋਰਨਾਂ ਸਮਾਜਿਕ ਸੰਸਥਾਵਾਂ ਨੂੰ ਵਿਕਾਸ ਕਾਰਜਾਂ ਲਈ ਵੰਡੀ 70 ਲੱਖ ਦੀ ਗ੍ਰਾਂਟ -



ਦਿੜ੍ਹਬਾ ਮੰਡੀ , 27 ਅਪ੍ਰੈਲ: ( ਹੈਪੀ) :ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਅਤੇ ਹਲਕਾ ਦਿੜ੍ਹਬਾ ਤੋਂ ਵਿਧਾਇਕ ਸ. ਹਰਪਾਲ ਸਿੰਘ ਚੀਮਾ ਨੇ ਅੱਜ ਸਰਬਸੰਮਤੀ ਕਰਨ ਵਾਲੀਆਂ ਪੰਚਾਇਤਾਂ, ਯੂਵਕ ਕਲੱਬਾਂ ਅਤੇ ਹੋਰਨਾਂ ਸਮਾਜਿਕ ਸੰਸਥਾਵਾਂ ਨੂੰ ਵਿਕਾਸ ਕਾਰਜਾਂ ਲਈ ਤਕਰੀਬਨ 70 ਲੱਖ ਰੁਪਏ ਦੀਆਂ ਗ੍ਰਾਂਟਾਂ ਦੇ ਚੈੱਕ ਵੰਡੇ। ਇਸ ਮੌਕੇ ਬੋਲਦਿਆਂ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਮੁੜ ਤੋਂ 'ਰੰਗਲਾ ਪੰਜਾਬ' ਬਣਾਉਣ ਲਈ ਹਰ ਲੋੜੀਂਦਾ ਯਤਨ ਕੀਤਾ ਜਾ ਰਿਹਾ ਹੈ ਅਤੇ ਸਮਾਜ ਦੀ ਬਿਹਤਰੀ ਲਈ ਕੀਤੇ ਜਾਣ ਵਾਲੇ ਹਰ ਕੰਮ ਲਈ ਜ਼ਰੂਰੀ ਫੰਡ ਉਪਲਬਧ ਕਰਵਾਉਣੇ ਯਕੀਨੀ ਬਣਾਏ ਜਾ ਰਹੇ ਹਨ।ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮਾਨ ਸਰਕਾਰ ਪੰਜਾਬੀਆਂ ਨਾਲ ਕੀਤਾ ਹਰ ਇੱਕ ਵਾਅਦਾ ਪੂਰਾ ਕਰ ਰਹੀ ਹੈ ਅਤੇ ਮੁੱਖ ਮੰਤਰੀ ਦੀ ਅਪੀਲ 'ਤੇ ਜਿਨ੍ਹਾਂ ਪਿੰਡਾਂ ਨੇ ਸਰਬਸੰਮਤੀ ਨਾਲ ਪੰਚਾਇਤਾਂ ਚੁਣੀਆਂ ਹਨ, ਉਹਨਾਂ ਸਾਰੀਆਂ ਪੰਚਾਇਤਾਂ ਨੂੰ ਵਾਅਦੇ ਮੁਤਾਬਕ ਪੰਜ ਲੱਖ ਰੁਪਏ ਦੇ ਵਿਸ਼ੇਸ਼ ਗ੍ਰਾਂਟ ਦੇਣੀ ਵੀ ਯਕੀਨੀ ਬਣਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਵਿਸ਼ੇਸ਼ ਗ੍ਰਾਂਟ ਤੋਂ ਇਲਾਵਾ ਵੀ ਪਿੰਡਾਂ ਦੀਆਂ ਪੰਚਾਇਤਾਂ ਨੂੰ ਲਗਾਤਾਰ ਲੋੜ ਮੁਤਾਬਿਕ ਫੰਡ ਜਾਰੀ ਕੀਤੇ ਜਾ ਰਹੇ ਹਨ ਤਾਂ ਜੋ ਪਿੰਡਾਂ ਵਿੱਚ ਬਿਹਤਰ ਸੁਵਿਧਾਵਾਂ ਮੁਹੱਈਆ ਕਰਵਾਈਆਂ ਜਾ ਸਕਣ। ਇਸ ਮੌਕੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਨਿਹਾਲਗੜ੍ਹ ਤੇ ਰਤਨਗੜ੍ਹ ਸਿੰਧੜਾ ਦੀਆਂ ਪੰਚਾਇਤਾਂ ਨੂੰ ਸਰਬਸੰਮਤੀ ਲਈ, ਮੁਨਸ਼ੀਵਾਲਾ, ਮੌੜਾਂ, ਮਹਿਲਾਂ, ਗੁੱਜਰਾਂ, ਸਮੂਰਾਂ, ਖੇਤਲਾ ਤੇ ਸਫੀਪੁਰ ਪਿੰਡਾਂ ਨੂੰ ਵੱਖ-ਵੱਖ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਦੇ ਚੈੱਕ ਵੰਡੇ ਗਏ। ਇਸ ਤੋਂ ਇਲਾਵਾ ਪਿੰਡ ਘਨੌੜ ਜੱਟਾਂ ਦੇ ਦੋ ਵੱਖ-ਵੱਖ ਯੂਵਕ ਕਲੱਬਾਂ ਅਤੇ ਸ਼੍ਰੀ ਗੁਰੂ ਰਵੀਦਾਸ ਪ੍ਰਬੰਧਕ ਕਮੇਟੀ ਨੂੰ ਲੋੜੀਂਦੇ ਸਮਾਜ ਭਲਾਈ ਕੰਮਾਂ ਲਈ ਚੈੱਕ ਵੰਡੇ।

# ਖ਼ਾਲਸਾ ਕਾਲਜ ਦੇ ਪੋਸਟ ਗਰੈਜੂਏਟ ਪੰਜਾਬੀ ਵਿਭਾਗ ਵੱਲੋਂ ਕਰਵਾਇਆ ਗਿਆ ਵਿਸ਼ੇਸ਼ ਲੈਕਚਰ



ਭਗਤਾ ਭਾਈ ਕਾ 27ਅਪ੍ਰੈਲ (ਸਵਰਨ ਸਿੰਘ ਭਗਤਾ):ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ,ਸਕੱਤਰ ਵਿੱਦਿਆ ਸੁਖਮਿੰਦਰ ਸਿੰਘ ਅਤੇ ਸਿਕੰਦਰ ਸਿੰਘ ਮਲੂਕਾ (ਸਾਬਕਾ ਕੈਬਨਿਟ ਮੰਤਰੀ ਪੰਜਾਬ ਅਤੇ ਆਨਰੇਰੀ ਸਕੱਤਰ ਕਾਲਜ) ਦੀ ਰਹਿਨੁਮਾਈ ਅਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇਲਾਕੇ ਦੀ ਨਾਮਵਰ ਸੰਸਥਾ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਭਗਤਾ ਭਾਈਕਾ ਵੱਲੋਂ ਕਾਲਜ ਪ੍ਰਿੰਸੀਪਲ ਡਾ. ਸਤਿੰਦਰ ਕੌਰ ਮਾਨ ਦੀ ਸੁਯੋਗ ਅਗਵਾਈ ਹੇਠ ਪੋਸਟ ਗਰੈਜੂਏਟ ਪੰਜਾਬੀ ਵਿਭਾਗ ਵੱਲੋਂ ਵਿਸ਼ੇਸ਼ ਲੈਕਚਰ ਕਰਵਾਇਆ ਗਿਆ। ਜਿਸ ਵਿੱਚ ਮੁੱਖ ਵਕਤਾ ਦੇ ਵਜੋਂ ਡਾ. ਸੁਰਜੀਤ ਸਿੰਘ ਦੌਧਰ ਨੇ ਸ਼ਿਰਕਤ ਕੀਤੀ।ਪੰਜਾਬੀ ਵਿਭਾਗ ਦੇ ਮੁਖੀ ਡਾ. ਹਰਮਨਦੀਪ ਕੌਰ ਨੇ ਮੰਚ ਸੰਚਾਲਨ ਦੀ ਅਹਿਮ ਭੂਮਿਕਾ ਨਿਭਾਈ। ਉਹਨਾਂ ਨੇ ਆਏ ਹੋਏ ਮੁੱਖ ਮਹਿਮਾਨ ਦਾ ਸਵਾਗਤ ਕੀਤਾ ਅਤੇ ਉਹਨਾਂ ਦੇ ਜੀਵਨ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਦਾ 40 ਸਾਲ ਦਾ ਅਧਿਆਪਨ ਖੇਤਰ ਵਿੱਚ ਤਜਰਬਾ ਹੈ ਅਤੇ ਭਾਰਤ ਦੇ ਵੱਖ-ਵੱਖ ਖੇਤਰਾਂ ਵਿੱਚ ਉਹਨਾਂ ਨੇ ਨੈਤਿਕ ਸਿੱਖਿਆ ਬਾਰੇ ਵਿਸ਼ੇਸ਼ ਲੈਕਚਰ ਵੀ ਦਿੱਤੇ। ਇਸ ਤੋਂ ਉਪਰੰਤ ਉਹਨਾਂ ਨੂੰ ਸਟੇਜ ਉੱਪਰ ਆਉਣ ਲਈ ਸੱਦਾ ਦਿੱਤਾ। ਡਾ. ਸੁਰਜੀਤ ਸਿੰਘ ਦੌਧਰ ਨੇ ਆਪਣੀ ਕੀਮਤੀ ਵਿਚਾਰ ਵਿਦਿਆਰਥੀਆਂ ਨਾਲ ਸਾਂਝੇ ਕਰਦੇ ਹੋਏ ਅਧਿਆਪਕ ਅਤੇ ਵਿਦਿਆਰਥੀਆਂ ਦੇ ਰਿਸ਼ਤੇ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਕਿਸੇ ਵਿਦਿਆਰਥੀ ਦੁਆਰਾ ਕਿਸੇ ਖੇਤਰ ਵਿੱਚ ਤਰੱਕੀ ਕਰਨ ਤੇ ਸਭ ਤੋਂ ਵੱਧ ਖੁਸ਼ੀ ਅਧਿਆਪਕ ਤੇ ਉਸਦੇ ਮਾਤਾ ਪਿਤਾ ਨੂੰ ਹੀ ਹੁੰਦੀ ਹੈ। ਜ਼ਿੰਦਗੀ ਵਿੱਚ ਸਫਲ ਹੋਣ ਲਈ ਉਹਨਾਂ ਨੇ ਤਿੰਨ ਗੁਣਾ ਮਿਹਨਤ, ਲਗਨ ਤੇ ਇਕਾਗਰਤਾ ਨੂੰ ਅਪਣਾਉਣ ਤੇ ਜ਼ੋਰ ਦਿੱਤਾ। ਸਧਾਰਨ ਪਰਿਵਾਰਾਂ ਵਿੱਚੋਂ ਮਿਹਨਤ ਅਤੇ ਲਗਨ ਸਦਕਾ ਕਾਮਯਾਬ ਹੋਣ ਵਾਲੇ ਕਈ ਸ਼ਖ਼ਸੀਅਤਾਂ ਬਾਰੇ ਉਹਨਾਂ ਨੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ। ਕਾਲਜ ਪ੍ਰਿੰਸੀਪਲ ਡਾ. ਸਤਿੰਦਰ ਕੌਰ ਮਾਨ ਨੇ ਡਾ. ਸੁਰਜੀਤ ਸਿੰਘ ਦੌਧਰ ਅਤੇ ਉਹਨਾਂ ਦੇ ਨਾਲ ਆਏ ਹੋਏ ਸਰਦਾਰ ਗੁਰਤੇਜ ਸਿੰਘ ਤੇ ਸਰਦਾਰ ਰਘੂਬੀਰ ਸਿੰਘ ਨੂੰ ਪੁਸਤਕਾਂ, ਸਨਮਾਨ ਪੱਤਰ ਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਅਤੇ ਵਿਦਿਆਰਥੀਆਂ ਨਾਲ ਆਪਣੇ ਕੀਮਤੀ ਵਿਚਾਰ ਸਾਂਝੇ ਕਰਨ ਲਈ ਉਹਨਾਂ ਦਾ ਧੰਨਵਾਦ ਕੀਤਾ। ਡਾ. ਸੁਰਜੀਤ ਸਿੰਘ ਦੌਧਰ ਨੇ ਪ੍ਰਿੰਸੀਪਲ ਮੈਡਮ ਡਾ. ਸਤਿੰਦਰ ਕੌਰ ਮਾਨ ਨੂੰ ਜ਼ਫ਼ਰਨਾਮਾ ਨਾਲ ਸੰਬੰਧਿਤ ਮੁੱਲਵਾਨ ਪੁਸਤਕ ਤੇ ਪੈੱਨ ਦੇ ਕੇ ਸਨਮਾਨਿਤ ਕੀਤਾ। ਇਸ ਤੋਂ ਉਪਰੰਤ ਉਨਾਂ ਨੇ ਪਿੱਪਲ, ਨਿੰਮ, ਅਮਰੂਦ, ਬੋਹੜ ਅਤੇ ਜਾਮਣ ਪੰਜ ਪੌਦੇ ਸੰਸਥਾ ਵਿੱਚ ਲਗਵਾਏ। ਇਸ ਮੌਕੇ ਡਾ. ਸਿਮਰਜੀਤ ਕੌਰ, ਪ੍ਰੋਫੈਸਰ ਜਸਬੀਰ ਕੌਰ, ਪ੍ਰੋਫੈਸਰ ਅਰਸ਼ਦੀਪ ਸਿੰਘ ਅਤੇ ਸਮੂਹ ਵਿਦਿਆਰਥੀ ਹਾਜ਼ਰ ਸਨ।

## ਲਹਿਰਾਗਾਗਾ ਵਿਖੇ ਮੈਡੀਕਲ ਚੈੱਕਅਪ ਕੈਂਪ ਦੌਰਾਨ 100 ਮਰੀਜ਼ਾਂ ਦੀ ਕੀਤੀ ਜਾਂਚ



ਲਹਿਰਾਗਾਗਾ, 27ਅਪ੍ਰੈਲ (ਗੁਰਦੀਪ ਸਿੰਘ): ਸ਼ਹਿਰ ਦੀ ਨਾਮੀ ਸੰਸਥਾ ਸ੍ਰੀ ਵਿਸ਼ਾਲ ਦੁਰਗਾ ਸੰਕੀਰਤਨ ਮੰਡਲ (ਰਜਿ.)ਵੱਲੋਂ ਸਵ. ਬਲਦੇਵ ਕ੍ਰਿਸ਼ਨ (ਚੱਕੀ ) ਵਾਲਿਆਂ ਦੀ ਯਾਦ ਨੂੰ ਸਮਰਪਿਤ ਮੈਡੀਕਲ ਚੈੱਕਅਪ ਕੈਂਪ ਜੀ.ਪੀ.ਐਫ ਧਰਮਸ਼ਾਲਾ ਵਿਖੇ ਲਾਇਆ ਗਿਆ। ਇਸ ਕੈਂਪ ਦਾ ਉਦਘਾਟਨ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਕਰਨ ਉਪਰੰਤ ਕਿਹਾ ਕਿ ਸੰਸਥਾ ਲੋਕਾਂ ਦੀ ਸਹੂਲਤ ਲਈ ਹਰ - ਹਫਤੇ ਮੈਡੀਕਲ ਚੈੱਕਅਪ ਲਾਉਣਾ ਬਹੁਤ ਸ਼ਲਾਘਾਯੋਗ ।ਇਸ ਕੈਂਪ ਬਾਰੇ ਹੋਰ ਜਾਣਕਾਰੀ ਦਿੰਦੇ ਹੋਏ ਸੰਸਥਾ ਦੇ ਸੰਸਥਾਪਕ ਜਸ਼ ਪੇਂਟਰ , ਪ੍ਰਧਾਨ ਸੁਰਿੰਦਰ ਗਰਗ, ਚੇਅਰਮੈਨ ਲੱਭੂ ਰਾਮ ਗੋਇਲ, ਖ਼ਜ਼ਾਨਚੀ ਗੌਰਵ ਵਿੱਕੀ ,ਸੁਰੇਸ਼ ਸਿੰਗਲਾ (ਸਾਬਕਾ ਪ੍ਰਧਾਨ ਟਰੱਕ ਯੂਨੀਅਨ), ਸੀਨੀਅਰ ਵਾਈਸ ਪ੍ਰਧਾਨ ਓਮ ਪ੍ਰਕਾਸ਼ (ਮੌੜਾਂ ਵਾਲੇ), ਤਰਸੇਮ ਸਿੰਗਲਾ (ਸਮਾਜ ਸੇਵਕ ) ਸੁਰੇਸ਼ ਪੱਪਾ,ਗੋਪਾਲ ਚੰਦ, ਰਾਕੇਸ਼ ਬਾਂਸਲ (ਪਿਸ਼ੌਰ ) ਵਾਲੇ ਜਗਸੀਰ ਸਿੰਘ ਜਵਾਹਰਵਾਲਾ ਵਾਲਿਆਂ, ਰਾਮੇਸ਼ ਕੁਮਾਰ (ਕੱਪੜੇ ਵਾਲੇ)ਨੇ ਗੋਰਾ ਲਾਲ ਦੱਸਿਆ ਕਿ ਇਸ ਮੈਡੀਕਲ ਕੈਂਪ ਮਰੀਜ਼ਾਂ ਲਈ ਪੂਰਾ ਲਾਹੇਵੰਦ ਸਾਬਤ ਹੋ ਰਿਹਾ ਹੈ, ਸੰਸਥਾ ਦੇ ਅਹੁਦੇਦਾਰਾਂ ਨੇ ਦੱਸਿਆ ਕਿ ਇਸ ਕੈਂਪ 'ਚੋ ਡਾ. ਪ੍ਰਗਟ ਸਿੰਘ (ਐਮ.ਡੀ ਮੈਡੀਸਨ ) 80ਅਤੇ ਡਾ.ਪਾਹੁਲਪ੍ਰੀਤ ਕੌਰ (ਚਮੜੀ ਰੋਗਾਂ ) 20 ਮਰੀਜ਼ਾਂ ਦਾ ਚੈੱਕਅਪ ਕੀਤਾ ।

## ਜ਼ਹਿਰੀਲੀ ਸ਼ਰਾਬ ਦੇ ਵੱਡੇ ਦੁਖਾਂਤ ਦੀ ਸੰਭਾਵਨਾ ਨੂੰ ਟਾਲਿਆ : ਚੀਮਾ



ਸੰਗਰੂਰ, 27 ਅਪ੍ਰੈਲ (ਹਰਕੰਵਲ ਸਿੰਘ ਹੈਪੀ): ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ, ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਸੂਬੇ 'ਚ ਚੱਲ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵਿੱਚ ਇੱਕ ਮਹੱਤਵਪੂਰਨ ਸਫਲਤਾ ਦਾ ਦਾਅਵਾ ਕਰਦਿਆਂ ਦੱਸਿਆ ਕਿ 2,240 ਲੀਟਰ ਨਜਾਇਜ਼ ਚੋਰੀ ਕੀਤੀ ਗਈ ਐਕਸਟਰਾ ਨਿਊਟਰਲ ਅਲਕੋਹਲ (ਈਐਨਏ) ਜ਼ਬਤ ਕੀਤੀ ਗਈ ਹੈ, ਜਿਸ ਨਾਲ ਨਕਲੀ ਸ਼ਰਾਬ ਤਿਆਰ ਕਰਕੇ ਵਾਪਰਨ ਵਾਲੇ ਕਿਸੇ ਵੱਡੀ ਦੁਰਘਟਨਾ ਦੀ ਸੰਭਾਵਨਾ ਨੂੰ ਟਾਲਣ ਵਿੱਚ ਸਫਲਤਾ ਪ੍ਰਾਪਤ ਹੋਈ ਹੈ। ਇਸ ਤੋਂ ਇਲਾਵਾ ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਤਹਿਤ ਹੁਣ ਤੱਕ 4,745 ਐਨ.ਡੀ.ਪੀ.ਐਸ ਕੇਸ ਦਰਜ ਕਰਕੇ, 7,536 ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਅਤੇ 71 ਤਸਕਰਾਂ ਦੀਆਂ ਗੈਰ-ਕਾਨੂੰਨੀ ਜਾਇਦਾਦਾਂ ਨੂੰ ਢਾਹ ਦੇਣ ਵਿੱਚ ਸਫਲਤਾ ਹਾਸਲ ਕੀਤੀ ਗਈ ਹੈ।ਰੈਸਟ ਹਾਊਸ ਸੰਗਰੂਰ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਜੋ 'ਯੁੱਧ ਨਸ਼ਿਆਂ ਵਿਰੁੱਧ' ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ ਵੀ ਹਨ, ਨੇ ਕਾਰਵਾਈ ਦੇ ਵੇਰਵਿਆਂ ਦਾ ਖੁਲਾਸਾ ਕੀਤਾ। ਉਨ੍ਹਾਂ ਦੱਸਿਆ ਕਿ ਭਰੋਸੇਯੋਗ ਖੁਫੀਆ ਜਾਣਕਾਰੀ 'ਤੇ ਕਾਰਵਾਈ ਕਰਦੇ ਹੋਏ ਆਬਕਾਰੀ ਵਿਭਾਗ ਅਤੇ ਸੰਗਰੂਰ ਪੁਲਿਸ ਦੀ ਇੱਕ ਸਾਂਝੀ ਟੀਮ ਨੇ ਸੰਗਰੂਰ-ਦਿੜ੍ਹਬਾ ਹਾਈਵੇਅ 'ਤੇ ਲਗਭਗ 200 ਲੀਟਰ ਗੈਰ-ਕਾਨੂੰਨੀ ਈਥਾਨੌਲ ਲਿਜਾ ਰਹੇ ਇੱਕ ਵਾਹਨ ਨੂੰ ਰੋਕਿਆ ਅਤੇ ਡਰਾਈਵਰ, ਜਿਸਦੀ ਪਛਾਣ ਸ਼ਾਨ ਮੁਹੰਮਦ ਵਜੋਂ ਹੋਈ ਹੈ, ਨੂੰ ਮੌਕੇ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ।ਵਿੱਤ ਮੰਤਰੀ ਨੇ ਦੱਸਿਆ ਕਿ ਅਗਲੇਰੀ ਜਾਂਚ ਦੌਰਾਨ ਇੱਕ ਗੁਪਤ ਸਟੋਰ ਦਾ ਪਤਾ ਲੱਗਿਆ, ਜਿਸ ਦੇ ਨਤੀਜੇ ਵਜੋਂ 34 ਡਰੰਮ ਬਰਾਮਦ ਹੋਏ ਜਿਸ ਵਿੱਚ 60 ਲੀਟਰ ਹਰੇਕ ਅਨੁਸਾਰ ਕੁੱਲ 2,040 ਲੀਟਰ ਈ.ਐਨ.ਏ ਸੀ ਅਤੇ ਇੱਕ ਹੋਰ ਵਿਅਕਤੀ ਅਰਮਾਨ ਮੁਹੰਮਦ ਨੂੰ ਵੀ ਛਾਪੇਮਾਰੀ ਦੌਰਾਨ ਹਿਰਾਸਤ ਵਿੱਚ ਲੈ ਲਿਆ ਗਿਆ ਹੈ।ਜ਼ਬਤ ਕੀਤੇ ਗਏ ਈ.ਐਨ.ਏ ਦੀ ਗੰਭੀਰਤਾ 'ਤੇ ਜ਼ੋਰ ਦਿੰਦੇ ਹੋਏ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਇਸ ਕਾਰਵਾਈ ਨੇ ਜ਼ਹਰੀਲੀ ਸ਼ਰਾਬ ਕਰਕੇ ਵਾਪਰਨ ਦੀ ਸੰਭਾਵਨਾ ਵਾਲੀ ਕਿਸੇ ਵੱਡੀ ਦੁਰਘਟਨਾ ਨੂੰ ਸਫਲਤਾਪੂਰਵਕ ਰੋਕਿਆ ਹੈ, ਕਿਉਂਕਿ ਇਸ ਈ.ਐਨ.ਏ ਦੀ ਵਰਤੋਂ ਨਾਲ ਲਗਭਗ 10,000 ਬੋਤਲਾਂ ਨਕਲੀ ਤੇ ਨਾਜਾਇਜ਼ ਸ਼ਰਾਬ ਤਿਆਰ ਕੀਤੀ ਜਾ ਸਕਦੀ ਸੀ।

# ਡਾ. ਬਲਜੀਤ ਕੌਰ ਨੇ ਕੀਤਾ ਸਬਜ਼ੀ ਮੰਡੀ ਦਾ ਦੌਰਾ



ਮਲੋਟ, 27 ਅਪ੍ਰੈਲ ( ਅਮਨਦੀਪ ਸਿੰਘ ਮਹਿਰਾ ): ਪੰਜਾਬ ਕੈਬੀਨੇਟ ਮੰਤਰੀ ਡਾ. ਬਲਜੀਤ ਕੌਰ ਨੇ ਅੱਜ ਮਲੋਟ ਸਬਜੀ ਮੰਡੀ ਦਾ ਦੌਰਾ ਕੀਤਾ ਜਿੱਥੇ ਉਨ੍ਹਾਂ ਲੋਕਾਂ ਦੀ ਸਮੱਸਿਆਵਾਂ ਮੌਕੇ ਉੱਤੇ ਹੀ ਹੱਲ ਕੀਤੀਆਂ। ਮੰਤਰੀ ਡਾ ਬਲਜੀਤ ਕੌਰ ਨੇ ਸਬਜੀ ਮੰਡੀ ਵਿਖੇ ਸਥਿਤ ਵੱਖ ਵੱਖ ਦੁਕਾਨਦਾਰਾਂ ਨਾਲ ਬੈਠ ਕੇ ਚਾਹ ਪੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ। ਸਬਜ਼ੀ ਮੰਡੀ ਦੇ ਦੁਕਾਨਦਾਰਾਂ ਨੇ ਦੱਸਿਆ ਕਿ ਸ਼ਾਮ ਨੂੰ ਟਰੈਫਿਕ ਸਬੰਧੀ ਸਮੱਸਿਆ ਪੇਸ਼ ਆਉਂਦੀ ਹੈ ਜਿਸ ਕਾਰਨ ਨਾ ਕੇਵਲ ਦੁਕਾਨਦਾਰਾਂ ਬਲਕਿ ਗਾਹਕਾਂ ਨੂੰ ਵੀ ਦਿੱਕਤ ਦਾ ਸਾਹਮਣਾ ਕਰਨਾ ਪੈਂਦਾ ਹੈ। ਡਾ ਬਲਜੀਤ ਕੌਰ ਨੇ ਮੌਕੇ ਉੱਤੇ ਹੀ ਟਰੈਫਿਕ ਪੁਲਸ ਇੰਚਾਰਜ ਨੂੰ ਸੱਦ ਕੇ ਉਹ ਸਮੱਸਿਆ ਤਰਜ਼ੀਹ 'ਤੇ ਸੁਲਝਾਉਣ ਦੇ ਆਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਸੁਚੱਜੀ ਪਾਰਕਿੰਗ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਗੱਡੀਆਂ ਨੂੰ ਆਵਾਜਾਈ 'ਚ ਦਿੱਕਤ ਨਾ ਹੋਵੇ। ਇਸੇ ਤਰ੍ਹਾਂ ਦੁਕਾਨਦਾਰਾਂ ਨੇ ਬੇਨਤੀ ਕੀਤੀ ਕਿ ਸਟਰੀਟ ਲਾਈਟਾਂ ਸ਼ਾਮ ਨੂੰ ਸਮੇਂ ਸਿਰ ਚਲਾ ਦਿੱਤੀਆਂ ਜਾਣ ਤਾਂ ਜੋ ਇਲਾਕੇ ਨੂੰ ਸੁਰੱਖਿਅਤ ਰੱਖਿਆ ਜਾ ਸਕੇ। ਡਾ ਬਲਜੀਤ ਕੌਰ ਨੇ ਮੌਕੇ ਉੱਤੇ ਕਾਰਜਕਾਰੀ ਇੰਜੀਨੀਅਰ ਨਗਰ ਕੌਂਸਲ ਮਲੋਟ ਨੂੰ ਬੁਲਾਕੇ ਨਿਰਦੇਸ਼ ਦਿੱਤੇ ਕਿ ਸਮੇਂ ਸਿਰ ਲਾਇਟਾਂ ਚਲਾਈ ਜਾਣ। ਲੋਕਾਂ ਨੇ ਪੀਣ ਵਾਲੇ ਪਾਣੀ ਦੀ ਸਮੱਸਿਆ ਅਤੇ ਇਲਾਕੇ 'ਚ ਸੀ ਸੀ ਟੀ ਵੀ ਕੈਮਰੇ ਲਗਾਉਣ ਦੀ ਮੰਗ ਰੱਖੀ। ਡਾ ਬਲਜੀਤ ਕੌਰ ਨੇ ਯਕੀਨ ਦਿਵਾਇਆ ਕਿ ਉਹ ਮੰਗਾਂ ਜਲਦ ਹੀ ਪੂਰੀ ਕਰ ਦਿੱਤੀਆਂ ਜਾਣਗੀਆਂ। ਇਸ ਤੋਂ ਇਲਾਵਾ ਉਨ੍ਹਾਂ ਅੰਡਰ ਬ੍ਰਿਜ ਦੀ ਉਸਾਰੀ ਸਬੰਧੀ ਚੱਲ ਰਹੇ ਕੰਮਾਂ ਦਾ ਜਾਇਜ਼ਾ ਲਿਆ। ਇਸ ਮੌਕੇ ਅਰਸ਼ਦੀਪ ਸਿੰਘ ਸਿੱਧੂ ਨਿੱਜੀ ਸਕੱਤਰ, ਸਿੰਦਰਪਾਲ ਨਿੱਜੀ ਸਕੱਤਰ,ਜੋਨੀ ਗਰਗ ਸ਼ਿੰਦਾ ਔਲਖ,ਲਵ ਬਤਰਾ, ਰੇਹੜੀ ਯੂਨੀਅਨ ਦੇ ਪ੍ਰਧਾਨ ਮਨੀ ਮਦਾਨ,ਮੋਨੂੰ ਮਿੱਢਾ,ਨੀਰਜ,ਬਿੰਟਾ ਜਲਹੋਤਰਾ,ਸੋਰਵ ਅਨੇਜਾ,ਕਮਲ ਸੁਨੇਜਾ,ਸੋਨੂ ਕਾਲਰਾ,ਪਿੰਦੀ ਅਰੋੜਾ, ਆਟੋ ਯੂਨੀਅਨ,ਟੈਕਸੀ ਯੂਨੀਅਨ, ਟਾਟਾ ਐਸ ਯੂਨੀਅਨ,ਮਿੱਟੀ ਦੇ ਭਾਂਡੇ ਬਣਾਉਣ ਵਾਲੇ ਮਜ਼ਦੂਰ ਅਤੇ ਦੁਕਾਨਦਾਰ ਹਾਜ਼ਰ ਸਨ।

## ਪਾਕਿਸਤਾਨ ਦੇ ਮਨਸੂਬਿਆਂ ਨੂੰ ਭਾਰਤ ਕਦੇ ਵੀ ਕਾਮਯਾਬ ਨਹੀਂ ਹੋਣ ਦੇਵੇਗਾ ਐਡ.ਗੋਇਲ




ਲਹਿਰਾਗਾਗਾ,27 ਅਪ੍ਰੈਲ ( ਰਾਮੇਸ਼ਵਰ ਸ਼ਰਮਾ / ਖੁਸ਼ਵਿੰਦਰ ਸ਼ਰਮਾ): ਪਿਛਲੇ ਦਿਨੀਂ ਪਾਕਿਸਤਾਨ ਦੀ ਸ਼ਹਿ 'ਤੇ ਅੱਤਵਾਦੀਆਂ ਵਲੋਂ ਪਹਿਲਗਾਮ ਵਿਖੇ ਹਮਲਾ ਕੀਤਾ ਗਿਆ ਇਸ ਕਾਤਿਲਾਨਾ ਹਮਲੇ ਵਿਚ ਕਰੀਬ 27 ਸੈਲਾਨੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਇਸ ਕਾਤਿਲਾਨਾ ਹਮਲੇ ਵਿਚ ਮਾਰੇ ਗਏ ਨਿਰਦੋਸ਼ ਲੋਕਾਂ ਨੂੰ ਸ਼ਰਧਾਂਜਲੀ ਦੇਣ ਲਈ ਅੱਜ ਕੈਂਡਲ ਮਾਰਚ ਕੱਢਿਆ ਗਿਆ ਇਸ ਮੌਕੇ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਐਡਵੋਕੇਟ ਬਰਿੰਦਰ ਗੋਇਲ ਦੇ ਸਪੁੱਤਰ ਐਡਵੋਕੇਟ ਗੌਰਵ ਗੋਇਲ ਨੇ ਪਹਿਲਗਾਮ ਵਿਚ ਹੋਏ ਆਤੰਕੀ ਹਮਲੇ ਦੀ ਸਖਤ ਸ਼ਬਦਾਂ ਵਿੱਚ ਨਿੰਦਿਆਂ ਕਰਦਿਆਂ ਕਿਹਾ ਕਿ ਪਾਕਿਸਤਾਨ ਦੇ ਆਤੰਕੀ ਮਨਸੂਬਿਆਂ ਨੂੰ ਭਾਰਤ ਕਦੇ ਵੀ ਪੂਰਾ ਨਹੀਂ ਹੋਣ ਦੇਵੇਗਾ ਪਾਕਿਸਤਾਨ ਨੇ ਹਮੇਸ਼ਾ ਭਾਰਤ ਦੀ ਪਿੱਠ ਪਿੱਛੇ ਛੂਰਾ ਮਾਰਿਆ ਹੈ ਪਾਕਿਸਤਾਨ ਵਿੱਚ ਐਨੀ ਹਿੰਮਤ ਨਹੀਂ ਕਿ ਉਹ ਭਾਰਤ ਨਾਲ ਸਿੱਧੀ ਟੱਕਰ ਲਾਵੇਂ ਪਹਿਲਗਾਮ ਵਿਚ ਮਾਰੇ ਗਏ ਨਿਰਦੋਸ਼ ਲੋਕਾਂ ਦਾ ਬਦਲਾ ਬਹੁਤ ਛੇਤੀ ਲਿਆ ਜਾਵੇਗਾ ਇਸ ਰੋਸ਼ ਪ੍ਰਦਰਸਨ ਵਿੱਚ ਸ਼ਾਮਲ ਸਮਾਜ ਸੇਵੀ ਪ੍ਰਿੰਸ ਗਰਗ ਨੇ ਪਾਕਿਸਤਾਨ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਉਸ ਵਿੱਚ ਦਮ ਹੈ ਤਾਂ ਉਹ ਖੁੱਲ੍ਹ ਕੇ ਜੰਗ ਦੇ ਮੈਦਾਨ ਵਿੱਚ ਆਵੇ ਫੇਰ ਪਤਾ ਲੱਗ ਜਾਵੇਗਾ ਕਿ ਭਾਰਤ ਦੀ ਸ਼ਕਤੀ ਕੀ ਹੈ ਐਵੇਂ ਲੁਕਨਮੀਚੀ ਦੀ ਖੇਡ ਖੇਡਣ ਦੀ ਕੋਈ ਲੋੜ ਨਹੀਂ ਐਡਵੋਕੇਟ ਗੌਰਵ ਗੋਇਲ ਅਤੇ ਸਮਾਜ ਸੇਵੀ ਪ੍ਰਿੰਸ ਗਰਗ ਨੇ ਭਾਰਤ ਸਰਕਾਰ ਨੂੰ ਬੇਨਤੀ ਕੀਤੀ ਕਿ ਪਹਿਲਗਾਮ ਵਿਚ ਆਤੰਕੀ ਹਮਲੇ ਕਰਨ ਵਾਲੇ ਅੱਤਵਾਦੀਆਂ ਨੂੰ ਲੱਭ ਕੇ ਫਾਂਸੀ ਦੀ ਸਜ਼ਾ ਦਿੱਤੀ ਜਾਵੇ ਪਾਕਿਸਤਾਨ ਦੀ ਇਸ ਘਿਣਾਉਣੀ ਹਰਕਤ ਦਾ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ ਇਸ ਕੈਂਡਲ ਮਾਰਚ ਵਿੱਚ ਸ਼ਹਿਰ ਦੀਆਂ ਵੱਖ ਵੱਖ ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਦੇ ਆਗੂਆਂ ਨੇ ਹਿੱਸਾ ਲਿਆ।

# ਦੋ ਮਹੀਨੇ ਬਾਅਦ ਵੀ ਵਿਜੀਲੈਂਸ ਦੀ ਪਕੜ ਤੋਂ ਬਾਹਰ ਨਿਗਮ ਦਾ ਐਕਸੀਅਨ

## ਜ਼ਮਾਨਤ ਰੱਦ ਹੋਣ ਦੇ ਬਾਵਜੂਦ ਵੀ ਬਠਿੰਡਾ ਵਿਜੀਲੈਂਸ ਨਹੀਂ ਕਰ ਸਕੀ ਗ੍ਰਿਫਤਾਰ

ਬਠਿੰਡਾ, 27 ਅਪ੍ਰੈਲ (ਦੀਪਕ ਸ਼ਰਮਾ ):ਪੰਜਾਬ ਸਰਕਾਰ ਭ੍ਰਿਸ਼ਟਾਚਾਰ ਖ਼ਲਾਫ਼ ਜ਼ੀਰੋ ਟੋਲਰੇਂਸ ਨੀਤੀ ਦੀ ਗੱਲ ਕਰ ਰਹੀ ਹੈ, ਪਰ ਦੂਜੇ ਪਾਸੇ ਭ੍ਰਿਸ਼ਟਾਚਾਰ ਰੋਕਣ ਲਈ ਬਣੇ ਵਿਜੀਲੈਂਸ ਵਿਭਾਗ ਦੀ ਕਾਰਗੁਜ਼ਾਰੀ 'ਤੇ ਸਵਾਲ ਉੱਠਣ ਲੱਗ ਪਏ ਹਨ। ਇਹ ਸਵਾਲ ਇਸ ਕਰਕੇ ਉਠ ਰਹੇ ਹਨ, ਕਿਉਂਕਿ ਵਿਜੀਲੈਂਸ ਬਿਊਰੋ ਬਠਿੰਡਾ ਨੇ ਲਗਭਗ ਦੋ ਮਹੀਨੇ ਪਹਿਲਾਂ, ਯਾਨੀ 25 ਫਰਵਰੀ 2025 ਨੂੰ, ਨਗਰ ਨਿਗਮ ਬਠਿੰਡਾ ਦੇ ਏਕਸਈਐਨ ਗੁਰਪ੍ਰੀਤ ਸਿੰਘ ਵਿਰੁੱਧ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦਾ ਕੇਸ ਦਰਜ ਕੀਤਾ ਸੀ। ਇਸ ਮਾਮਲੇ ਵਿੱਚ ਏਕਸਈਐਨ ਦੀ ਜ਼ਿਲ੍ਹਾ ਸੈਸ਼ਨ ਕੋਰਟ ਤੋਂ ਲੈ ਕੇ ਪੰਜਾਬ-ਹਰਿਆਣਾ ਹਾਈਕੋਰਟ ਤੱਕ ਅਗ੍ਰਿਮ ਜ਼ਮਾਨਤ ਦੀ ਅਰਜ਼ੀ ਰੱਦ ਹੋ ਚੁੱਕੀ ਹੈ, ਪਰ ਦੋ ਮਹੀਨੇ ਲੰਘ ਜਾਣ ਦੇ ਬਾਵਜੂਦ ਵੀ ਬਠਿੰਡਾ ਦੀ ਵਿਜੀਲੈਂਸ ਟੀਮ ਨਾ ਤਾਂ ਉਸਨੂੰ ਗ੍ਰਿਫਤਾਰ ਕਰ ਸਕੀ ਹੈ ਅਤੇ ਨਾ ਹੀ ਜਾਂਚ ਸੰਬੰਧੀ ਹੋਰ ਕੋਈ ਖੁਲਾਸਾ ਕਰ ਸਕੀ ਹੈ।ਵਿਜੀਲੈਂਸ ਟੀਮ ਕੋਲ ਹਰ ਸਵਾਲ ਦਾ ਇੱਕੋ ਜਵਾਬ ਹੈ ਕਿ ਮਾਮਲੇ ਦੀ ਜਾਂਚ ਚੱਲ ਰਹੀ ਹੈ, ਗ੍ਰਿਫਤਾਰੀ ਤੋਂ ਬਾਅਦ ਹੀ ਹੋਰ ਖੁਲਾਸੇ ਹੋਣਗੇ। ਪਰ, ਗ੍ਰਿਫਤਾਰੀ ਕਰਨ 'ਚ ਵੀ ਟੀਮ ਅਜੇ ਤੱਕ ਅਸਫਲ ਰਹੀ ਹੈ। ਹਾਲਾਂਕਿ ਹਰ ਵਾਰੀ ਦਾਅਵਾ ਕੀਤਾ ਜਾਂਦਾ ਹੈ ਕਿ ਲਗਾਤਾਰ ਛਾਪੇ ਮਾਰੀ ਜਾ ਰਹੀ ਹੈ। ਇਸ ਕਾਰਨ ਵਿਜੀਲੈਂਸ ਬਠਿੰਡਾ ਦੇ ਜਾਂਚ ਅਧਿਕਾਰੀਆਂ ਦੀ ਢਿੱਲੀ ਕਾਰਵਾਈ 'ਤੇ ਵੀ ਗੰਭੀਰ ਸਵਾਲ ਉਠ ਰਹੇ ਹਨ। ਬਠਿੰਡਾ ਦੇ ਪ੍ਰਸ਼ਾਸਕੀ ਅਤੇ ਰਾਜਨੀਤਿਕ ਗਲਿਆਰਿਆਂ ਵਿੱਚ ਚਰਚਾ ਜ਼ੋਰਾਂ 'ਤੇ ਹੈ ਕਿ ਨਗਰ ਨਿਗਮ ਦੇ ਇਸ ਅਧਿਕਾਰੀ ਦੇ ਹੱਥ ਕਾਨੂੰਨ ਤੋਂ ਵੀ ਲੰਬੇ ਹਨ, ਜੋ ਆਪਣੇ ਆਪ ਨੂੰ ਬਚਾਉਣ ਵਿੱਚ ਲਗਾਤਾਰ ਸਫਲ ਹੋ ਰਿਹਾ ਹੈ। ਇਸ ਤੋਂ ਇਲਾਵਾ, ਜ਼ਮਾਨਤ ਰੱਦ ਹੋਣ ਮਗਰੋਂ ਵੀ, ਇਹ ਏਕਸਈਐਨ ਬਠਿੰਡਾ ਦੇ ਕੁਝ ਵਿਸ਼ਵਾਸੀ ਅਤੇ ਖਾਸ ਲੋਕਾਂ ਨਾਲ ਸੰਪਰਕ 'ਚ ਹੈ। ਦੂਜੇ ਪਾਸੇ ਵਿਜੀਲੈਂਸ ਦਾਅਵਾ ਕਰ ਰਹੀ ਹੈ ਕਿ ਦੋਸ਼ੀ ਦਾ ਮੋਬਾਈਲ ਬੰਦ ਆ ਰਿਹਾ ਹੈ, ਜਿਸ ਕਰਕੇ ਉਸਦੀ ਲੋਕੇਸ਼ਨ ਦਾ ਪਤਾ ਨਹੀਂ ਲੱਗ ਰਿਹਾ। ਹਾਲਾਂਕਿ ਚਰਚਾ ਇਹ ਵੀ ਹੈ ਕਿ ਉਹ ਪੜੋਸੀ ਰਾਜ ਦੇ ਕਿਸੇ ਸ਼ਹਿਰ ਵਿੱਚ ਲੁਕਿਆ ਹੋਇਆ ਹੈ ਉੱਥੇ ਹੀ ਵਿਜੀਲੈਂਸ ਬਿਊਰੋ ਬਠਿੰਡਾ ਦੇ ਡੀਐਸਪੀ ਕੁਲਵੰਤ ਸਿੰਘ ਦਾ ਕਹਿਣਾ ਹੈ ਕਿ ਏਕਸਈਐਨ ਦੀ ਗਿਰਫਤਾਰੀ ਲਈ ਟੀਮਾਂ ਲਗਾਤਾਰ ਛਾਪੇਮਾਰੀ ਕਰ ਰਹੀਆਂ ਹਨ। ਕੁਝ ਦਿਨ ਪਹਿਲਾਂ ਵੀ ਟੀਮ ਨੇ ਕੁਝ ਥਾਵਾਂ 'ਤੇ ਛਾਪੇ ਮਾਰੇ, ਪਰ ਦੋਸ਼ੀ ਕਿਤੇ ਵੀ ਨਹੀਂ ਮਿਲਿਆ ।ਗੌਰਤਲਬ ਹੈ ਕਿ ਵਿਜੀਲੈਂਸ ਵਿਭਾਗ ਨੇ ਕਈ ਸਾਲ ਦੀ ਲੰਬੀ ਜਾਂਚ ਤੋਂ ਬਾਅਦ ਨਿਗਮ ਏਕਸਈਐਨ ਗੁਰਪ੍ਰੀਤ ਸਿੰਘ ਵਿਰੁੱਧ 25 ਫਰਵਰੀ ਨੂੰ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਆਰੋਪ 'ਚ ਕੇਸ ਦਰਜ ਕੀਤਾ ਸੀ। ਜਾਂਚ ਦੌਰਾਨ ਲਗਭਗ ਦੋ ਕਰੋੜ ਰੁਪਏ ਦੀ ਵਾਧੂ ਜਾਇਦਾਦ ਹੋਣ ਦਾ ਖੁਲਾਸਾ ਹੋਇਆ ਸੀ, ਜਦਕਿ ਵਿਜੀਲੈਂਸ ਨੇ ਇਹ ਵੀ ਦਾਅਵਾ ਕੀਤਾ ਸੀ ਕਿ ਐਕਸੀਐਮ ਦੇ ਫੜੇ ਜਾਣ ਤੋਂ ਬਾਅਦ ਹੋਰ ਆਮਦਨ ਅਤੇ ਸੰਪਤੀ ਦਾ ਖੁਲਾਸਾ ਹੋ ਸਕਦਾ ਹੈ। ਦੱਸਣ ਯੋਗ ਹੈ ਕਿ ਐਕਸੀਅਨ ਤੇ ਸ਼ਹਿਰ ਦੀਆਂ ਕੁਝ ਨਿੱਜੀ ਕਾਲੋਨੀਆਂ 'ਚ ਗੁਪਤ ਰੂਪ ਵਿੱਚ ਹਿੱਸੇਦਾਰੀ ਕਰਨ ਅਤੇ ਉਨ੍ਹਾਂ ਨੂੰ ਨਿਯਮਾਂ ਦੇ ਉਲੰਘਣ 'ਚ ਮਨਜ਼ੂਰੀ ਦਿਲਾਉਣ ਦੇ ਵੀ ਦੋਸ਼ ਲੱਗੇ ਹਨ, ਜਿੰਨ੍ਹਾਂ ਦਾ ਪੂਰਾ ਖੁਲਾਸਾ ਉਸਦੀ ਗ੍ਰਿਫਤਾਰੀ ਤੋਂ ਬਾਅਦ ਹੋਵੇਗਾ ।ਬਿਲਡਿੰਗ ਬ੍ਰਾਂਚ ਵਿੱਚ ਤਾਇਨਾਤ ਰਹੇ ਇਸ ਐਕਸਈਐਨ ਦੇ ਕਾਰਜਕਾਲ ਦੌਰਾਨ ਅਨਅਧਿਕਾਰਤ ਕਲੋਨੀਆ ਅਤੇ ਗੈਰਕਾਨੂੰਨੀ ਨਿਰਮਾਣਾਂ ਦੇ ਮਾਮਲਿਆਂ 'ਤੇ ਵੀ ਵੱਡੇ ਪੱਧਰ 'ਤੇ ਸਵਾਲ ਉਠੇ। ਇੰਨਾ ਹੀ ਨਹੀਂ, ਬਠਿੰਡਾ ਵਿੱਚ ਉਸ ਦੀ ਤਾਇਨਾਤੀ ਦੌਰਾਨ ਕਈ ਵੱਡੇ ਸ਼ੋਰੂਮ ਅਤੇ ਦੁਕਾਨਾਂ ਨਿਯਮ ਨੂੰ ਛਿੱਕੇ ਟੰਗ ਕੇ ਬਣਾਏ ਗਏ, ਪਰ ਆਵਾਜ਼ ਉੱਠਣ 'ਤੇ ਸਿਰਫ਼ ਨੋਟਿਸ ਜਾਰੀ ਕਰ ਕੇ ਰਸਮੀ ਕਾਰਵਾਈ ਕੀਤੀ ਗਈ ।ਇਸ ਦੌਰਾਨ ਸ਼ਹਿਰ ਵਿੱਚ ਵੱਡੇ ਹਸਪਤਾਲਾਂ ਦੇ ਨਕਸ਼ਿਆਂ ਦੇ ਉਲਟ ਨਿਰਮਾਣ ਮਾਮਲਿਆਂ 'ਤੇ ਨਗਰ ਨਿਗਮ ਹਾਊਸ ਮੀਟਿੰਗਾਂ ਵਿੱਚ ਵੀ ਮੁੱਦੇ ਚੁੱਕੇ ਗਏ। ਫਿਰ ਵੀ, ਰਾਜਨੀਤਿਕ ਸਰਪਰਸਤੀ ਪ੍ਰਾਪਤ ਇਸ ਏਕਸਈਐਨ ਵਿਰੁੱਧ ਅੱਜ ਤੱਕ ਕੋਈ ਵੱਡੀ ਕਾਰਵਾਈ ਨਹੀਂ ਹੋਈ। ਦੂਜੇ ਪਾਸੇ ਇਕ ਪੁਰਾਣੀ ਲੰਬੇ ਸਮੇਂ ਤੋਂ ਪੈਂਡਿੰਗ ਸ਼ਿਕਾਇਤ 'ਤੇ ਵਿਜੀਲੈਂਸ ਨੇ ਮਾਮਲਾ ਤਾਂ ਦਰਜ ਕਰ ਲਿਆ, ਪਰ ਕਾਰਵਾਈ ਸਿਰਫ਼ ਮਾਮਲਾ ਦਰਜ ਕਰਨ ਤੱਕ ਹੀ ਸੀਮਿਤ ਰਹਿ ਗਈ ਹੈ।



# ਪਟਿਆਲਾ-ਆਸ/ਪਾਸ



# ਅੱਗ ਨਾਲ 60 ਵਿੱਘੇ ਕਣਕ ਦਾ ਨਾੜ ਸੜ੍ਹਿਆ

**☛ਬਿਜਲੀ ਦੀਆਂ ਢਿੱਲੀਆਂ ਤਾਰਾਂ ਦੇ ਸਪਾਰਕਿੰਗ ਹੋਣ ਕਾਰਨ ਵਾਪਰੀ ਘਟਨਾ**
**☛ਪਿੰਡ ਵਾਸੀਆਂ ਤੇ ਫਾਇਰ ਬ੍ਰਿਗੇਡ ਦੀ ਗੱਡੀ ਨੇ ਮੌਕੇ 'ਤੇ ਪਹੁੰਚ ਕੇ ਅੱਗ 'ਤੇ ਪਾਇਆ ਕਾਬੂ**

ਘਨੌਰ, 27 ਅਪ੍ਰੈਲ (ਮਦਨ ਲਾਲ/ ਰਾਜਿੰਦਰ ਸਿੰਘ ਕੰਬੋਜ) : ਹਲਕਾ ਘਨੌਰ ਵਿੱਚ ਪੈਂਦੇ ਪਿੰਡ ਖੇੜੀ ਗੁਰਨਾ ਵਿੱਚ ਬੀਤੀ ਸ਼ਾਮ ਬਿਜਲੀ ਦੀਆਂ ਤਾਰਾਂ ਦੇ ਪਾਰਕਿੰਗ ਹੋਣ ਕਾਰਨ ਅੱਗ ਲੱਗਣ ਕਾਰਨ 60 ਵਿੱਘੇ ਕਣਕ ਦਾ ਨਾੜ ਸੜ ਕੇ ਸਵਾਹ ਹੋ ਜਾਣ ਦਾ ਸਮਾਂਚਾਰ ਹੈ। ਇਸ ਘਟਨਾ ਬਾਰੇ ਜਾਣਕਾਰੀ ਦਿੰਦੇ ਹੋਏ ਕਿਸਾਨ ਜੱਸੀ ਢਿੱਲੋਂ, ਅਮਰੀਕ ਸਿੰਘ ਢਿੱਲੋਂ, ਜਰਨੈਲ ਸਿੰਘ ਖੇੜੀ ਗੁਰਨਾ ,ਸਰਪੰਚ ਜਸਮੀਤ ਸਿੰਘ ਰੋਡੀ , ਕਰਮਪ੍ਰੀਤ ਸਿੰਘ, ਹੈਪੀ ਗੁਰਨਾ,ਜੈ ਸਿੰਘ ਥਿੰਦ,ਪ੍ਰਧਾਨ ਰਵਿੰਦਰ ਸਿੰਘ ਗੋਲਡੀ, ਗੁਰਮੇਜਰ ਸਿੰਘ ਗੁਰਨਾ ਤੋਂ ਇਲਾਵਾ ਹੋਰ ਕਿਸਾਨਾਂ ਨੇ ਦੱਸਿਆ ਕਿ ਉਹਨਾਂ ਦੇ ਖੇਤਾਂ ਵਿੱਚੋਂ ਬਿਜਲੀ ਦੀਆਂ ਤਾਰਾਂ ਲੰਘਦੀਆਂ ਹਨ ਜੋ ਕਿ ਢਿਲੀਆ ਹੋਣ ਕਰਕੇ ਬੀਤੀ ਸ਼ਾਮ ਆਪਸ ਵਿੱਚ ਟਕਰਾ ਕੇ ਇਕ ਚੰਗਿਆੜਾ ਕਣਕ ਦੇ ਨਾੜ ਉੱਤੇ ਡਿੱਗ ਗਿਆ।,ਜਿਸ ਕਾਰਨ ਕਣਕ ਦੇ ਨਾੜ ਨੂੰ ਅੱਗ ਲੱਗ ਗਈ, ਜਦੋਂ ਅੱਗ ਦੀਆਂ ਲਪਟਾਂ ਦਿਸੀਆ ਤਾਂ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਅਨਾਊਂਸਮੈਂਟ ਕਰਵਾਈ ਗਈ। ਇਸ ਤੋਂ ਇਲਾਵਾ ਸ਼ੰਭੂ ਅੱਡੇ ਵਿਖੇ ਫਾਇਰ ਬ੍ਰਿਗੇਡ ਦੀ ਗੱਡੀ ਨੂੰ ਸੂਚਿਤ ਕੀਤਾ। ਉਨਾਂ ਦੱਸਿਆ ਕਿ ਇਸ ਤੋਂ ਇਲਾਵਾ ਕਿਸਾਨਾਂ ਵੱਲੋਂ ਇਸ ਅੱਗ 'ਤੇ ਕਾਬੂ ਪਾਉਣ ਲਈ ਆਪਣੇ ਟਰੈਕਟਰਾਂ ਨਾਲ ਜ਼ਮੀਨ ਵਾਹੀ ਗਈ ਤਾਂ ਜੋ ਅੱਗ ਨੂੰ ਅੱਗੇ ਜਾਣ ਤੋਂ ਰੋਕਿਆ ਜਾ ਸਕੇ। ਉਹਨਾਂ ਕਿਹਾ ਕਿ ਬੜੀ ਮੁਸ਼ਕਿਲ ਨਾਲ ਫਾਇਰ ਬ੍ਰਿਗੇਡ ਦੀ ਗੱਡੀ ਨੇ ਮੌਕੇ 'ਤੇ ਪਹੁੰਚ ਕੇ ਅੱਗ 'ਤੇ ਕਾਬੂ ਪਾਇਆ, ਪਰੰਤੂ ਉਦੋਂ ਤੱਕ 60 ਵਿੱਘੇ ਦੇ ਕਰੀਬ ਕਣਕ ਦਾ ਨਾੜ ਸੜ ਕੇ ਸਵਾਹ ਹੋ ਗਿਆ ਸੀ ਜੋ ਕਿ ਕਿਸਾਨਾਂ ਵੱਲੋਂ ਆਪਣੇ ਪਸ਼ੂਆਂ ਲਈ ਚਾਰਾ ਬਣਾਉਣ ਲਈ ਰੱਖਿਆ ਹੋਇਆ ਸੀ। ਪੀੜਤ ਕਿਸਾਨਾਂ ਨੇ ਦੱਸਿਆ ਕਿ ਹਰੇਕ ਸਾਲ ਕਣਕ ਦੇ ਸੀਜ਼ਨ ਦੌਰਾਨ ਪਾਵਰਕੌਮ ਦੇ ਅਧਿਕਾਰੀਆਂ ਦੀ ਨਲਾਇਕੀ ਕਾਰਨ ਸੈਂਕੜੇ ਏਕੜ ਕਣਕ ਅਤੇ ਨਾੜ ਅੱਗ ਲੱਗਣ ਕਾਰਨ ਤਬਾਹ ਹੋ ਜਾਂਦਾ ਹੈ । ਪ੍ਰੰਤੂ ਇਸਦੇ ਬਾਵਜੂਦ ਵੀ ਖੇਤਾਂ ਵਿੱਚੋਂ ਗੁਜਰਦੀਆ ਢਿੱਲੀਆ ਤਾਰਾਂ ਨੂੰ ਨਹੀਂ ਕਸਿਆ ਜਾਂਦਾ। ਉਹਨਾਂ ਸੂਬਾ ਸਰਕਾਰ ਅਤੇ ਬਿਜਲੀ ਮੰਤਰੀ ਤੋਂ ਖੇਤਾਂ ਵਿੱਚੋਂ ਗੁਜ਼ਰਦੀਆਂ ਢਿੱਲੀਆਂ ਤਾਰਾਂ ਨੂੰ ਕੱਸਣ ਦੀ ਮੰਗ ਕੀਤੀ ਤਾਂ ਜੋ ਸੂਬੇ ਦੇ ਕਿਸਾਨਾਂ ਨੂੰ ਹਰੇਕ ਸੀਜ਼ਨ ਦੌਰਾਨ ਹੁੰਦੇ ਹੀ ਆਰਥਿਕ ਨੁਕਸਾਨ ਤੋਂ ਬਚਾਇਆ ਜਾ ਸਕੇ। ਬੀਤੇ ਦਿਨੀ ਪਿੰਡ ਖੇੜੀ ਗੁਰਨਾ 'ਚ ਦੋ ਵਾਰ ਕਣਕ ਦੇ ਨਾੜ ਨੂੰ ਅੱਗ ਲੱਗਣ ਦੀ ਘਟਨਾ ਵਾਪਰੀ।



## ਸੜਕ ਹਾਦਸੇ 'ਚ ਜ਼ਖਮੀ ਦੀ ਇਲਾਜ ਦੌਰਾਨ ਮੌਤ

ਪਟਿਆਲਾ, 27 ਅਪ੍ਰੈਲ (ਵਿਨੋਦ ਸ਼ਰਮਾ) : ਥਾਣਾ ਪਸਿਆਣਾ ਪੁਲਿਸ ਕੋਲ ਜਿੰਦਰ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀ ਪਿੰਡ ਅਕਾਲਗੜ੍ਹ ਕਾਰ ਦੇ ਅਣਪਛਾਤੇ ਡਰਾਇਵਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਲੜਕਾ ਹਰਸ਼ਦੀਪ ਸਿੰਘ, ਜੋ ਕਿ ਆਪਣੇ ਮੋਟਰਸਾਇਕਲ 'ਤੇ ਸਵਾਰ ਹੋ ਕੇ ਪਿੰਡ ਰਿਵਾਸ ਬ੍ਰਾਹਮਣਾ ਪਾਸ ਜਾ ਰਿਹਾ ਸੀ, ਜੋ ਅਚਾਨਕ ਅੱਗੇ ਅਵਾਰਾ ਪਸ਼ੂ ਆਉਣ ਕਾਰਨ ਹਰਸ਼ਦੀਪ ਸਿੰਘ ਸੜਕ ਪਰ ਡਿੱਗ ਪਿਆ ਅਤੇ ਪਿੱਛੋਂ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਆ ਰਹੀ ਕਾਰ ਹਰਸ਼ਦੀਪ ਸਿੰਘ ਦੇ ਉਪਰੋਂ ਲੰਘ ਗਈ, ਜਿਸਦੀ ਦੌਰਾਨੇ ਇਲਾਜ ਮੌਤ ਹੋ ਗਈ। ਪੁਲਿਸ ਨੇ ਧਾਰਾ 281,106(1), 324(2) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਗੜ੍ਹੀ ਸਮੇਤ ਵੱਖ-ਵੱਖ ਜਥੇਬੰਦੀਆਂ ਨੇ ਨਵ-ਨਿਯੁਕਤ ਮੈਨੇਜਰ ਨੂੰ ਕੀਤਾ ਸਨਮਾਨਤ

ਪਟਿਆਲਾ, 27 ਅਪ੍ਰੈਲ (ਰੁਪਾਣਾ) : ਗੁਰਦੁਆਰਾ ਸ੍ਰੀ ਦੂਖ-ਨਿਵਾਰਨ ਸਾਹਿਬ ਦੇ ਨਵ ਨਿਯੁਕਤ ਮੈਨੇਜਰ ਭਾਗ ਸਿੰਘ ਦਾ ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਅਤੇ ਵੱਖ ਵੱਖ ਗੁਰਦੁਆਰਾ ਸਾਹਿਬਾਨ ਦੇ ਮੈਨੇਜਰ ਸਾਹਿਬਾਨ ਵੱਲੋਂ ਅਹੁਦੇ ਦਾ ਕਾਰਜਕਾਰ ਸੰਭਾਲਣ ਮੌਕੇ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਸ਼ਹਿਰ ਦੀਆਂ ਵੱਖ-ਵੱਖ ਜਥੇਬੰਦੀਆਂ ਵਿਚ ਸ਼੍ਰੋਮਣੀ ਕਮੇਟੀ ਦੇ ਸੇਵਾ ਮੁਕਤ ਮੁਲਾਜ਼ਮਾਂ ਨੇ ਸਿਰੋਪਾਉ ਭੇਟ ਕੀਤਾ। ਉਪਰੰਤ ਗੱਲਬਾਤ ਕਰਦਿਆਂ ਅੰਤ੍ਰਿੰਗ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਕਿਹਾ ਕਿ ਨਵ ਨਿਯੁਕਤ ਮੈਨੇਜਰ ਵੱਖ ਵੱਖ ਗੁਰਦੁਆਰਾ ਸਾਹਿਬਾਨ ਵਿਖੇ ਆਪਣੀਆਂ ਸੇਵਾਵਾਂ ਨਿਭਾ ਚੁੱਕੇ ਹਨ ਅਤੇ ਹੁਣ ਉਹ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨਛੋਹ ਅਸਥਾਨ ਵਿਖੇ ਕਾਰਜਸ਼ੀਲ ਹੋਣਗੇ ਅਤੇ ਆਸ ਪ੍ਰਗਟ ਕੀਤੀ ਕਿ ਗੁਰਦੁਆਰਾ ਪ੍ਰਬੰਧ ਨੂੰ ਵਧੇਰੇ ਸੁਚਾਰੂ ਬਣਾਉਣ ਵਿਚ ਆਪਣਾ ਵਡਮੁੱਲਾ ਯੋਗਦਾਨ ਪਾਉਣਗੇ। ਇਸ ਮੌਕੇ ਹੈੱਡ ਗ੍ਰੰਥੀ ਭਾਈ ਪ੍ਰਨਾਮ ਸਿੰਘ, ਹੈੱਡ ਗ੍ਰੰਥੀ ਭਾਈ ਅਵਤਾਰ ਸਿੰਘ ਬਹਾਦਰਗੜ੍ਹ, ਮੀਤ ਮੈਨੇਜਰ ਮਨਦੀਪ ਸਿੰਘ ਭਲਵਾਨ, ਆਤਮ ਪ੍ਰਕਾਸ਼ ਸਿੰਘ ਬੇਦੀ, ਸੁਰਜੀਤ ਸਿੰਘ ਕੌਲੀ, ਮਨਜੀਤ ਸਿੰਘ ਕੌਲੀ, ਸੇਵਾ ਮੁਕਤ ਮੁਲਾਜ਼ਮਾਂ ਵਿਚ ਸਾਬਕਾ ਸਕੱਤਰ ਡਾ. ਪਰਮਜੀਤ ਸਿੰਘ ਸਰੋਆ, ਸਾਬਕਾ ਮੈਨੇਜਰ ਹਰਦੀਪ ਸਿੰਘ ਭੰਗੂ, ਸੁਖਵਿੰਦਰ ਸਿੰਘ, ਬਲਵਿੰਦਰ ਸਿੰਘ ਦੌਣ ਕਲਾਂ, ਸੁਰਿੰਦਰ ਸਿੰਘ ਘੁਮਾਣਾ, ਸੁਖਜੀਤ ਸਿੰਘ ਬਘੌਰਾ, ਅਕਾਊਂਟੈਂਟ ਗੁਰਮੀਤ ਸਿੰਘ, ਭਾਈ ਸਰਬਜੀਤ ਸਿੰਘ, ਭਾਈ ਹਜ਼ੂਰ ਸਿੰਘ, ਭਾਈ ਮਨਜੀਤ ਸਿੰਘ ਪਵਾਰ ਆਦਿ ਵੀ ਉਚੇਚੇ ਤੌਰ 'ਤੇ ਸ਼ਾਮਲ ਸਨ।



## ਖੇੜਾ ਜੱਟਾਂ ਵਿਖੇ ਨਾਜਾਇਜ਼ ਮਾਈਨਿੰਗ ਕਰਦੀ ਪੋਕਲੇਨ ਮਸ਼ੀਨ ਤੇ ਮਿੱਟੀ ਦਾ ਭਰਿਆ ਟਿਪਰ ਕਾਬੂ

ਸਮਾਣਾ, 27 ਅਪ੍ਰੈਲ (ਵਿਜੇ ਕੁਮਾਰ) : ਪਿੰਡ ਖੇੜਾ ਜੱਟਾ ਵਿਖੇ ਚੱਲ ਰਹੀ ਨਾਜਾਇਜ਼ ਮਾਈਨਿੰਗ ਸਬੰਧੀ ਪਿੰਡ ਖੇੜਾ ਜੱਟਾ ਵਿਖੇ ਚੱਲ ਰਹੀ ਨਾਜਾਇਜ਼ ਮਾਈਨਿੰਗ ਨੂੰ ਲੈ ਕੇ ਮਾਈਨਿੰਗ ਮਹਿਕਮੇ ਵਿਖੇ ਸ਼ਿਕਾਇਤ ਪ੍ਰਾਪਤ ਹੋਈ। ਇਹ ਜਾਣਕਾਰੀ ਦਿੰਦਿਆਂ ਮਾਈਨਿੰਗ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਪ੍ਰਥਮ ਗੰਭੀਰ ਨੇ ਦੱਸਿਆ ਕਿ ਇਸ ਸੂਚਨਾ 'ਤੇ ਕਾਰਵਾਈ ਕਰਦਿਆਂ ਮਾਈਨਿੰਗ ਅਫਸਰ ਵੱਲੋਂ ਮੌਕਾ ਦੇਖਿਆ ਗਿਆ ਤਾ ਮੌਕੇ 'ਤੇ ਇੱਕ ਨੰਬਰ ਪੋਕਲੇਨ ਮਸ਼ੀਨ ਜਿਸਦਾ ਰੰਗ ਪੀਲਾ ਮਾਰਕਾ ਕੋਮਾਟਸੂ ਅਤੇ ਇੱਕ ਨੰਬਰ ਟਿੱਪਰ ਮਿੱਟੀ ਦਾ ਭਰਿਆ ਹੋਇਆ, ਜਿਸ ਦਾ ਨੰਬਰ ਪੀਬੀ 11 ਡੀ.ਸੀ 3265 ਮੌਕੇ 'ਤੇ ਕਾਬੂ ਕਰ ਲਿਆ ਗਿਆ।ਉਨ੍ਹਾਂ ਅੱਗੇ ਦੱਸਿਆ ਕਿ ਮੌਕੇ 'ਤੇ ਮੁੱਖ ਥਾਣਾ ਅਫਸਰ ਥਾਣਾ ਪਸਿਆਣਾ ਦੀ ਪੁਲਿਸ ਪਾਰਟੀ ਦੀ ਮਦਦ ਨਾਲ ਉਕਤ ਮਸ਼ੀਨਰੀ ਵਿਰੁੱਧ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਅਤੇ ਉਕਤ ਮਸ਼ੀਨਰੀ ਮਾਲਿਕ ਅਤੇ ਜ਼ਮੀਨ ਮਾਲਕ ਖ਼ਿਲਾਫ਼ ਪੰਜਾਬ ਮਾਈਨਰ ਮਿਨਰਲ ਐਕਟ 1957 ਦੀ ਧਾਰਾ 21(1) ਅਤੇ 4(1) ਦੇ ਤਹਿਤ ਪਰਚਾ ਦਰਜ ਕਰਨ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ।

## ਬਿਨਾਂ ਟਰੇਡ ਲਾਇਸੰਸ ਦੁਕਾਨਾਂ ਦੇ ਕੱਟੇ ਜਾਣਗੇ ਚਲਾਨ, ਹੋਵੇਗਾ ਭਾਰੀ ਜੁਰਮਾਨਾ

ਪਟਿਆਲਾ, 27 ਅਪ੍ਰੈਲ (ਰੁਪਾਣਾ) : ਕਰੱਪਸ਼ਨ ਨੂੰ ਠੱਲ੍ਹ ਪਾਉਣ ਅਤੇ ਨਗਰ ਨਿਗਮ ਦਾ ਮਾਲੀਆ ਵਧਾਉਣ ਲਈ ਮੇਅਰ ਕੁੰਦਨ ਗੋਗੀਆ ਦੇ ਦਿਸ਼ਾ ਨਿਰਦੇਸ਼ ਨਾਲ ਨਗਰ ਨਿਗਮ ਅਧਿਕਾਰੀਆਂ ਵੱਲੋਂ ਲਗਾਤਾਰ ਕਰੱਪਸ਼ਨ ਕਰਨ ਵਾਲਿਆਂ ਦੇ ਚਲਾਣ ਕੱਟੇ ਜਾ ਰਹੇ ਹਨ। ਇਸੇ ਤਹਿਤ ਮੇਅਰ ਵੱਲੋਂ ਨਗਰ ਨਿਗਮ ਦੇ ਲਾਇਸੰਸ ਬ੍ਰਾਂਚ ਦੇ ਕੰਮਕਾਜ ਸਬੰਧੀ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ।ਉਨ੍ਹਾਂ ਪਟਿਆਲਾ ਦੇ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਮਿਤੀ 30 ਅਪ੍ਰੈਲ ਤੱਕ ਬਿਨਾ ਜੁਰਮਾਨਾ ਟਰੇਡ ਲਾਇਸੰਸ ਰਨੀਊ ਕੀਤੇ ਜਾ ਰਹੇ ਹਨ, ਜਿਸ ਦਾ ਲੋਕ ਵੱਧ ਤੋਂ ਵੱਧ ਲਾਭ ਲੈਣ ਅਤੇ 30 ਅਪ੍ਰੈਲ ਤੋਂ ਬਾਅਦ ਬਿਨ੍ਹਾਂ ਟਰੇਡ ਲਾਇਸੰਸ ਦੁਕਾਨਾਂ ਦੇ ਚਲਾਨ ਕੱਟੇ ਜਾਣਗੇ ਅਤੇ ਭਾਰੀ ਜੁਰਮਾਨਾ ਕੀਤਾ ਜਾਵੇਗਾ। ਇਸ ਮੌਕੇ ਮੇਅਰ ਕੁੰਦਨ ਗੋਗੀਆ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਲਾਇਸੰਸ ਸ਼ਾਖਾ ਸਟਾਫ ਨੂੰ ਬਿਨਾਂ ਟਰੇਡ ਲਾਇਸੰਸ ਦੁਕਾਨਾਂ ਦੀ ਚੈਕਿੰਗ ਕਰਨ ਦੀ ਹਦਾਇਤ ਕੀਤੀ ਗਈ ਅਤੇ ਦੁਕਾਨਾਂ ਦੀ ਚੈਕਿੰਗ ਦੇ ਟੀਮਾਂ ਦਾ ਗਠਨ ਕੀਤਾ ਗਿਆ, ਜਿਸ ਵਿੱਚ ਦੁਕਾਨਦਾਰਾਂ ਦੇ ਲਾਇਸੰਸ ਚੈੱਕ ਕੀਤੇ ਜਾਣਗੇ ਅਤੇ ਜੇਕਰ ਲਾਇਸੰਸ ਦੀ ਮਿਆਦ ਕੁਝ ਦਿਨ ਹੀ ਬਾਕੀ ਹੈ, ਤਾਂ ਉਨ੍ਹਾਂ ਨੂੰ ਸੌਖੇ ਢੰਗ ਨਾਲ ਰੀਨੀਊ ਕਰਵਾਉਣ ਵਿੱਚ ਮਦਦ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਜੇਕਰ ਸ਼ਹਿਰ ਦੀ ਨੁਹਾਰ ਬਦਲਣੀ ਹੈ ਤਾਂ ਸ਼ਹਿਰ ਦੇ ਲੋਕਾਂ ਨੂੰ ਇਮਾਨਦਾਰੀ ਨਾਲ ਆਪਣਾ ਬਣਦਾ ਟੈਕਸ ਭਰਨਾ ਹੋਵੇਗਾ। ਉਨ੍ਹਾਂ ਕਿਹਾ ਕਿ ਨਗਰ ਨਿਗਮ ਵੱਲੋਂ ਲਾਇਸੰਸ ਲੈਣ ਵਾਲੇ ਦੁਕਾਨਦਾਰ ਅਤੇ ਟੈਕਸ ਭਰਨ ਵਾਲੇ ਆਦਿ ਲੋਕਾਂ ਨੂੰ ਬਿਲਕੁਲ ਵੀ ਤੰਗ ਨਹੀਂ ਕੀਤਾ ਜਾ ਰਿਹਾ।ਨਿਗਮ ਵੱਲੋਂ ਸਿਰਫ ਕਰੱਪਸ਼ਨ ਕਰਨ ਵਾਲੇ ਕਰਮਚਾਰੀ ਜਾਂ ਲੋਕਾਂ 'ਤੇ ਇੱਕੋ ਨਾਲ ਦੀ ਕਾਰਵਾਈ ਕੀਤੀ ਜਾਵੇਗੀ, ਕਿਉਂਕਿ ਪਹਿਲੀਆਂ ਸਰਕਾਰਾਂ ਵਿੱਚ ਅਧਿਕਾਰੀ ਨਿਗਮ ਵਿੱਚ ਮਾਲੀਆ ਵਧਾਉਣ ਦੀ ਬਜਾਏ ਆਪਣੇ ਘਰ ਦਾ ਮਾਲੀਆ ਵਧਾਉਂਦੇ ਸਨ, ਜਿਸ ਨਾਲ ਅਕਸਰ ਨਗਰ ਨਿਗਮ ਘਾਟੇ ਦਾ ਮਹਿਕਮਾ ਬਣਦਾ ਗਿਆ ਪਰ ਇਸ ਦੇ ਉਲਟ ਹੁਣ ਨਗਰ ਨਿਗਮ ਦੀ ਤਰੱਕੀ ਲਈ ਹੰਭਲੇ ਮਾਰੇ ਜਾ ਰਹੇ ਹਨ। ਇਸ ਮੌਕੇ ਮੇਅਰ ਆਫਿਸ ਦੇ ਸੁਪਰਡੈਂਟ ਗੁਰਪ੍ਰੀਤ ਸਿੰਘ ਚਾਵਲਾ, ਸੁਪਰਡੈਂਟ ਲਵਨੀਸ਼ ਗੋਇਲ, ਇੰਸਪੈਕਟਰ ਲਲਿਤ ਕੁਮਾਰ ਅਤੇ ਰਮਿੰਦਰ ਸਿੰਘ ਤੋਂ ਇਲਾਵਾ ਹੋਰ ਸਬੰਧਤ ਅਧਿਕਾਰੀ ਵੀ ਮੌਜੂਦ ਰਹੇ।



## ਮੈਡੀਕਲ ਕੈਂਪ ਦੌਰਾਨ ਮਰੀਜ਼ਾਂ ਨੂੰ ਫ੍ਰੀ ਦਵਾਈਆਂ ਦਿੱਤੀਆਂ



ਘਨੌਰ, 27 ਅਪ੍ਰੈਲ (ਰਾਜਿੰਦਰ ਸਿੰਘ ਕੰਬੋਜ) : ਹਲਕਾ ਘਨੌਰ ਵਿੱਚ ਪੈਂਦੇ ਪਿੰਡ ਬਾਸਮਾ ਵਿਚ ਸਥਿਤ ਸਟੈਲਰ ਇੰਟਰਨੈਸ਼ਨਲ ਸਕੂਲ ਵਿੱਚ ਮੇਹਰ ਹਸਪਤਾਲ ਜ਼ੀਰਕਪੁਰ ਵੱਲੋਂ ਮੁਫਤ ਮੈਡੀਕਲ ਚੈੱਕਅਪ ਕੈਂਪ ਲਗਾਇਆ ਗਿਆ, ਜਿਸ ਦਾ ਉਦਘਾਟਨ ਸਕੂਲ ਦੀ ਪ੍ਰਿੰਸੀਪਲ ਸਵਰਨ ਸ਼ਰਮਾ ਨੇ ਆਪਣੇ ਕਰ ਕਮਲਾ ਨਾਲ ਕੀਤਾ। ਇਸ ਕੈਂਪ 'ਚ ਮਰੀਜ਼ਾਂ ਦੀ ਮੁਫ਼ਤ ਜਾਂਚ ਕੀਤੀ। ਕੈਂਪ ਵਿੱਚ ਡਾ.ਸਤਨਾਮ ਸਿੰਘ, ਡਾ. ਸਲੇਂਦਰ, ਡਾ. ਮੋਹਿਤ, ਸੁਨੀਤਾ ਦਿਵਿਆ, ਮੁਸਕਾਨ ਅਤੇ ਸੁਖਜਿੰਦਰ ਸਿੰਘ ਦੀ ਅਗਵਾਈ ਵਿੱਚ ਪਹੁੰਚੇ ਡਾਕਟਰਾਂ ਦੀ ਟੀਮ ਨੇ 91 ਮਰੀਜ਼ਾਂ ਦਾ ਮੁਫਤ ਚੈਕਅਪ ਕੀਤਾ । ਸਕੂਲ ਦੀ ਪ੍ਰਿੰਸੀਪਲ ਸਵਰਨ ਸ਼ਰਮਾ ਨੇ ਆਪਣੇ ਕਰ ਕਮਲਾਂ ਨਾਲ ਇਹਨਾਂ ਮਰੀਜ਼ਾਂ ਨੂੰ ਮੁਫਤ ਦਵਾਈਆਂ ਵੰਡੀਆਂ। ਇਸ ਮੌਕੇ ਨੰਬਰਦਾਰ ਤੁਲਸਾ ਸਿੰਘ ਬਾਸਮਾ, ਸਰਪੰਚ ਗੁਰਦੀਪ ਸਿੰਘ, ਸਤਿੰਦਰ ਸਿੰਘ ਸੱਤੀ ਸਕੂਲ ਦਾ ਸਮੁੱਚਾ ਸਟਾਫ, ਬੱਚੇ ਉਹਨਾਂ ਦੇ ਮਾਪੇ ਅਤੇ ਹੋਰ ਪਿੰਡ ਵਾਸੀ ਹਾਜ਼ਰ ਸਨ।

## ਜ਼ਮੀਨੀ ਪੱਧਰ 'ਤੇ ਲੋਕਾਂ ਦੀਆਂ ਜ਼ਰੂਰਤਾਂ ਦਾ ਧਿਆਨ ਰੱਖਣਾ ਸਾਡਾ ਮੁੱਢਲਾ ਫਰਜ਼ : ਤੇਜਿੰਦਰ ਮਹਿਤਾ

ਪਟਿਆਲਾ, 27 ਅਪ੍ਰੈਲ (ਰੁਪਾਣਾ) : ਪੰਜਾਬ ਸਰਕਾਰ ਵੱਲੋਂ ਰਾਸ਼ਨ ਵੰਡ ਪ੍ਰਣਾਲੀ ਵਿੱਚ ਪਾਰਦਰਸ਼ਤਾ ਲਿਆਉਣਾ ਅਤੇ ਧੋਖਾਧੜੀ ਨੂੰ ਰੋਕਣ ਲਈ ਵੱਖ ਵੱਖ ਥਾਵਾਂ 'ਤੇ ਕੈਂਪ ਲਗਵਾ ਕੇ ਈ ਕੇ ਵਾਈ ਸੀ ਕਰਵਾਈ ਜਾ ਰਹੀ ਹੈ।ਇਸੇ ਤਹਿਤ ਜ਼ਿਲ੍ਹਾ ਪ੍ਰਧਾਨ ਤੇਜਿੰਦਰ ਮਹਿਤਾ ਨੇ ਮੋਹਰੀ ਰਹਿੰਦਿਆਂ ਆਪਣੇ ਇਲਾਕੇ ਵਿੱਚ ਕੈਂਪ ਲਗਵਾ ਕੇ ਪੰਜਾਬ ਸਰਕਾਰ ਵੱਲੋਂ ਮਿਲਣ ਵਾਲੀ ਕਣਕ ਤੇ ਹੋਰ ਸਾਮਾਨ ਲੈਣ ਵਾਲੇ ਲਾਭਪਾਤਰੀਆ ਦੀ ਈ ਕੇ ਵਾਈ ਸੀ ਕਰਵਾਈ। ਇਸ ਮੌਕੇ ਤੇਜਿੰਦਰ ਮਹਿਤਾ ਨੇ ਕਿਹਾ ਕਿ ਸਰਕਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵਿੱਚ ਆਪ ਦੀ ਸਰਕਾਰ ਆਪ ਦੇ ਦੁਆਰ ਦੇ ਤਹਿਤ ਜਿਨ੍ਹਾਂ ਦੇ ਰਾਸ਼ਨ ਕਾਰਡ ਬਣੇ ਹੋਏ ਸਨ, ਉਹਨਾਂ ਦੀ ਅੱਜ ਈ ਕੇ ਵਾਈ ਸੀ ਚੱਲ ਰਹੀ ਹੈ, ਕਿਉਂਕਿ ਰਾਸ਼ਨ ਕਾਰਡ ਬਣਨ ਤੋਂ ਬਾਅਦ ਜਿਆਦਾਤਰ ਲੋਕਾਂ ਨੂੰ ਰਾਸ਼ਨ ਨਹੀਂ ਸੀ ਮਿਲ ਰਿਹਾ। ਹੁਣ ਉਹਨਾਂ ਦੀ ਈ ਕੇ ਵਾਈ ਸੀ ਹੋਣ ਮਗਰੋਂ ਉਹਨਾਂ ਨੂੰ ਰਾਸ਼ਨ ਮਿਲਣਾ ਸ਼ੁਰੂ ਹੋ ਜਾਵੇਗਾ। ਇਸ ਤੋਂ ਇਲਾਵਾ ਕਾਰਪੋਰੇਸ਼ਨ ਨਾਲ ਸੰਬੰਧਤ ਕੰਮਾਂ ਦਾ ਕੈਂਪ ਵੀ ਵਾਰਡ ਨੰਬਰ 34 ਵਿੱਚ ਲੱਗਣ ਜਾ ਰਿਹਾ ਹੈ, ਜਿਸ ਵਿੱਚ ਹਾਊਸ ਟੈਕਸ, ਪ੍ਰੋਪਰਟੀ ਟੈਕਸ ਅਤੇ ਜਿੰਨੇ ਵੀ ਹੋਰ ਕੋਈ ਪਾਣੀ, ਬਿਜਲੀ ਆਦਿ ਦੇ ਬਿੱਲ ਸੈਟਲਮੈਂਟ ਹਨ, ਸ਼ਾਮਲ ਹੋਣਗੇ। ਮਹਿਤ ਨੇ ਕਿਹਾ ਕਿ ਇਸ ਕੈਂਪ ਵਿੱਚ 200 ਦੇ ਕਰੀਬ ਲੋਕਾਂ ਨੇ ਈ ਕੇ ਵਾਈ ਸੀ ਕਰਵਾਈ। ਉਨ੍ਹਾਂ ਬਾਕੀ ਰਹਿੰਦੇ ਲਾਭਪਾਤਰੀਆਂ ਨੂੰ ਈ-ਵੀਕੇਵਾਈਸੀ ਪ੍ਰਕਿਰਿਆ ਲਈ ਅਪੀਲ ਕੀਤੀ ਹੈ । ਸਰਕਾਰ ਨੇ ਇਸ ਪ੍ਰਕਿਰਿਆ ਨੂੰ 30 ਅਪ੍ਰੈਲ ਤੱਕ ਪੂਰਾ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਸ ਮੌਕੇ ਸੁਮਿਤ ਤਕੇਜਾ ਨਰੇਸ਼ ਕੁਮਾਰ ਅਮਨ ਬਾਂਸਲ ਹੈਰੀ ਬਾਜਵਾ, ਗੋਗਾ, ਸੁਨੀਲ ਕੁਮਾਰ ਮਾਰਕਲ ਕਲੋਨੀ, ਨਿਖਿਲ ਵਰਮਾ, ਅਮਰਜੀਤ ਧੀਮਾਨ, ਗੁਰਨਾਮ ਸਿੰਘ ਫੌਜੀ ਅਤੇ ਹੋਰ ਇਲਾਕਾ ਨਿਵਾਸੀ ਵਿਸ਼ੇਸ਼ ਤੋਰ ਤੇ ਮੌਜੂਦ ਰਹੇ।




## ਵੈਟਨਰਜ਼ ਐਥਲੈਟਿਕ ਚੈਂਪੀਅਨਸ਼ਿਪ 'ਚ ਮਹਿੰਦਰ ਸਿੰਘ ਵਿਰਕ ਨੇ ਜਿੱਤਿਆ ਗੋਲਡ ਮੈਡਲ



ਪਟਿਆਲਾ, 27 ਅਪ੍ਰੈਲ (ਚ.ਨ.ਸ.) : ਮੈਸੂਰ ਦੇ ਕਰਨਾਟਕ ਵਿੱਚ 21 ਤੋਂ 23 ਅਪ੍ਰੈਲ 2025 ਨੂੰ ਵੈਟਨਰਜ਼ ਐਥਲੈਟਿਕ ਚੈਂਪੀਅਨਸ਼ਿਪ ਕਰਵਾਈ ਗਈ, ਜਿਸ ਵਿੱਚ ਸ. ਮਹਿੰਦਰ ਸਿੰਘ ਵਿਰਕ (80) ਦੇ ਉਮਰ ਵਰਗ ਵਿੱਚ ਇੱਕ ਕਿਲੋਮੀਟਰ ਵਾਕ ਦੌੜ ਵਿਚ 7.07 ਮਿੰਟ ਨਾਲ ਸਮਾਂ ਕੱਢ ਕੇ ਇਸ ਚੈਂਪੀਅਨਸ਼ਿਪ ਵਿੱਚ ਗੋਲਡ ਮੈਡਲ ਹਾਸਲ ਕੀਤਾ। ਇਸ ਦੌੜ ਵਿੱਚ ਇਨ੍ਹਾਂ ਤੋਂ ਇਲਾਵਾ ਹੋਰ ਵੀ ਵੈਟਨਰਜ਼ ਨੇ ਵੱਧ ਚੜ੍ਹ ਕੇ ਹਿਸਾ ਲਿਆ। ਉਨ੍ਹਾਂ ਦੀ ਇਸ ਦੌੜ ਨੂੰ ਦੇਖਦੇ ਹੋਏ ਨੌਜਵਾਨ ਖਿਡਾਰੀਆਂ ਨੂੰ ਇਨ੍ਹਾਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ ਕਿ ਖੇਡਾਂ ਇਨਸਾਨ ਨੂੰ ਵਧੀਆ ਜ਼ਿੰਦਗੀ ਜਿਉਣ ਲਈ ਪ੍ਰੇਰਿਤ ਕਰਦੀਆਂ ਹਨ।

## ਕਿਸਾਨ ਯੂਨੀਅਨ ਪੁਆਦ ਵੱਲੋਂ ਪਹਿਲਗਾਮ 'ਚ ਹੋਏ ਹਮਲੇ ਦੀ ਨਿਖੇਧੀ

ਘਨੌਰ, 27 ਅਪ੍ਰੈਲ (ਮਦਨ ਲਾਲ) : ਫਿਰਕਾਪ੍ਰਸਤੀ, ਨਫਰਤੀ ਸੋਚ, ਅੱਤਵਾਦ, ਸਿਆਸਤ ਜਾਂ ਕੁਝ ਹੋਰ ਕਾਰਨ ਕੋਈ ਵੀ ਹੋ ਸਕਦਾ ਹੈ,ਭਾਰਤੀ ਨੇਵੀ ਦੇ ਛੁੱਟੀ ਮਨਾ ਰਹੇ ਨਵੇਂ ਵਿਆਹੇ ਨੇਵੀ ਦੇ ਲੈਫਟੀਨੈਂਟ ਸਮੇਤ 26 ਤੋਂ ਵੱਧ ਲੋਕਾਂ ਦਾ ਕਤਲੇਆਮ, ਵਾਦੀ-ਏ-ਜੰਨਤ ਕਸ਼ਮੀਰ ਵਿੱਚ ਮੌਤ ਦਾ ਅਜਿਹਾ ਤਾਂਡਵ ਫਿਰ ਤੋਂ ਪੈਰਾਂ ਤੇ ਖੜੀ ਹੋ ਰਹੀ ਕਸ਼ਮੀਰ ਵਾਦੀ ਦੀ ਆਰਥਿਕਤਾ ਨੂੰ ਤਬਾਹੀ ਵੱਲ ਲੈ ਕੇ ਜਾਵੇਗਾ,ਦੇਸ਼ ਦੇ ਸਿਰ ਦਾ ਤਾਜ ਕਸ਼ਮੀਰ ਘੁੰਮਣ ਫਿਰਨ, ਬਿਹਤਰੀਨ ਕੁਆਲਿਟੀ ਦੇ ਸੇਬ, ਡਰਾਈ ਫਰੂਟ, ਮਿਲਾਪੜੇ ਸੁਭਾਅ ਦੇ ਲੋਕਾਂ ਲਈ ਜਾਣਿਆ ਜਾਂਦਾ ਹੈ, ਪਿਛਲੇ ਕਈ ਸਦੀਆਂ ਤੇ ਸਾਲਾਂ ਵਿੱਚ ਹਿਮਾਚਲੀ ਲੋਕਾਂ ਦੀ ਲੋਟੂ, ਲਾਲਚੀ, ਨਫ਼ਰਤੀ ਸੋਚ ਸਾਹਮਣੇ ਆਉਣ ਤੋਂ ਬਾਅਦ ਪੰਜਾਬ ਸਮੇਤ ਪੂਰੇ ਦੇਸ਼ ਅਤੇ ਵਿਦੇਸ਼ ਤੋਂ ਜਿਆਦਾਤਰ ਸੈਲਾਨੀਆਂ ਦਾ ਵਹਾਅ ਕਸ਼ਮੀਰ ਵੱਲ ਹੀ ਰਿਹਾ ਹੈ, ਹਿਮਾਚਲ ਵਿੱਚ ਨਿਤ ਦਿਹਾੜੇ ਫਿਰਕਾਪ੍ਰਸਤੀ ਅਤੇ ਲੁੱਟ-ਖੋਹ ਦੀਆਂ ਵਾਰਦਾਤਾਂ ਨੂੰ ਕਸ਼ਮੀਰ ਵੱਲ ਮੋੜ ਦਿੱਤਾ ਸੀ ਪਰ ਅੱਤਵਾਦੀ ਹਮਲੇ ਦੇ ਇਸ ਹਾਦਸੇ ਨੇ ਕਸ਼ਮੀਰ ਨੂੰ ਡੂੰਘੀ ਸੱਟ ਮਾਰੀ ਹੈ। ਇਸ ਭਿਆਨਕ ਕਤਲਕਾਂਡ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਹੋਇਆਂ ਮ੍ਰਿਤਕਾਂ ਦੀ ਆਤਮਿਕ ਸ਼ਾਂਤੀ ਦੀ ਅਰਦਾਸ ਕਰਦੇ ਹਾਂ ਅਸੀਂ ਪਿੱਛੇ ਝਾਤੀ ਮਾਰਦੇ ਹਾਂ ਹਿੰਦੂ ਪ੍ਰੈਸ ਦੀ ਜਦੋਂ ਸਿਘ ਪੂਰਾ ਵਿੱਚ 35 ਸਿੱਖਾਂ ਦਾ ਕਤਲ ਕੀਤਾ ਗਿਆ ਸੀ ਉਸ ਟਾਈਮ ਇਹ ਹੀ ਹਿੰਦੂ ਪ੍ਰੈਸ ਨੇ ਇਸ ਤਰਾ ਦੀ ਇਕ ਮੁੱਠਤਾ ਨਹੀਂ ਦਿਖਾਈ ਸੀ ਅਸੀਂ ਪ੍ਰੈਸ ਨੂੰ ਨਿਮਰਤਾ ਸਹਿਤ ਬੇਨਤੀ ਕਰਦੇ ਹਾਂ ਕਤਲ ਕਿਸੇ ਵੀ ਕੌਮ ਦਾ ਹੋਵੇ ਕਤਲ ਕਰਨ ਵਾਲਾ ਕਿਸੇ ਵੀ ਕੌਮ ਵਿਚੋਂ ਹੋਵੇ। ਕਾਤਲ ਤਾਂ ਕਾਤਲ ਹੀ ਹੈ । ਉਸ ਦੀ ਕੋਈ ਕੌਮ ਨਹੀਂ ਹੁੰਦੀ ਅਸੀਂ ਕਿਸਾਨ ਯੂਨੀਅਨ ਪੁਆਧ ਪੰਜਾਬ ਵੱਲੋਂ ਇਸ ਕਤਲੇ ਆਮ ਦੀ ਪੁਰ ਜ਼ੋਰ ਨਿਖੇਧੀ ਕਰਦੇ ਹਾਂ ਚਰਨਜੀਤ ਸਿੰਘ ਝੁੱਗੀਆ ਪ੍ਰਧਾਨ ਪੰਜਾਬ, ਜਗਤਾਰ ਸਿੰਘ ਖਜਾਨਚੀ, ਪੰਜਾਬ ਗੁਰਦੀਪ ਸਿੰਘ ਪ੍ਰੈਸ ਸਕੱਤਰ, ਸਰਦਾਰਾ ਸਿੰਘ ਘੁੰਗਰਾ ਪ੍ਰਧਾਨ ਜ਼ਿਲ੍ਹਾ ਪਟਿਆਲਾ, ਕਰਮਜੀਤ ਸਿੰਘ ਸੋਨੂ ਬਘੌਰਾ, ਤੀਰਥ ਸਿੰਘ ਬਲਾਕ ਸਨੌਰ ਪ੍ਰਧਾਨ, ਤਰਲੋਕ ਸਿੰਘ ਸੰਭੂ ਅਤੇ ਗੁਰਜੀਤ ਸਿੰਘ ਸਰਾਲਾ ਖੁਰਦ ਸਮੇਤ ਹੋਰ ਵੀ ਕਿਸਾਨ ਆਗੂ ਤੇ ਵਰਕਰ ਹਾਜ਼ਰ ਸਨ।



## ਬੇਕਸੂਰ ਮਾਸੂਮ ਲੋਕਾਂ ਨੂੰ ਮਾਰਨਾ ਮਨੁੱਖਤਾ ਦਾ ਵੱਡਾ ਘਾਣ : ਲੱਖਾ ਢੋਟ, ਸਰਪੰਚ ਰਾਣਾ ਢਿੱਲੋਂ

ਸਮਾਣਾ, 27 ਅਪ੍ਰੈਲ (ਹਰਜਿੰਦਰ ਸਿੰਘ) ਜੰਮੂ-ਕਸ਼ਮੀਰ ਦੇ ਪਹਿਲਗਾਮ ਵਿਖੇ ਬੀਤੇ ਦਿਨ ਹੋਏ ਅੱਤਵਾਦੀ ਹਮਲੇ 'ਚ 28 ਸੈਲਾਨੀਆਂ ਦੀ ਮੌਤ 'ਤੇ ਗਹਿਰਾ ਦੁੱਖ ਪ੍ਰਗਟ ਕਰਦੇ ਹੋਏ ਉੱਘੇ ਸਮਾਜ ਸੇਵੀ ਲੱਖਾ ਢੋਟ ਨਿਊਜ਼ੀਲੈਂਡ ਅਤੇ ਸਰਪੰਚ ਰਜਿੰਦਰ ਸਿੰਘ ਰਾਣਾ ਢਿੱਲੋਂ ਨੇ ਸਾਂਝੇ ਤੌਰ 'ਤੇ ਕਿਹਾ ਕਿ ਹੋਇਆ ਅੱਤਵਾਦੀ ਹਮਲਾ ਬਹੁਤ ਹੀ ਸ਼ਰਮਨਾਕ ਤੇ ਨਿੰਦਣਯੋਗ ਹੈ ।ਉਨ੍ਹਾਂ ਕਿਹਾ ਕਿ ਨਿਹੱਥੇ ਮਾਸੂਮਾਂ ਨੂੰ ਨਿਸ਼ਾਨਾ ਬਣਾਉਣਾ ਮਨੁੱਖਤਾ ਦਾ ਵੱਡਾ ਘਾਣ ਕੀਤਾ ਹੈ ।ਉਨ੍ਹਾਂ ਕਿਹਾ ਕਿ ਇਸ ਦੁੱਖ ਦੀ ਘੜੀ ਵਿਚ ਪੂਰਾ ਦੇਸ਼ ਇਕ ਜੁੱਟ ਤੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਾ ਹੈ ਤੇ ਅੱਤਵਾਦ ਦੇ ਹਰ ਰੂਪ ਦੀ ਸਖ਼ਤ ਸ਼ਬਦਾਂ ਵਿਚ ਨਿੰਦਿਆਂ ਕਰਦੇ ਹਾਂ । ਉਨ੍ਹਾਂ ਕਿਹਾ ਕਿ ਦੀ ਬੈਸਰਨ ਘਾਟੀ ਘੁੰਮਣ ਗਏ ਸੈਲਾਨੀਆਂ 'ਤੇ ਹੋਇਆ ਇਹ ਅੱਤਵਾਦੀ ਹਮਲਾ ਕਾਇਰਤਾ ਦੀ ਵੱਡੀ ਨਿਸ਼ਾਨੀ ਹੈ, ਜੋ ਬਹੁਤ ਹੀ ਸ਼ਰਮਨਾਕ ਤੇ ਨਿੰਦਣਯੋਗ ਹੈ । ਇਸ ਦੇ ਜ਼ਿੰਮੇਵਾਰ ਲੋਕਾਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਹੋਈ ਚਾਹੀਦੀ ਹੈ ।



## ਸ਼ਿਵ ਸ਼ੰਕਰ ਯੂਥ ਸੇਵਾ ਦਲ ਅਤੇ ਸ੍ਰੀ ਅਨਾਥ ਗਊਸ਼ਾਲਾ ਕਮੇਟੀ ਨੇ ਅੱਖਾਂ ਦਾ ਚੈੱਕਅਪ ਕੈਂਪ ਲਗਾਇਆ

ਸਮਾਣਾ, 27 ਅਪ੍ਰੈਲ (ਜਵੰਦਾ/ ਵਿਜੇ ਕੁਮਾਰ) : ਸ਼ਿਵ ਸ਼ੰਕਰ ਯੂਥ ਸੇਵਾ ਦਲ ਵੱਲੋਂ ਸ਼੍ਰੀ ਅਨਾਥ ਗਊਸ਼ਾਲਾ ਵਿਖੇ ਅੱਖਾਂ ਦਾ ਫਰੀ ਚੈੱਕਅਪ ਕੈਂਪ ਸ਼੍ਰੀ ਅਨਾਥ ਗਊਸ਼ਾਲਾ ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਜਿੱਥੇ ਹਲਕਾ ਵਿਧਾਇਕ ਸਰਦਾਰ ਚੇਤਨ ਸਿੰਘ ਜੋੜਾਮਾਜਰਾ ਅਤੇ ਉਦਯੋਗਪਤੀ ਸ੍ਰੀ ਰਮੇਸ਼ ਗਰਗ ਨੇ ਸ਼ਿਰਕਤ ਕੀਤੀ, ਉੱਥੇ ਹੀ ਵਿਸ਼ੇਸ਼ ਮਹਿਮਾਨ ਵਜੋਂ ਮਾਰਕੀਟ ਕਮੇਟੀ ਦੇ ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ, ਅਗਰਵਾਲ ਧਰਮਸ਼ਾਲਾ ਦੇ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਦਨ ਮਿੱਤਲ, ਯਸ਼ਪਾਲ ਸਿੰਗਲਾ, ਜੀਵਨ ਗਰਗ, ਪ੍ਰਦੀਪ ਗੋਇਲ ਮਿੰਕਾ, ਠੇਕੇਦਾਰ ਪਰਮੋਦ ਸਿੰਗਲਾ ਅਤੇ ਗੋਪਾਲ ਕ੍ਰਿਸ਼ਨ ਗਰਗ ਆਦਿ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ।ਇਸ ਮੌਕੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਯਸ਼ਪਾਲ ਸਿੰਗਲਾ, ਮਦਨ ਮਿੱਤਲ ਤੇ ਜੀਵਨ ਗਰਗ ਅਤੇ ਸ਼੍ਰੀ ਅਨਾਥ ਗਊਸ਼ਾਲਾ ਦੇ ਸਕੱਤਰ ਸੰਜੇ ਮੰਤਰੀ ਨੇ ਸ਼ਿਵ ਸ਼ੰਕਰ ਯੂਥ ਸੇਵਾ ਦਲ ਦੇ ਸਮਾਜ ਸੇਵੀ ਕੰਮਾਂ ਦੀ ਸ਼ਲਾਘਾ ਕਰਦੇ ਕਿਹਾ ਕਿ ਸੰਸਥਾ ਦੁਆਰਾ ਪਿਛਲੇ ਕਈ ਸਾਲਾਂ ਤੋਂ ਸਮਾਜ ਸੇਵੀ ਕੰਮ ਕੀਤੇ ਜਾ ਰਹੇ ਹਨ। ਇਸ ਮੌਕੇ ਸ਼ਿਵ ਸ਼ੰਕਰ ਯੂਥ ਸੇਵਾ ਦਲ ਦੇ ਪ੍ਰਧਾਨ ਰਮਨ ਮਹਿੰਦਰਾ ਨੇ ਦੱਸਿਆ ਕਿ ਸੰਸਥਾ ਵਲੋਂ ਜੋ ਵੀ ਸਮਾਜ ਸੇਵੀ ਕਾਰਜ ਕੀਤੇ ਜਾ ਰਹੇ ਹਨ, ਉਹ ਇਲਾਕੇ ਦੇ ਦਾਨੀ ਸੱਜਣਾ ਦੇ ਸਹਿਯੋਗ ਨਾਲ ਹੀ ਕੀਤੇ ਜਾ ਰਹੇ ਹਨ ।ਅੱਜ ਦਾ ਇਹ ਕੈਂਪ ਜੋ ਕਿ ਅਨਾਥ ਗਊਸ਼ਾਲਾ ਵਿੱਚ ਲਗਾਇਆ ਗਿਆ ਹੈ ਜਿਸ ਵਿੱਚ 288 ਲੋਕਾਂ ਦਾ ਡਾ. ਸਮਨ ਗਰਗ ਤੇ ਉਨ੍ਹਾਂ ਦੀ ਟੀਮ ਨੇ ਚੈੱਕਅਪ ਕੀਤਾ ਅਤੇ ਮੌਕੇ ਤੇ ਹੀ ਸੰਸਥਾ ਦੁਆਰਾ ਜ਼ਰੂਰਤਮੰਦ ਲੋਕਾਂ ਨੂੰ ਦਵਾਈਆਂ ਤੇ ਐਨਕਾਂ ਦਿੱਤੀਆ ਗਈਆਂ। ਉਨ੍ਹਾਂ ਅੱਗੇ ਦੱਸਿਆ ਕਿ ਆਉਣ ਵਾਲੀ 4 ਮਈ ਦਿਨ ਐਤਵਾਰ ਨੂੰ ਪੰਜ ਜ਼ਰੂਰਤਮੰਦ ਲੜਕੀਆਂ ਦਾ ਵਿਆਹ ਵੀ ਸ੍ਰੀ ਅਨਾਥ ਗਊਸ਼ਾਲਾ ਵਿਖੇ ਹੀ ਗਊਸ਼ਾਲਾ ਦੇ ਚੇਅਰਮੈਨ ਅਤੇ ਉਦਯੋਗਪਤੀ ਗਿਆਨ ਚੰਦ ਅਤੇ ਦਾਨੀ ਸੱਜਣਾ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਹਨ । ਇਸ ਮੌਕੇ ਰਘੂਬੀਰ ਚੰਦ, ਰਾਜਿੰਦਰ ਹੈਪੀ ਪ੍ਰਧਾਨ ਭਾਰਤ ਵਿਕਾਸ ਪਰਿਸ਼ਦ, ਰਾਜਿੰਦਰ ਸਚਦੇਵਾ ਪ੍ਰਧਾਨ ਸਹਾਰਾ ਕਲੱਬ, ਸੇਖਰ ਸ਼ਰਮਾ, ਅਸ਼ੋਕ ਗਰਗ, ਸੀਤਾ ਰਾਮ ਗੁਪਤਾ, ਦਵਿੰਦਰ ਜੈ ਸਿੰਘ, ਦਰਸ਼ਨ ਵਧਵਾ, ਮੇਹਰ ਚੰਦ ਨਹਿਰੂ, ਧਰਮਪਾਲ ਬਜਾਜ, ਓਮਪ੍ਰਕਾਸ਼ ਜੈ ਸਿੰਘ, ਪਰਵੀਨ ਅਨੇਜਾ, ਸੋਮਨਾਥ ਸੋਮੀ, ਅਸ਼ੋਕ ਢੀਂਗੜਾ ਤੋਂ ਇਲਾਵਾ ਰਮਨ ਮਹਿੰਦਰਾ, ਕਮਲ ਸ਼ਰਮਾ, ਰਣਜੀਤ ਰਾਣਾ, ਰਾਹੁਲ ਗਰਗ, ਸਨੀ ਪੋਪਲੀ, ਮਨੋਜ ਰਹੇਜਾ, ਸਾਗਰ ਆਰੀਆ, ਰਾਕੇਸ਼ ਕੁਮਾਰ, ਬਲਵਿੰਦਰ ਕੁਮਾਰ, ਸਾਹਿਲ, ਕਰਨ ਬਜਾਜ, ਬਲਜੀਤ ਸਿੰਘ, ਸੁਖਚੈਨ ਸਿੰਘ, ਮੇਹਰਚੰਦ, ਅੰਸ਼ੁਲ ਜੈ ਸਿੰਘ, ਲੱਕੀ ਵਰਮਾ, ਮਨੋਜ ਸਾਗਰ, ਵਿਸ਼ਾਲ ਗਰਗ, ਵਿਪੁਲ ਗਰਗ ਮੌਜੂਦ ਸਨ।



## ਪਤਨੀ ਨੇ ਪਤੀ ਦੀ ਗਲਾ ਘੋਟ ਕੇ ਕੀਤੀ ਹੱਤਿਆ, ਮਾਮਲਾ ਦਰਜ

ਸਮਾਣਾ, 27 ਅਪ੍ਰੈਲ (ਵਿਜੇ ਕੁਮਾਰ) : ਬਲਾਕ ਸਮਾਣਾ ਦੇ ਪਿੰਡ ਬਲਮਗੜ੍ਹ ਵਿਖੇ ਪਤਨੀ ਵੱਲੋਂ ਪਤੀ ਦਾ ਗਲਾ ਘੋਟ ਕੇ ਮਾਰੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਸਦਰ ਪੁਲਿਸ ਨੇ ਮ੍ਰਿਤਕ ਦੀ ਲਾਸ਼ ਨੂੰ ਕਬਜੇ ਵਿਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਦੀ ਮੋਰਚਰੀ ਵਿਚ ਰੱਖਵਾ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਦਿੰਦੇ ਹੋਏ ਸਦਰ ਪੁਲਸ ਮੁਖੀ ਇੰਸਪੈਕਟਰ ਬਿਕਰਮਜੀਤ ਸਿੰਘ ਬਰਾੜ ਨੇ ਦੱਸਿਆ ਕਿ ਮ੍ਰਿਤਕ ਹਰਪ੍ਰੀਤ ਸਿੰਘ (29) ਪੁੱਤਰ ਕਾਲਾ ਸਿੰਘ ਦੀ ਮਾਤਾ ਹਰਪਾਲ ਕੌਰ ਵੱਲੋਂ ਦਰਜ ਕਰਵਾਏ ਬਿਆਨਾਂ ਅਨੁਸਾਰ ਉਸ ਦੇ ਦੋਵੇਂ ਪੁੱਤਰਾਂ ਦਾ ਵਿਆਹ ਪਿੰਡ ਕੋਹਰੀਆਂ ਵਿਖੇ ਦੋਵੇ ਸਕੀਆਂ ਭੈਣਾਂ ਨਾਲ ਹੋਇਆ ਸੀ। ਦੋਵੇਂ ਪਰਿਵਾਰ ਵੱਖ-ਵੱਖ ਤੋਰ ਤੇ ਪਿੰਡ ਵਿਚ ਰਹਿ ਰਹੇ ਹਨ। ਉਸ ਦੇ ਦੋਵੇਂ ਪੁੱਤਰ ਮਿਹਨਤ ਮਜ਼ਦੂਰੀ ਕਰਦੇ ਹਨ। 24 ਅਪ੍ਰੈਲ ਸ਼ਾਮ ਨੂੰ ਰੋਜ਼ਾਨਾਂ ਵਾਂਗ ਜਦੋਂ ਉਸ ਦਾ ਪੁੱਤਰ ਹਰਪ੍ਰੀਤ ਸਿੰਘ ਕੰਮ ਤੋਂ ਵਾਪਸ ਆਇਆ ਤਾਂ ਪਤੀ-ਪਤਨੀ ਦਾ ਆਪਸ ਵਿਚ ਝਗੜਾ ਹੋ ਗਿਆ, ਤੇ ਉਹ ਉਸ ਨੂੰ ਕਮਰੇ ਵਿਚ ਲੈ ਗਈ ਤੇ ਅੰਦਰੋਂ ਕੁੰਡੀ ਲੱਗਾ ਲਈ। ਜਦੋਂ ਅਗਲੇ ਦਿਨ ਸਵੇਰੇ ਉਨ੍ਹਾਂ ਅਵਾਜ਼ਾਂ ਮਾਰਨ 'ਤੇ ਕਮਰੇ ਦਾ ਦਰਵਾਜਾ ਨਹੀਂ ਖੋਲ੍ਹਿਆ ਤਾਂ ਉਨ੍ਹਾਂ ਕਿਸੇ ਦੀ ਮਦਦ ਨਾਲ ਜਦੋਂ ਅੰਦਰ ਲੱਗੀ ਕੁੰਡੀ ਖੋਲ੍ਹੀ ਤਾਂ ਹਰਪ੍ਰੀਤ ਬੈਡ 'ਤੇ ਬੇਹੋਸ਼ ਪਿਆ ਸੀ ਤੇ ਉਸ ਦੀ ਘਰ ਵਾਲੀ ਕੋਲ ਬੈਠੀ ਸੀ। ਸੂਚਨਾ ਮਿਲਣ 'ਤੇ ਸਦਰ ਪੁਲਿਸ ਨੇ ਹਰਪ੍ਰੀਤ ਨੂੰ ਸਿਵਲ ਹਸਪਤਾਲ ਲਿਆਂਦਾ ਤਾਂ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਉਨ੍ਹਾਂ ਅੱਗੇ ਦੱਸਿਆ ਕਿ ਪਤਨੀ ਨੇ ਪਤੀ ਦੀ ਸਰਾਣੇ ਨਾਲ ਗਲਾ ਘੁੱਟ ਕੇ ਹੱਤਿਆ ਕੀਤੀ ਹੈ। ਅਧਿਕਾਰੀ ਅਨੁਸਾਰ ਦਰਜ ਬਿਆਨਾਂ ਦੇ ਅਧਾਰ 'ਤੇ ਮ੍ਰਿਤਕ ਦੀ ਪਤਨੀ ਵੀਰਪਾਲ ਕੌਰ ਖਿਲਾਫ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਆਪਣੇ ਪਿੱਛੇ ਇਕ ਪੰਜ ਸਾਲ ਦੀ ਲੜਕੀ ਛੱਡ ਗਿਆ ਹੈ। ਪੁਲਿਸ ਨੇ ਪੋਸਟਮਾਰਟਮ ਕਰਵਾ ਕੇ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ ਹੈ।

## 11 ਮੈਂਬਰੀ ਕਮੇਟੀ ਵੱਲੋਂ ਯੂਨੀਵਰਸਿਟੀ ਦੇ ਰਜਿਸਟਰਾਰ ਪ੍ਰੋ. ਸੰਜੀਵ ਪੁਰੀ ਨਾਲ ਮੁਲਾਕਾਤ



ਪਟਿਆਲਾ, 27 ਅਪ੍ਰੈਲ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਗੈਰ ਅਧਿਆਪਨ ਕਰਮਚਾਰੀ ਸੰਘ ਦੇ ਆਗੂ ਰਾਜਿੰਦਰ ਸਿੰਘ ਬਾਗੜੀਆਂ ਦੀ ਅਗਵਾਈ ਹੇਠ ਵਿਸ਼ੇਸ਼ ਇਕੱਤਰਤਾ ਕਰਵਾਈ ਗਈ। ਪਿਛਲੇ ਦਿਨੀਂ ਹੋਈ ਸਿੰਡੀਕੇਟ ਦੌਰਾਨ ਗੈਰ ਅਧਿਆਪਨ ਕਰਮਚਾਰੀਆਂ ਦੇ ਦੋ ਮੁੱਖ ਏਜੰਡੇ ਸਿੰਡੀਕੇਟ ਮੈਂਬਰਾਂ ਵੱਲੋਂ ਪਾਸ ਕੀਤੇ ਗਏ ਹਨ। ਇਕੱਤਰਤਾ ਦੌਰਾਨ ਬਾਗੜੀਆਂ ਗਰੁੱਪ ਨੇ ਕੱਚੇ ਕਰਮਚਾਰੀਆਂ ਨੂੰ ਰੈਗੂਲਰ ਕਰਨ ਅਤੇ ਸਕੱਤਰੇਤ ਪੇਅ ਨੂੰ ਦੁਗਣਾ ਕਰਨ ਲਈ ਪ੍ਰਸ਼ਾਸਨ ਦਾ ਧੰਨਵਾਦ ਕਰਨ ਲਈ ਵਿਸ਼ੇਸ਼ ਮਤਾ ਪਾਸ ਕੀਤਾ। ਉਪਰੰਤ ਕਰਮਚਾਰੀ ਆਗੂ ਰਾਜਿੰਦਰ ਸਿੰਘ ਬਾਗੜੀਆਂ ਅਤੇ ਪ੍ਰਕਾਸ਼ ਸਿੰਘ ਧਾਲੀਵਾਲ ਦੀ ਅਗਵਾਈ ਹੇਠ 11 ਮੈਂਬਰੀ ਕਮੇਟੀ ਵਲੋਂ ਯੂਨੀਵਰਸਿਟੀ ਦੇ ਰਜਿਸਟਰਾਰ ਪ੍ਰੋਫੈਸਰ ਸੰਜੀਵ ਪੁਰੀ ਨਾਲ ਮੁਲਾਕਾਤ ਕਰਕੇ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਆਗੂਆਂ ਨੇ ਰਜਿਸਟਰਾਰ ਵਲੋਂ ਗੈਰ ਅਧਿਆਪਨ ਕਰਮਚਾਰੀਆਂ ਦੇ ਮਸਲਿਆਂ ਨੂੰ ਗੰਭੀਰਤਾ ਨਾਲ ਵਿਚਾਰ ਕੇ ਹੱਲ ਕਰਨ ਕਰਵਾਉਣ ਲਈ ਰਜਿਸਟਰਾਰ ਦਫ਼ਤਰ, ਅਮਲਾਂ ਸ਼ਾਖਾ ਦੇ ਸਮੂਹ ਮੁਲਾਜ਼ਮਾਂ ਦਾ ਸਹਿਯੋਗ ਕਰਨ ਲਈ ਧੰਨਵਾਦ ਕੀਤਾ। ਅੱਜ ਦੀ ਇਕੱਤਰਤਾ ਦੌਰਾਨ ਆਗੂ ਰਾਜਿੰਦਰ ਸਿੰਘ ਬਾਗੜੀਆਂ, ਪ੍ਰਕਾਸ਼ ਸਿੰਘ ਧਾਲੀਵਾਲ, ਪ੍ਰਭਜੋਤ ਸਿੰਘ, ਨਵਦੀਪ ਸਿੰਘ, ਤੇਜਿੰਦਰ ਸਿੰਘ,ਕਰਨੈਲ ਸਿੰਘ, ਗੁਰਪਿਆਰ ਸਿੰਘ, ਸੁਖਵਿੰਦਰ ਸਿੰਘ ਸੁੱਖੀ, ਜਗਤਾਰ ਸਿੰਘ ਸੈਣੀ, ਮੋਹੰਮਦ ਜ਼ਹੀਰ,ਸੋਹਣ ਸਿੰਘ, ਸੁਰੇਸ਼ ਸਿੰਘ, ਹਰਮਿੰਦਰ ਸਿੰਘ, ਜੱਸੀ ਸਿੰਘ ਆਦਿ ਸ਼ਾਮਲ ਹੋਏ।

## ਦੇਸ਼ ਵਿਰੋਧੀ ਤਾਕਤਾਂ ਨੂੰ ਭਾਜਪਾ ਕਦੇ ਵੀ ਸਿਰ ਨਹੀਂ ਚੁੱਕਣ ਦੇਵੇਗੀ : ਧੀਮਾਨ, ਪਾਠਕ

ਸਮਾਣਾ, 27 ਅਪ੍ਰੈਲ (ਜਵੰਦਾ) : ਜੰਮੂ ਕਸ਼ਮੀਰ ਦੇ ਪਹਿਲਗਾਮ ਵਿਚ ਬੀਤੇ ਦਿਨੀਂ ਅੱਤਵਾਦੀਆਂ ਨੇ ਸੈਲਾਨੀਆਂ ਨੂੰ ਮਾਰ ਦਿੱਤਾ ਸੀ, ਜਿਸ ਦੀ ਸਖ਼ਤ ਸ਼ਬਦਾਂ ਵਿਚ ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਪਟਿਆਲਾ ਦੱਖਣੀ ਦੇ ਸਪੋਕਸਮੈਨ ਸੰਜੀਵ ਧੀਮਾਨ ਸ਼ੈਂਕੀ ਅਤੇ ਭਾਜਪਾ ਯੂਵਾ ਮੋਰਚਾ ਸਮਾਣਾ ਦੇ ਪ੍ਰਧਾਨ ਪ੍ਰੀਕਸ਼ਤ ਪਾਠਕ ਨੇ ਨਿੰਦਾ ਕਰਦਿਆਂ ਕਿਹਾ ਕਿ ਪਹਿਲਗਾਮ ਵਿਚ ਸੈਲਾਨੀਆਂ 'ਤੇ ਅੱਤਵਾਦੀਆਂ ਵੱਲੋਂ ਕੀਤਾ ਹਮਲਾ ਅਤਿ ਨਿੰਦਣਯੋਗ ਅਤੇ ਅਸਹਿਣਯੋਗ ਹੈ । ਉਨ੍ਹਾਂ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਦਾ ਬਦਲਾ ਲੈ ਕੇ ਰਹਿਣਗੇ ਤੇ ਅੱਤਵਾਦ ਨੂੰ ਕਦੀ ਵੀ ਸਿਰ ਨਹੀਂ ਚੁੱਕਣ ਦੇਣਗੇ। ਉਨ੍ਹਾਂ ਕਿਹਾ ਕਿ ਇਸ ਘਟਨਾ ਨੂੰ ਅੰਜਾਮ ਦੇਣ ਵਾਲਿਆਂ ਖ਼ਿਲਾਫ਼ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ ।



## ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਪਹਿਲਗਾਮ ਅੱਤਵਾਦੀ ਹਮਲੇ ਵਿਰੁੱਧ ਰੋਸ ਪ੍ਰਦਰਸ਼ਨ

ਪਟਿਆਲਾ, 27 ਅਪ੍ਰੈਲ (ਰੁਪਾਣਾ) : ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ (1680) ਸ਼ਾਖਾ ਪਟਿਆਲਾ ਵੱਲੋਂ ਜਿਲਾ ਪ੍ਰਬੰਧਕੀ ਕੰਪਲੈਕਸ ਵਿਖੇ ਪਹਿਲਗਾਮ ਅੱਤਵਾਦੀ ਹਮਲੇ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ। ਨਿਹੱਤੇ ਲੋਕਾਂ ਤੇ ਹਮਲੇ ਕਰਨ ਦੀ ਸਖਤ ਨਿਖੇਧੀ ਕੀਤੀ। ਇਸ ਦੌਰਾਨ ਆਪਣੀਆਂ ਜਾਨਾਂ ਗਵਾ ਚੁੱਕੇ ਵਿਅਕਤੀਆਂ ਨੂੰ ਸ਼ਰਧਾਂਜਲੀ ਵੀ ਅਰਪਿਤ ਕੀਤੀ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਬਣਾਈ ਰਖਣ ਲਈ ਅਪੀਲ ਕੀਤੀ। ਅੱਤਵਾਦ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕਰਦੇ ਹੋਏ ਕਿ ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ਦਾ ਵੀ ਸੰਦੇਸ਼ ਦਿੱਤਾ ਗਿਆ। ਸਰਕਾਰੀ ਤੇ ਅਰਧ ਸਰਕਾਰੀ ਅਦਾਰਿਆਂ ਦੇ ਮੁਲਾਜ਼ਮ ਤੇ ਪੈਨਸ਼ਨਰ ਪਹਿਲਾ ਜ਼ਿਲਾ ਖਜ਼ਾਨਾ ਦਫਤਰ ਵਿਖੇ ਇਕੱਤਰ ਹੋ ਕੇ ਪੰਜਾਬ ਸਰਕਾਰ ਵੱਲੋਂ ਤਨਖਾਹਾਂ ਅਤੇ ਲੋੜੀਂਦੀਆਂ ਅਦਾਇਗੀਆਂ ਵਿੱਚ ਦੇਰੀ ਕਰਨ, ਕਣਕ ਕਰਜਾ ਘੱਟ ਦੇਣ 'ਤੇ ਇਹ ਕਰਜ਼ਾ ਕੱਚੇ ਕਰਮੀਆਂ ਲਈ ਵੀ ਜਾਰੀ ਕਰਨ ਦੀ ਮੰਗ ਕੀਤੀ ਗਈ। ਇਸ ਮੌਕੇ ਦਰਸ਼ਨ ਸਿੰਘ ਲੁਬਾਣਾ, ਰਾਮ ਕ੍ਰਿਸ਼ਨ, ਪ੍ਰਿਤਮ ਚੰਦ ਠਾਕੁਰ, ਨਾਰੰਗ ਸਿੰਘ, ਬੰਤ ਲਾਲ, ਉਂਕਾਰ ਸਿੰਘ ਦਮਨ, ਮੋਦ ਨਾਥ, ਬਲਬੀਰ ਸਿੰਘ, ਲਖਵੀਰ ਸਿੰਘ, ਨਿਸ਼ਾ ਰਾਣੀ, ਹਰਨਾਮ ਸਿੰਘ, ਵੈਦ ਪ੍ਰਕਾਸ਼, ਵਿਜੇ ਸ਼ੁਕਲਾ, ਪ੍ਰਕਾਸ਼ ਲੁਬਾਣਾ, ਅਮਰਨਾਥ ਨਰੜੂ, ਰਾਜ ਕੁਮਾਰ, ਰਾਜੇਸ਼ ਕੁਮਾਰ, ਤਰਲੋਚਨ ਮਾੜੂ, ਬਲਬੀਰ ਸਿੰਘ, ਸਤਨਾਮ ਸਿੰਘ, ਹਰੀ ਰਾਮ ਨਿੱਕਾ, ਸੁਨੀਲ ਦੱਤ, ਰਾਮ ਜੋਧਾ, ਬਲਜੀਤ ਸਿੰਘ, ਸਤਿਨਰਾਇਣ ਗੋਨੀ, ਕਰਮਜੀਤ ਸਾਗਰ ਆਦਿ ਹਾਜ਼ਰ ਸਨ।





# ਪਟਿਆਲਾ-ਆਸ/ਪਾਸ



## ਹਰਚੰਦ ਸਿੰਘ ਬਰਸਟ ਨੇ ਲੋਕ ਮਿਲਣੀ ਪ੍ਰੋਗਰਾਮ ਤਹਿਤ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ



ਪਟਿਆਲਾ, 27 ਅਪ੍ਰੈਲ (ਚ.ਨ.ਸ.) : ਚੇਅਰਮੈਨ ਪੰਜਾਬ ਮੰਡੀ ਬੋਰਡ ਅਤੇ ਸੂਬਾ ਜਨਰਲ ਸਕੱਤਰ ਆਮ ਆਦਮੀ ਪਾਰਟੀ (ਆਪ) ਪੰਜਾਬ ਸ. ਹਰਚੰਦ ਸਿੰਘ ਬਰਸਟ, ਨੇ ਪਟਿਆਲਾ ਦਫ਼ਤਰ ਵਿਖੇ ਲੋਕ ਮਿਲਣੀ ਪ੍ਰੋਗਰਾਮ ਤਹਿਤ ਲੋਕਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ। ਇਸ ਦੌਰਾਨ ਵੱਖ-ਵੱਖ ਪਿੰਡਾਂ ਦੀਆਂ ਪੰਚਾਇਤਾਂ ਸਮੇਤ ਲੋਕਾਂ ਵੱਲੋਂ ਸ. ਬਰਸਟ ਕੋਲ ਆਪਣੀਆਂ ਸਮੱਸਿਆਵਾਂ ਅਤੇ ਮੰਗਾਂ ਰੱਖੀਆਂ ਗਈਆਂ, ਜਿਨ੍ਹਾਂ ਨੂੰ ਸ. ਬਰਸਟ ਵੱਲੋਂ ਜਲਦ ਤੋਂ ਜਲਦ ਹੱਲ ਕਰਵਾਉਣ ਦਾ ਭਰੋਸਾ ਦਵਾਇਆ ਗਿਆ। ਸ. ਬਰਸਟ ਨੇ ਕਿਹਾ ਕਿ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੀ ਤਰੱਕੀ ਅਤੇ ਵਿਕਾਸ ਲਈ ਵਚਨਬੱਧ ਹੈ। ਸੂਬਾ ਸਰਕਾਰ ਦਾ ਮੁੱਖ ਮਕਸਦ ਪਿੰਡਾਂ ਦਾ ਚਹੁੰਪਖੀ ਵਿਕਾਸ, ਲੋਕਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਦੇਣਾ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨਾ ਹੈ। ਸਿਹਤ, ਸਿੱਖਿਆ ਅਤੇ ਸੂਬੇ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਵਿਸ਼ੇਸ਼ ਤਵੱਜੋਂ ਦਿੰਦਿਆਂ ਹੋਇਆ ਪੰਜਾਬ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਵਿਕਾਸ ਕਾਰਜਾਂ ਨੂੰ ਅਮਲੀ ਜਾਮਾ ਪਹਿਨਾਇਆ ਜਾ ਰਿਹਾ ਹੈ। ਉਨ੍ਹਾਂ ਵਿਸ਼ਵਾਸ ਦਵਾਇਆ ਕਿ ਉਹ ਹਰ ਸਮੇਂ ਉਨ੍ਹਾਂ ਦੇ ਨਾਲ ਖੜੇ ਹਨ ਅਤੇ ਉਨ੍ਹਾਂ ਵੱਲੋਂ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਜਾਵੇਗਾ। ਸੂਬਾ ਜਨਰਲ ਸਕੱਤਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ੇ ਦੇ ਖਾਤਮੇ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਪੰਚਾਇਤਾਂ ਅਤੇ ਜਨਤਾ ਨੂੰ ਅਪੀਲ ਕੀਤੀ ਕਿ ਉਹ ਅੱਗੇ ਆ ਕੇ ਸੂਬਾ ਸਰਕਾਰ ਦੀ ਇਸ ਮੁਹਿੰਮ ਦਾ ਹਿੱਸਾ ਬਨਣ ਅਤੇ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣ। ਇਸ ਮੌਕੇ ਜਗਦੀਪ ਸਿੰਘ ਸਰਪੰਚ ਪਹਾੜਪੁਰ, ਜਰਨੈਲ ਸਿੰਘ ਸਰਪੰਚ ਗੋਬਿੰਦਪੁਰਾ, ਸੰਦੀਪ ਸਿੰਘ ਸਰਪੰਚ ਕਰਤਾਰਪੁਰ, ਲਖਵਿੰਦਰ ਸਿੰਘ ਸਾਬਕਾ ਸਰਪੰਚ, ਛੋਟਾ ਸਿੰਘ ਸਾਬਕਾ ਸਰਪੰਚ, ਬਲਵਿੰਦਰ ਸਿੰਘ, ਪਰਮਜੀਤ ਸਿੰਘ, ਜਰਨੈਲ ਸਿੰਘ, ਭਗਵਾਨ ਸਿੰਘ, ਸਿਮਰਨਜੀਤ ਸਿੰਘ, ਵਿਜੈ ਠਾਕੁਰ, ਕਸ਼ਮੀਰ ਸਿੰਘ, ਪਰਮਜੀਤ ਸਿੰਘ ਸੋਹੀ, ਨਾਇਬ ਸਿੰਘ, ਹਰਮੇਲ ਸਿੰਘ, ਸ਼ਿਵਨਾਥ ਸਮੇਤ ਹੋਰ ਵੀ ਮੌਜੂਦ ਰਹੇ।

## ਜਨਰੇਟਰ ਚੋਰੀ ਕਰਨ ਵਾਲਾ ਗਿਰੋਹ ਕਾਬੂ

ਪਾਤੜਾਂ, 27 ਅਪ੍ਰੈਲ (ਹਰਮਿੰਦਰ ਕਰਤਾਰਪੁਰ) : ਸ਼ਹਿਰ ਵਿਚ ਕਈ ਦਿਨਾਂ ਤੋਂ ਲੋਕਾਂ ਦੇ ਘਰਾਂ ਤੋਂ ਬਾਹਰ ਰੱਖੇ ਹੋਏ ਜਨਰੇਟਰ ਲਗਾਤਾਰ ਚੋਰੀ ਹੋ ਰਹੇ ਸਨ। ਇਸ ਸਬੰਧ ਵਿਚ ਪਾਤੜਾਂ ਪੁਲਿਸ ਨੇ ਇਸ ਚੋਰ ਗਿਰੋਹ ਨੂੰ ਗ੍ਰਿਫਤਾਰ ਕਰ ਲਿਆ ਜਿਨ੍ਹਾਂ ਨੇ 45 ਦੇ ਕਰੀਬ ਜਨਰੇਟਰ ਚੋਰੀ ਕੀਤੇ ਜਾਣ ਬਾਰੇ ਕਬੂਲ ਕੀਤਾ ਹੈ। ਉੱਥੇ ਹੀ ਗ੍ਰਿਫਤਾਰ ਕੀਤੇ ਗਏ ਚੋਰ ਗਿਰੋਹ ਦੇ 4 ਮੈਂਬਰਾਂ ਤੋਂ 9 ਜਨਰੇਟਰ ਬਰਾਮਦ ਕਰਕੇ ਇਨ੍ਹਾਂ ਚੋਰੀਸ਼ੁਦਾ ਜਨਰੇਟਰਾਂ ਨੂੰ ਖ਼੍ਰੀਦਣ ਵਾਲੇ 1 ਕਵਾੜੀਏ ਨੂੰ ਵੀ ਇਸ ਮਾਮਲੇ ਵਿਚ ਨਾਮਜ਼ਦ ਕਰ ਲਿਆ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਇੰਦਰਪਾਲ ਚੌਹਾਨ ਡੀਐਸਪੀ ਪਾਤੜਾਂ ਨੇ ਦੱਸਿਆ ਕਿ ਪਿਛਲੇ ਕਾਫੀ ਸਮੇਂ ਤੋਂ ਸ਼ਹਿਰ ਵਿੱਚ ਜਨਰੇਟਰ ਚੋਰੀ ਦੀਆਂ ਲਗਾਤਾਰ ਘਟਨਾਵਾਂ ਵਾਪਰ ਰਹੀਆਂ ਸਨ ਜਿਨਾਂ ਨੂੰ ਲੈ ਕੇ ਪੁਲਿਸ ਵੱਲੋਂ ਪੂਰੀ ਸਰਗਰਮੀ ਨਾਲ ਚੋਰਾਂ ਦੀ ਭਾਲ ਕੀਤੀ ਜਾ ਰਹੀ ਸੀ ਇਸੇ ਦੌਰਾਨ ਗੁਪਤ ਸੂਚਨਾ ਦੇ ਅਧਾਰ 'ਤੇ ਏ.ਐਸ.ਆਈ. ਹਰਦੀਪ ਸਿੰਘ ਇੰਚਾਰਜ ਸ਼ਹਿਰੀ ਚੌਂਕੀ ਪਾਤੜਾਂ ਨੇ 20 ਅਪ੍ਰੈਲ ਨੂੰ ਪਾਤੜਾਂ ਦੇ ਸਟੇਡੀਅਮ ਕੋਲ ਛਾਪੇਮਾਰੀ ਕਰਕੇ ਕਰਮਵੀਰ ਸਿੰਘ ਜੂਆ ਤੇ ਜਗਦੀਸ਼ ਸਿੰਘ ਜੱਗੀ ਨੂੰ ਕਾਬੂ ਕੀਤਾ। ਇਨ੍ਹਾਂ ਕੋਲੋਂ ਕੀਤੀ ਗਈ ਮੁਢਲੀ ਪੁੱਛ ਪੜਤਾਲ ਦੌਰਾਨ ਉਨ੍ਹਾਂ ਜਨਰੇਟਰ ਚੋਰੀ ਦੀਆਂ ਵਾਰਦਾਤਾਂ ਨੂੰ ਕਬੂਲ ਕੀਤਾ ਤੇ ਹੋਰ ਸਖਤੀ ਨਾਲ ਕੀਤੀ ਗਈ ਪੁੱਛ-ਗਿੱਛ ਦੌਰਾਨ ਇਨ੍ਹਾਂ ਆਪਣੇ ਨਾਲ ਦੋ ਹੋਰ ਸਾਥੀ ਵਿਕਰਮ ਸਿੰਘ ਵਿੱਕੀ ਅਤੇ ਵਿਨੋਦ ਕੁਮਾਰ ਦੇ ਚੋਰੀ ਦੀਆਂ ਇਹਨਾਂ ਘਟਨਾਵਾਂ ਵਿੱਚ ਸ਼ਾਮਲ ਹੋਣ ਸਬੰਧੀ ਦੱਸਿਆ। ਉਨ੍ਹਾਂ ਦੱਸਿਆ ਕਿ ਜਗਦੀਸ਼ ਅਤੇ ਕਰਮਵੀਰ ਵੱਲੋਂ ਦਿੱਤੀ ਗਈ ਸੂਚਨਾ ਦੇ ਅਧਾਰ 'ਤੇ ਕੀਤੀ ਗਈ ਛਾਪੇਮਾਰੀ ਦੌਰਾਨ ਪੁਲਿਸ ਨੇ ਵਿੱਕੀ ਅਤੇ ਵਿਨੋਦ ਕੁਮਾਰ ਨੂੰ ਵੀ ਕਾਬੂ ਕਰ ਕੇ ਇਨ੍ਹਾਂ ਕੋਲੋਂ ਚੋਰੀ ਕੀਤੇ ਹੋਏ 2 ਜਨਰੇਟਰ ਬਰਾਮਦ ਕੀਤੇ ਗਏ ਅਤੇ ਹੋਰ ਪੁੱਛਗਿੱਛ ਤੋਂ ਇਨ੍ਹਾਂ ਵਿਅਕਤੀਆਂ ਨੇ ਮੰਨਿਆਂ ਕਿ ਹੁਣ ਤੱਕ ਉਨ੍ਹਾਂ ਨੇ 45 ਦੇ ਕਰੀਬ ਜਨਰੇਟਰ ਚੋਰੀ ਕੀਤੇ ਹਨ, ਜਿਨ੍ਹਾਂ' ਚੋਂ 9 ਜਨਰੇਟਰ ਬਰਾਮਦ ਕਰ ਲਏ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦੀ ਨਿਸ਼ਾਨਦੇਹੀ 'ਤੇ ਇਨ੍ਹਾਂ ਚੋਰੀ ਦੇ ਜਨਰੇਟਰਾਂ ਨੂੰ ਖ਼੍ਰੀਦਣ ਵਾਲੇ ਪਿਹੋਵਾ ਹਰਿਆਣਾ ਦੇ ਰਹਿਣ ਵਾਲੇ ਕਾਲਾ ਰਾਮ ਨੂੰ ਇਸ ਕੇਸ ਵਿਚ ਨਾਮਜ਼ਦ ਕਰ ਲਿਆ ਹੈ ਜੋ ਅਜੇ ਤੱਕ ਫਰਾਰ ਹੈ।

## ਪੰਜਾਬੀ ਯੂਨੀਵਰਸਿਟੀ ਵਿਖੇ ਪੰਜਾਬ ਹਿਸਟਰੀ ਕਾਨਫ਼ਰੰਸ ਦਾ 55ਵਾਂ ਸੈਸ਼ਨ ਸਫਲਤਾਪੂਰਵਕ ਸੰਪੰਨ

### ਪੰਜਾਬ ਦੇ ਪ੍ਰਾਚੀਨ, ਮੱਧਯੁਗੀ ਤੇ ਆਧੁਨਿਕ ਇਤਿਹਾਸ ਦੇ ਵੱਖ-ਵੱਖ ਪਹਿਲੂਆਂ 'ਤੇ ਪੇਸ਼ ਹੋਏ 92 ਖੋਜ ਪੱਤਰ




ਪਟਿਆਲਾ, 27 ਅਪ੍ਰੈਲ (ਰੁਪਾਣਾ) : ਪੰਜਾਬੀ ਯੂਨੀਵਰਸਿਟੀ ਵਿਖੇ ਅੱਜ ਪੰਜਾਬ ਹਿਸਟਰੀ ਕਾਨਫ਼ਰੰਸ ਦਾ 55ਵਾਂ ਸੈਸ਼ਨ ਸਫਲਤਾਪੂਰਵਕ ਸੰਪੰਨ ਹੋ ਗਿਆ ਹੈ। ਯੂਨੀਵਰਸਿਟੀ ਦੇ ਇਤਿਹਾਸ ਅਤੇ ਪੰਜਾਬ ਇਤਿਹਾਸ ਅਧਿਐਨ ਵਿਭਾਗ ਵੱਲੋਂ ਕਰਵਾਈ ਗਈ ਇਸ ਕਾਨਫ਼ਰੰਸ ਵਿੱਚ 'ਪੰਜਾਬ ਵਿੱਚ ਧਰਮ: ਉਨ੍ਹਾਂ ਦੀ ਪ੍ਰਗਤੀ ਅਤੇ ਪ੍ਰਭਾਵ' ਵਿਸ਼ੇ ਉੱਤੇ ਵੱਖ-ਵੱਖ ਵਿਦਵਾਨਾਂ ਨੇ ਆਪਣੇ ਵਿਚਾਰ ਪ੍ਰਗਟਾਏ। ਆਈ.ਆਈ.ਟੀ., ਜੰਮੂ ਦੇ ਵਿਜ਼ਿਟਿੰਗ ਪ੍ਰੋਫੈਸਰ ਡਾ. ਸ਼ਿਆਮ ਨਾਰਾਇਣ ਲਾਲ ਵੱਲੋਂ ਵਿਦਾਇਗੀ ਸੈਸ਼ਨ ਦੌਰਾਨ ਜੰਮੂ ਅਤੇ ਪੰਜਾਬ ਦੇ ਸਥਾਨਕ ਅਤੇ ਧਾਰਮਿਕ ਦੇਵਤਿਆਂ ਬਾਰੇ ਕਾਨਫ਼ਰੰਸ ਦਾ ਸਮਾਪਤੀ ਭਾਸ਼ਣ ਦਿੱਤਾ ਗਿਆ। ਉਨ੍ਹਾਂ ਪੰਜਾਬ ਅਤੇ ਜੰਮੂ ਦੇ ਖੇਤਰਾਂ ਵਿੱਚ ਗੁੱਗਾ ਪੀਰ, ਸੀਤਲਾ ਮਾਤਾ ਅਤੇ ਜਟੇਰਾ ਦੇਵਤਿਆਂ ਦੀ ਪੂਜਾ ਸਬੰਧੀ ਪ੍ਰਚਲਨ ਬਾਰੇ ਚਰਚਾ ਕੀਤੀ। ਵਿਦਾਇਗੀ ਸੈਸ਼ਨ ਦਾ ਪ੍ਰਧਾਨਗੀ ਭਾਸ਼ਣ ਪ੍ਰੋ. ਡੀ. ਪੀ. ਸਿੰਘ, ਡੀਨ ਸਮਾਜਿਕ ਵਿਗਿਆਨ, ਪੰਜਾਬੀ ਯੂਨੀਵਰਸਿਟੀ ਵੱਲੋਂ ਦਿੱਤਾ ਗਿਆ। ਉਨ੍ਹਾਂ ਕਾਨਫਰੰਸ ਦੇ ਵਿਸ਼ੇ ਨੂੰ ਅਹਿਮ ਦਸਦਿਆਂ ਪੰਜਾਬ ਖਿੱਤੇ ਦੇ ਧਾਰਮਿਕ ਪੱਖੋਂ ਮਹੱਤਵ ਬਾਰੇ ਆਪਣੀਆਂ ਟਿੱਪਣੀਆਂ ਕੀਤੀਆਂ। ਕਾਨਫ਼ਰੰਸ ਦਾ ਧੰਨਵਾਦੀ ਭਾਸ਼ਣ ਯੂਨੀਵਰਸਿਟੀ ਦੀ ਮਹਾਰਾਣਾ ਪ੍ਰਤਾਪ ਚੇਅਰ ਦੇ ਇੰਚਾਰਜ ਡਾ. ਦਲਜੀਤ ਸਿੰਘ ਵੱਲੋਂ ਦਿੱਤਾ ਗਿਆ। ਵਿਭਾਗ ਮੁਖੀ ਡਾ. ਸੰਦੀਪ ਕੌਰ, ਜੋ ਕਿ ਇਸ ਕਾਨਫ਼ਰੰਸ ਦੇ ਡਾਇਰੈਕਟਰ ਸਨ, ਨੇ ਆਪਣੇ ਸਵਾਗਤੀ ਭਾਸ਼ਣ ਦੌਰਾਨ ਦੱਸਿਆ ਕਿ ਕਾਨਫ਼ਰੰਸ ਦੌਰਾਨ ਪੰਜਾਬ ਦੇ ਪ੍ਰਾਚੀਨ, ਮੱਧਯੁਗੀ ਅਤੇ ਆਧੁਨਿਕ ਇਤਿਹਾਸ ਦੇ ਵੱਖ-ਵੱਖ ਪਹਿਲੂਆਂ 'ਤੇ ਕੁੱਲ 92 ਪੇਪਰ ਪੇਸ਼ ਕੀਤੇ ਗਏ। ਉਨ੍ਹਾਂ ਦੱਸਿਆ ਕਿ ਇਸ ਕਾਨਫ਼ਰੰਸ ਵਿੱਚ ਜੰਮੂ, ਕਸ਼ਮੀਰ, ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ ਅਤੇ ਦਿੱਲੀ ਸਮੇਤ ਭਾਰਤ ਭਰ ਦੀਆਂ ਯੂਨੀਵਰਸਿਟੀਆਂ ਦੇ ਵਿਦਵਾਨਾਂ ਨੇ ਹਿੱਸਾ ਲਿਆ। ਵਿਦਾਇਗੀ ਸੈਸ਼ਨ ਦਾ ਮੰਚ ਸੰਚਾਲਨ ਡਾ. ਪ੍ਰਨੀਤ ਕੌਰ ਢਿੱਲੋਂ ਨੇ ਕੀਤਾ। ਜ਼ਿਕਰਯੋਗ ਹੈ ਕਿ ਕਾਨਫ਼ਰੰਸ ਦੇ ਉਦਘਾਟਨੀ ਸੈਸ਼ਨ ਵਿੱਚ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਸਨ ਅਤੇ ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਨੇ ਪ੍ਰੋਗਰਾਮ ਦੀ ਪ੍ਰਧਾਨਗੀ ਕੀਤੀ ਸੀ। ਕਾਨਫ਼ਰੰਸ ਵਿੱਚ ਪੰਜਾਬ ਦੇ ਪ੍ਰਾਚੀਨ, ਮੱਧਕਾਲੀ ਅਤੇ ਆਧੁਨਿਕ ਇਤਿਹਾਸ ਨਾਲ ਸਬੰਧਤ ਚਾਰ ਅਕਾਦਮਿਕ ਸੈਸ਼ਨ ਹੋਏ ਜਿਨ੍ਹਾਂ ਦੀ ਪ੍ਰਧਾਨਗੀ ਪ੍ਰੋ. ਸੀਮਾ ਬਾਵਾ, ਪ੍ਰੋ. ਰਾਧਾ ਸ਼ਰਮਾ, ਪ੍ਰੋ. ਧਰਮਜੀਤ ਸਿੰਘ ਪਰਮਾਰ, ਅਤੇ ਡਾ. ਅਮਰਜੀਤ ਸਿੰਘ ਨੇ ਕੀਤੀ।

## ਵਿਦਿਆਰਥੀਆਂ ਨੂੰ ਪੁਲਿਸ ਸਾਂਝ ਕੇਂਦਰ ਦੀਆਂ ਸੇਵਾਵਾਂ ਦੀ ਜਾਣਕਾਰੀ ਜ਼ਰੂਰੀ : ਜਸਵੰਤ ਕੁਮਾਰ



ਪਟਿਆਲਾ, 27 ਅਪ੍ਰੈਲ (ਚ.ਨ.ਸ.) : ਕਮਿਉਨਿਟੀ ਅਫੇਅਰਜ਼ ਡਵੀਜਨ, ਪੰਜਾਬ ਪੁਲਿਸ ਹੁਕਮਾਂ ਅਨੁਸਾਰ ਡੀ.ਸੀ.ਪੀ.ਓ. ਵੈਭਵ ਚੌਧਰੀ ਐਸ.ਪੀ.(ਹੈਡ ਕੁਆਟਰ) ਦੇ ਦਿਸ਼ਾ ਨਿਰਦੇਸ਼ ਅਨੁਸਾਰ ਸੀ.ਪੀ.ਆਰ.ਸੀ.ਪਟਿਆਲਾ ਦੇ ਇੰਚਾਰਜ ਸੁਖਜਿੰਦਰ ਸਿੰਘ ਪਟਿਆਲਾ ਦੀ ਅਗਵਾਈ ਹੇਠ ਪੁਲਿਸ ਸਾਂਝ ਕੇਂਦਰ ਥਾਣਾ ਬਖਸ਼ੀਵਾਲਾ ਦੇ ਖੇਤਰ ਵਿੱਚ ਆਉਂਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿੱਧੂਵਾਲ ਵਿਖੇ ਐਸ. ਆਈ. ਜਸਵੰਤ ਕੁਮਾਰ ਇੰਚਾਰਜ ਪੁਲਿਸ ਸਾਂਝ ਕੇਂਦਰ ਡਵੀਜ਼ਨ ਸਿਟੀ-2 ਵੱਲੋਂ ਗਤੀਸ਼ੀਲ ਸਮਾਜ ਸੇਵੀ ਸੰਸਥਾਵਾਂ ਯੂਥ ਕਲੱਬ ਬਾਦਸ਼ਾਹਪੁਰ, ਚਾਇਲਡ ਪ੍ਰੋਟੈਕਸ਼ਨ ਐਂਡ ਵੈਲਫੇਅਰ ਸੁਸਾਇਟੀ, ਗਰੇਟ ਰਿੰਕਰ ਪਟਿਆਲਾ, ਡਾਕਟਰ ਭੀਮ ਰਾਓ ਅੰਬੇਡਕਰ ਯੁਵਕ ਸੇਵਾਵਾਂ ਕਲੱਬ ਅਤੇ ਯੂਥ ਵੈਲਫੇਅਰ ਫੈਡਰੇਸ਼ਨ ਪਟਿਆਲਾ ਦੇ ਸਾਂਝੇ ਉਪਰਾਲੇ ਨਾਲ ਪ੍ਰੋਗਰਾਮ ਕਰਵਾਇਆ ਗਿਆ। ਪ੍ਰੋਗਰਾਮ ਵਿੱਚ ਐਸ.ਆਈ.ਜਸਵੰਤ ਕੁਮਾਰ ਇੰਚਾਰਜ ਪੁਲਿਸ ਸਾਂਝ ਕੇਂਦਰ ਡਵੀਜ਼ਨ ਸਿਟੀ-2, ਪ੍ਰਿੰਸੀਪਲ ਅਮਨਦੀਪ ਕੌਰ ਸਿੱਧੂ, ਪੀ.ਐਲ. ਵੀ.ਗੁਰਕੀਰਤ ਸਿੰਘ ਮੈਂਬਰ ਪੁਲਿਸ ਸਾਂਝ ਕਮੇਟੀ, ਪੀ.ਐਲ.ਵੀ.ਪਰਮਜੀਤ ਸਿੰਘ ਮੈਂਬਰ ਪੁਲਿਸ ਸਾਂਝ ਕਮੇਟੀ ਤੇ ਨਸ਼ਾ ਮੁਕਤ ਭਾਰਤ ਅਭਿਆਨ, ਮਾਸਟਰ ਰਘਬੀਰ ਸਿੰਘ, ਗੁਰਪ੍ਰਤਾਪ ਸਿੰਘ ਸਾਹੀ ਮੈਂਬਰ ਪੁਲਿਸ ਸਾਂਝ ਕਮੇਟੀ, ਸੁਖਵਿੰਦਰ ਸਿੰਘ ਕਲੇਰ ਮੈਂਬਰ ਪੁਲਿਸ ਸਾਂਝ ਕਮੇਟੀ ਅਤੇ ਮੈਡਮ ਮਮਤਾ ਸਾਮਲ ਹੋਏ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਐਸ.ਆਈ ਜਸਵੰਤ ਕੁਮਾਰ ਵੱਲੋਂ ਪੁਲਿਸ ਸਾਂਝ ਕੇਂਦਰ ਦੀਆਂ ਸੇਵਾਵਾਂ, 112, 181ਹੈਲਪ ਲਾਈਨ ਨੰਬਰ ਅਤੇ ਸਾਈਬਰ ਕਰਾਇਮ ਸਬੰਧੀ ਜਾਰੀ ਕੀਤੇ ਹੈਲਪ ਲਾਈਨ 1930 ਬਾਰੇ ਵੀ ਜਾਣੂੰ ਕਰਵਾਇਆ ਗਿਆ ਤੇ ਸਮਾਜਿਕ ਕਦਰਾਂ ਕੀਮਤਾਂ ਬਾਰੇ ਅਤੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਇਸ ਮੌਕੇ ਪਰਮਜੀਤ ਸਿੰਘ ਨੇ ਕਿਹਾ ਕਿ ਪੁਲਿਸ ਸਾਂਝ ਕੇਂਦਰ ਦੀਆਂ ਸੇਵਾਵਾਂ ਦਾ ਲਾਭ ਪ੍ਰਾਪਤ ਕਰਨਾ ਚਾਹੀਦਾ ਹੈ।

## ਪਹਿਲਗਾਮ ਹਮਲੇ ਦੇ ਖ਼ਿਲਾਫ਼ ਸੁਧਾਰ ਸਭਾ ਸ੍ਰੀ ਕੇਦਾਰ ਨਾਥ ਨੇ ਕੱਢਿਆ ਰੋਸ ਮਾਰਚ

ਪਟਿਆਲਾ, 27 ਅਪ੍ਰੈਲ (ਚ.ਨ.ਸ.) : ਪਿਛਲੇ ਦਿਨਾਂ ਪਹਿਲਗਾਮ ਕਸ਼ਮੀਰ ਵਿੱਚ ਦਿਲ ਦਹਿਲਾਨ ਵਾਲੀ ਘਟਨਾ ਵਾਪਰੀ ਹੈ, ਜਿਸ ਵਿੱਚ ਅਣਪਛਾਤੇ ਲੋਕਾਂ ਵੱਲੋਂ 28 ਨਿਹੱਥੇ ਬੇਕਸੂਰ, ਭਾਰਤੀਆਂ ਦਾ ਕੇਵਲ ਧਰਮ ਦੇ ਆਧਾਰ 'ਤੇ ਗੋਲੀ ਮਾਰੀ। ਪਹਿਲਾਂ ਉਨ੍ਹਾਂ ਦੇ ਕੱਪੜੇ ਉਤਰਵਾਏ ਫਿਰ ਜਬਰਦਸਤ ਉਹਨਾਂ ਧਰਮ ਦੇਖਿਆ ਗਿਆ ਅਤੇ ਫਿਰ ਉਹਨਾਂ ਦੀ ਹੱਤਿਆ ਕਰ ਦਿੱਤੀ ਗਈ। ਇਹ ਘਟਨਾ ਸਾਡੇ ਸਮਾਜ ਵਾਸਤੇ ਗੰਭੀਰ ਚੇਤਾਵਨੀ ਹੈ। ਇਸਲਾਮੀ ਪਰਿਵਾਰ ਨੇ ਇਸ ਤਰ੍ਹਾਂ ਦਾ ਇਨਸਾਨੀਅਤ 'ਤੇ ਹਮਲਾ ਕੀਤਾ ਹੈ। ਇਸ ਵਿੱਚੋਂ ਇੱਕ ਚਾਰ ਦਿਨਾਂ ਦੀ ਨਵ ਵਿਆਹੀ ਲੜਕੀ ਦਾ ਸੁਹਾਗ ਉਜਾੜ ਦਿੱਤਾ। ਇਹ ਲੜਕੀ ਕਰਨਾਲ ਦੀ ਨਵ ਵਿਆਹੀ ਹੋਈ ਸੀ। ਜਿਨ੍ਹਾਂ ਦੀ ਚਾਰ ਦਿਨ ਪਹਿਲਾ ਹੀ ਸ਼ਾਦੀ ਹੋਈ ਸੀ। ਇਹ ਅਤਿ ਦੁਖਦ ਘਟਨਾ ਹੈ। ਇਸ ਘਟਨਾ ਵਿਰੁੱਧ ਅੱਜ ਪ੍ਰਾਚੀਨ ਮੰਦਿਰ ਸ੍ਰੀ ਕੇਦਾਰ ਨਾਥ ਮੰਦਿਰ ਸੁਧਾਰ ਸਭਾ ਵੱਲੋਂ ਕੈਂਡਲ ਮਾਰਚ, ਚੇਅਰਮੈਨ ਰਣਬੀਰ ਸਿੰਘ (ਕਾਂਟੀ) ਦੀ ਅਗਵਾਈ ਵਿੱਚ ਕੱਢਿਆ ਗਿਆ। ਇਸ ਵਿੱਚ ਸਾਰੇ ਸੁਧਾਰ ਸਭਾ ਦੇ ਮੈਂਬਰ ਅਤੇ ਮਥੁਰਾ ਕਾਲੋਨੀ ਦੇ ਬੱਚਿਆਂ ਅਤੇ ਔਰਤਾਂ ਨੇ ਵੀ ਸ਼ਮੂਲੀਅਤ ਕੀਤੀ। ਸਾਰਿਆਂ ਦੀਆਂ ਅੱਖਾਂ ਇਸ ਦੁੱਖ ਦੀ ਘੜੀ ਕਰਕੇ ਨਮ ਸਨ। ਸੁਧਾਰ ਸਭਾ ਵੱਲੋਂ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਗਈ ਕਿ ਵਿੱਛੜੀਆਂ ਹੋਈਆਂ ਰੂਹਾਂ ਨੂੰ ਸ਼ਾਂਤੀ ਮਿਲੇ ਅਤੇ ਪਰਿਵਾਰ ਨੂੰ ਦੁੱਖ ਸਹਿਣ ਦਾ ਬੱਲ ਬਖਸ਼ੇ।

## ਪਹਿਲਗਾਮ ਜੰਮੂ 'ਚ ਹੋਏ ਅੱਤਵਾਦੀ ਹਮਲੇ ਦੇ ਵਿਰੋਧ 'ਚ ਨਾਭਾ 'ਚ ਕੱਢਿਆ ਕੈਂਡਲ ਮਾਰਚ




ਨਾਭਾ, 27 ਅਪ੍ਰੈਲ (ਗੁਰਚਰਨ ਸਿੰਘ ਚੌਧਰੀਮਾਜਰਾ) : ਪਹਿਲਗਾਮ ਜੰਮੂ 'ਚ ਹੋਏ ਅੱਤਵਾਦੀ ਹਮਲੇ ਦੇ ਵਿਰੋਧ ਚ ਨਾਭਾ ਸ਼ਹਿਰ ਦੇ ਬਾਜ਼ਾਰਾਂ ਵਿੱਚੋਂ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਨੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਕੈਂਡਲ ਮਾਰਚ ਕੀਤਾ ਹੈ। ਜਿਸ ਵਿੱਚ ਕਾਂਗਰਸ ਪਾਰਟੀ ਦੇ ਸਾਬਕਾ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ, ਆਮ ਆਦਮੀ ਪਾਰਟੀ ਦੇ ਨਾਭਾ ਤੋਂ ਵਿਧਾਇਕ ਗੁਰਦੇਵ ਸਿੰਘ ਦੇ ਮਾਨ, ਬੀਜੇਪੀ ਪਾਰਟੀ ਦੇ ਵਰਕਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਵਰਕਰ ਵੀ ਰਹੇ। ਇਸ ਮੌਕੇ 'ਤੇ ਸਾਬਕਾ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਅਤੇ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇ ਮਾਨ ਵੱਲੋਂ ਸਖਤ ਨਿੰਦਿਆ ਕੀਤੀ ਗਈ ਹੈ, ਉਹਨਾਂ ਕਿਹਾ ਕਿ ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਅੱਜ ਨਾਭਾ ਸ਼ਹਿਰ ਦੇ ਸ਼ਹਿਰਾਂ ਵਿੱਚ ਉਹਨਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਹੈ, ਜਿਨ੍ਹਾਂ ਲੋਕਾਂ ਨੂੰ ਅੱਤਵਾਦੀਆਂ ਵੱਲੋਂ ਮਾਰਿਆ ਗਿਆ ਹੈ।

## ਦੋ ਵੱਖ-ਵੱਖ ਮਾਮਲਿਆਂ 'ਚ 21 ਕਿਲੋ 800 ਗ੍ਰਾਮ ਭੁੱਕੀ ਤੇ ਡਰੱਗ ਮਨੀ ਬ੍ਰਾਮਦ

### ਦੋ ਮੋਟਰਸਾਈਕਲ ਸਵਾਰਾਂ ਸਮੇਤ ਔਰਤ ਕਾਬੂ, ਪੁਲਿਸ ਰਿਮਾਂਡ 'ਤੇ

ਸਮਾਣਾ, 27 ਅਪ੍ਰੈਲ (ਵਿਜੇ ਕੁਮਾਰ) : ਦੋ ਵੱਖ-ਵੱਖ ਮਾਮਲਿਆਂ 'ਚ ਸਦਰ ਅਤੇ ਸਿਟੀ ਪੁਲਿਸ ਨੇ ਇੱਕ ਔਰਤ ਸਣੇ ਤਿੰਨ ਲੋਕਾਂ ਨੂੰ 21 ਕਿਲੋ 800 ਗ੍ਰਾਮ ਭੁੱਕੀ ਅਤੇ 22 ਹਜ਼ਾਰ ਰੁਪਏ ਡਰੱਗ ਮਨੀ ਸਣੇ ਕਾਬੂ ਕੀਤਾ ਹੈ। ਪੁਲਸ ਨੇ ਮੁਲਜਮਾਂ ਖਿਲਾਫ ਨਸ਼ਾ ਵਿਰੋਧੀ ਐਕਟ ਦੀਆਂ ਧਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜਮਾਂ ਦੀ ਪਹਿਚਾਣ ਕਾਬਲ ਸਿੰਘ ,ਸਤਨਾਮ ਸਿੰਘ ਵਾਸੀ ਪਿੰਡ ਮਰੋੜੀ ਅਤੇ ਰਣਵੀਰ ਕੌਰ ਵਾਸੀ ਪਿੰਡ ਮੁਰਾਦਪੁਰਾ ਵੱਜੋਂ ਹੋਈ। ਸਦਰ ਪੁਲਸ ਮੁੱਖੀ ਬਿਕਰਮਜੀਤ ਸਿੰਘ ਬਰਾੜ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਏ.ਐਸ.ਆਈ. ਨਿਰਮਲ ਸਿੰਘ ਪੁਲਸ ਪਾਰਟੀ ਸਣੇ ਬਸ ਅੱਡਾ ਪਿੰਡ ਮਰਦਾਹੇੜੀ ਮੌਜੂਦ ਸੀ ਕਿ ਮੁੱਖਵਰ ਵੱਲੋਂ ਇਤਲਾਹ ਮਿਲੀ ਕਿ ਦੋ ਮੁਲਜ਼ਮ



ਮੋਟਰਸਾਈਕਲ ਤੇ ਗੁਰਦਿਆਲ ਪੂਰਾ ਬੀੜ ਵਿੱਚ ਭੁੱਕੀ ਵੇਚ ਰਹੇ ਹਨ। ਜਿਨ੍ਹਾਂ ਨੂੰ ਮੌਕੇ ਤੇ ਰੇਡ ਕਰਕੇ 20 ਕਿਲੋ ਭੁੱਕੀ ਅਤੇ 22 ਹਜ਼ਾਰ ਰੁਪਏ ਡਰੱਗ ਮਣੀ ਸਣੇ ਮੋਟਰਸਾਈਕਲ ਉਹਨਾਂ ਨੂੰ ਕਾਬੂ ਕਰ ਲਿਆ। ਜਿਨ੍ਹਾਂ ਨੂੰ ਮਾਣਯੋਗ ਅਦਾਲਤ ਵਿਚ ਪੇਸ਼ ਕਰ ਹੋਰ ਪੁਛਗਿੱਛ ਲਈ ਤਿੰਨ ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਹੈ। ਇਸੇ ਤਰ੍ਹਾਂ ਇੱਕ ਹੋਰ ਮਾਮਲੇ 'ਚ ਸਿਟੀ ਪੁਲਸ ਦੀ ਸਬ-ਇੰਸਪੈਕਟਰ ਰਾਜਵਿੰਦਰ ਕੌਰ ਸਣੇ ਪੁਲਸ ਪਾਰਟੀ ਗਊਸ਼ਾਲਾ ਨੂਰਪੁਰਾ ਪਤੀ ਮੌਜੂਦ ਸੀ, ਨੂੰ ਇਤਲਾਹ ਮਿਲਣ 'ਤੇ ਟੀ-ਪੁਆਇੰਟ ਬਾ-ਹਦ ਕੁਤਬੁਨਪੁਰ ਨੇੜੇ ਨਾਕਾਬੰਦੀ ਕਰਕੇ ਪੈਦਲ ਆ ਰਹੀ ਇਕ ਔਰਤ ਨੂੰ ਰੋਕ ਕੇ ਤਲਾਸ਼ੀ ਲਈ ਤਾਂ ਉਸ ਕੋਲੋ ਇਕ ਕਿਲੋ 800 ਗਰਾਮ ਭੁੱਕੀ ਚੂਰਾ ਬਰਾਮਦ ਹੋਣ ਤੇ ਉਸ ਨੂੰ ਕਾਬੂ ਕਰ ਲਿਆ। ਮੁਲਜ਼ਮ ਔਰਤ ਦੀ ਪਹਿਚਾਣ ਰਣਵੀਰ ਕੌਰ ਵਾਸੀ ਪਿੰਡ ਮੁਰਾਦਪੁਰਾ ਵਜੋਂ ਹੋਈ। ਅਧਿਕਾਰੀ ਅਨੁਸਾਰ ਮੁਲਜਮ ਨੂੰ ਮਾਨਯੋਗ ਅਦਾਲਤ ਚ ਪੇਸ ਕਰ ਹੋਰ ਪੁੱਛਗਿਛ ਲਈ ਇੱਕ ਦਿਨ ਦਾ ਪੁਲਸ ਰਿਮਾਂਡ ਹਾਸਲ ਕਰਕੇ ਅਗਲੇਰੀ ਕਾਰਵਾਈ ਸੁਰੂ ਕਰ ਦਿੱਤੀ।

## ਪੁਲਿਸ ਵੱਲੋਂ 420 ਨਸ਼ੀਲੀਆਂ ਗੋਲ਼ੀਆਂ ਬ੍ਰਾਮਦ

ਪਟਿਆਲਾ, 27 ਅਪ੍ਰੈਲ (ਵਿਨੋਦ ਸ਼ਰਮਾ) : ਥਾਣਾ ਸਦਰ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਸ਼ਰਨਜੀਤ ਸਿੰਘ ਵਾਸੀ ਤੇਜ ਬਾਗ ਕਲੋਨੀ ਪਟਿਆਲਾ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਐਸ.ਆਈ ਬਲਵਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾ ਦੇ ਸਬੰਧ ਬਾ-ਹੱਦ ਪਿੰਡ ਘਲੋੜੀ ਪਾਸ ਮੌਜੂਦ ਸੀ, ਜੋ ਦੋਸ਼ੀ ਦੇ ਮੋਟਰਸਾਈਕਲ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 420 ਨਸ਼ੀਲੀਆਂ ਗੋਲੀਆਂ ਬ੍ਰਾਮਦ ਹੋਈਆਂ।

## ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਬਿਨਾਂਹੇੜੀ ਵਿਖੇ ਧਰਤੀ ਦਿਵਸ ਮਨਾਇਆ

ਨਾਭਾ, 27 (ਗੁਰਚਰਨ ਸਿੰਘ ਚੌਧਰੀਮਾਜਰਾ) : ਗੁਰੂ ਗੋਬਿੰਦ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬਿਨਾਂਹੇੜੀ ਵਿਖੇ ਬੀਤੇ ਦਿਨੀ ਧਰਤੀ ਦਿਵਸ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਸਕੂਲ ਵਿੱਚ ਗਤੀਵਿਧੀਆਂ ਕੀਤੀਆਂ ਗਈਆਂ ਜਿਸ ਵਿੱਚ ਕਲਾਸ ਨਰਸਰੀ ਤੋਂ ਲੈ ਕੇ ਬਾਰਵੀਂ ਤੱਕ ਦੇ ਬੱਚਿਆਂ ਵੱਲੋਂ ਹਿੱਸਾ ਲਿਆ ਗਿਆ, ਬੱਚਿਆਂ ਵੱਲੋਂ ਬਹੁਤ ਹੀ ਸੋਹਣੇ ਢੰਗ ਨਾਲ ਧਰਤੀ ਦੀ ਮਹੱਤਤਾ ਤੇ ਭਾਸ਼ਣ ਦਿੱਤੇ ਗਏ ਅਤੇ ਵਾਤਾਵਰਨ ਦੀ ਸੰਭਾਲ ਸਬੰਧੀ ਵੀ ਆਪਣੇ ਵਿਚਾਰ ਪੇਸ਼ ਕੀਤੇ ਅਤੇ ਨਾਲ ਹੀ ਪੋਸਟਰ ਮੇਕਿੰਗ ਕਵਿਤਾ ਉਚਾਰਨ ਮੁਕਾਬਲਾ ਅਤੇ ਸਕਿਟ ਦੇ ਜ਼ਰੀਏ ਰੁੱਖਾਂ ਦੀ ਸੰਭਾਲ ਅਤੇ ਵੱਧ ਤੋਂ ਵੱਧ ਰੁੱਖ ਲਗਾਉਣ ਅਤੇ ਪਾਣੀ ਦੀ ਦੁਰਵਰਤੋਂ ਸਬੰਧੀ ਸੰਦੇਸ਼ ਵੀ ਦਿੱਤੇ ਗਏ ਅਤੇ ਵਾਤਾਵਰਨ ਨੂੰ ਬਚਾਉਣ ਅਤੇ ਧਰਤੀ ਦੀ ਮਹੱਤਤਾ ਤੇ ਜ਼ੋਰ ਦਿੰਦੇ ਹੋਏ ਪ੍ਰਦੂਸ਼ਣ



ਨੂੰ ਰੋਕਣ ਅਤੇ ਵੱਧ ਤੋਂ ਵੱਧ ਰੁੱਖ ਲਗਾਉਣ ਅਤੇ ਪਰਾਲੀ ਨੂੰ ਨਾ ਸਾੜਨ ਲਈ ਪਿੰਡਾਂ ਵਿੱਚ ਬੱਚਿਆਂ ਵੱਲੋਂ ਰੈਲੀ ਵੀ ਕੱਢੀ ਗਈ। ਬੱਚਿਆਂ ਦੇ ਇਸ ਵਧੀਆ ਪ੍ਰੋਗਰਾਮ ਲਈ ਸਕੂਲ ਐਮ.ਡੀ ਭੁਪਿੰਦਰ ਸਿੰਘ ਚੱਢਾ ਤੇ ਪ੍ਰਿੰਸੀਪਲ ਸਤਵਿੰਦਰ ਪ੍ਰੀਤ ਵੱਲੋਂ ਬੱਚਿਆਂ ਅਤੇ ਸਮੂਹ ਸਟਾਫ ਦੀ ਹੌਂਸਲਾ ਅਫਜ਼ਾਈ ਕੀਤੀ।

## 'ਯੁੱਧ ਨਸ਼ਿਆਂ ਵਿਰੁੱਧ' ਮੈਰਾਥਨ ਰੈਲੀ 'ਚ ਪ੍ਰਾਣ ਸੱਭਰਵਾਲ ਵੱਲੋਂ ਨਾਟਕ ਪੇਸ਼

ਪਟਿਆਲਾ, 27 ਅਪ੍ਰੈਲ (ਚ.ਨ.ਸ.) : ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਆਈ.ਏ.ਐਸ. ਦੀ ਰਹਿਨੁਮਾਈ ਵਿੱਚ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਪੋਲੋ ਗਰਾਊਂਡ ਵਿਖੇ ਕੱਢੀ ਗਈ 10,000 ਲੋਕਾਂ ਦੀ 'ਯੁੱਧ ਨਸ਼ਿਆਂ ਵਿਰੁੱਧ' ਮੈਰਾਥਨ ਵਿਸ਼ਾਲ ਰੈਲੀ ਵਿੱਚ ਪਦਮਸ਼੍ਰੀ ਪ੍ਰਾਣ ਸੱਭਰਵਾਲ - ਸੁਨੀਤਾ ਸੱਭਰਵਾਲ ਵੱਲੋਂ ਤਿਆਰ ਨਸ਼ਿਆ ਵਿਰੁੱਧ ਤਿੱਖਾ ਵਿਅੰਗਮਈ 'ਯੁੱਧ ਨਸ਼ਿਆਂ ਵਿਰੁੱਧ' ਨਾਟਕ, ਰਾਜੇਸ਼ ਅਗਰਵਾਲ ਨਵਯੁੱਗ ਵਸਤਰਾਲਿਆ ਦੇ ਸਹਿਯੋਗ ਨਾਲ ਸਫਲਤਾ ਪੂਰਵਕ ਪੇਸ਼ ਕੀਤਾ ਗਿਆ। ਪੇਸ਼ਕਾਰੀ ਵਿੱਚ ਰਾਜ ਦੇ ਪ੍ਰਸਿੱਧ ਕਲਾਕਾਰ ਪ੍ਰਾਣ ਸੱਭਰਵਾਲ, ਫਿਲਮੀ ਗਾਇਕ-ਕੰਪੋਜ਼ਰ, ਅਦਾਕਾਰ ਗਿੱਲ-ਦੀਪ (ਟਿੰਮੀ), ਸੀਨੀਅਰ ਸਨਮਾਨਿਤ ਕਲਾਕਾਰ ਸੁਭਾਸ਼ ਭਗਤ, ਪਰਮਜੀਤ ਕੌਰ, ਸਿਮਰਨਜੀਤ ਕੌਰ ਸਰਨਾ ਤੋਂ ਬਿਨ੍ਹਾਂ ਟੈਕਨੀਕਲ ਅਤੇ ਪ੍ਰਬੰਧਕੀ ਟੀਮ ਨੇ ਅਦਾਕਾਰੀ ਦੇ ਜੋਰ ਦਿਖਾਏ। ਦਰਸ਼ਕਾਂ ਨੇ ਖੜੇ ਹੋ ਕੇ ਤਾਲੀਆਂ ਦੀ ਗੂੰਜ ਵਿੱਚ ਪੇਸ਼ਕਾਰੀ ਦੀ ਸ਼ਲਾਘਾ




ਕੀਤੀ। ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਪ੍ਰਾਣ ਸੱਭਰਵਾਲ ਨੂੰ ਬੂਟਾ ਉਪਹਾਰ ਭੇਟ ਕਰਕੇ, ਕਲਾਕਾਰਾਂ ਨੂੰ ਸਨਮਾਨਿਤ ਕੀਤਾ ਗਿਆ। ਨਾਟਕ ਵਿੱਚ ਸ਼੍ਰੀ ਪ੍ਰਾਣ ਸੱਭਰਵਾਲ ਨੇ ਨਸ਼ਾ ਸਮਰਾਟ ਦੀ ਭੂਮਿਕਾ ਨਿਭਾਈ, ਜੋ ਪੰਜਾਬ ਛੱਡਣ ਨੂੰ ਤਿਆਰ ਨਹੀਂ। ਵੱਖ ਵੱਖ ਪਾਤਰ ਸਮਗਲਰ, ਨਸ਼ੇ ਦੇ ਵਿਉਪਾਰੀ ਬਹੁਤ ਡਰੇ ਹੋਏ ਨੇ ਤੇ ਦਸਦੇ ਨੇ ਕਿ ਸਰਕਾਰ ਵੱਲੋਂ ਚਲਾਈ ਗਈ 'ਯੁੱਧ ਨਸ਼ਿਆ ਵਿਰੁੱਧ' ਮੁਹਿੰਮ ਤਹਿਤ ਮਾਰੇ ਗਏ ਛਾਪਿਆ ਦੁਆਰਾ ਫੜੇ ਗਏ ਹਰ ਤਰ੍ਹਾਂ ਦੇ ਨਸ਼ੇ, ਸਮਗਲਰ, ਡਰੱਗ ਰਾਸ਼ੀ ਦੇ ਮੱਦੇ ਨਜਰ ਉਹਨਾਂ ਨੂੰ ਪੰਜਾਬ ਛੱਡਣਾ ਪੈਣਾ ਹੈ। ਨਟਾਸ ਪ੍ਰਧਾਨ ਸ੍ਰ. ਗੁਰਬਚਨ ਸਿੰਘ ਕੱਕੜ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਇਹ ਸਫਲ ਨਾਟਕ ਪੰਜਾਬ ਦੇ ਹਰ ਸ਼ਹਿਰ ਵਿੱਚ ਖੇਡਿਆ ਜਾਣਾ ਚਾਹੀਦਾ ਹੈ ਅਤੇ ਨਿਰਦੇਸ਼ਕ ਪ੍ਰਾਣ ਸੱਭਰਵਾਲ ਨੇ ਡਿਪਟੀ ਕਮਿਸ਼ਨਰ, ਪਟਿਆਲਾ ਸੁਹਿਰਦ ਕੁਸ਼ਲ ਪ੍ਰਸ਼ਾਸਕ ਕਲਾ ਸਰਪ੍ਰਸਤ ਮੈਡਮ ਡਾ: ਪ੍ਰੀਤੀ ਯਾਦਵ ਆਈ.ਏ.ਐਸ., ਮੈਡਮ ਨਵਰੀਤ ਕੌਰ ਸੇਖੋਂ ਏ.ਡੀ.ਸੀ., ਰਾਜੇਸ਼ ਅਗਰਵਾਲ ਨਵਯੁੱਗ ਵਸਤਰਾਲਿਆ, ਜ਼ਿਲ੍ਹਾ ਪ੍ਰਸ਼ਾਸਨ ਅਤੇ ਕਲਾਕਾਰਾਂ ਦਾ ਧੰਨਵਾਦ ਕੀਤਾ।

## ਧੀਮਾਨ ਭਵਨ ਸੁਸਾਇਟੀ ਨੇ ਪਹਿਲਗਾਮ 'ਚ ਸੈਲਾਨੀਆਂ 'ਤੇ ਹੋਏ ਹਮਲੇ ਦੀ ਕੀਤੀ ਨਿੰਦਾ

ਪਟਿਆਲਾ, 27 ਅਪ੍ਰੈਲ (ਚ.ਨ.ਸ.) : ਧੀਮਾਨ ਭਵਨ ਸੋਸਾਇਟੀ, ਸਰਹੰਦੀ ਗੇਟ ਪਟਿਆਲਾ ਦੇ ਮੈਂਬਰਾਂ ਵੱਲੋਂ ਅੱਜ ਧੀਮਾਨ ਭਵਨ ਵਿੱਚ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਸਾਰੇ ਮੈਂਬਰਾਂ ਨੇ ਦੋ ਮਿੰਟ ਦਾ ਮੌਨ ਰੱਖਕੇ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਮਾਰੇ ਗਏ ਬੇਕਸੂਰ ਲੋਕਾਂ ਨੂੰ ਸ਼ਰਧਾਂਜਲੀ ਦਿੱਤੀ। ਇਸ ਮੌਕੇ ਸੋਸਾਇਟੀ ਮੈਂਬਰਾਂ ਨੇ ਕਿਹਾ ਕਿ ਪਹਿਲਗਾਮ ਵਿੱਚ ਅਤੱਵਾਦੀਆਂ ਵੱਲੋਂ ਬੇਕਸੂਰ ਅਤੇ ਨਿਹੱਥੇ ਲੋਕਾਂ 'ਤੇ ਕੀਤਾ ਗਿਆ ਹਮਲਾ ਬਹੁਤ ਹੀ ਨਿੰਦਣਯੋਗ ਹੈ। ਉਨ੍ਹਾਂ ਨੇ ਇਸ ਕਾਇਰਾਨਾ ਹਰਕਤ ਦੀ ਕੜੇ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਇਹ ਸਿਰਫ ਨਿਹੱਥੇ ਲੋਕਾਂ 'ਤੇ ਹੀ ਹਮਲਾ ਨਹੀਂ, ਬਲਕਿ ਪੂਰੀ ਮਨੁੱਖਤਾ 'ਤੇ ਹਮਲਾ ਹੈ। ਜਿਸ ਦੇ ਵਿਰੁੱਧ ਅੱਜ ਸਾਰਾ ਦੇਸ਼ ਇਕਜੁੱਟ ਹੋ ਕੇ ਖੜਾ ਹੈ ਅਤੇ ਇੱਕ ਆਵਾਜ਼ ਵਿੱਚ ਅਤੱਵਾਦੀਆਂ ਖਿਲਾਫ ਸਖ਼ਤ ਤੋਂ ਸਖ਼ਤ ਕਾਰਵਾਈ ਦੀ ਮੰਗ ਕਰ ਰਿਹਾ ਹੈ। ਸੁਸਾਇਟੀ ਮੈਂਬਰਾਂ ਨੇ ਪੀੜਤ ਪਰਿਵਾਰਾਂ ਪ੍ਰਤੀ ਦੁੱਖ ਪ੍ਰਗਟਾਉਂਦੇਹੋਏ ਕਿਹਾ ਕਿ ਇਸ ਦੁਖ ਦੀ ਘੜੀ ਵਿੱਚ ਸਾਰਾ ਦੇਸ਼ ਉਨ੍ਹਾਂ ਦੇ ਨਾਲ ਖੜਾ ਹੈ। ਉਨ੍ਹਾਂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਇਨ੍ਹਾਂ ਅਤੱਵਾਦੀਆਂ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ। ਇਸ ਮੌਕੇ ਬਾਵਾ ਸਿੰਘ ਲੋਟੇ, ਇੰਦਰ ਕੁਮਾਰ ਬਿਰਦੀ, ਸੰਦੀਪ ਧੀਮਾਨ ਟੀਨਾ, ਕੇਦਾਰ ਨਾਥ ਧੀਮਾਨ, ਦੁਆਰਕਾ ਦਾਸ ਧੀਮਾਨ, ਦਵਿੰਦਰ ਕੁਮਾਰ ਪਨੇਸਰ, ਰਾਜ ਕੁਮਾਰ ਸਮੇਤ ਸਮੂਹ ਸੋਸਾਇਟੀ ਮੈਂਬਰ ਮੌਜੂਦ ਰਹੇ।

## ਗੁਰਇਕਮਨ ਸਿੰਘ ਨੇ ਨੈਸ਼ਨਲ ਗੇਮਜ਼ 'ਚ 110 ਕਿਲੋਗ੍ਰਾਮ ਭਾਰ ਵਰਗ 'ਚ ਜਿੱਤਿਆ ਬਰਾਊਂਜ਼ ਮੈਡਲ

ਘਨੌਰ, 27 ਅਪ੍ਰੈਲ (ਮਦਨ ਲਾਲ/ ਰਾਜਿੰਦਰ ਸਿੰਘ ਕੰਬੋਜ) : ਦਿੱਲੀ ਦੇ ਪ੍ਰਸਿੱਧ ਛੱਤਰਸਾਲ ਸਟੇਡੀਅਮ ਵਿੱਚ ਹੋ ਰਹੀਆਂ ਸਕੂਲ ਨੈਸ਼ਨਲ ਗੇਮਜ਼ (24-25) ਵਿੱਚ ਰੁਸਤਮੇ ਹਿੰਦ ਕੇਸਰ ਕੁਸ਼ਤੀ ਅਖਾੜਾ ਪਟਿਆਲਾ ਪੰਜਾਬ ਦੇ ਵਿਦਿਆਰਥੀ ਗੁਰਇਕਮਨ ਸਿੰਘ ਉਰਫ਼ ਲਾਡਾ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ 110 ਕਿਲੋਗ੍ਰਾਮ ਭਾਰ ਵਰਗ ਵਿੱਚ ਬਰਾਊਂਜ਼ ਮੈਡਲ ਹਾਸਲ ਕਰ ਕੇ ਆਪਣੇ ਪਰਿਵਾਰ, ਕੋਚਾਂ ਅਤੇ ਪੰਜਾਬ ਦਾ ਨਾਮ ਰੌਸ਼ਨ ਕੀਤਾ ਹੈ। ਦੱਸਣਯੋਗ ਹੈ ਕਿ ਗੁਰਇਕਮਨ ਸਿੰਘ ਲਾਡਾ ਕਬੱਡੀ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਵਿਧਾਇਕ ਗੁਰਲਾਲ ਘਨੌਰ ਦਾ ਸਪੁੱਤਰ ਹੈ। ਉਨ੍ਹਾਂ ਵੱਲੋਂ ਪਹਿਲਾਂ ਵੀ ਵੱਖ-ਵੱਖ ਥਾਈ ਹੋਈਆ ਗੇਮਾਂ ਵਿਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਕਈ ਮੈਡਲ ਜਿੱਤਣ ਵਿਚ ਕਾਮਯਾਬੀ ਹਾਸਲ ਕੀਤੀ ਹੈ। ਗੁਰਇਕਮਨ ਸਿੰਘ ਨੇ ਮੁਕਾਬਲੇ ਦੌਰਾਨ ਆਪਣੀ ਹੌਂਸਲੇ ਅਤੇ ਕਲਾਕਾਰੀ ਦਾ



ਬੇਮਿਸਾਲ ਪ੍ਰਦਰਸ਼ਨ ਕੀਤਾ। ਮੁਕਾਬਲੇ ਤੋਂ ਬਾਅਦ ਗੁਰਇਕਮਨ ਸਿੰਘ ਨੇ ਆਪਣੀ ਸਫਲਤਾ ਦਾ ਸਿਹਰਾ ਆਪਣੇ ਮਾਪਿਆਂ ਅਤੇ ਕੋਚਾਂ ਦੀ ਸਖਤ ਮਿਹਨਤ ਨੂੰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਮੈਡਲ ਮੇਰੇ ਲਈ ਸਿਰਫ਼ ਇੱਕ ਇਨਾਮ ਨਹੀਂ, ਸਗੋਂ ਮੇਰੇ ਸੁਪਨੇ ਨੂੰ ਹਕੀਕਤ ਬਣਾਉਣ ਵੱਲ ਇੱਕ ਵੱਡਾ ਕਦਮ ਹੈ। ਦੱਸਣਯੋਗ ਹੈ ਕਿ ਛੱਤਰਸਾਲ ਸਟੇਡੀਅਮ ਭਾਰਤੀ ਖੇਡਾਂ ਵਿੱਚ ਇੱਕ ਮਸ਼ਹੂਰ ਕੇਂਦਰ ਹੈ, ਜਿੱਥੇ ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀ ਆਪਣੀ ਕਾਬਲੀਅਤ ਦਾ ਪ੍ਰਦਰਸ਼ਨ ਕਰ ਚੁੱਕੇ ਹਨ। ਗੁਰਇਕਮਨ ਸਿੰਘ ਦੀ ਇਸ ਕਾਮਯਾਬੀ 'ਤੇ ਸਕੂਲ ਪ੍ਰਬੰਧਕਾਂ, ਅਧਿਆਪਕਾਂ, ਕੋਚ ਸਾਹਿਬਾਨਾਂ ਅਤੇ ਸਥਾਨਕ ਨਾਗਰਿਕਾਂ ਨੇ ਵੀ ਉਸ ਦੀ ਹੌਂਸਲਾ ਅਫਜ਼ਾਈ ਕੀਤੀ। ਉਮੀਦ ਕੀਤੀ ਜਾ ਰਹੀ ਹੈ ਕਿ ਉਹ ਆਉਣ ਵਾਲੇ ਸਮੇਂ ਵਿੱਚ ਹੋਰ ਵੱਡੀਆਂ ਪ੍ਰਾਪਤੀਆਂ ਹਾਸਲ ਕਰੇਗਾ। ਮੈਡਲ ਹਾਸਲ ਕਰਕੇ ਆਪਣੇ ਅਖਾੜੇ ਅਤੇ ਆਪਣੇ ਹਲਕਾ ਘਨੌਰ ਅਤੇ ਮਾਪਿਆਂ ਦੇ ਨਾਲ-ਨਾਲ ਕੋਚ ਸ. ਗਰਮੇਲ ਸਿੰਘ, ਸਾਰਜ ਸਿੰਘ, ਰਣਧੀਰ ਸਿੰਘ ਧੀਰਾ ਦਾ ਵੀ ਨਾਮ ਰੋਸ਼ਨ ਕੀਤਾ ਹੈ।

## ਪਹਿਲਗਾਮ ਵਿਖੇ ਨਿਰਦੋਸ਼ਾਂ 'ਤੇ ਕਾਤਲਾਨਾ ਹਮਲਾ ਅਤਿ ਨਿੰਦਣਯੋਗ : ਭੀਲੋਵਾਲ

ਨਾਭਾ, 27 ਅਪ੍ਰੈਲ (ਗੁਰਚਰਨ ਸਿੰਘ ਚੌਧਰੀਮਾਜਰਾ) : ਪਹਿਲਗਾਮ ਵਿੱਚ ਨਿਰਦੋਸ਼ ਟੂਰਿਸਟਾਂ 'ਤੇ ਆਤੰਕੀ ਹਮਲਾ ਬਹੁਤ ਹੀ ਮੰਦਭਾਗਾ ਹੈ ਅਤੇ ਅਤਿ ਨਿੰਦਣਯੋਗ ਹੈ। ਜਿਸ ਵਿੱਚ 26 ਤੋਂ ਵੱਧ ਨਿਰਦੋਸ਼ ਲੋਕਾਂ ਦੀਆਂ ਜਾਨਾਂ ਲੈ ਲਈਆਂ ਗਈਆਂ ਹਨ। ਧਰਮ ਦੇ ਨਾਮ 'ਤੇ ਕੀਤੇ ਗਏ ਕਤਲੇਆਮ ਨੇ ਸਾਰੀ ਦੁਨੀਆਂ ਨੂੰ ਹਲਾ ਕੇ ਰੱਖ ਦਿੱਤਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦੇ ਹੋਏ ਭਾਜਪਾ ਦੇ ਸਾਬਕਾ ਜ਼ਿਲ੍ਹਾ ਵਾਈਸ ਪ੍ਰਧਾਨ ਰਮਨਦੀਪ ਸਿੰਘ ਭੀਲੋਵਾਲ ਨੇ ਕਿਹਾ ਕਿ ਇਸ ਦੁੱਖ ਦੀ ਘੜੀ ਵਿੱਚ ਅਸੀਂ ਸਾਰੇ ਉਹਨਾਂ ਮ੍ਰਿਤਕ ਪਰਿਵਾਰਾਂ ਦੇ ਨਾਲ ਹਾਂ ਅਤੇ ਪਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਵਿਛੜੀਆਂ ਰੂਹਾਂ ਨੂੰ ਪਰਮਾਤਮਾ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਉਹਨਾਂ ਕਿਹਾ ਕਿ ਇਸ ਮਨੁੱਖੀ ਘਾਣ ਨਾਲ ਲੋਕਾਂ ਦੇ ਹਿਰਦੇ ਵਲੂੰਦਰੇ ਗਏ ਹਨ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਦੋਸ਼ੀਆਂ ਨੂੰ ਜਲਦ ਤੋਂ ਜਲਦ ਕਾਬੂ ਕਰਕੇ ਭਿਆਨਕ ਤੋਂ ਭਿਆਨਕ ਸਜ਼ਾ ਦਿੱਤੀ ਜਾਵੇ ਤਾਂ ਜੋ ਕਾਇਰਾਨਾ ਕਾਰਾ ਕਰਨ ਵਾਲਿਆਂ ਨੂੰ ਸਬਕ ਮਿਲ ਸਕੇ।



## ਸ਼ਰਧਾ ਭਾਵਨਾ ਨਾਲ ਮਨਾਈ ਭਗਵਾਨ ਪਰਸ਼ੂਰਾਮ ਜੈਯੰਤੀ

### ਜੌੜਾਮਾਜਰਾ, ਡਾ. ਗਾਂਧੀ, ਸੁਰਜੀਤ ਸਿੰਘ ਰੱਖੜਾ, ਰਾਜਿੰਦਰ ਸਿੰਘ, ਗੁਰਸ਼ਰਨ ਕੌਰ ਰੰਧਾਵਾ ਵੱਲੋਂ ਉਚੇਚੇ ਤੌਰ 'ਤੇ ਸ਼ਿਰਕਤ

ਸਮਾਣਾ, 27 ਅਪ੍ਰੈਲ (ਵਿਜੇ ਕੁਮਾਰ/ਜਵੰਦਾ/ਅਮਿਤ ਸ਼ਰਮਾ) : ਭਗਵਾਨ ਪਰਸੂਰਾਮ ਧਰਮਸ਼ਾਲਾ ਅਤੇ ਬ੍ਰਾਹਮਣ ਸਭਾ ਵੱਲੋਂ ਸੰਤ ਸ੍ਰੀ ਨਾਰਾਇਣ ਪੁਰੀ ਜੀ ਮਹਾਰਾਜ ਕਲਵਾਨੂੰ ਵਾਲਿਆਂ ਦੀ ਸਰਪ੍ਰਸਤੀ ਹੇਠ, ਧਰਮਪਾਲ ਜੋਸ਼ੀ ਦੀ ਪ੍ਰਧਾਨਗੀ 'ਚ ਭਗਵਾਨ ਪਰਸ਼ੂਰਾਮ ਜੈਯੰਤੀ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਗਈ। ਜਿਸ ਵਿਚ ਮੁੱਖ ਮਹਿਮਾਨ ਵਜੋਂ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ (ਸਾਬਕਾ ਕੈਬਨਿਟ ਮੰਤਰੀ) ਨੇ ਸ਼ਿਰਕਤ ਕਰਦਿਆਂ ਭਗਵਾਨ ਪਰਸ਼ੂ ਰਾਮ ਜੀ ਦੀ ਮੂਰਤੀ 'ਤੇ ਫੁੱਲ ਮਾਲਾ ਭੇਟ ਕਰਕੇ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਸਾਂਸਦ ਪਟਿਆਲਾ ਡਾ: ਧਰਮਪਾਲ ਗਾਂਧੀ, ਸਾਬਕਾ ਕੈਬਨਿਟ ਮੰਤਰੀ ਸੁਰਜੀਤ ਸਿੰਘ ਰੱਖੜਾ, ਸਾਬਕਾ ਵਿਧਾਇਕ ਰਾਜਿੰਦਰ ਸਿੰਘ, ਪੰਜਾਬ ਮਹਿਲਾ ਕਾਂਗਰਸ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ, ਸੀਨੀ: ਕਾਂਗਰਸੀ ਆਗੂ ਰਛਪਾਲ ਸਿੰਘ ਜੋੜਾਮਾਜਰਾ, ਮਾਰਕਿਟ ਕਮੇਟੀ ਚੇਅਰਮੈਨ ਬਲਕਾਰ ਸਿੰਘ ਗਜੂਮਾਜਰਾ, ਨਗਰ ਕੌਂਸਲ ਪ੍ਰਧਾਨ



ਐਡਵੋਕੇਟ ਅਸ਼ਵਨੀ ਗੁਪਤਾ, ਕਪੂਰ ਚੰਦ ਬਾਂਸਲ, ਯਸ਼ਪਾਲ ਸਿੰਗਲਾ, ਅਗਰਵਾਲ ਧਰਮਸ਼ਾਲਾ ਕਮੇਟੀ ਪ੍ਰਧਾਨ ਮਦਨ ਮਿੱਤਲ, ਸਾਬਕਾ ਪ੍ਰਧਾਨ ਜੀਵਨ ਗਰਗ, ਆਪ ਆਗੂ ਗੋਪਾਲ ਕ੍ਰਿਸ਼ਨ ਗਰਗ, ਬਹਾਵਲਪੁਰ ਮਹਾਸੰਘ ਪੰਜਾਬ ਦੇ ਪ੍ਰਧਾਨ ਰਾਜ ਕੁਮਾਰ ਸਚਦੇਵਾ, ਪਾਸੀ ਲਾਲ ਹਸੀਜਾ, ਕੌਂਸਲਰ ਪ੍ਰਦੀਪ ਸ਼ਰਮਾ, ਮੰਗਤ ਮਵੀ, ਸੰਜੇ ਮੰਤਰੀ, ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਮਾਸਟਰ ਜਸਵੀਰ ਸਿੰਘ, ਸੀਨੀ:ਸਿਟੀਜਨ ਕੌਂਸਲ (ਹੋਮ) ਦੇ ਪ੍ਰਧਾਨ ਆਸਾ ਨੰਦ ਟੁਲਾਨੀ, ਭਾਰਤ ਵਿਕਾਸ਼ ਪ੍ਰੀਸ਼ਦ ਸਮਾਣਾ ਦੇ ਪ੍ਰਧਾਨ ਰਾਜਿੰਦਰ ਪ੍ਰਸ਼ਾਦ, ਬ੍ਰਿਸ਼ਭਾਨ ਕਾਂਸਲ ਨੇ ਵੀ ਸ਼ਾਮਲ ਹੋ ਕੇ ਭਗਵਾਨ ਪਰਸੂ ਰਾਮ ਜੀ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ। ਭਗਵਾਨ ਪਰਸ਼ੂਰਾਮ ਧਰਮਸ਼ਾਲਾ ਸਮਾਣਾ ਵਿਚ ਅਯੋਜਿਤ ਸਮਾਗਮ ਦੌਰਾਨ ਹਵਨ ਯੱਗ ਕਰਕੇ ਪੂਜਾ ਅਰਚਨਾ ਕੀਤੀ ਗਈ। ਇਸ ਉਪਰੰਤ ਸੁੰਦਰ ਕਾਂਡ ਦੇ ਪਾਠ ਦੇ ਭੋਗ ਪਾਏ ਗਏ। ਭਜਨ ਗਾਇਕ ਸੁਸ਼ੀਲ ਸ਼ਰਮਾ, ਆਸ਼ੂ ਅਤੇ ਰਿੰਕੂ ਸ਼ਰਮਾ ਨੇ ਆਪਣੇ ਭਜਨਾਂ ਰਾਹੀ ਭਗਵਾਨ ਪਰਸੂਰਾਮ ਜੀ ਦੇ ਜੀਵਨ 'ਤੇ ਚਾਨਣਾ ਪਾਉਦੇਂ ਹੋਏ ਉਨ੍ਹਾਂ ਵਾਂਗ ਲੋਕਾਂ ਨੂੰ ਇਕ ਸਧਾਰਨ ਜੀਵਨ ਜਿਊਣ ਦੀ ਸਲਾਹ ਦਿੱਤੀ। ਇਸ ਮੌਕੇ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਸੰਬੋਧਨ ਕਰਦਿਆ ਭਗਵਾਨ ਪਰਸੂਰਾਮ ਜੀ ਦੀ ਜੈਯੰਤੀ ਤੇ ਸੰਗਤਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਵੱਲੋਂ ਦਰਸਾਏ ਮਾਰਗ ਤੇ ਚੱਲਣ ਲਈ ਪ੍ਰੇਰਿਆ। ਉਨ੍ਹਾਂ ਕਿਹਾ ਕਿ ਭਗਵਾਨ ਪਰਸੂਰਾਮ ਵਿਸ਼ਨੂੰ ਜੀ ਦੇ ਅਵਤਾਰ ਸਨ। ਉਨ੍ਹਾਂ ਸਮਾਜ ਨੂੰ ਇਕ ਨਵੀ ਦਿਸ਼ਾ ਪ੍ਰਦਾਨ ਕੀਤੀ। ਸੰਸਥਾ ਵੱਲੋਂ ਸਮਾਗਮ ਵਿਚ ਪਹੁੰਚੇ ਮਹਿਮਾਨਾਂ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਵਿਚ ਬ੍ਰਾਹਮਣ ਸਮਾਜ ਦੇ ਆਗੂ ਚੇਅਰਮੈਨ ਅਸ਼ੋਕ ਮੋਦਗਿਲ, ਸੰਜੀਵ ਕੌਸ਼ਿਕ, ਗੁਰਦੀਪ ਸ਼ਰਮਾ, ਸ਼ੁਭਾਸ਼ ਪਾਠਕ, ਵਿਕੀ ਪਾਠਕ, ਪ੍ਰੀਕਸ਼ਤ ਪਾਠਕ, ਜਗਦੀਸ਼ ਸਰਮਾ, ਡਾ: ਸੰਦੀਪ ਜੋਸ਼ੀ, ਰਾਜਨੀਸ਼ ਸ਼ਰਮਾ, ਵਰਿੰਦਰ ਪਾਠਕ, ਗੁਰਪ੍ਰਸ਼ਾਦ ਸ਼ਰਮਾ, ਭੁਪਿੰਦਰ ਸ਼ਰਮਾ, ਪ੍ਰਿੰਸ ਸ਼ਰਮਾ, ਸ਼ੇਖਰ ਸ਼ਰਮਾ, ਪਿਆਰਾ ਲਾਲ ਬਾਂਸਲ, ਜਗਦੀਸ਼ ਸ਼ਾਸਤਰੀ, ਜਤਿਨ ਵਰਮਾ ਤੋਂ ਇਲਾਵਾ ਸੰਗਤਾਂ ਪੁਜੀਆਂ ਹੋਈਆ ਸਨ। ਸਮਾਗਮ ਦੌਰਾਨ ਅੱਟੁਟ ਭੰਡਾਰਾ ਵੀ ਵਰਤਾਇਆ ਗਿਆ।

## ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਜ਼ਰੂਰਤਮੰਦ ਬੱਚਿਆਂ ਨੂੰ ਕਾਪੀਆਂ ਤਕਸੀਮ




ਸਮਾਣਾ, 27 ਅਪ੍ਰੈਲ (ਵਿਜੇ ਕੁਮਾਰ/ਜਵੰਦਾ) : ਭਾਰਤ ਵਿਕਾਸ ਪ੍ਰੀਸ਼ਦ ਸਮਾਣਾ ਵੱਲੋਂ ਪ੍ਰਧਾਨ ਰਾਜਿੰਦਰ ਪ੍ਰਸ਼ਾਦ , ਸਰਪ੍ਰਸਤ ਸੀਤਾ ਰਾਮ ਗੁਪਤਾ, ਪ੍ਰਾਜੈਕਟ ਚੇਅਰਮੈਨ ਬ੍ਰਿਸ਼ਭਾਨ ਕਾਂਸਲ ( ਰਿਟਾ: ਵੀ.ਡੀ.ਓ.) ਨਰੈਣ ਦਾਸ ਅਤੇ ਵੰਦਨਾ ਗੁਪਤਾ ਦੀ ਅਗਵਾਈ 'ਚ ਸਰਕਾਰੀ ਐਲੀਮੈਂਟਰੀ ਸਕੂਲ ਧਰਮਗੜ੍ਹ 'ਚ ਆਯੋਜਿਤ ਸਮਾਗਮ ਦੌਰਾਨ ਜਰੂਰਤਮੰਦ ਬੱਚਿਆਂ ਨੂੰ ਨਵੇ ਸੈਸ਼ਨ ਦੀ ਸ਼ੁਰੂਆਤ ਮੌਕੇ ਕਾਪੀਆਂ ਅਤੇ ਕਲੱਰ ਰਜਿਸਟਰ ਤਕਸੀਮ ਕੀਤੀਆਂ ਗਈਆ। ਇਸ ਮੌਕੇ ਸਕੂਲ ਮੁੱਖ ਅਧਿਆਪਕ ਸਿਲਕੀ ਵਰਮਾ, ਆਂਗਣਵਾੜੀ ਵਰਕਰ ਕੁਲਵਿੰਦਰ ਕੌਰ ,ਹੈਲਪਰ ਗੁਰਮੀਤ ਕੌਰ, ਟਿੰਕਾ ਬੁਜਰਕ ਅਤੇ ਸਮੂਹ ਮੈਂਬਰ ਗ੍ਰਾਮ ਪੰਚਾਇਤ ਵੀ ਹਾਜ਼ਰ ਸਨ। ਸੰਸਥਾ ਪ੍ਰਧਾਨ ਰਾਜਿੰਦਰ ਪ੍ਰਸ਼ਾਦ ਨੇ ਵਿਸ਼ਵਾਸ ਦਿਵਾਇਆ ਕਿ ਸਕੂਲ ਨੂੰ ਜਿਸ ਤਰ੍ਹਾਂ ਦੀ ਵੀ ਮਦਦ ਦੀ ਲੋੜ ਹੋਵੇਗੀ ਉਸ ਨੂੰ ਪੂਰਾ ਕਰਨ ਲਈ ਪ੍ਰੀਸ਼ਦ ਉਪਰਾਲਾ ਕਰੇਗੀ।